ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 14 | 14 April 2022 to 20 April 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

**ਅੰਮ੍ਰਿਤਸਰ ਟਾਈਮਜ਼ ਅਦਾਰੇ ਵੱਲੋਂ ਵਿਸ਼ਵ ਭਰ ਵਿਚ ਵੱਸਦੇ ਸਮੂਹ ਸਿੱਖ ਭਾਈਚਾਰੇ ਨੂੰ ਵਿਸਾਖੀ ਦੇ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ ਹੋਣ । ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਹੈ ਸਿੱਖ ਕੌਮ ਸਦਾ ਚੜ੍ਹਦੀ ਕਲਾ 'ਚ ਰਹੇ ਤੇ ਸਿੱਖੀ ਦੇ ਇਹ ਫੁੱਲ ਸੰਸਾਰ ਭਰ ਵਿਚ ਇੰਝ ਹੀ ਮਹਿਕਦੇ ਰਹਿਣ ।**

# ਸ਼ਾਹਬਾਜ਼ ਸ਼ਰੀ.ਫ ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਬਣੇ

**✪ ਵੋਟਿੰਗ ਤੋਂ ਪਹਿਲਾਂ ਇਮਰਾਨ ਖ਼ਾਨ ਤੇ ਉਨਾਂ ਦੀ ਪਾਰਟੀ ਦੇ ਸਾਰੇ ਸੰਸਦ ਮੈਂਬਰਾਂ ਨੇ ਅਸਤੀ.ਫੇ ਦਿੱਤੇ ✪ ਇਮਰਾਨ ਖ਼ਾਨ ਦਾ ਦੋਅਵਾ ਕਿ ਉਨਾਂ ਨੂੰ ਅਮਰੀਕਾ ਦੇ ਇਸ਼ਾਰੇ 'ਤੇ ਇਕ ਸਾਜਿਸ਼ ਤਹਿਤ ਸੱਤਾ ਤੋਂ ਬੇਦਖ਼ਲ ਕੀਤਾ ✪ ਇਮਰਾਨ ਦੇ ਹਕ ਵਿਚ ਵੱਡੇ ਪੱਧਰ 'ਤੇ ਲੋਕਾਂ ਵਲੋਂ ਪ੍ਰਦਰਸ਼ਨ ✪ ਮੋਦੀ ਵਲੋਂ ਸ਼ਾਹਬਾਜ਼ ਸ਼ਰੀਫ ਨੂੰ ਪਾਕਿ ਦਾ ਪ੍ਰਧਾਨ ਮੰਤਰੀ ਚੁਣੇ ਜਾਣ 'ਤੇ ਵਧਾਈ**

**ਅੰਮ੍ਰਿਤਸਰ**-ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਪ੍ਰਧਾਨ ਅਤੇ ਸਾਬਕਾ ਬਰਖ਼ਾਸਤ ਪ੍ਰਧਾਨ ਮੰਤਰੀ ਮੀਆਂ ਨਵਾਜ਼ ਸ਼ਰੀਫ਼ ਦੇ ਭਰਾ ਸ਼ਾਹਬਾਜ਼ ਸ਼ਰੀਫ਼ ਪਾਕਿਸਤਾਨ ਦੇ 23ਵੇਂ ਪ੍ਰਧਾਨ ਮੰਤਰੀ ਚੁਣੇ ਗਏ ਹਨ। ਇਸ ਦੇ ਨਾਲ ਹੀ 8 ਮਾਰਚ ਨੂੰ ਇਮਰਾਨ ਖ਼ਾਨ ਦੇ ਖ਼ਿਲਾ.ਫ ਲਿਆਂਦੇ ਬੇਭਰੋਸਗੀ ਮਤੇ ਦੇ ਬਾਅਦ ਤੋਂ ਦੇਸ਼ ਵਿਚ ਆਈ ਸਿਆਸੀ ਅਨਿਸਚਿਤਤਾ ਦਾ ਅੰਤ ਹੋ ਗਿਆ। ਉਨਾਂ ਨੂੰ ਨੈਸ਼ਨਲ ਅਸੈਂਬਲੀ ਦੇ 174 ਮੈਂਬਰਾਂ ਨੇ ਵੋਟ ਪਾਈ, ਜਦਕਿ ਵੋਟਿੰਗ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੀਟੀਆਈ. ਦੇ ਮੁਖੀ ਇਮਰਾਨ ਖ਼ਾਨ ਸਮੇਤ ਬਾਕੀ ਸੰਸਦ ਮੈਂਬਰਾਂ ਵਲੋਂ ਬਾਈਕਾਟ ਕੀਤੇ ਜਾਣ ਕਰਕੇ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਇਕ ਵੀ ਵੋਟ ਨਹੀਂ ਮਿਲੀ। ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਵਿਚ ਪ੍ਰਧਾਨ ਮੰਤਰੀ ਚੁਣੇ ਜਾਣ ਤੋਂ ਬਾਅਦ ਸ਼ਾਹਬਾਜ਼ ਸ਼ਰੀਫ਼ ਨੇ ਸੰਸਦ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਦੇਸ਼ ਦੀ ਜਨਤਾ ਨੇ ਇਕ ਅਯੋਗ ਪ੍ਰਧਾਨ ਮੰਤਰੀ ਨੂੰ ਕੁਰਸੀ ਤੋਂ ਲਾਂਭੇ ਕਰਨ ਦਾ ਮਹੱਤਵਪੂਰਨ ਕੰਮ ਕੀਤਾ ਹੈ। ਉਨਾਂ ਨੇ ਪਾਕਿ ਦੀ ਸੁਪਰੀਮ ਕੋਰਟ ਦਾ ਵੀ ਧੰਨਵਾਦ ਕੀਤਾ। ਸ਼ਾਹਬਾਜ਼ ਸ਼ਰੀਫ਼ ਨੇ ਕਿਹਾ ਕਿ ਵਿਦੇਸ਼ੀ ਸਾਜਿਸ਼ ਦੀ ਗੱਲ ਪੂਰੀ ਤਰਾਂ ਝੂਠ ਹੈ ਤੇ ਜੇਕਰ ਇਸ ਵਿਚ ਥੋੜੀ ਜਿਹੀ ਵੀ ਸੱਚਾਈ ਸਾਬਤ ਹੋ ਜਾਂਦੀ ਹੈ ਤਾਂ ਉਹ ਇਸ ਸਦਨ ਵਿਚ ਖ਼ੁਦਾ ਅਤੇ ਸਪੀਕਰ ਨੂੰ ਗਵਾਹ ਮੰਨ ਕੇ ਅਸਤੀਫ਼ਾ ਦੇਣ ਲਈ ਤਿਆਰ ਹਨ। ਸ਼ਾਹਬਾਜ਼ ਸ਼ਰੀਫ਼ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਬਾਅਦ ਆਪਣੇ ਸਮੇਤ ਪੀਟੀਆਈ. ਦੇ ਬਾਕੀ ਮੈਂਬਰਾਂ ਵਲੋਂ ਨੈਸ਼ਨਲ ਅਸੈਂਬਲੀ ਤੋਂ




ਸਮੂਹਿਕ ਅਸਤੀਫ਼ੇ ਜਨਤਕ ਕਰ ਦਿੱਤੇ। ਇਮਰਾਨ ਖ਼ਾਨ ਦਾਅਵਾ ਕੀਤਾ ਕਿ ਉਨਾਂ ਨੂੰ ਅਮਰੀਕਾ ਦੇ ਇਸ਼ਾਰੇ 'ਤੇ ਇਕ ਸਾਜਿਸ਼ ਤਹਿਤ ਸੱਤਾ ਤੋਂ ਬੇਦਖ਼ਲ ਕੀਤਾ ਗਿਆ ਹੈ। ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਕਿ ਉਹ ਅਤੇ ਉਨਾਂ ਦੇ ਸੰਸਦ ਮੈਂਬਰ ਕਦੇ ਵੀ ਵਿਰੋਧੀ ਗੱਠਜੋੜ ਨਾਲ ਅਸੈਂਬਲੀ ਵਿਚ ਨਹੀਂ ਬੈਠ ਸਕਦੇ। ਇਸ ਲਈ ਉਹ ਸਮੂਹਿਕ ਰੂਪ ਵਿਚ ਪ੍ਰਧਾਨ ਮੰਤਰੀ ਦੀ ਚੋਣ ਦਾ ਬਾਈਕਾਟ ਕਰਨਗੇ। ਸਾਬਕਾ ਸੂਚਨਾ ਮੰਤਰੀ ਫ਼ਵਾਦ ਚੌਧਰੀ ਨੇ ਵੀ ਕਿਹਾ ਕਿ ਅਸੀਂ ਅਸਤੀਫ਼ਾ ਦੇਵਾਂਗੇ ਤੇ ਆਜ਼ਾਦੀ ਲਈ ਲੜਾਂਗੇ। ਪਾਕਿਸਤਾਨ ਵਿਚ ਨਵੇਂ ਪ੍ਰਧਾਨ ਮੰਤਰੀ ਦੀ ਚੋਣ ਲਈ ਨੈਸ਼ਨਲ ਅਸੈਂਬਲੀ ਦੇ ਇਜਲਾਸ ਵਿਚ ਪਾਕਿ ਦੇ ਵਿਰੋਧੀ ਗੱਠਜੋੜ ਵਲੋਂ ਸ਼ਾਹਬਾਜ਼ ਸ਼ਰੀਫ਼ ਨੂੰ ਪ੍ਰਧਾਨ ਮੰਤਰੀ ਅਹੁਦੇ ਲਈ ਉਮੀਦਵਾਰ ਵਜੋਂ ਨਾਮਜ਼ਦ ਕੀਤਾ ਗਿਆ, ਜਦਕਿ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਪੀਟੀਆਈ. ਵਲੋਂ ਨਾਮਜ਼ਦ ਕੀਤਾ ਗਿਆ ਸੀ। ਆਪਣੇ ਭਾਸ਼ਨ ਤੋਂ ਬਾਅਦ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਦੀ ਚੋਣ ਵਿਚ ਹਿੱਸਾ ਨਹੀਂ ਲੈਣਗੇ। ਉਨਾਂ ਕਿਹਾ ਕਿ ਪੀਟੀਆਈ. ਨੈਸ਼ਨਲ ਅਸੈਂਬਲੀ ਤੋਂ ਅਸਤੀਫ਼ਾ ਦੇ ਰਹੀ ਹੈ। ਇਸ ਦੌਰਾਨ ਰਾਸ਼ਟਰਪਤੀ ਆਰਿਫ਼ ਅਲਵੀ ਨੇ ਤਹਿਰੀਕ-ਏ-ਇਨਸਾਫ਼ ਪਾਰਟੀ ਲੀਡਰਸ਼ਿਪ ਨਾਲ ਸਲਾਹ ਕਰਕੇ ਅਸਤੀਫ਼ਾ ਨਾ ਦੇਣ ਦਾ ਫ਼ੈਸਲਾ ਕੀਤਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਾਹਬਾਜ਼ ਸ਼ਰੀਫ ਨੂੰ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਚੁਣੇ ਜਾਣ 'ਤੇ ਵਧਾਈ ਦਿੱਤੀ ਤੇ ਕਿਹਾ ਹੈ ਕਿ ਭਾਰਤ ਅੱਤਵਾਦ ਮੁਕਤ ਖੇਤਰ ਵਿਚ ਸ਼ਾਂਤੀ ਤੇ ਸਥਿਰਤਾ ਚਾਹੁੰਦਾ ਹੈ।

**ਨਵਾਜ਼ ਸ਼ਰੀ.ਫ ਈਦ ਤੋਂ ਬਾਅਦ ਪਰਤ ਸਕਦੇ ਹਨ ਪਾਕਿਸਤਾਨ**

ਪਾਕਿਸਤਾਨ ਦੇ ਸਾਬਕਾ ਬਰਖ਼ਾਸਤ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਅਗਲੇ ਮਹੀਨੇ ਈਦ ਤੋਂ ਬਾਅਦ ਲੰਡਨ ਤੋਂ ਆਪਣੇ ਵਤਨ ਵਾਪਸ ਪਰਤ ਸਕਦੇ ਹਨ। ਬੇਭਰੋਸਗੀ ਮਤੇ ਰਾਹੀਂ ਇਮਰਾਨ ਖ਼ਾਨ ਦੀ ਸਰਕਾਰ ਡੇਗਣ ਤੋਂ ਬਾਅਦ ਪਾਕਿ ਵਿਚ ਚੱਲ ਰਹੀ ਸਿਆਸੀ ਹਲਚਲ ਦਰਮਿਆਨ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਇਕ ਸੀਨੀਅਰ ਆਗੂ ਮੀਆਂ ਜਾਵੇਦ ਲਤੀਫ਼ ਨੇ ਇਹ ਜਾਣਕਾਰੀ ਦਿੱਤੀ।

**ਇਮਰਾਨ ਖ਼ਾਨ ਦੀ ਬਰਖ਼ਾਸਤਗੀ ਖ਼ਿਲਾ.ਫ ਪਾਕਿ ਵਿਚ ਰੋਸ ਪ੍ਰਦਰਸ਼ਨ**

ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਸਮਰਥਕਾਂ ਨੇ ਬੇਭਰੋਸਗੀ ਮਤੇ ਰਾਹੀਂ ਇਮਰਾਨ ਖ਼ਾਨ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੇ ਵਿਰੋਧ ਵਿਚ ਦੇਸ਼ ਭਰ ਵਿਚ ਕਈ ਸ਼ਹਿਰਾਂ ਵਿਚ ਵਿਸ਼ਾਲ ਰੈਲੀਆਂ ਕੀਤੀਆਂ। ਇਮਰਾਨ ਖ਼ਾਨ ਨੇ ਇਸ ਨੂੰ ਇਕ ਹੋਰ ਸੁਤੰਤਰਤਾ ਸੰਗਰਾਮ ਦੱਸਿਆ। ਜਾਣਕਾਰੀ ਅਨੁਸਾਰ ਇਸਲਾਮਾਬਾਦ, ਕਰਾਚੀ, ਪਿਸ਼ਾਵਰ ਤੇ ਲਾਹੌਰ ਫੈਸਲਾਬਾਦ, ਮੁਲਤਾਨ, ਗੁਜਰਾਂਵਾਲਾ, ਜੇਹਲਮ ਅਤੇ ਗੁਜਰਾਤ ਜ਼ਿਲਿਆਂ ਵਿਚ

**ਬਾਕੀ ਸ.ਫ਼ਾ 35 'ਤੇ**

# ਰਾਜਾ ਵੜਿੰਗ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ

**✪ ਆਸ਼ੂ ਕਾਰਜਕਾਰੀ ਪ੍ਰਧਾਨ, ਬਾਜਵਾ ਵਿਧਾਇਕ ਦਲ ਦੇ ਨੇਤਾ ਤੇ ਚੱਬੇਵਾਲ ਉਪ ਨੇਤਾ ਬਣੇ ✪ ਸਾਰਿਆਂ ਨੂੰ ਨਾਲ ਲੈ ਕੇ ਚੱਲਾਂਗਾ: ਵੜਿੰਗ ✪ ਜਾਖੜ ਨੂੰ ਕਾਰਣ ਦਸੋ ਨੋਟਿਸ ਜਾਰੀ ,ਧੀਮਾਨ ਨੂੰ ਪਾਰਟੀ ਵਿਚੋਂ ਕੱਢਿਆ**

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵਲੋਂ ਅੱਜ ਰਾਤ ਪੰਜਾਬ ਕਾਂਗਰਸ ਦੀਆਂ ਅਹਿਮ ਨਿਯੁਕਤੀਆਂ ਕਰਦਿਆਂ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜਾਬ ਕਾਂਗਰਸ ਦਾ ਨਵਾਂ ਪ੍ਰਧਾਨ ਅਤੇ ਸਾਬਕਾ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਵਿਧਾਨ ਸਭਾ ਵਿਚ ਵਿਧਾਇਕ ਦਲ ਦਾ ਨੇਤਾ ਬਣਾਇਆ ਗਿਆ ਹੈ । ਪਾਰਟੀ ਦੇ ਨਵੇਂ ਸੂਬਾ ਪ੍ਰਧਾਨ ਬਣੇ ਰਾਜਾ ਵੜਿੰਗ ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਲਗਾਤਾਰ ਤੀਸਰੀ ਵਾਰ ਵਿਧਾਇਕ ਬਣੇ ਹਨ ।ਇਸ ਸਮੇਂ ਬਾਜਵਾ ਵਿਧਾਨ ਸਭਾ ਦੇ ਸਭ ਤੋਂ ਸੀਨੀਅਰ ਵਿਧਾਇਕ ਹਨ, ਜੋ ਚਾਰ ਵਾਰ ਵਿਧਾਨ ਸਭਾ ਦੇ ਮੈਂਬਰ ਹੋਣ ਦੇ ਨਾਲ-ਨਾਲ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਤੇ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਵੀ ਰਹਿ ਚੁੱਕੇ ਹਨ । ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਹਾਰ ਤੋਂ ਬਾਅਦ ਨਵਜੋਤ ਸਿੱਧੂ ਨੇ ਸੂਬਾ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ ਤੇ ਹੁਣ ਉਨਾਂ ਦੀ ਥਾਂ 'ਤੇ ਰਾਜਾ ਵੜਿੰਗ ਨੂੰ ਚੁਣਿਆ ਗਿਆ ਹੈ । ਇਸ ਦੇ ਨਾਲ ਹੀ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਨ ਆਸ਼ੂ ਨੂੰ ਪੰਜਾਬ ਕਾਂਗਰਸ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ । ਇਨਾਂ ਨਿਯੁਕਤੀਆਂ ਸਬੰਧੀ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਏ. ਵੇਣੂਗੋਪਾਲ ਨੇ ਦੇਰ ਰਾਤ ਪੱਤਰ ਜਾਰੀ ਕੀਤਾ । ਇਸੇ ਤਰਾਂ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ: ਰਾਜ ਕੁਮਾਰ ਚੱਬੇਵਾਲ ਨੂੰ ਕਾਂਗਰਸ ਵਿਧਾਇਕ ਦਲ ਦਾ ਉਪ ਨੇਤਾ ਲਾਇਆ ਗਿਆ ਹੈ।

**ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਰਾਜਾ ਵੜਿੰਗ ਨੇ**

ਪ੍ਰਧਾਨਗੀ ਦੀ ਜ਼ਿੰਮੇਵਾਰੀ ਸੌਂਪੇ ਜਾਣ 'ਤੇ ਕਾਂਗਰਸ ਹਾਈ ਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਨੂੰ ਮਜ਼ਬੂਤ ਕਰਨਗੇ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣਗੇ। ਚੇਤੇ ਰਹੇ ਕਿ ਪੰਜਾਬ ਕਾਂਗਰਸ ਦੀ ਆਪਸੀ ਧੜੇਬੰਦੀ



ਹੀ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਵੱਡੀ ਹਾਰ ਦਾ ਮੁੱਖ ਕਾਰਨ ਬਣੀ ਸੀ। ਰਾਜਾ ਵੜਿੰਗ ਲਈ ਧੜੇਬੰਦੀ ਖ਼ਤਮ ਕਰਨਾ ਵੱਡੀ ਚੁਣੌਤੀ ਹੋਵੇਗੀ। ਲੋਕ ਸਭਾ ਚੋਣਾਂ 2024 ਉਨਾਂ ਲਈ ਪ੍ਰੀਖਿਆ ਹੋਣਗੀਆਂ। ਇਸੇ ਦੌਰਾਨ ਵਿਰੋਧੀ ਧਿਰ ਦੇ ਨੇਤਾ ਅਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਉਹ ਪੰਜਾਬ ਵਿਧਾਨ ਸਭਾ ਵਿੱਚ ਪੰਜਾਬੀਆਂ ਦੇ ਹੱਕਾਂ ਲਈ ਡਟ ਕੇ ਲੜਨਗੇ। ਨਵੇਂ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਨ ਆਸ਼ੂ ਨੇ ਕਿਹਾ ਕਿ ਸਮੁੱਚੀ ਇਕਾਈ ਇੱਕ ਟੀਮ ਦੀ ਤਰਾਂ ਕੰਮ ਕਰੇਗੀ। ਵਿਰੋਧੀਧਿਰ ਦੇ ਉਪ ਨੇਤਾ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਉਹ ਵਿਧਾਨ ਸਭਾ ਵਿਚ ਪੰਜਾਬ ਦੇ ਲੋਕਾਂ ਦੀ ਆਵਾਜ਼ ਬਣ ਕੇ ਤਨਦੇਹੀ ਨਾਲ ਡਿਊਟੀ ਨਿਭਾਉਣਗੇ। ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਵੀ ਟਵੀਟ ਕਰ ਕੇ ਨਵੀਂ ਟੀਮ ਨੂੰ ਪੂਰਨ ਹਮਾਇਤ ਤੇ ਸਹਿਯੋਗ ਦੀ ਗੱਲ ਕਹੀ ਹੈ। ਇਸੇ ਤਰਾਂ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਸੁਨੀਲ ਜਾਖੜ ਨੇ ਵੀ ਨਵੇਂ ਆਗੂਆਂ ਨੂੰ ਵਧਾਈ ਦਿੱਤੀ ਹੈ।

**ਮਾਝਾ ਬ੍ਰਿਗੇਡ ਨੂੰ ਲੱਗਾ ਝਟਕਾ**

ਪ੍ਰਤਾਪ ਸਿੰਘ ਬਾਜਵਾ ਦੇ ਵਿਰੋਧੀ ਧਿਰ ਦਾ ਨੇਤਾ ਬਣਨ ਨਾਲ ਮਾਝਾ ਬ੍ਰਿਗੇਡ ਨੂੰ ਝਟਕਾ ਲੱਗਾ ਹੈ। ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਸੁਖਬਿੰਦਰ ਸਿੰਘ ਸਰਕਾਰੀਆ ਦੀ ਪ੍ਰਤਾਪ ਸਿੰਘ ਬਾਜਵਾ ਨਾਲ ਲੰਮੇ ਸਮੇਂ ਤੋਂ ਸਿਆਸੀ ਅਣਬਣ ਹੈ। ਇਹੋ ਮਾਝਾ ਬ੍ਰਿਗੇਡ ਸੀ, ਜਿਸ ਨੇ ਪ੍ਰਤਾਪ ਬਾਜਵਾ ਨੂੰ ਉਤਾਰ ਕੇ ਕੈਪਟਨ ਅਮਰਿੰਦਰ ਸਿੰਘ ਨੂੰ ਕਮਾਨ ਦਿਵਾਈ ਸੀ। ਇਹ ਮਾਝਾ ਬ੍ਰਿਗੇਡ ਅਮਰਿੰਦਰ ਸਿੰਘ ਖ਼ਿਲਾ.ਫ ਡਟੀ ਸੀ ਤਾਂ ਉਦੋਂ ਪ੍ਰਤਾਪ ਸਿੰਘ ਬਾਜਵਾ ਵੀ ਅਮਰਿੰਦਰ ਦੇ ਸਮਰਥਨ ਵਿਚ ਖੜ ਗਏ ਸਨ।

**ਨਵਜੋਤ ਸਿੱਧੂ ਸਟਾਰ ਤੋਂ ਵਰਕਰ ਬਣੇ**

ਕਾਂਗਰਸ ਦੇ ਨਵੇਂ ਪ੍ਰਧਾਨ ਦੀ ਨਿਯੁਕਤੀ ਮਗਰੋਂ ਹੁਣ ਨਵਜੋਤ ਸਿੱਧੂ ਮਹਿਜ਼ ਇੱਕ ਕਾਂਗਰਸੀ ਵਰਕਰ ਵਜੋਂ ਵਿਚਰਨਗੇ। ਬਤੌਰ ਪ੍ਰਧਾਨ ਉਹ ਪੰਜਾਬ ਚੋਣਾਂ ਵਿਚ ਕਾਂਗਰਸ ਦੀ ਬੇੜੀ ਪਾਰ ਲਾਉਣ ਵਿਚ ਨਾਕਾਮ ਰਹੇ ਅਤੇ ਖ਼ੁਦ ਵੀ ਚੋਣ ਹਾਰ ਗਏ। ਹਾਈ ਕਮਾਨ ਨੇ ਨਵਜੋਤ ਸਿੱਧੂ ਨੂੰ ਜੁਲਾਈ 2021 ਵਿਚ ਪਾਰਟੀ ਪ੍ਰਧਾਨ ਬਣਾਇਆ ਸੀ ਪਰ ਸਿੱਧੂ ਨੇ ਕੁਝ ਸਮੇਂ ਮਗਰੋਂ ਹੀ ਅਸਤੀ.ਫ਼ਾ ਦੇ ਦਿੱਤਾ ਸੀ।

ਸਾਬਕਾ ਵਿਧਾਇਕ ਧੀਮਾਨ ਨੂੰ ਪਾਰਟੀ ਵਿਚੋਂ ਕੱਢਿਆ, ਕਾਂਗਰਸ ਦੇ ਪੰਜਾਬ ਇੰਚਾਰਜ ਹਰੀਸ਼ ਚੌਧਰੀ ਨੇ ਅਨੁਸ਼ਾਸਨ ਕਾਇਮ ਰੱਖਣ ਲਈ ਪਾਰਟੀ ਦੇ ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ ਦੀ **ਬਾਕੀ ਸ.ਫ਼ਾ 35 'ਤੇ**

# 14 ਅਪ੍ਰੈਲ ਨੂੰ 'ਰਾਸ਼ਟਰੀ ਸਿੱਖ ਦਿਵਸ' ਵਜੋਂ ਮਨਾਉਣ ਸੰਬੰਧੀ ਪੇਸ਼ ਕੀਤਾ ਰੈਜ਼ੇਲਿਊਸ਼ਨ

**117th ਕਾਂਗਰਸ ਦੇ 24 ਸੈਸ਼ਨ 'ਚ 1007 'ਤੇ ਪੇਸ਼ ਕੀਤਾ ਰੈਜ਼ੇਲਿਊਸ਼ਨ**

ਕੈਲੀਫੋਰਨੀਆ/ਏ.ਟੀ.ਨਿਊਜ਼ :- 28 ਮਾਰਚ, 2022 ਨੂੰ ਕਾਂਗਰਸ ਪ੍ਰਤੀਨਿਧੀਆਂ ਜਿਨਾਂ ਵਿੱਚ ਸ੍ਰੀਮਤੀ ਸਕੈਨੀਅਨ (ਸ੍ਰੀਮਤੀ ਬਾਸ, ਸ੍ਰੀਮਾਨ ਟੋਂਕੋ, ਸ੍ਰੀਮਾਨ ਫਿਟਜ਼ਪੈਟ੍ਰਿਕ, ਸ਼੍ਰੀਮਾਨ ਮੇਯੂਜ਼ਰ, ਸ੍ਰੀਮਾਨ ਸਵੈਲ, ਸ੍ਰੀਮਾਨ ਕ੍ਰਿਸ਼ਨਾਮੁਖੀ, ਸ੍ਰੀਮਤੀ ਨੋਰੋਸਿਸ, ਸ਼੍ਰੀਮਤੀ ਕੀਮ ਨਿਊਜਰਸੀ, ਮਿਸਟਰ ਗਰਮੇਂਡੀ, ਮਿਸਟਰ ਨੀਲ, ਮਿਸਟਰ ਬ੍ਰੈਂਡਨ ਐਫ. ਬੋਇਲ ਪੈਨਸਿਲਵੇਨੀਆ ਅਤੇ ਮਿਸਟਰ ਵਲਾਡਾਓ) ਨੇ ਮਤਾ ਪੇਸ਼ ਕੀਤਾ ਸੀ । ਇਹ ਮਤਾ ਹਰ ਸਾਲ 14 ਅਪ੍ਰੈਲ ਦੀ ਵਿਸਾਖੀ ਨੂੰ 'ਰਾਸ਼ਟਰੀ ਸਿੱਖ ਦਿਵਸ' ਵਜੋਂ ਮਨਾਉਣ ਦੀ ਹਮਾਇਤ ਕਰਨ ਵਾਲੀ ਨਿਗਰਾਨੀ ਅਤੇ ਸੁਧਾਰ ਸੰਕਲਪ ਬਾਰੇ ਕਮੇਟੀ ਨੂੰ ਭੇਜਿਆ ਗਿਆ ਸੀ।

**ਪੇਸ਼ ਕੀਤਾ ਰੈਜ਼ੇਲਿਊਸ਼ਨ**

1. ਸੰਯੁਕਤ ਰਾਜ ਅਮਰੀਕਾ ਆਪਣੇ ਵਸਨੀਕਾਂ ਦੀ ਵਿਭਿੰਨਤਾ ਦੁਆਰਾ ਹੀ ਅਮੀਰ ਹੈ, ਅਤੇ ਇਹਨਾ ਵਿਭਿੰਨਤਾਵਾਂ ਵਿੱਚ ਸਿੱਖ ਕੌਮ ਇੱਕ ਹੈ। ਜਿਨਾਂ ਦੀ ਸਮਾਜਿਕ ਸਹਿਣਸ਼ੀਲਤਾ ਅਤੇ ਬੌਧਿਕਤਾ ਨੇ ਰਾਸ਼ਟਰ ਨੂੰ ਇਸਦੇ ਪੂਰੇ ਇਤਿਹਾਸ ਵਿੱਚ ਕਾਇਮ ਰੱਖਿਆ ਹੈ।
2. ਸਿੱਖ ਭਾਈਚਾਰਾ ਭਾਰਤ ਦੇ ਸੂਬਾ ਪੰਜਾਬ ਵਿੱਚ ਪੈਦਾ ਹੋਇਆ ਸੀ ਅਤੇ 100 ਸਾਲ ਪਹਿਲਾਂ ਸੰਯੁਕਤ ਰਾਜ ਅਮਰੀਕਾ ਵਿੱਚ ਪਰਵਾਸ ਕਰਨਾ ਸ਼ੁਰੂ ਕੀਤਾ ਸੀ। ਸਿੱਖ ਕੌਮ ਨੇ ਸੰਯੁਕਤ ਰਾਸ਼ਟਰ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।
3. ਸਿੱਖ ਧਰਮ ਲਗਭਗ 30,000,000 ਅਨੁਯਾਈਆਂ ਵਾਲਾ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ, ਜਿਨਾਂ ਵਿੱਚੋਂ ਲਗਭਗ 1,000,000 ਸੰਯੁਕਤ ਰਾਜ ਅਮਰੀਕਾ ਨੂੰ ਆਪਣਾ ਘਰ ਮੰਨਦੇ ਹਨ ।
4. ਸਿੱਖ ਧਰਮ 15ਵੀਂ ਸਦੀ ਦੌਰਾਨ ਭਾਰਤ ਦੇ ਪੰਜਾਬ ਖੇਤਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤਾ ਗਿਆ ਇੱਕ ਅਜਿਹਾ ਧਰਮ ਹੈ ਜਿਸ ਦੀ ਅਧਿਆਤਮਿਕ ਪਰੰਪਰਾ ਇਸ ਵਿਸ਼ਵਾਸ ਵਿੱਚ ਜੜੀ ਹੋਈ ਹੈ ਕਿ ਹਰ ਵਿਅਕਤੀ, ਜਾਤ, ਲਿੰਗ ਦੀ ਪ੍ਰਵਾਹ ਕੀਤੇ ਬਿਨਾਂ ਉਸ ਅਕਾਲ ਪੁਰਖ ਵਾਹਿਗੁਰੂ ਅੱਗੇ ਬਰਾਬਰ ਹਨ ।
6. ਸਿੱਖ ਕੌਮ ਇਹ ਮੰਨਦੀ ਹੈ ਕਿ ਹਰ ਵਿਅਕਤੀ ਪਰਮਾਤਮਾ ਦੀ ਏਕਤਾ ਨਾਲ ਇਕ ਸਾਂਝਾ ਸਬੰਧ ਕਾਇਮ ਕਰਦਾ ਹੈ। ਧਾਰਮਿਕ ਸੇਵਾਵਾਂ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਉਤਸ਼ਾਹਤ ਕਰਨਾ, ਜ਼ੁਲਮ ਅਤੇ ਬੇਇਨਸਾਫ਼ੀ ਦਾ ਮੁਕਾਬਲਾ ਕਰਨ ਲਈ ਅੰਤਰ-ਧਰਮੀ ਯਤਨਾਂ ਦੀ ਸ਼ੁਰੂਆਤ ਕਰਕੇ ਸਮਾਜਿਕ ਨਿਆਂ ਲਈ ਇੱਕ ਸ਼ਕਤੀ ਵਜੋਂ ਉਭਾਰਨਾ ਹੈ ।
7. ਸਿੱਖ ਧਰਮ ਦਾ ਸਚਿਆਰਾ ਜੀਵਨ, ਮਨੁੱਖਤਾ ਦੀ ਸੇਵਾ ਅਤੇ ਪ੍ਰਮਾਤਮਾ ਪ੍ਰਤੀ ਸ਼ਰਧਾ ਦੇ ਕੇਂਦਰੀ ਸਿਧਾਂਤ ਨੂੰ ਮਨੁੱਖੀ ਭਾਈਚਾਰੇ ਵਿੱਚ ਸਥਾਪਿਤ ਕਰਨ ਵੱਲ ਉਤਸ਼ਾਹਿਤ ਕਰਦੇ ਹਨ, ਜਿੱਥੇ ਸਾਰਿਆਂ ਦਾ ਸਤਿਕਾਰ ਕੀਤਾ ਜਾਂਦਾ ਹੈ।
8. ਸਿੱਖ ਭਾਈਚਾਰਾ ਸੰਯੁਕਤ ਰਾਜ ਅਮਰੀਕਾ ਦੇ ਸੰਸਥਾਪਕ ਸਿਧਾਂਤਾਂ ਨੂੰ ਦਰਸਾਉਣ ਦੇ ਨਾਲ-ਨਾਲ ਜਨਤਕ ਕ੍ਰਿਆਵਾਂ ਦੀ ਭਾਵਨਾ ਨੂੰ ਦਰਸਾਉਂਦਾ ਹੈ।
9. ਸੰਯੁਕਤ ਰਾਜ ਦੇ ਲੋਕ ਰਾਸ਼ਟਰ ਦੇ ਸਮਾਜਿਕ ਤਾਣੇ-ਬਾਣੇ ਨੂੰ ਸਮਰਥਨ ਅਤੇ ਪ੍ਰਫੁੱਲਤ ਕਰਨ ਵਿੱਚ ਸਿੱਖ ਭਾਈਚਾਰੇ ਦੀ ਮਹੱਤਵਪੂਰਨ ਭੂਮਿਕਾ ਦਾ ਸਨਮਾਨ ਕਰਨ ਵਿਚ **ਬਾਕੀ ਸ.ਫ਼ਾ 35 'ਤੇ**

# ਸਿੱਖ ਸ਼ਰਧਾਲੂ ਵਿਸਾਖੀ ਮਨਾਉਣ ਲਈ ਪਾਕਿਸਤਾਨ ਰਵਾਨਾ

## ਪਾਕਿਸਤਾਨ ਹਾਈ ਕਮਿਸ਼ਨ ਨੇ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਜਾਰੀ ਕੀਤੇ 2,200 ਵੀਜ਼ੇ

**ਨਵੀਂ ਦਿੱਲੀ:** ਵਿਸਾਖੀ ਦੇ ਜਸ਼ਨਾਂ ਵਿਚਕਾਰ ਨਵੀਂ ਦਿੱਲੀ ਵਿੱਚ ਪਾਕਿਸਤਾਨ ਹਾਈ ਕਮਿਸ਼ਨ ਨੇ 12 ਤੋਂ 21 ਅਪ੍ਰੈਲ 2022 ਤੱਕ ਪਾਕਿਸਤਾਨ ਵਿੱਚ ਹੋਣ ਵਾਲੇ ਸਾਲਾਨਾ ਤਿਉਹਾਰ ਵਿੱਚ ਹਿੱਸਾ ਲੈਣ ਲਈ ਭਾਰਤ ਤੋਂ ਸਿੱਖ ਸ਼ਰਧਾਲੂਆਂ ਨੂੰ 2,200 ਤੋਂ ਵੱਧ ਵੀਜ਼ੇ ਜਾਰੀ ਕੀਤੇ ਹਨ। ਵੀਜ਼ਾ ਜਾਰੀ ਕਰਨਾ 1974 ਦੇ ਧਾਰਮਿਕ ਤੀਰਥ ਸਥਾਨਾਂ ਦੀ ਯਾਤਰਾ 'ਤੇ ਪਾਕਿਸਤਾਨ-ਭਾਰਤ ਪ੍ਰੋਟੋਕੋਲ ਦੇ ਢਾਂਚੇ ਦੇ ਤਹਿਤ ਆਉਂਦਾ ਹੈ। ਹਰ ਸਾਲ, ਭਾਰਤ ਤੋਂ ਵੱਡੀ ਗਿਣਤੀ ਵਿੱਚ ਸਿੱਖ ਯਾਤਰੀ ਵੱਖ-ਵੱਖ ਧਾਰਮਿਕ ਤਿਉਹਾਰਾਂ/ਮੌਕਿਆਂ ਵਿੱਚ ਸ਼ਾਮਲ ਹੋਣ ਲਈ ਪਾਕਿਸਤਾਨ ਜਾਂਦੇ ਹਨ। ਪਾਕਿਸਤਾਨ ਹਾਈ ਕਮਿਸ਼ਨ ਨੇ ਟਵਿੱਟਰ 'ਤੇ ਕਿਹਾ, "ਚਾਰਜ ਡੀ'ਅਫੇਅਰਜ਼ ਅਫਤਾਬ ਹਸਨ ਖਾਨ ਨੇ ਸ਼ਰਧਾਲੂਆਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਇੱਕ ਫਲਦਾਇਕ ਅਤੇ ਸੰਪੂਰਨ ਯਾਤਰਾ ਦੀ ਕਾਮਨਾ ਕੀਤੀ। ਪਾਕਿਸਤਾਨ ਪਵਿੱਤਰ ਧਾਰਮਿਕ ਸਥਾਨਾਂ ਨੂੰ ਸੁਰੱਖਿਅਤ ਰੱਖਣ ਅਤੇ ਆਉਣ ਵਾਲੇ ਸ਼ਰਧਾਲੂਆਂ ਨੂੰ ਲੋੜੀਂਦੀ ਸਹੂਲਤ ਪ੍ਰਦਾਨ ਕਰਨ ਵਿੱਚ ਬਹੁਤ ਮਾਣ ਮਹਿਸੂਸ ਕਰਦਾ ਹੈ। ਦੱਸਣਯੋਗ ਹੈ ਕਿ ਭਾਰਤੀ ਸਿੱਖ ਸ਼ਰਧਾਲੂਆਂ ਦਾ



Pakistan High Commission I...
@PakinIndia

On the eve of Baisakhi celebrations, the Pakistan High Commission in New Delhi has issued over 2200 visas to Sikh pilgrims from India to participate in the annual festival scheduled to be held in Pakistan from 12-21 April 2022.

ਇੱਕ ਸਮੂਹ 12 ਅਪ੍ਰੈਲ ਨੂੰ ਸ੍ਰੀ ਪੰਜਾ ਸਾਹਿਬ ਗੁਰਦੁਆਰਾ ਵਿਖੇ ਵਿਸਾਖੀ 2022 ਦੇ ਜਸ਼ਨਾਂ ਵਿੱਚ ਹਿੱਸਾ ਲੈਣ ਲਈ ਪਾਕਿਸਤਾਨ ਲਈ ਰਵਾਨਾ ਹੋ ਗਿਆ ਸੀ । ਇਹ ਜਥਾ ਪਾਕਿਸਤਾਨ ਦੇ ਹੋਰ ਇਤਿਹਾਸਕ ਗੁਰਧਾਮਾਂ ਦੇ ਵੀ ਦਰਸ਼ਨ ਕਰੇਗਾ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਮਹਿੰਦਰ ਸਿੰਘ ਨੇ ਦੱਸਿਆ ਕਿ ਪਹਿਲਾ ਜਥਾ ਹਸਨ ਅਬਦਾਲ ਦੇ ਸ੍ਰੀ ਪੰਜਾ ਸਾਹਿਬ ਵਿਖੇ ਪਹੁੰਚ ਗਿਆ ਹੈ । ਇਹ ਜਥਾ ਖਾਲਸਾ ਸਾਜਨਾ ਦਿਵਸ (ਵਿਸਾਖੀ ਦੇ ਤਿਉਹਾਰ) ਮੌਕੇ ਗੁਰਦੁਆਰਾ ਸਾਹਿਬ ਵਿਖੇ ਸਜਾਏ ਜਾਣ ਵਾਲੇ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਵੇਗਾ।



# ਅਮਰੀਕਾ ਵਿਚ ਨਿਊਯਾਰਕ ਕੇ ਰਿਚਮੰਡ ਹਿਲਜ ਦੋ ਸਿਖਾਂ 'ਤੇ ਹੋਇਆ ਹਮਲਾ

## ਸਿਖ ਭਾਈਚਾਰੇ ਨੇ ਕੀਤੀ ਪ੍ਰਸ਼ਾਸਨ ਤੋਂ ਨਿਆਂ ਦੀ ਮੰਗ

**ਸੈਕਰਾਮੈਂਟੋ, ( ਹੁਸਨ ਲੜੋਆ ਬੰਗਾ):** ਨਿਊਯਾਰਕ ਦੇ ਰਿਚਮੰਡ ਹਿਲਜ ਵਿੱਚ ਦੋ ਸਿਖਾਂ ਉੱਤੇ ਉਸ ਸਮੇਂ ਹਮਲਾ ਹੋਇਆ ਜਿਸ ਸਮੇਂ ਉਹ ਸਵੇਰੇ ਸੈਰ ਕਰ ਰਹੇ ਸੀ। ਇਹ ਘਟਨਾ ਉਸ ਜਗਾ ਤੇ ਘਟੀ ਜਿਸ ਜਗਾ ਤੇ ੧੦ ਦਿਨ ਪਹਿਲਾਂ ਇੱਕ ੭੪ ਸਾਲਾ ਬਜੁੱਰਗ ਤੇ ਹਮਲਾ ਹੋਇਆ ਸੀ ਜਿਸ ਕਰਕੇ ਸਿੱਖ ਬਾਇਚਾਰੇ ਵਿੱਚ ਨਿਰਾਸ਼ਾ ਤੇ ਗੁੱਸਾ ਹੈ। ਇਸਨੂੰ ਨਫਰਤ ਤਹਿਤ ਨਿਸ਼ਾਨਾ ਬਣਾਉਣ ਵਜੋਂ ਦੇਖਿਆ ਜਾ ਰਿਹਾ ਹੈ। ਅੱਜ ਇਸ ਘਟਨਾ ਦੌਰਾਨ ਦੋ ਸਿੱਖਾਂ ਦੀਆਂ ਪਹਿਲਾਂ ਪਗੜੀਆਂ ਉਤਾਰੀਆਂ ਫਿਰ ਉਨਾਂ ਨਾਲ ਨਸਲੀ ਕੁੱਟਮਾਰ ਕੀਤੀ। ਇਸ ਘਟਨਾ ਨੂੰ ਅੰਜਾਮ ਦੇਣ ਚ ਦੋ ਬੰਦੇ ਦੱਸੇ ਗਏ ਹਨ ਪਰ ਪੁਲੀਸ ਮੁਤਾਬਕ ਉਨਾਂ ਚੋਂ ਇੱਕ ਫੜਿਆ ਗਿਆ ਹੈ।

ਇਸ ਮਾਮਲੇ ਦੀ ਸਥਾਨਕ ਪ੍ਰਸ਼ਾਸਨ ਅਤੇ ਨਿਊਯਾਰਕ ਸਿਟੀ ਪੁਲਿਸ ਵਿਭਾਗ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਪੁਲੀਸ ਨੇ ਇਸ ਮਾਮਲੇ ਦੀ ਸ਼ਿਕਾਇਤ ਦਰਜ ਕੀਤੀ ਹੈ ਅਤੇ ਇੱਕ ਸ਼ਖ਼ਸ ਨੂੰ ਗਿਰਫ਼ਤਾਰ ਵੀ ਕੀਤਾ ਹੈ। ਪੁਲੀਸ ਨੇ ਪੀੜਿਤਾਂ ਨੂੰ ਹਰ ਤਰਾਂ ਦੀ ਮਦਦ ਦਾ ਭਰੋਸਾ ਦਿੱਤਾ ਹੈ। ਦੂਸਰੇ ਪਾਸੇ ਭਾਰਤੀ ਦੂਤਾਵਾਸ ਨੇ ਵੀ ਇਸ ਘਟਨਾ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਤੇ ਪੀੜਤ ਪਰਿਵਾਰ ਨਾਲ ਸੰਪਰਕ ਕੀਤਾ ਹੈ। ਨਿਊਯਾਰਕ ਵਿੱਚ ਸਟੇਟ ਐਸੰਬਲੀ ਦੇ ਮੈਂਬਰ ਜੇਨੀਫਰ ਰਾਜਕੁਮਾਰ ਨੇ ਵੀ ਇਸ ਹਮਲੇ ਤੇ ਬਿਆਨ ਜਾਰੀ ਕੀਤਾ ਹੈ। ਉਨਾਂ ਕਿਹਾ ਕਿ "ਨਿਊਯਾਰਕ ਸਟੇਟ



ਆਫ਼ਿਸ ਵਿੱਚ ਚੁਣੀ ਗਈ ਮੈਂ ਪਹਿਲੀ ਪੰਜਾਬੀ ਅਮਰੀਕੀ ਹੋਣ ਦੇ ਨਾਤੇ ਮੈਂ ਸਾਫਤੌਰ ਤੇ ਕਹਿ ਸਕਦੀ ਹਾਂ ਨਿਊਯਾਰਕ ਵਿੱਚ ਸਿੱਖ ਅਮਰੀਕੀ ਭਾਈਚਾਰੇ ਨਾਲ ਨਫ਼ਰਤ ਭਰੀ ਹਿੰਸਾ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।"ਉਸਨੇ ਕਿਹਾ ਕਿ "ਮੈਂ ਆਪਣੇ ਸਿੱਖ ਅਮਰੀਕੀ ਭਾਈਚਾਰੇ ਦੇ ਖ਼ਿਲਾਫ਼ ਇਸ ਹਫ਼ਤੇ ਵਾਪਰੀਆਂ ਘਟਨਾਵਾਂ ਤੋਂ ਬਾਅਦ ਨਿਊਯਾਰਕ ਪੁਲਿਸ ਨਾਲ ਗੱਲ ਕੀਤੀ ਹੈ। ਮੈਂ ਦੋਵਾਂ ਘਟਨਾਵਾਂ ਦੀ ਨਿਰਪੱਖ ਜਾਂਚ ਕਰਨ ਦੀ ਮੰਗ ਕੀਤੀ ਹੈ। ਦੋਸੀਆਂ ਨੂੰ ਕਨੂੰਨ ਦੇ ਤਹਿਤ ਕੜੀ ਸਜ਼ਾ ਦਿੱਤੀ ਜਾਵੇਗੀ।' ਉਸਨੇ ਕਿਹਾ ਕਿ "ਅਸੀਂ ਸਿੱਖਾਂ ਦੇ ਸੱਭਿਆਚਾਰ ਦੀ ਜਾਣਕਾਰੀ ਲੋਕਾਂ ਨੂੰ ਦੇਵਾਂਗੇ ਤਾਂ ਜੋ ਅਮੀਕਨਾਂ ਨੂੰ ਪਤਾ ਚੱਲੇ ਕਿ ਸਿੱਖ ਉਦਾਰਤਾ ਤੇ ਦਇਆ ਵਾਲੀ ਕੌਮ ਹੈ । ਇਸ ਘਟਨਾਂ ਤੇ ਸਥਾਨਕ ਸਿੱਖ ਭਾਈਚਾਰਾ ਪੀੜਤ ਹੈ ਤੇ ਵੱਖ ਵੱਖ ਸਥਾਨਕ ਸਿੱਖ ਜੱਥੇਬੰਦੀਆਂ ਇਨਾਂ ਸਿੱਖ ਪੀੜਤਾਂ ਨੂੰ ਨਿਆਂ ਦਿਵਾਉਣ ਤੇ ਦੋਸ਼ੀਆਂ ਨੂੰ ਵੱਧ ਤੋਂ ਵੱਧ ਸਜਾਵਾਂ ਦਿਵਾਉਣ ਲਈ ਪ੍ਰਸ਼ਾਸਨ ਤੋਂ ਮੰਗ ਕਰ ਰਹੀਆਂ ਹਨ।

# ਵਾਈਸ ਚਾਂਸਲਰ ਪ੍ਰੋ .ਕਰਮਜੀਤ ਸਿੰਘ ਜੀ ਦੀ ਪੁਸਤਕ "ਤੇਗ ਬਹਾਦਰ ਧਰਮ ਧੁਜ" ਲੋਕ ਅਰਪਣ ਕੀਤੀ ਗਈ

## ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵਿੱਚ ਕਰਵਾਇਆ ਗਿਆ ਵਿਸ਼ੇਸ਼ ਸਮਾਗਮ



**ਚੰਡੀਗੜ** : ਬੀਤੇ ਦਿਨੀਂ ਪਟਿਆਲਾ ਵਿਖੇ ਜਗਤ ਗੁਰੂ ਨਾਨਕ ਦੇ ਪੰਜਾਬ ਸਟੇਟ ਓਪਨ ਯੂਨੀਵਰਸਟੀ ਵਿੱਚ ਵਾਈਸ ਚਾਂਸਲਰ ਪ੍ਰੋ .ਕਰਮਜੀਤ ਸਿੰਘ ਜੀ ਦੀ ਪੁਸਤਕ " ਤੇਗ ਬਹਾਦਰ ਧਰਮ ਧੁਜ" ਦਾ ਲੋਕ ਅਰਪਣ ਸਮਾਗਮ ਕਰਵਾਇਆ ਗਿਆ । ਸਮਾਗਮ ਦੀ ਪ੍ਰਧਾਨਗੀ ਪਦਮਸ਼੍ਰੀ ਸੁਰਜੀਤ ਪਾਤਰ ਜੀ ਨੇ ਆਪਣੇ ਸ਼ਾਇਰਾਨਾ ਅੰਦਾਜ਼ ਵਿਚ ਕੀਤੀ ਤੇ ਪੁਸਤਕ ਸਬੰਧੀ ਆਪਣੇ ਵਿਚਾਰ ਦਿੰਦਿਆਂ ਹੋਇਆਂ ਉਨਾਂ ਨੇ ਕਿਹਾ ਕਿ ਜਿਨਾਂ ਸ਼ਬਦਾਂ ਨਾਲ ਪ੍ਰੋ .ਕਰਮਜੀਤ ਸਿੰਘ ਨੇ ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਦਰਸਾਇਆ ਹੈ ਉਹ ਗੱਲਾਂ ਸ਼ਾਇਦ ਕਦੇ ਸਾਡੇ ਚੇਤਿਆ ਦਾ ਭਾਗ ਵੀ ਨਹੀਂ ਸਨ ।

ਡਾ.ਸਰਬਜਿੰਦਰ ਸਿੰਘ ਜੀ ਡੀਨ ਫੈਕਲਟੀ ਆਫ ਹਿਊਮੈਨਟੀਜ਼ ਅਤੇ ਰਿਲੀਜ਼ਨ ਸਟੱਡੀਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਉਦਘਾਟਨੀ ਸਮਾਰੋਹ ਦੇ ਭਾਸ਼ਣ ਵਿਚ ਬੋਲਦਿਆਂ ਕਿਹਾ ਕਿ ਡਾ.ਕਰਮਜੀਤ ਸਿੰਘ ਨੇ ਮਾਝੇ ਦੀ ਧਰਤਿ ਉੱਤੇ ਜਨਮ ਲੈ, ਜਿਨਾਂ ਬੁਲੰਦੀਆਂ ਨੂੰ ਛੋਹਿਆ ਹੈ ਉਹ ਸਾਰੀਆਂ ਫ਼ਖਰਯੋਗ ਹਨ ।ਕਾਮਰਸ ਵਰਗੇ ਔਖੇ ਤੇ ਖੁਸ਼ਕ ਵਿਸ਼ੇ 'ਤੇ ਉੱਚ ਅਕਾਦਮਿਕ ਵਿੱਦਿਆ ਗ੍ਰਹਿਣ ਕਰਨ ਦੇ ਬਾਵਜੂਦ ਚਿਹਰੇ ਦੀ ਸਦੀਵੀ ਮੁਸਕਾਨ ਅਸਮਾਨੀ ਬਖ਼ਸ਼ਿਸ਼ ਹੀ ਪ੍ਰਵਾਨ ਕੀਤੀ ਜਾ ਸਕਦੀ ਹੈ ।ਯੂਨੀਵਰਸਿਟੀਆਂ ਦੀ ਅਕਾਦਮਿਕਤਾ ਵਿਚ ਕੇਂਦਰੀ ਭੂਮਿਕਾ ਨਿਭਾਉਂਦੇ ਹੋਏ ਪ੍ਰੋਫ਼ੈਸਰ ਦੇ ਰੁਤਬੇ ਤੱਕ ਅਪੜਨਾ ਤੇ ਫੇਰ ਕੌਮਾਂਤਰੀ ਪੱਧਰ ਤਕ ਪ੍ਰਸਿੱਧੀ ਪ੍ਰਾਪਤ ਕਰ ਜਾਣਾ ਮਾਣ ਵਾਲੀ ਹੀ ਗੱਲ ਹੈ ।ਅਕਾਦਮਿਕਤਾ ਤੋਂ ਫੇਰ ਪ੍ਰਬੰਧਨ ਦਾ ਸਫ਼ਰ ਸ਼ੁਰੂ ਕਰਨ ਤੇ ਫੇਰ ਵੱਖ-ਵੱਖ ਯੂਨੀਵਰਸਿਟੀਆਂ ਦੀ ਸੈਨੇਟ,

**ਬਾਕੀ ਸਫ਼ਾ 35 'ਤੇ**

# ਸ਼ਹੀਦ ਖਾਲੜਾ ਦੀ ਸ਼ਹੀਦੀ ਬਾਰੇ ਫਿਲਮ ਨਹੀਂ ਬਣਨ ਦਿੱਤੀ ਜਾਵੇਗੀ : ਝੱਬਾਲ



ਝਬਾਲ ਵਿਖੇ ਗੱਲਬਾਤ ਕਰਦੇ ਹੋਏ ਖਾਲੜਾ ਮਿਸ਼ਨ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਝਬਾਲ ਤੇ ਗੁਰਬੇਜ ਸਿੰਘ ਪਲਾਸੌਰ, ਜਸਬੀਰ ਸਿੰਘ ਪੱਧਰੀ, ਕੁਲਵੰਤ ਸਿੰਘ ਪੱਧਰੀ ਨਾਲ ਹੋਰ। ਤਸਵੀਰ-ਗੱਗੋਬੂਹਾ

ਝੱਬਾਲ/ਏ. ਟੀ.ਨਿਊਜ਼ : ਖਾਲੜਾ ਮਿਸ਼ਨ ਕਮੇਟੀ ਦੇ ਅਹੁਦੇਦਾਰਾਂ ਦੀ ਮੀਟਿੰਗ ਝੱਬਾਲ ਵਿਖੇ ਚੇਅਰਮੈਨ ਬਲਵਿੰਦਰ ਸਿੰਘ ਝੱਬਾਲ ਦੇ ਗ੍ਰਹਿ ਵਿਖੇ ਹੋਈ। ਬਲਵਿੰਦਰ ਸਿੰਘ ਝਬਾਲ ਨੇ ਆਖਿਆ ਕਿ ਪਿਛਲੇ ਸਮੇਂ ਦੌਰਾਨ ਸਿੱਖ ਨੌਜਵਾਨਾਂ 'ਤੇ ਹੋਏ ਜਬਰ ਜ਼ੁਲਮ ਖਿਲਾਫ਼ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਸ਼ਹੀਦ ਹੋਏ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਉੱਪਰ ਬਣਾਈ ਜਾ ਰਹੀ ਫ਼ਿਲਮ ਨੂੰ ਕਿਸੇ ਵੀ ਕੀਮਤ 'ਤੇ ਬਣਨ ਨਹੀਂ ਦਿਆਂਗੇ। ਕਿਉਂਕਿ ਅਸਲੀਅਤ ਤੋਂ ਕੋਹਾਂ ਦੂਰ ਬਣਦੀਆਂ ਇਹ ਫ਼ਿਲਮਾਂ ਸਿਰਫ ਪੈਸੇ ਕਮਾਉਣ ਲਈ ਅਤੇ ਕੇਂਦਰ ਸਰਕਾਰ ਦੀ ਸ਼ਹਿ 'ਤੇ ਬਣਾਈਆਂ ਜਾਂਦੀਆਂ ਹਨ । ਉਨਾਂ ਕਿਹਾ 1934 ਵਿਚ ਸ਼੍ਰੋਮਣੀ ਕਮੇਟੀ ਵਲੋਂ ਸ਼ਹੀਦਾਂ ਦੇ ਨਾਮ ਉਪਰ ਫਿਲਮਾਂ ਨਾ ਬਣਾਏ ਜਾਣ ਦਾ ਮਤਾ ਵੀ ਪਾਸ ਕੀਤਾ ਜਾ ਚੁੱਕਾ ਹੈ ਤੇ ਭਾਈ ਖਾਲੜਾ ਸਿੱਖ ਕੌਮ ਦੇ ਕੌਮੀ ਸ਼ਹੀਦ ਹਨ ਤੇ ਉਨਾਂ ਦੀ ਤਸਵੀਰ ਦਰਬਾਰ ਸਾਹਿਬ ਦੇ ਅਜਾਇਬਘਰ ਵਿਚ ਲੱਗੀ ਹੋਈ ਹੈ। ਭਾਈ ਝੱਬਾਲ ਨੇ ਆਖਿਆ ਕਿ ਇਸ ਫਿਲਮ ਨੂੰ ਰੋਕਣ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਵੀ ਜਾਣੂੰ ਕਰਵਾਇਆ ਗਿਆ ਸੀ ।

# ਖਾੜਕੂ ਲਖਬੀਰ ਸਿੰਘ ਰੋਡੇ ਖ਼ਿਲਾਫ਼ ਕੇਸ ਦਰਜ

## ਕੱਥੂਨੰਗਲ ਇਲਾਕੇ ਦੀ ਇਕ ਖਾਲੀ ਪਈ ਇਮਾਰਤ ਵਿੱਚੋਂ ਹਥਿਆਰ ਹੋਏ ਸਨ ਬਰਾਮਦ

**ਅੰਮ੍ਰਿਤਸਰ:** ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਨੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁਖੀ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਮੁਖੀ ਭਾਈ ਲਖਬੀਰ ਸਿੰਘ ਰੋਡੇ ਖ਼ਿਲਾਫ਼ ਵੱਡੀ ਗਿਣਤੀ ਵਿੱਚ ਹਥਿਆਰਾਂ ਦੀ ਬਰਾਮਦਗੀ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਇਹ ਹਥਿਆਰ ਬੀਤੇ ਦਿਨ ਕੱਥੂਨੰਗਲ ਇਲਾਕੇ ਦੀ ਇਕ ਖਾਲੀ ਪਈ ਇਮਾਰਤ ਵਿੱਚੋਂ ਬਰਾਮਦ ਕੀਤੇ ਗਏ ਸਨ। ਪੁਲੀਸ ਨੇ ਰੋਡੇ ਖ਼ਿਲਾਫ਼ ਹਥਿਆਰ ਅਤੇ ਵਿਸਫੋਟਕ ਸਮੱਗਰੀ ਦੀ ਤਸਕਰੀ ਦਾ ਦੋਸ਼ ਲਗਾਇਆ ਹੈ। ਇਸ ਸਬੰਧੀ ਅਸਲਾ ਐਕਟ, ਵਿਸਫੋਟਕ ਸਮੱਗਰੀ ਐਕਟ ਦੀ ਧਾਰਾ 13, 18-ਏ, 18-ਬੀ, 20 ਯੂਏਪੀਏ ਐਕਟ ਹੇਠ ਕੇਸ ਦਰਜ ਕੀਤਾ ਗਿਆ ਹੈ। ਉਸ ਖ਼ਿਲਾਫ਼ ਦਰਜ ਕੀਤੇ ਗਏ ਕੇਸ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਉਹ ਪੰਜਾਬ ਵਿਚ ਸ਼ਾਂਤੀ ਭੰਗ ਕਰਨ ਅਤੇ ਖਾੜਕੂ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦੇ ਯਤਨ ਕਰ ਰਿਹਾ ਹੈ

# ਬਹਿਬਲ ਕਲਾਂ ਕਾਂਡ ਦੇ ਸ਼ਹੀਦਾਂ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ਵਿੱਚ ਲੱਗੀਆਂ

## ਪੰਜ ਹੋਰ ਪੰਥਕ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਲਗਾਈਆਂ

**ਅੰਮ੍ਰਿਤਸਰ:** 2015 ਵਿੱਚ ਵਾਪਰੇ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਸ਼ਹੀਦ ਹੋਏ ਦੋ ਸਿੱਖ ਨੌਜਵਾਨਾਂ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਸਰਾਵਾਂ ਦੀਆਂ ਤਸਵੀਰਾਂ ਸ਼੍ਰੋਮਣੀ ਕਮੇਟੀ ਨੇ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸਥਾਪਤ ਕੀਤੀਆਂ ਹਨ। ਇਨਾਂ ਤੋਂ ਇਲਾਵਾ ਪੰਜ ਹੋਰ ਸਿੱਖ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਵੀ ਸਥਾਪਤ ਕੀਤੀਆਂ ਗਈਆਂ ਹਨ।



ਅਜਾਇਬ ਘਰ ਵਿੱਚ ਲਗਾਈਆਂ ਗਈਆਂ ਤਸਵੀਰਾਂ ਵਿੱਚ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਹਰਬੰਸ ਸਿੰਘ ਘੁੰਮਣ, ਹਰਿਮੰਦਰ ਸਾਹਿਬ ਦੀ ਨੱਕਾਸ਼ੀ ਵਿਚ ਯੋਗਦਾਨ ਪਾਉਣ ਵਾਲੇ ਜੀਐੱਸ ਸੋਹਣ ਸਿੰਘ, ਸੰਤ ਪ੍ਰਿਥੀਪਾਲ ਸਿੰਘ ਸੱਯਦ, ਇੰਜੀਨੀਅਰ ਡਾ. ਜਸਵੰਤ ਸਿੰਘ ਗਿੱਲ ਤੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੀਆਂ ਤਸਵੀਰਾਂ ਵੀ ਸ਼ਾਮਲ ਹਨ।

ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ ਨੇ ਨਿਭਾਈ।

ਇਸ ਮੌਕੇ ਧਾਮੀ ਨੇ ਕਿਹਾ ਕਿ ਸਿੱਖ ਪੰਥ ਦੀ ਸੇਵਾ ਕਰਨ ਵਾਲੇ ਕੌਮ ਲਈ ਸਤਿਕਾਰਯੋਗ ਹਨ ਤੇ ਸਨਮਾਨ ਵਜੋਂ ਉਨਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬਘਰ ਵਿੱਚ ਲਗਾਈਆਂ ਗਈਆਂ ਹਨ। ਉਨਾਂ ਕਿਹਾ ਕਿ ਬਹਿਬਲ ਕਲਾਂ ਵਿੱਚ ਸ਼ਹੀਦ ਹੋਏ ਭਾਈ ਕ੍ਰਿਸ਼ਨ ਭਗਵਾਨ ਸਿੰਘ ਤੇ ਭਾਈ ਗੁਰਜੀਤ ਸਿੰਘ ਸਰਾਵਾਂ ਸਿੱਖੀ ਜਜ਼ਬੇ ਦੀ ਮਿਸਾਲ ਹਨ। ਜਥੇਦਾਰ ਹਰਬੰਸ ਸਿੰਘ ਘੁੰਮਣ ਨੇ ਜੋਧਪੁਰ ਬੰਦੀ ਸਿੱਖਾਂ ਦੀ ਰਿਹਾਈ ਲਈ ਅਹਿਮ ਯਤਨ ਕੀਤੇ ਸਨ। ਉਨਾਂ ਦੀਆਂ ਇਨਾਂ ਸੇਵਾਵਾਂ ਨੂੰ ਯਾਦ ਰੱਖਦਿਆਂ ਸਨਮਾਨ ਦਿੱਤਾ ਗਿਆ ਹੈ। ਇੰਜਨੀਅਰ ਮਰਹੂਮ ਜਸਵੰਤ ਸਿੰਘ ਗਿੱਲ ਨੇ ਕੋਲੇ ਦੀ ਖਾਨ ਵਿੱਚ ਫਸੇ ਮਜ਼ਦੂਰਾਂ ਦੀ ਜਾਨ ਬਚਾਈ ਸੀ, ਜਿਸ ਲਈ ਉਨਾਂ ਨੂੰ ਭਾਰਤ ਸਰਕਾਰ ਵੱਲੋਂ ਐਵਾਰਡ ਵੀ ਮਿਲ ਚੁੱਕਿਆ ਹੈ। ਇਸ ਮੌਕੇ ਇਨਾਂ ਸ਼ਖ਼ਸੀਅਤਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਵੀ ਦਿੱਤੇ ਗਏ।

**ਭਗਤ ਨਾਮਦੇਵ ਸਰਾਂ ਦਾ ਨੀਂਹ ਪੱਥਰ ਰੱਖਿਆ**

ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਦੀ ਵਧ ਰਹੀ ਆਮਦ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਇੱਥੇ ਆਉਣ ਵਾਲੀ ਸੰਗਤ ਦੀ ਰਿਹਾਇਸ਼ ਲਈ ਵਧੇਰੇ ਪ੍ਰਬੰਧ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ,

**ਬਾਕੀ ਸਫ਼ਾ 35 'ਤੇ**

# ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਉੱਪਰ ਅਕਾਲੀ ਦਲ ਅਤੇ ਕਾਂਗਰਸ ਨੇ ਚੁੱਕੇ ਸਵਾਲ

## ਪੰਜਾਬ ਦੇ ਮੁੱਖ ਮੰਤਰੀ ਤੋਂ ਬਿਨਾਂ ਪੰਜਾਬ ਦੇ ਅਫ਼ਸਰਾਂ ਨਾਲ ਮੀਟਿੰਗ ਕਰਨ ਦੇ ਲੱਗੇ ਦੋਸ਼

**ਚੰਡੀਗੜ** : ਪੰਜਾਬ ਦੇ ਵਿਰੋਧੀਆਂ ਨੇ ਆਪ ਦੇ ਸੁਪਰੀਮੋ ਦੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਤਿੱਖੇ ਨਿਸ਼ਾਨੇ ਲਾਏ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਬਿਨਾਂ ਪੰਜਾਬ ਦੇ ਅਫ਼ਸਰਾਂ ਨਾਲ ਮੀਟਿੰਗ ਕਰਨ ਦਾ ਇਲਜ਼ਾਮ ਲਗਾਇਆ ਹੈ। ਅਕਾਲੀ ਦਲ ਅਤੇ ਕਾਂਗਰਸ ਨੇ ਚੁੱਕੇ ਵੱਡੇ ਸਵਾਲ ਚੁੱਕਦਿਆਂ ਕਿਹਾ ਕਿ ਪੰਜਾਬ ਨੂੰ ਦਿੱਲੀ ਦੀ ਕਠਪੁਤਲੀ ਬਣਾਇਆ ਜਾ ਰਿਹਾ ਹੈ। ਜਨਤਾ ਨੂੰ ਦੱਸੋ ਕਿਸ ਹੈਸੀਅਤ ਨਾਲ ਮੀਟਿੰਗ ਕੀਤੀ। ਕੀ ਪੰਜਾਬ ਨੂੰ ਇਸੇ ਬਦਲਾਅ ਦੀ ਉਡੀਕ ਸੀ ?

# ਟਰੂਡੋ ਸਰਕਾਰ ਵਿਦੇਸ਼ੀਆਂ ਦੇ ਘਰ ਖ਼ਰੀਦਣ 'ਤੇ ਪਾਬੰਦੀ ਲਾਏਗੀ

## ਸਰਕਾਰ ਪਿਛਲੇ ਸਾਲ ਕੀਮਤਾਂ ਵਿਚ 20 ਫੀਸਦੀ ਤੋਂ ਵੱਧ ਦੇ ਵਾਧੇ ਤੇ ਕਿਰਾਏ ਦੀਆਂ ਦਰਾਂ ਵਿਚ ਵਾਧੇ ਕਾਰਨ ਦਬਾਅ ਵਿਚ

**ਓਟਾਵਾ/ਏ.ਟੀ.ਨਿਊਜ਼** :- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਕੈਨੇਡਾ ਵਿਚ ਵਿਦੇਸ਼ੀਆਂ ਦੇ ਘਰ ਖ਼ਰੀਦਣ ਉਤੇ ਪਾਬੰਦੀ ਲਾਏਗੀ। ਮਕਾਨਾਂ ਦੀਆਂ ਕੀਮਤਾਂ ਵਿਚ ਰਿਕਾਰਡ ਵਾਧਾ ਹੋਣ ਦੇ ਖ਼ਦਸ਼ਿਆਂ ਦੌਰਾਨ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਸਾਲ ਦੇ ਫੈਡਰਲ ਬਜਟ ਵਿਚ ਐਲਾਨ ਕਰਦਿਆਂ ਮੰਗ ਨੂੰ ਘਟਾਉਣ ਲਈ ਕਈ ਉਪਾਅ ਪੇਸ਼ ਕੀਤੇ ਹਨ। ਸਰਕਾਰ ਨੇ ਇਕ ਸਾਲ ਦੇ ਅੰਦਰ ਆਪਣਾ ਘਰ ਵੇਚਣ ਵਾਲੇ ਵਿਦੇਸ਼ੀਆਂ ਉਤੇ ਘਰ ਖ਼ਰੀਦਣ ਦੀ ਦੋ ਸਾਲ ਦੀ ਪਾਬੰਦੀ ਲਾਉਣ ਅਤੇ ਜ਼ਿਆਦਾ ਟੈਕਸ ਲਾਉਣ ਦਾ ਐਲਾਨ ਵੀ ਕੀਤਾ ਹੈ। ਹਾਲਾਂਕਿ ਦੋਵਾਂ ਕਦਮਾਂ ਵਿਚ ਸਥਾਈ ਨਿਵਾਸੀਆਂ ਤੇ ਵਿਦੇਸ਼ੀ ਵਿਦਿਆਰਥੀਆਂ ਨੂੰ ਕੁਝ ਛੋਟਾਂ ਨਾਲ ਰਾਹਤ ਵੀ ਦਿੱਤੀ ਗਈ ਹੈ। ਬਜਟ ਵਿਚ ਨਵੇਂ ਮਕਾਨ ਲਈ ਅਤੇ ਬਾਜ਼ਾਰ ਵਿਚ ਆਉਣ ਦੀ ਕੋਸ਼ਿਸ਼ ਕਰ ਰਹੇ ਕੈਨੇਡੀਅਨ ਲੋਕਾਂ ਦੀ ਮਦਦ ਦੇ ਕਈ ਉਪਾਅ ਵੀ ਕੀਤੇ ਗਏ ਹਨ। ਇਨਾਂ ਵਿਚ ਇਕ ਨਵਾਂ ਬੱਚਤ ਖਾਤਾ ਤੇ ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ 'ਟੈਕਸ ਕ੍ਰੈਡਿਟ' ਵਿਚ ਬਦਲਾਅ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਸਰਕਾਰ ਪਿਛਲੇ ਸਾਲ ਕੀਮਤਾਂ ਵਿਚ 20 ਫੀਸਦ ਤੋਂ ਵੱਧ ਦੇ ਵਾਧੇ ਤੇ ਕਿਰਾਏ ਦੀਆਂ ਦਰਾਂ ਵਿਚ ਵਾਧੇ ਕਾਰਨ ਦਬਾਅ ਵਿਚ ਸੀ।

ਇਹ ਪ੍ਰਸਤਾਵ ਉਸ ਸਮੇਂ ਲਿਆਂਦਾ ਗਿਆ ਹੈ ਜਦੋਂ ਕੈਨੇਡਾ ਰਿਹਾਇਸ਼ੀ ਘਰਾਂ ਦੇ ਮੁੱਦਿਆਂ ਸਬੰਧੀ ਲੋਕ ਸਭ ਤੋਂ ਭੈੜੀ ਸਥਿਤੀ ਨਾਲ ਜੂਝ ਰਹੇ ਹਨ।ਘਰਾਂ ਦੀਆਂ ਕੀਮਤਾਂ 20 ਫੀਸਦੀ ਤੋਂ ਵੀ ਵੱਧ ਗਈਆਂ ਹਨ, ਜਿਸ ਨਾਲ ਘਰ ਦੀ ਔਸਤਨ ਕੀਮਤ ਲਗਭਗ 817,000 ਕੈਨੇਡੀਅਨ ਡਾਲਰ (650,000 ਅਮਰੀਕੀ ਡਾਲਰ) ਤੱਕ ਪਹੁੰਚ ਗਈ ਹੈ, ਜੋ ਕਿ ਘਰੇਲੂ ਆਮਦਨ ਤੋਂ 9 ਗੁਣਾ ਵੱਧ ਗਈ ਹੈ।

ਪਰ ਉਦਯੋਗ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਪੱਸ਼ਟ ਨਹੀਂ ਹੈ ਕਿ ਵਿਦੇਸ਼ੀ ਖਰੀਦਦਾਰਾਂ ਉੱਪਰ ਪਾਬੰਦੀ ਲਗਾ ਕੇ ਇਸ ਸਮੱਸਿਆ ਦਾ ਹੱਲ ਹੋਵੇਗਾ।

ਕੈਨੇਡਾ ਵਿੱਚ ਵਿਦੇਸ਼ੀ ਖਰੀਦਦਾਰਾਂ ਦੁਆਰਾ ਖਰੀਦਦਾਰੀ ਦੇ ਅੰਕੜੇ ਸੀਮਤ ਹਨ, ਪਰ ਅਧਿਐਨ ਮੁਤਾਬਕ, ਉਹ ਖਰੀਦਦਾਰਾਂ ਦਾ ਇੱਕ ਬਹੁਤ ਛੋਟਾ ਹਿੱਸਾ ਹਨ। ਸਲਾਹਕਾਰ ਫਰਮ, ਬੁਲਪੇਨ ਰਿਸਰਚ ਐਂਡ ਕੰਸਲਟਿੰਗ ਟੋਰਾਂਟੋ ਦੇ ਪ੍ਰਧਾਨ ਬੈਨ ਮਾਇਰਸ ਨੇ ਕਿਹਾ, 'ਮੈਨੂੰ ਨਹੀਂ ਲੱਗਦਾ ਕਿ ਇਸਦਾ ਬਹੁਤ ਜ਼ਿਆਦਾ ਪ੍ਰਭਾਵ ਹੋਵੇਗਾ'। ਇਸ ਫਰਮ ਨੇ ਪਾਇਆ ਹੈ ਕਿ ਵਿਦੇਸ਼ੀ ਲੋਕਾਂ ਨੇ 2020 ਵਿੱਚ ਸਿਰਫ 1% ਖਰੀਦਦਾਰੀ ਕੀਤੀ, ਜੋ ਕਿ 2015 ਅਤੇ 2016 ਵਿੱਚ 9% ਸੀ।ਉਹ ਕਹਿੰਦੇ ਹਨ, 'ਇਹ ਬਹੁਤ ਛੋਟਾ ਅੰਕੜਾ ਹੈ, ਆਓ ਇਸਦਾ ਸਾਹਮਣਾ ਕਰੀਏ, ਪਰ ਜੋ ਲੋਕ ਅਸਲ ਵਿੱਚ ਖਰੀਦਣਾ ਚਾਹੁੰਦੇ ਹਨ, ਉਹ ਹੋਰ ਤਰੀਕੇ ਲੱਭ ਲੈਣਗੇ'।ਮਾਇਰਸ ਦਾ ਕਹਿਣਾ ਹੈ ਕਿ 2020 ਵਿੱਚ ਮਹਾਂਮਾਰੀ ਦੇ ਪ੍ਰਭਾਵ ਤੋਂ ਬਾਅਦ ਇਹ ਮੁੱਦੇ ਹੋਰ ਗੰਭੀਰ ਹੋ ਗਏ ਹਨ। ਹਾਲਾਂਕਿ ਕੈਨੇਡਾ ਤੇ ਹੋਰ ਥਾਵਾਂ 'ਤੇ ਨੀਤੀ ਘਾੜਿਆਂ ਨੇ ਆਰਥਿਕਤਾ ਨੂੰ ਸਥਿਰ ਕਰਨ ਲਈ ਵਿਆਜ ਦਰਾਂ ਵਿੱਚ ਕਟੌਤੀ ਕੀਤੀ, ਲਾਗਤਾਂ ਨੂੰ ਘਟਾਇਆ ਅਤੇ ਇਸ ਤਰਾਂ ਮੰਗ ਨੂੰ ਹੋਰ ਵਧਾ ਦਿੱਤਾ ਹੈ।

ਇਨਾਂ ਕਦਮਾਂ ਨੇ ਸੰਸਾਰ ਦੇ ਬਹੁਤ ਸਾਰੇ ਬਾਜ਼ਾਰਾਂ ਵਿੱਚ



ਘਰਾਂ ਦੀਆਂ ਵਧਦੀਆਂ ਕੀਮਤਾਂ ਹੋਰ ਵਧਾ ਦਿੱਤੀਆਂ ਹਨ। ਓਈਸੀਡੀ ਦੇ ਅੰਕੜਿਆਂ ਦੇ ਅਨੁਸਾਰ, ਕੈਨੇਡਾ ਵਿੱਚ ਘਰਾਂ ਦੀਆਂ ਕੀਮਤਾਂ ਤੇ ਆਮਦਨੀ ਵਿਚਕਾਰ ਆਇਆ ਅੰਤਰ ਬੜਾ ਹੀ ਨਾਟਕੀ ਹੈ।

ਚੋਣ ਮੁਹਿੰਮ ਦਾ ਇਕਰਾਰ : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਿਛਲੇ ਸਾਲ ਆਪਣੀ ਚੋਣ ਮੁਹਿੰਮ ਵਿੱਚ ਘਰਾਂ ਦੀ ਸਮੱਸਿਆ ਨਾਲ ਨਜਿੱਠਣ ਦਾ ਵਾਅਦਾ ਕੀਤਾ ਸੀ।

ਵਿਦੇਸ਼ੀ ਖਰੀਦਦਾਰਾਂ 'ਤੇ ਅਸਥਾਈ ਪਾਬੰਦੀ ਤੋਂ ਇਲਾਵਾ, ਬੀਤੇ ਵੀਰਵਾਰ ਨੂੰ ਪੇਸ਼ ਕੀਤੇ ਗਏ ਬਜਟ ਵਿੱਚ ਨਵੀਂ ਉਸਾਰੀ ਅਤੇ ਨਵੀਆਂ ਯੋਜਨਾਵਾਂ ਲਈ ਵੀ ਅਰਬਾਂ ਰੁਪਏ ਰੱਖੇ ਗਏ ਹਨ, ਜਿਵੇਂ ਕਿ ਪਹਿਲੀ ਵਾਰ ਦੇ ਖਰੀਦਦਾਰਾਂ ਲਈ ਟੈਕਸ ਮੁਕਤ ਬਚਤ ਖਾਤਾ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਪੱਸ਼ਟ ਨਹੀਂ ਹੈ ਕਿ ਵਿਦੇਸ਼ੀ ਖਰੀਦਦਾਰਾਂ ਉੱਪਰ ਪਾਬੰਦੀ ਲਗਾ ਕੇ ਇਸ ਸਮੱਸਿਆ ਦਾ ਹੱਲ ਹੋਵੇਗਾ। ਵਿਦੇਸ਼ੀ ਖਰੀਦਦਾਰਾਂ ਉੱਪਰ ਅਸਥਾਈ ਪਾਬੰਦੀ ਤੋਂ ਕੁਝ ਲੋਕਾਂ ਨੂੰ ਛੋਟ ਮਿਲੇਗੀ, ਜਿਨਾਂ ਵਿੱਚ ਸਥਾਈ ਰੈਜ਼ੀਡੇਂਟਸ, ਵਿਦੇਸ਼ੀ ਵਿਦਿਆਰਥੀ ਤੇ ਕਰਮਚਾਰੀਆਂ ਦੇ ਨਾਲ-ਨਾਲ ਉਹ ਲੋਕ ਵੀ ਸ਼ਾਮਿਲ ਹੋਣਗੇ ਜੋ ਪਹਿਲੀ ਵਾਰ ਜਾਂ ਪਹਿਲਾ ਘਰ ਖਰੀਦ ਰਹੇ ਹਨ।

ਕੈਨੇਡਾ ਵਿੱਚ ਵਿਦੇਸ਼ੀ ਨਾਗਰਿਕਾਂ 'ਤੇ ਕੁਝ ਵਿਸ਼ੇਸ਼ ਟੈਕਸ ਵੀ ਲਗਾਏ ਗਏ ਹਨ ਤੇ ਘਰ ਸਬੰਧੀ ਇਹ ਮਤਾ ਵੀ ਅਜਿਹੀਆਂ ਕਾਰਵਾਈਆਂ 'ਤੇ ਹੀ ਆਧਾਰਿਤ ਹੈ। ਜਿਵੇਂ ਕਿ, ਓਨਟਾਰਿਓ ਵਿੱਚ ਪ੍ਰੋਵਿੰਸ਼ਿਅਲ ਪ੍ਰੀਮਿਅਰ ਡੱਗ ਫ਼ੋਰਡ ਨੇ ਹਾਲ ਹੀ ਵਿੱਚ ਵਿਦੇਸ਼ੀ ਖਰੀਦਦਾਰਾਂ ਉੱਪਰ ਟੈਕਸ 15% ਤੋਂ 20% ਕਰਨ ਦੀ ਯੋਜਨਾ ਬਣਾਉਣ ਦੀ ਗੱਲ ਕਹੀ ਹੈ। ਇਸ ਤੋਂ ਪਹਿਲਾਂ ਸਾਲ 2018 ਵਿੱਚ ਨਿਊਜ਼ੀਲੈਂਡ ਵੀ ਅਜਿਹੇ ਮਾਪਦੰਡ ਅਪਣਾ ਚੁੱਕਾ ਹੈ।

# ਖ਼ਾਲਸਾ ਸਾਜਨਾ ਦਿਹਾੜੇ ਅਤੇ ਕੈਨੇਡਾ ਦੇ ਮੋਢੀ ਗਦਰੀ ਸ਼ਹੀਦਾਂ ਨੂੰ ਸਮਰਪਿਤ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ

**ਸਰੀ/ਏ.ਟੀ.ਨਿਊਜ਼** :- ਕੈਨੇਡਾ ਵਿੱਚ ਸਿੱਖ ਵਿਰਾਸਤੀ ਮਹੀਨੇ ਅਤੇ ਕੈਨੇਡਾ ਦੇ ਗ਼ਦਰੀ ਯੋਧੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਸਮੇਤ ਸਮੂਹ ਸ਼ਹੀਦਾਂ ਨੂੰ ਸਮਰਪਿਤ, ਖ਼ਾਲਸਾ ਸਾਜਨਾ ਦਿਹਾੜੇ 'ਤੇ ਮਹਾਨ ਕਵੀ ਦਰਬਾਰ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ-ਡੈਲਟਾ ਵਿਖੇ ਬੜੀ ਉਤਸ਼ਾਹ ਨਾਲ ਕਰਵਾਇਆ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਬਵੰਜਾ ਕਵੀਆਂ ਦੀ ਤਰਜ਼ ਤੇ ਪ੍ਰੇਰਨਾ ਅਨੁਸਾਰ, ਸਵੇਰੇ ਦੱਸ ਵਜੇ ਤੱਕ ਸ਼ਾਮੀ ਚਾਰ ਵਜੇ ਤੱਕ ਪੰਜਾਹ ਦੇ ਕਰੀਬ ਕਵੀਆਂ ਨਾਲ ਸ਼ਿੰਗਾਰਿਆ ਹੋਇਆ ਇਹ ਦਰਬਾਰ ਆਯੋਜਿਤ ਹੋਇਆ, ਇਸ ਵਿੱਚ ਬੱਚੇ, ਨੌਜਵਾਨ, ਬਜ਼ੁਰਗ, ਬੀਬੀਆਂ ਭਾਈ ਸ਼ਾਮਲ ਹੋਏ।

ਪ੍ਰਬੰਧਕ ਸਾਹਿਬਾਨਾਂ ਵੱਲੋਂ ਕਵੀ ਦਰਬਾਰ ਵਿਚ ਹਿੱਸਾ ਲੈਣ ਵਾਲੀਆਂ ਸਮੂਹ ਸ਼ਖ਼ਸੀਅਤਾਂ ਨੂੰ 'ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਪ੍ਰੋਕਲੇਮੇਸ਼ਨ' ਭੇਟ ਕੀਤਾ ਗਿਆ। ਇਸ ਮੌਕੇ ਤੇ ਨਿਊ ਡੈਮੋਕ੍ਰੈਟਿਕ ਪਾਰਟੀ ਬੀ ਸੀ ਦੀ ਵਿਧਾਇਕਾ ਅਤੇ ਨਸਲਵਾਦ ਵਿਰੋਧੀ ਮਾਮਲਿਆਂ ਦੀ ਸੰਸਦੀ ਸਕੱਤਰ ਬੀਬੀ ਰਚਨਾ ਸਿੰਘ ਨੇ ਭਾਵਪੂਰਤ ਵਿਚਾਰ ਦਿੱਤੇ।







ਕਵੀ ਦਰਬਾਰ ਵਿੱਚ ਸ਼ਾਮਲ ਕਵੀ ਸਾਹਿਬਾਨਾਂ ਵਿਚ ਪ੍ਰੋ. ਅਮਰੀਕ ਸਿੰਘ ਫੁੱਲ, ਡਾ. ਗੁਰਮਿੰਦਰ ਕੌਰ ਸਿੱਧੂ, ਅੰਮ੍ਰਿਤਾ ਕੌਰ ਸੰਧੂ ਯੂ.ਕੇ., ਅੰਮ੍ਰਿਤ ਦੀਵਾਨਾ, ਸੁਖਵਿੰਦਰ ਕੌਰ ਸਿੱਧੂ, ਪ੍ਰਿਤਪਾਲ ਸਿੰਘ ਗਿੱਲ, ਹਰਚੰਦ ਸਿੰਘ ਬਾਗੜੀ, ਡਾ ਸੁਖਦੇਵ ਸਿੰਘ ਖਹਿਰਾ, ਪਲਵਿੰਦਰ ਸਿੰਘ ਰੰਧਾਵਾ, ਗਿ. ਹਰਪਾਲ ਸਿੰਘ ਲੱਖਾ, ਕੁਲਬੀਰ ਸਿੰਘ ਸਹੋਤਾ ਡਾਨਸੀਵਾਲ, ਬਿੱਕਰ ਸਿੰਘ ਖੋਸਾ, ਮਾ. ਅਮਰੀਕ ਸਿੰਘ ਲੇਹਲ, ਰਣਜੀਤ ਸਿੰਘ ਨਿੱਝਰ, ਚਰਨਜੀਤ ਸਿੰਘ ਸੁੱਜੋਂ, ਚਮਕੌਰ ਸਿੰਘ ਸੇਖੋਂ, ਨਿਰਮਲ ਸਿੰਘ ਮਾਂਗਟ, ਨਵਨੀਤ ਕੌਰ, ਹਰਚੰਦ ਸਿੰਘ ਗਿੱਲ ਅੱਚਰਵਾਲ, ਕੁਲਦੀਪ ਸਿੰਘ ਸੇਖੋਂ, ਭਾਈ ਹਰਦਿਆਲ ਸਿੰਘ ਮੋਰਾਂਵਾਲੀ, ਪ੍ਰਭਰੂਪ ਸਿੰਘ ਸਿੱਧੂ, ਵੀਰ ਸਿੰਘ ਧਾਲੀਵਾਲ, ਗੁਰਪ੍ਰੀਤ ਸਿੰਘ, ਮੰਨਤ ਕੌਰ ਤੂਰ, ਮਿਲਨ ਕੌਰ, ਗੁਰਮਿਹਰ ਸਿੰਘ ਸੰਧੂ, ਬ੍ਰਹਮਚਿਤ ਕੌਰ ਸੰਧੂ, ਭਗਤ ਸਿੰਘ, ਗੁਰਨੂਰ ਸਿੰਘ, ਪਰਮਜੀਤ ਸਿੰਘ ਨਿੱਝਰ, ਦਲਜੀਤ ਸਿੰਘ, ਦਿਵਜੋਤ ਸਿੰਘ ਸੈਂਬੀ ਅਤੇ ਰਘਵੀਰ ਸਿੰਘ ਖਾਲਸਾ ਸਮੇਤ ਵੱਡੀ ਗਿਣਤੀ ਵਿਚ ਸ਼ਖ਼ਸੀਅਤਾਂ ਸ਼ਾਮਲ ਹੋਈਆਂ।

ਕਵੀ ਦਰਬਾਰ ਦਾ ਸੰਚਾਲਨ ਡਾ. ਗੁਰਵਿੰਦਰ ਸਿੰਘ ਵੱਲੋਂ ਕੀਤਾ ਗਿਆ, ਜਦਕਿ ਗੁਰਦੁਆਰਾ ਸਾਹਿਬ ਦੇ ਸਕੱਤਰ ਭੁਪਿੰਦਰ ਸਿੰਘ ਹੋਠੀ ਅਤੇ ਗੁਰਮੀਤ ਸਿੰਘ ਤੂਰ ਨੇ ਪ੍ਰਬੰਧ ਵਿਚ ਵਡਮੁੱਲਾ ਸਹਿਯੋਗ ਦਿੱਤਾ। ਅਜਿਹੇ ਸ਼ਲਾਘਾਯੋਗ ਉਪਰਾਲੇ ਲਈ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ, ਸਮੂਹ ਕਵੀ ਸਾਹਿਬਾਨ ਵਧਾਈ ਦੇ ਪਾਤਰ ਹਨ। ਇਹ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ ਅਤੇ ਅਮਿੱਟ ਪੈੜਾਂ ਛੱਡ ਗਿਆ।

# ਯੂਕਰੇਨ ਦੀ ਹਵਾਈ ਰੱਖਿਆ ਪ੍ਰਣਾਲੀ ਰੂਸ ਨੇ ਕੀਤੀ ਤਬਾਹ

## ਯੂਰਪੀ ਮੁਲਕ ਤੋਂ ਰੱਖਿਆ ਪ੍ਰਣਾਲੀ ਮਿਲਣ ਦਾ ਦਾਅਵਾ

**ਕੀਵ:** ਰੂਸ ਨੇ ਯੂਕਰੇਨ 'ਚ ਹਵਾਈ ਰੱਖਿਆ ਪ੍ਰਣਾਲੀਆਂ ਤਬਾਹ ਕਰਨ ਦਾ ਦਾਅਵਾ ਕੀਤਾ ਹੈ। ਯੂਕਰੇਨ ਦੇ ਅਸਮਾਨ 'ਤੇ ਕਬਜ਼ਾ ਨਾ ਹੋਣ ਕਾਰਨ ਰੂਸ ਨੂੰ ਕੀਵ ਸਮੇਤ ਹੋਰ ਅਹਿਮ ਸ਼ਹਿਰਾਂ 'ਤੇ ਕਬਜ਼ੇ ਵਿਚ ਦਿੱਕਤ ਆ ਰਹੀ ਹੈ। ਰੂਸੀ ਰੱਖਿਆ ਮੰਤਰਾਲੇ ਦੇ ਤਰਜਮਾਨ ਮੇਜਰ ਜਨਰਲ ਇਗੋਰ ਕੋਨਾਸ਼ੇਨਕੋਵ ਨੇ ਕਿਹਾ ਕਿ ਫ਼ੌਜ ਨੇ ਦਨਿਪਰੋ ਦੇ ਦੱਖਣ ਵਿਚ ਤਾਇਨਾਤ ਚਾਰ ਐੱਸ-300 ਹਵਾਈ ਰੱਖਿਆ ਮਿਜ਼ਾਈਲ ਲਾਂਚਰਾਂ ਨੂੰ ਕਰੂਜ਼ ਮਿਜ਼ਾਈਲਾਂ ਦੀ ਵਰਤੋਂ ਕਰਕੇ ਤਬਾਹ ਕਰ ਦਿੱਤਾ ਹੈ। ਉਨਾਂ ਕਿਹਾ ਕਿ ਕਰੀਬ 25 ਯੂਕਰੇਨੀ ਫ਼ੌਜੀ ਵੀ ਹਮਲੇ ਵਿਚ ਜ਼ਖ਼ਮੀ ਹੋਏ ਹਨ। ਇਸ ਤੋਂ ਪਹਿਲਾਂ ਮਾਈਕੋਲੇਵ ਅਤੇ ਖਾਰਕੀਵ ਖ਼ਿੱਤਿਆਂ ਵਿਚ ਅਜਿਹੀਆਂ ਪ੍ਰਣਾਲੀਆਂ ਨੂੰ ਤਬਾਹ ਕੀਤਾ ਗਿਆ ਸੀ। ਕੋਨਾਸ਼ੇਨਕੋਵ ਨੇ ਕਿਹਾ ਕਿ ਯੂਕਰੇਨ ਨੂੰ ਹਵਾਈ ਰੱਖਿਆ ਪ੍ਰਣਾਲੀਆਂ ਯੂਰਪੀ ਮੁਲਕ ਤੋਂ ਮਿਲੀਆਂ ਹਨ। ਪਿਛਲੇ ਹਫ਼ਤੇ ਸਲੋਵਾਕੀਆ ਨੇ ਕਿਹਾ ਸੀ ਕਿ ਉਸ ਨੇ ਸੋਵੀਅਤ ਡਿਜ਼ਾਈਨਡ ਐੱਸ-300 ਮਿਜ਼ਾਈਲ ਲਾਂਚਰ ਯੂਕਰੇਨ ਨੂੰ ਸੌਂਪੇ ਹਨ ਪਰ ਸਲੋਵਾਕੀਆ ਨੇ ਕਿਹਾ ਕਿ ਇਸ ਗੱਲ ਦਾ ਸਬੂਤ ਨਹੀਂ ਹੈ ਕਿ ਉਸ ਦੀਆਂ ਪ੍ਰਣਾਲੀਆਂ 'ਤੇ ਹਮਲਾ ਹੋਇਆ ਹੈ। ਰੂਸੀ ਫ਼ੌਜ ਨੂੰ ਕਈ ਹਿੱਸਿਆਂ ਵਿਚ ਮਿਲ ਰਹੀ ਟੱਕਰ ਮਗਰੋਂ ਉਨਾਂ ਹੁਣ ਸ਼ਹਿਰਾਂ 'ਤੇ ਗੋਲੇ ਵਰਾ ਕੇ ਤਬਾਹ ਕਰਨਾ ਸ਼ੁਰੂ ਕਰ ਦਿੱਤਾ ਹੈ। ਉੱਧਰ ਯੂਕਰੇਨੀ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਵੱਲੋਂ ਪੱਛਮੀ ਮੁਲਕਾਂ ਤੋਂ ਲਗਾਤਾਰ ਸਹਾਇਤਾ ਦੀ ਮੰਗ ਕੀਤੀ ਜਾ ਰਹੀ ਹੈ।

# ਰਾਮ ਨੌਮੀ ਪੂਜਾ ਤੇ ਮਾਸਾਹਾਰੀ ਖਾਣੇ ਨੂੰ ਲੈ ਕੇ ਜੇਐੱਨਯੂ ਵਿਚ ਵਿਦਿਆਰਥੀ ਧੜਿਆਂ ਵਿਚਕਾਰ ਟਕਰਾਅ, ਕਈ ਜ਼ਖਮੀ

**ਨਵੀਂ ਦਿੱਲੀ/ਏ.ਟੀ.ਨਿਊਜ਼** :- ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇਐੱਨਯੂ) ਕੈਂਪਸ ਵਿੱਚ ਬੀਤੇ ਦਿਨੀਂ ਰਾਮ ਨੌਮੀ ਦੇ ਮੌਕੇ 'ਤੇ ਹੋਸਟਲ ਦੀ ਕੰਟੀਨ ਵਿੱਚ ਪਰੋਸੇ ਜਾ ਰਹੇ ਮੀਟ ਨੂੰ ਲੈ ਕੇ ਵਿਦਿਆਰਥੀਆਂ ਦੇ ਦੋ ਧੜਿਆਂ ਵਿੱਚ ਝੜਪ ਹੋ ਗਈ। ਇਹ ਘਟਨਾ ਕੈਂਪਸ ਦੇ ਕਾਵੇਰੀ ਹੋਸਟਲ ਵਿੱਚ ਦੁਪਹਿਰੇ ਵਾਪਰੀ, ਜਿਸ ਵਿੱਚ ਛੇ ਵਿਦਿਆਰਥੀ ਵੀ ਜ਼ਖ਼ਮੀ ਹੋ ਗਏ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ ਨੇ ਇਲਜ਼ਾਮ ਲਾਇਆ ਹੈ ਕਿ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਦੇ ਮੈਂਬਰਾਂ ਨੇ ਮੈੱਸ ਦੇ ਸਕੱਤਰ ਨਾਲ ਕੁੱਟਮਾਰ ਕੀਤੀ ਅਤੇ ਸਟਾਫ ਨੂੰ ਹੋਸਟਲ ਵਿੱਚ ਮੀਟ ਪਰੋਸਣ ਤੋਂ ਰੋਕਿਆ।

ਦੂਜੇ ਪਾਸੇ, ਭਾਜਪਾ ਦੇ ਵਿਦਿਆਰਥੀ ਵਿੰਗ ਏਬੀਵੀਪੀ ਨੇ ਦਾਅਵਾ ਕੀਤਾ ਕਿ ਖੱਬੇ ਪੱਖੀ ਸੰਗਠਨਾਂ ਦੇ ਮੈਂਬਰਾਂ ਨੇ ਹੋਸਟਲ ਵਿੱਚ ਪੂਜਾ ਆਯੋਜਿਤ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ।

ਦੋਵਾਂ ਧਿਰਾਂ ਨੇ ਇੱਕ-ਦੂਜੇ 'ਤੇ ਪਥਰਾਅ ਕਰਨ ਅਤੇ ਉਨਾਂ ਦੇ ਮੈਂਬਰਾਂ ਨੂੰ ਜ਼ਖ਼ਮੀ ਕਰਨ ਦਾ ਇਲਜ਼ਾਮ ਲਗਾਇਆ ਹੈ। ਪੁਲਿਸ ਡਿਪਟੀ ਕਮਿਸ਼ਨਰ ਨੇ ਦੱਸਿਆ, 'ਫਿਲਹਾਲ ਕੋਈ ਹਿੰਸਾ ਨਹੀਂ ਹੋਈ। ਇੱਕ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਸੀ ਜੋ ਖ਼ਤਮ ਹੋ ਗਿਆ ਹੈ। ਅਸੀਂ ਇੱਥੇ ਤੈਨਾਤ ਹਾਂ। ਅਸੀਂ ਸ਼ਾਂਤੀ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਹੇ ਹਾਂ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: B**albir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ‘ਇੰਟਰਨੈਸ਼ਨਲ ਸੈਂਟਰ ਫਾਰ ਸਿੱਖ ਸਟੱਡੀਜ਼’ ਤੇ ਆਡੀਟੋਰੀਅਮ ਦਾ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਉਦਘਾਟਨ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿਖੇ ਬਣਾਏ ਗਏ ‘ਇੰਟਰਨੈਸ਼ਨਲ ਸੈਂਟਰ ਫਾਰ ਸਿੱਖ ਸਟੱਡੀਜ਼’ ਅਤੇ ‘ਸ੍ਰੀ ਗੁਰੂ ਤੇਗ ਬਹਾਦਰ ਹੋਲੋਗ੍ਰਾਫਿਕ ਮਲਟੀਮੀਡੀਆ ਆਡੀਟੋਰੀਅਮ’ ਦਾ ਉਦਘਾਟਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਦੂਜੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਤੇ ਹੋਰਨਾਂ ਸ਼ਖ਼ਸੀਅਤਾਂ ਦੀ ਮੌਜੂਦਗੀ ਵਿਚ ਕੀਤਾ ਗਿਆ। ਦੇਸ਼ ਦੀ ਸੰਸਦ ਅੱਗੇ ਬਣਾਏ ਗਏ ਇਸ ਸੈਂਟਰ ਵਿਚ ਸਿੱਖ ਧਰਮ, ਇਤਿਹਾਸਕ ਤੇ ਸਿੱਖ ਗੁਰੂਆਂ ਦੀ ਵਿਚਾਰਧਾਰਾ ’ਤੇ ਖੋਜ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਤਿਆਰ ਕੀਤੇ ਇਸ ਪ੍ਰਾਜੈਕਟ ਦੀ ਸੇਵਾ ਪਦਮਸ੍ਰੀ ਵਿਕਰਮਜੀਤ ਸਿੰਘ ਸਾਹਨੀ (ਚੇਅਰਮੈਨ ਸੰਨ ਫਾਊਂਡੇਸ਼ਨ) ਵਲੋਂ ਕੀਤੀ ਗਈ ਹੈ, ਜਦਕਿ ਇਸ ਕਾਰਜ ਲਈ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਵਲੋਂ ਅਹਿਮ ਯੋਗਦਾਨ ਪਾਇਆ ਗਿਆ ਹੈ। ਸਮਾਗਮ ਵਿਚ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ, ਤਖ਼ਤ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘੂਬੀਰ ਸਿੰਘ, ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਬਾਬਾ ਸੁਖਵਿੰਦਰ ਸਿੰਘ, ਗਿਆਨੀ ਰਣਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ ਸਮੇਤ ਹੋਰਨਾਂ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਭਰੀ। ਸੈਂਟਰ ਦੇ ਉਦਘਾਟਨ ਉਪਰੰਤ ਆਡੀਟੋਰੀਅਮ ਵਿਚ ਸੰਬੋਧਨ ਕਰਦੇ ਹੋਏ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਕਾਰਜ ਲਈ ਦਿੱਲੀ ਕਮੇਟੀ ਪ੍ਰਬੰਧਕਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਮੌਜੂਦਾ ਸਮੇਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਅਜਿਹੀਆਂ ਹੀ ਅਤਿ ਆਧੁਨਿਕ ਤਕਨੀਕਾਂ ਦੀ ਵਰਤੋਂ ਦੀ ਲੋੜ ਹੈ। ਉਨਾਂ ਕਿਹਾ ਕਿ ਮੌਜੂਦਾ ਸਮੇਂ ਸਿੱਖ ਸਕਾਲਰਾਂ ਦੀ ਲੋੜ ਹੈ, ਜੋ ਅਜਿਹੇ ਕੇਂਦਰਾਂ ਰਾਹੀਂ ਸਿੱਖ ਫਲਸਫੇ ਨੂੰ ਜਾਨਣ-ਸਮਝਣ ਅਤੇ ਸੰਸਾਰ ਨਾਲ ਸੰਵਾਦ ਕਰਨ। ਦਿੱਲੀ ਕਮੇਟੀ ਦੇ ਪ੍ਰਧਾਨ ਸ. ਕਾਲਕਾ ਤੇ ਸ. ਕਾਹਲੋਂ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਇਹ ਭਾਰਤ ਵਿਚ ਅਜਿਹਾ ਪਹਿਲਾ ਉਪਰਾਲਾ ਤੇ ਪਹਿਲਾ ਹੋਲੋਗ੍ਰਾਫਿਕ ਆਡੀਟੋਰੀਅਮ ਹੈ। ਉਨਾਂ ਸਾਰਿਆਂ ਨੂੰ ਸੱਦਾ ਦਿੰਦੇ ਹੋਏ ਦੱਸਿਆ ਕਿ ਇਥੇ ਰੋਜ਼ਾਨਾ 5 ਤੋਂ 6 ਵਜੇ ਤੱਕ ਸ਼ੋਅ ਚਲਾਇਆ ਜਾਵੇਗਾ।

# ਜਿਨਸੀ ਸ਼ੋਸ਼ਣ ਦੇ ਕੇਸ ਵਿਚ ਪੀਟੀਸੀ ਚੈਨਲ ਦੇ ਐਮਡੀ ਨੂੰ ਜੇਲ ਭੇਜਿਆ,

## ਅਕਾਲੀ ਦਲ ਨੇ ਲਾਏ ‘ਆਪ’ ਸਰਕਾਰ ‘ਤੇ ਬਦਲਾਖੋਰੀ ਦੇ ਇਲਜ਼ਾਮ

**ਚੰਡੀਗੜ:** ਬਾਦਲ ਪਰਿਵਾਰ ਦੀ ਮਾਲਕੀ ਵਾਲੇ ਪੀਟੀਸੀ ਟੀਵੀ ਚੈਨਲ ਦੇ ਮੈਨੇਜਿੰਗ ਡਾਇਰੈਕਟਰ ਰਬਿੰਦਰ ਨਾਰਾਇਣ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਜੇਲ ਭੇਜ ਦਿੱਤਾ ਹੈ।

ਯਾਦ ਰਹੇ ਪੀਟੀਸੀ ਚੈਨਲ ਦੇ ਮਿਸ ਪੰਜਾਬਣ ਮੁਕਾਬਲੇ ਵਿੱਚ ਹਿੱਸਾ ਲੈ ਰਹੀ ਮੁਟਿਆਰ ਨੂੰ ਕਥਿਤ ਤੌਰ ’ਤੇ ਬੰਦੀ ਬਣਾ ਕੇ ਰੱਖਣ ਤੇ ਜਿਨਸੀ ਸੋਸ਼ਣ ਕਰਨ ਦੇ ਕੇਸ ਸਬੰਧੀ ਰਬਿੰਦਰ ਨਾਰਾਇਣ ਨੂੰ ਮੁਹਾਲੀ ਪੁਲਿਸ ਵੱਲੋਂ ਪਿਛਲੇ ਦਿਨੀਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਧਰ, ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਹੈ ਕਿ ਰਬਿੰਦਰ ਨਾਰਾਇਣ ਨੂੰ ਝੂਠੇ ਕੇਸ ਵਿੱਚ ਫਸਾ ਕੇ ਪ੍ਰੈੱਸ ਦੀ ਆਜ਼ਾਦੀ ’ਤੇ ਹਮਲਾ ਕੀਤਾ ਜਾ ਰਿਹਾ ਹੈ ਤੇ ਆਪ ਪਾਰਟੀ ਸਿਆਸੀ ਬਦਲਾਖੋਰੀ ’ਤੇ ਉਤਰ ਆਈ ਹੈ।

ਅਹਿਮ ਗੱਲ ਹੈ ਕਿ ਇਸ ਮਾਮਲੇ ਵਿੱਚ ਨਾਮਜ਼ਦ ਨੈਨਸੀ ਘੁੰਮਣ ਤੇ ਉਸ ਦੇ ਪਤੀ ਭੁਪਿੰਦਰ ਸਿੰਘ, ਮਿਸ ਪੰਜਾਬਣ ਮੁਕਾਬਲਾ 2022-23 ਦੀ ਸਹਾਇਕ ਡਾਇਰੈਕਟਰ ਨਿਹਾਰਿਕਾ ਜੈਨ, ਹੋਟਲ ਦੇ ਮੈਨੇਜਿੰਗ ਡਾਇਰੈਕਟਰ ਲਕਸ਼ਮਣ ਤੇ ਦੋ ਦਰਜਨ ਤੋਂ



ਵੱਧ ਮੁਲਜ਼ਮ ਨੈਨਸੀ ਘੁੰਮਣ, ਨਿਹਾਰਿਕਾ ਜੈਨ, ਭੁਪਿੰਦਰ ਸਿੰਘ ਅਤੇ ਲਕਸ਼ਮਣ ਆਦਿ ਅਜੇ ਤੱਕ ਪੁਲਿਸ ਦੀ ਗ੍ਰਿਫ਼ਤ ਵਿਚੋਂ ਬਾਹਰ ਹਨ।

ਜਾਣਕਾਰੀ ਅਨੁਸਾਰ ਇਸ ਬਹੁ-ਚਰਚਿਤ ਮਾਮਲੇ ਦੀ ਜਾਂਚ ਦੌਰਾਨ ਪੀੜਤ ਲੜਕੀ ਦਾ ਸੀਆਰਪੀਸੀ ਦੀ ਧਾਰਾ 164 ਤਹਿਤ ਬਿਆਨ ਦਰਜ ਕੀਤਾ ਗਿਆ ਹੈ ਤੇ ਫਰਾਰ ਮੁਲਜ਼ਮਾਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਮਿਸ ਪੰਜਾਬਣ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੀ ਮੁਟਿਆਰ ਦੇ ਪਿਤਾ ਨੇ ਉਸ ਦੀ ਧੀ ਉੱਤੇ ਕਥਿਤ ਗੈਰ ਕਾਨੂੰਨੀ ਕੰਮ ਕਰਨ ਲਈ ਦਬਾਅ ਪਾਉਣ ਤੇ ਉਸ ਨੂੰ ਤੰਗ ਪ੍ਰੇਸ਼ਾਨ ਕਰਨ ਸਮੇਤ ਉਸ ਦੀ ਲੜਕੀ ਦੀ ਰਿਹਾਈ ਲਈ 50 ਲੱਖ ਰੁਪਏ ਮੰਗਣ ਦਾ ਕਥਿਤ ਦੋਸ਼ ਲਾਇਆ ਸੀ।ਉਧਰ ਪੁਲਿਸ ਵਲੋਂ ਇਸ ਮਾਮਲੇ ‘ਚ ਨਾਮਜ਼ਦ ਬਾਕੀ ਮੁਲਜ਼ਮਾਂ ਨੂੰ ਭਗੌੜਾ ਕਰਾਰ ਦੇਣ ਸੰਬੰਧੀ ਅਦਾਲਤ ਵਿਚ ਇਕ ਵੱਖਰੀ ਅਰਜ਼ੀ ਦਾਇਰ ਕੀਤੀ ਗਈ । ਅਦਾਲਤ ਵਲੋਂ ਸਰਕਾਰੀ ਧਿਰ ਅਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਬਾਕੀ ਮੁਲਜ਼ਮਾਂ ਨੂੰ ਭਗੌੜਾ ਕਰਾਰ ਦੇਣ ਵਾਲੀ ਅਰਜ਼ੀ ਨੂੰ ਖਾਰਜ ਕਰਦਿਆਂ ਪੁਲਿਸ ਨੂੰ ਨਿਰਦੇਸ਼ ਦਿੱਤੇ ਕਿ ਜਲਦ ਬਾਕੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ ।

# ਵਿਆਹ ਤੋਂ 27 ਦਿਨਾਂ ਬਾਅਦ ਪ੍ਰਵਾਸੀ ਪੰਜਾਬੀ ਲਾੜਾ ਹੋਇਆ ਵਿਦੇਸ਼ ਫਰਾਰ

## 5 ਧੀਆਂ ਦੇ ਬਾਪੂ ਨੇ ਖਰਚੀ ਸੀ ਜੀਵਨ ਭਰ ਦੀ ਪੂੰਜੀ

**ਲੁਧਿਆਣਾ/ਏ.ਟੀ.ਨਿਊਜ਼ :-** ਆਸਟ੍ਰੇਲੀਆ ਤੋਂ ਪਰਤੇ ਐਨਆਰਆਈ ਨੌਜਵਾਨ ਨੇ ਵਿਦੇਸ਼ ਲਿਜਾਣ ਦੇ ਸਬਜ਼ਬਾਗ ਦਿਖਾ ਕੇ ਲੜਕੀ ਨਾਲ ਵਿਆਹ ਕਰਵਾਇਆ ਤੇ 27 ਦਿਨਾਂ ਬਾਅਦ ਇਹ ਗੱਲ ਆਖ ਕੇ ਆਸਟ੍ਰੇਲੀਆ ਚਲਾ ਗਿਆ ਕਿ ਉਹ ਲੜਕੀ ਨੂੰ ਵਿਦੇਸ਼ ਜਲਦੀ ਬੁਲਾ ਲਵੇਗਾ। ਸਵਾ ਤਿੰਨ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਲੜਕੀ ਅੱਜ ਤਕ ਐੱਨਆਰਆਈ ਲਾੜੇ ਦਾ ਇੰਤਜ਼ਾਰ ਕਰ ਰਹੀ ਹੈ। ਮਹੀਨਿਆਂ ਤੱਕ ਥਾਣਿਆਂ ਦੇ ਚੱਕਰ ਲਗਾਉਣ ਤੋਂ ਬਾਅਦ 5 ਧੀਆਂ ਦੇ ਪਿਤਾ ਨੇ ਆਸਟ੍ਰੇਲੀਆ ਦੇ ਰਹਿਣ ਵਾਲੇ ਨੌਜਵਾਨ ਵਰੁਣ ਖਿਲਾਫ਼ ਮੁਕੱਦਮਾ ਦਰਜ ਕਰਵਾਇਆ। ਨਿਊ ਵਿਸ਼ਨੂਪੁਰੀ ਸ਼ਿਵਪੁਰੀ ਰੋਡ ਦੀ ਰਹਿਣ ਵਾਲੀ ਏਕਤਾ ਦੇ ਪਿਤਾ ਖਰੈਤੀ ਲਾਲ ਨੇ ਦੱਸਿਆ ਕਿ ਉਸ ਨੇ ਧੀ ਦੇ ਵਿਆਹ ਵਿਚ ਆਪਣੀ ਜੀਵਨ ਭਰ ਦੀ ਪੂੰਜੀ ਲਗਾ ਦਿੱਤੀ ਹੈ।

ਏਕਤਾ ਦੇ ਪਿਤਾ ਖਰੈਤੀ ਲਾਲ ਨੇ ਦੱਸਿਆ ਕਿ ਪੰਜ ਧੀਆਂ ਵਿਚੋਂ ਏਕਤਾ 4 ਨੰਬਰ ’ਤੇ ਆਉਂਦੀ ਹੈ। ਤਿੰਨ ਧੀਆਂ ਦਾ ਵਿਆਹ ਕਰਨ ਤੋਂ ਬਾਅਦ ਸਾਲ 2018 ਖਰੈਤੀ ਲਾਲ ਨੇ ਆਪਣੀ ਚੌਥੀ ਬੇਟੀ ਏਕਤਾ ਲਈ ਰਿਸ਼ਤਾ ਲੱਭਣਾ ਸ਼ੁਰੂ ਕੀਤਾ। ਇਸੇ ਦੌਰਾਨ ਉਨਾਂ ਦੇ ਇਕ ਵਾਕਫ਼ ਵਿਅਕਤੀ ਨੇ ਆਸਟ੍ਰੇਲੀਆ ਦੇ ਐਨਆਰਆਈ ਵਰੁਣ ਦੀ ਦੱਸ ਪਾਈ। ਆਸਟ੍ਰੇਲੀਆ ਤੋਂ ਇੰਡੀਆ ਪਹੁੰਚੇ ਵਰੁਣ ਨੇ ਏਕਤਾ ਨੂੰ ਜਲਦ ਹੀ ਆਸਟ੍ਰੇਲੀਆ ਬੁਲਾ ਲੈਣ ਦੀ ਗੱਲ ਆਖ ਕੇ 14 ਜਨਵਰੀ 2019 ਵਿੱਚ ਉਸ ਨਾਲ ਵਿਆਹ ਕਰਵਾ ਲਿਆ। ਖ਼ਰੈਤੀ ਲਾਲ ਨੇ ਦੱਸਿਆ ਕਿ ਦਾਜ ਦਹੇਜ ਮਿਲਾ ਕੇ ਵਿਆਹ ਵਿੱਚ ਉਨਾਂ ਦਾ 40 ਲੱਖ ਦੇ ਕਰੀਬ ਖਰਚਾ ਆਇਆ। ਵਿਆਹ ਕਰਵਾਉਣ ਤੋਂ 27 ਦਿਨਾਂ ਬਾਅਦ ਵਰੁਣ ਆਸਟ੍ਰੇਲੀਆ ਵਾਪਸ ਚਲਾ ਗਿਆ। ਕੁਝ ਮਹੀਨਿਆਂ ਤੱਕ ਲਗਾਤਾਰ ਫੋਨ ’ਤੇ ਸੰਪਰਕ ਹੁੰਦਾ ਰਿਹਾ ਤੇ ਉਹ ਏਕਤਾ ਨੂੰ ਜਲਦ ਹੀ ਆਸਟ੍ਰੇਲੀਆ ਬੁਲਾਉਣ ਦੀ ਗੱਲ ਕਹਿ। ਕੁਝ ਸਮਾਂ ਬਾਅਦ ਉਸ ਨੇ ਵੀਜ਼ਾ ਰੀਫਿਊਜ਼ ਹੋਣ ਦੀ ਗੱਲ ਆਖੀ ਤੇ ਬਾਅਦ ਵਿਚ ਏਕਤਾ ਨੂੰ ਰੱਖਣ ਲਈ ਸਾਫ ਮਨਾ ਕਰ ਦਿੱਤਾ। ਕਈ ਮਹੀਨਿਆਂ ਤਕ ਮੀਟਿੰਗਾਂ ਚੱਲਦੀਆਂ ਰਹੀਆਂ ਪਰ ਵਰੁਣ ਕਿਸੇ ਵੀ ਸਿੱਟੇ ’ਤੇ ਨਹੀਂ ਪਹੁੰਚਿਆ। 28 ਫਰਵਰੀ ਨੂੰ ਏਕਤਾ ਨੇ ਪੁਲਿਸ ਦੇ ਉੱਚ ਅਧਿਕਾਰੀਆਂ ਦਰਖਾਸਤ ਨੂੰ ਦਿੱਤੀ। ਇਸ ਮਾਮਲੇ ਸਬੰਧੀ ਏਕਤਾ ਦੇ ਪਿਤਾ ਖਰੈਤੀ ਲਾਲ ਨੇ ਦੱਸਿਆ ਕਿ ਪੁਲਿਸ ਦੇ ਕੁਝ ਅਧਿਕਾਰੀਆਂ ਦੀ ਦਖਲ ਦੇ ਕਾਰਨ ਉਨਾਂ ਦੀ ਸੁਣਵਾਈ ਨਹੀਂ ਹੋਈ। ਬਾਅਦ ਵਿੱਚ ਇੱਕ ਅਫ਼ਸਰ ਦੀ ਰਿਟਾਇਰਮੈਂਟ ਤੋਂ ਬਾਅਦ ਫਾਈਲ ਅੱਗੇ ਵਧੀ ਤੇ ਜਾਂਚ ਤੋਂ ਬਾਅਦ ਪੁਲਿਸ ਨੇ ਮੁਲਜ਼ਮ ਵਰੁਣ ਤੇ ਉਸ ਦੇ ਪਿਤਾ ਮੁਨਸ਼ੀ ਲਾਲ ਦੇ ਖਿਲਾਫ ਐੱਫ ਆਈ ਆਰ ਦਰਜ ਕੀਤੀ ਹੈ।

ਖਰੈਤੀ ਲਾਲ ਨੇ ਦੱਸਿਆ ਕਿ ਉਸ ਦੀ ਧੀ ਏਕਤਾ ਐਮਐਸਸੀ ਨਰਸਿੰਗ ਦੀ ਪੜਾਈ ਕਰਨ ਤੋਂ ਬਾਅਦ ਆਰਮੀ ਵਿਚ ਨੌਕਰੀ ਕਰਨ ਲੱਗ ਪਈ ਸੀ। ਵਿਆਹ ਤੋਂ ਪਹਿਲੋਂ ਉਸ ਦੀ ਪੋਸਟਿੰਗ ਕਲਕੱਤਾ ਵਿੱਚ ਸੀ, ਪਰ ਵਿਆਹ ਕਰਵਾਉਣ ਆਏ ਵਰੁਣ ਨੇ ਇਹ ਕਹਿ ਕੇ ਲੜਕੀ ਨੂੰ ਨੌਕਰੀ ਤੋਂ ਹਟਵਾ ਦਿੱਤਾ ਕਿ ਉਹ ਉਸ ਨੂੰ ਜਲਦ ਹੀ ਆਸਟ੍ਰੇਲੀਆ ਲੈ ਜਾਵੇਗਾ। ਇਸ ਸਾਰੇ ਮਾਮਲੇ ਵਿਚ ਜਾਂਚ ਅਧਿਕਾਰੀ ਏਐਸਆਈ ਅਨਿਲ ਕੁਮਾਰ ਦਾ ਕਹਿਣਾ ਹੈ ਕਿ ਪੁਲਿਸ ਨੇ ਵਰੁਣ ਅਤੇ ਉਸ ਦੇ ਪਿਤਾ ਮੁਨਸ਼ੀ ਲਾਲ ਦੇ ਖਿਲਾਫ ਮੁਕੱਦਮਾ ਦਰਜ ਕਰਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ।

# ਮਾੜੀ ਕਾਰਗੁਜ਼ਾਰੀ ਕਾਰਨ ਸ਼੍ਰੋਮਣੀ ਕਮੇਟੀ ਦੇ ਕਾਲਜ ਬੰਦ ਹੋਏ : ਭਾਈ ਰਣਜੀਤ ਸਿੰਘ

## ਕਿਹਾ ਕਿ ਬਾਦਲ ਪਰਿਵਾਰ ਜਿੰਮੇਵਾਰ



**ਅਮਲੋਹ/ਏ.ਟੀ.ਨਿਊਜ਼ :-** ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਗੁਰਦੁਆਰਾ ਸਿੰਘ ਸਭਾ ਅਮਲੋਹ ਵਿਖੇ ਪੰਥਕ ਅਕਾਲੀ ਲਹਿਰ ਅਧੀਨ ਰੱਖੀ ਇੱਕ ਮੀਟਿੰਗ ਨੂੰ ਸੰਬੋਧਨ ਕੀਤਾ। ਉਨਾਂ ਦੋਸ਼ ਲਗਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾੜੀ ਕਾਰਗੁਜ਼ਾਰੀ ਕਾਰਨ ਅੱਜ ਸ਼੍ਰੋਮਣੀ ਕਮੇਟੀ ਅਧੀਨ ਚੱਲ ਰਹੇ 11 ਕਾਲਜ ਤੇ 37 ਸਕੂਲ ਬੰਦ ਹੋ ਚੁੱਕੇ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ’ਤੇ ਬਾਦਲ ਪਰਿਵਾਰ ਦਾ ਕਬਜ਼ਾ ਹੋਣ ਕਾਰਨ ਅੱਜ ਇਸ ਦੀ ਹਾਲਤ ਤਰਸਯੋਗ ਬਣ ਗਈ ਹੈ, ਜਿਸ ਕਾਰਨ ਪੂਰੇ ਪੰਜਾਬ ਵਿੱਚ ਪੰਥਕ ਅਕਾਲੀ ਲਹਿਰ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਿੱਚ ਸੁਧਾਰ ਲਿਆਉਣ ਲਈ ਸਿੱਖ ਕੌਮ ਨੂੰ ਇਸ ਲਹਿਰ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਇਸ ਮੌਕੇ ਪੰਥਕ ਅਕਾਲੀ ਲਹਿਰ ਦੇ ਪ੍ਰਮੁੱਖ ਆਗੂ ਅਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਸ਼੍ਰੋਮਣੀ ਕਮੇਟੀ ਵਿੱਚ ਵੱਡੀ ਪੱਧਰ ’ਤੇ ਬੇਨਿਯਮੀਆਂ ਹੋਣ ਦਾ ਦੋਸ਼ ਲਗਾਇਆ। ਉਨਾਂ ਕਿਹਾ ਕਿ ਵਾਰ-ਵਾਰ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਿੱਚ ਕੋਈ ਸੁਧਾਰ ਨਹੀਂ ਹੋਇਆ। ਉਨਾਂ ਕਿਹਾ ਕਿ ਸਮੁੱਚੀ ਕੌਮ ਬਦਲਾਅ ਦੇ ਰੁਖ਼ ਵਿੱਚ ਹੈ, ਇਸ ਲਈ ਸਾਨੂੰ ਵੀ ਵਧ-ਚੜ ਕੇ ਸਾਥ ਦੇਣਾ ਚਾਹੀਦਾ ਹੈ।

# ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਦੀ ਹਾਲੇ ਕੋਈ ਸੰਭਾਵਨਾ ਨਹੀਂ

**ਚੰਡੀਗੜ/ਏ.ਟੀ.ਨਿਊਜ਼:-** ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਯੂ.ਟੀ. ਚੰਡੀਗੜ ਵਿਚ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਨ ਵਾਲੀ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਹੋਣ ਦੀ ਕੋਈ ਸੰਭਾਵਨਾ ਨਹੀਂ। ਸ਼੍ਰੋਮਣੀ ਕਮੇਟੀ ਇਸ ਸਬੰਧ ਵਿਚ ਕੋਈ ਸਰਗਰਮੀ ਨਹੀਂ ਦਿਖਾ ਰਹੀ। ਆਮ ਚੋਣਾਂ ਨੂੰ ਹੋਇਆਂ 10 ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ। ਜਾਣਕਾਰੀ ਅਨੁਸਾਰ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਵਲੋਂ ਬਣਾਏ ਗੁਰਦੁਆਰਾ ਚੋਣਾਂ ਬਾਰੇ ਮੁੱਖ ਕਮਿਸ਼ਨਰ ਸੇਵਾਮੁਕਤ ਜਸਟਿਸ ਐਸ.ਐਸ. ਸਾਰੋਂ ਨਾਲ ਵਾਰ ਵਾਰ ਸੰਪਰਕ ਕਰਨ ਦੇ ਬਾਵਜੂਦ ਮੁਲਾਕਾਤ ਨਹੀਂ ਹੋ ਸਕੀ। ਦੇਖਣ ਵਾਲੀ ਗੱਲ ਇਹ ਹੈ ਕਿ ਮਿੰਨੀ ਸਿੱਖ ਪਾਰਲੀਮੈਂਟ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲਾ ਮੌਕਾ ਹੈ ਕਿ ਇਸ ਦੀ ਹੁਣ ਤੱਕ ਕੋਈ ਉਪ ਚੋਣ ਵੀ ਨਹੀਂ ਹੋਈ।

# ਮਾਮਲਾ ਬਹਿਬਲ ਕਲਾਂ ਗੋਲੀ ਕਾਂਡ ਦਾ

## ✪ ਆਪ ਸਰਕਾਰ ਨੇ ਸਿੱਖ ਅੰਦੋਲਨਕਾਰੀਆਂ ਤੋਂ ਤਿੰਨ ਮਹੀਨੇ ਦਾ ਮੰਗਿਆ ਸਮਾਂ ✪ ਐਡਵੋਕੇਟ ਜਨਰਲ ਦੀ ਟੀਮ ਨੇ ਧਰਨੇ ਵਾਲੀ ਥਾਂ ’ਤੇ ਪੁੱਜ ਕੇ ਪੀੜਤਾਂ ਤੇ ਪੰਥਕ ਜਥੇਬੰਦੀਆਂ ਨਾਲ ਕੀਤੀ ਗੱਲਬਾਤ



**ਫ਼ਰੀਦਕੋਟ/ਏ.ਟੀ.ਨਿਊਜ਼ :-** ਬਹਿਬਲ ਗੋਲੀ ਕਾਂਡ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਕੀਤੇ ਗਏ ਪੁਲਿਸ ਅਧਿਕਾਰੀਆਂ ਅਤੇ ਹੋਰ ਮੁਲਜ਼ਮਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਵਾਉਣ ਲਈ ਧਰਨੇ ਵਿੱਚ ਪੁੱਜੀ ਐਡਵੋਕੇਟ ਜਨਰਲ ਸੰਤੋਖ ਸਿੰਘ ਦੀ ਟੀਮ ਨੇ ਬਹਿਬਲ ਗੋਲੀ ਕਾਂਡ ਦੇ ਪੀੜਤ ਪਰਿਵਾਰਾਂ ਅਤੇ ਸਿੱਖ ਜਥੇਬੰਦੀਆਂ ਤੋਂ ਮਾਮਲੇ ਨਿਬੇੜਨ ਲਈ ਤਿੰਨ ਮਹੀਨੇ ਦਾ ਸਮਾਂ ਮੰਗਿਆ ਹੈ। ਪੀੜਤ ਪਰਿਵਾਰ ਅਤੇ ਸਿੱਖ ਜਥੇਬੰਦੀਆਂ ਨੇ ਇਨਸਾਫ਼ ਨਾ ਮਿਲਣ ਕਰਕੇ 6 ਅਪ੍ਰੈਲ ਨੂੰ ਅੰਮ੍ਰਿਤਸਰ-ਬਠਿੰਡਾ ਹਾਈਵੇਅ ਜਾਮ ਕਰ ਦਿੱਤਾ ਸੀ। ਉਸ ਤੋਂ ਬਾਅਦ ਪੰਜਾਬ ਸਰਕਾਰ ਨੇ ਇਕ ਕਮੇਟੀ ਦਾ ਗਠਨ ਕੀਤਾ ਸੀ। ਪੰਜਾਬ ਸਰਕਾਰ ਦੀ ਕਮੇਟੀ ਨੇ ਬਹਿਬਲ ਕਲਾਂ ਵਿੱਚ ਅੰਦੋਲਨਕਾਰੀਆਂ ਨਾਲ ਮੀਟਿੰਗ ਦੌਰਾਨ ਕਿਹਾ ਕਿ ਪੰਜਾਬ ਸਰਕਾਰ ਆਉਣ ਵਾਲੇ ਤਿੰਨਾਂ ਮਹੀਨਿਆਂ ਵਿੱਚ ਬਹਿਬਲ, ਕੋਟਕਪੂਰਾ ਅਤੇ ਬੇਅਦਬੀ ਨਾਲ ਜੁੜੇ ਮਾਮਲੇ ਨਿਬੇੜਨ ਲਈ ਕਾਨੂੰਨੀ ਲੜਾਈ ਲੜੇਗੀ ਅਤੇ ਇਸ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਹਾਈ ਕੋਰਟ ’ਚ ਇਨਾਂ ਮਾਮਲਿਆਂ ਸਬੰਧੀ ਪੈਂਡਿੰਗ ਪਈਆਂ ਰਿੱਟਾਂ ਦੇ ਜਲਦ ਫ਼ੈਸਲਿਆਂ ਲਈ ਵੀ ਕੋਸ਼ਿਸ਼ ਕਰੇਗੀ। ਵਧੀਕ ਐਡਵੋਕੇਟ ਜਨਰਲ ਸੰਤੋਖ ਸਿੰਘ ਅਤੇ ਬਲਰਾਜ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਕੀਲਾਂ ਦੀ ਗਠਿਤ ਕੀਤੀ ਗਈ ਟੀਮ ਹਰ ਮਹੀਨੇ ਪੀੜਤ ਪਰਿਵਾਰ ਨੂੰ ਕੇਸਾਂ ਬਾਰੇ ਪੂਰੀ ਤਰਾਂ ਜਾਣਕਾਰੀ ਦੇਵੇਗੀ ਅਤੇ ਬੇਅਦਬੀ ਤੇ ਬਹਿਬਲ ਗੋਲੀ ਕਾਂਡ ਨਾਲ ਜੁੜੇ ਕੇਸਾਂ ਦੀ ਜਲਦ ਸੁਣਵਾਈ ਲਈ ਹਾਈਕੋਰਟ ਵਿੱਚ ਬਕਾਇਦਾ ਅਰਜ਼ੀਆਂ ਵੀ ਦਾਇਰ ਕੀਤੀਆਂ ਜਾਣਗੀਆਂ। ਵਕੀਲਾਂ ਦੀ ਟੀਮ ਵਿਚ ਐਡਵੋਕੇਟ ਇਕਬਾਲ ਸਿੰਘ, ਐਡਵੋਕੇਟ ਜਗਜੀਤ ਸਿੰਘ, ਐਡਵੋਕੇਟ ਬਲਰਾਜ, ਐਡਵੋਕੇਟ ਗੁਰਪ੍ਰੀਤ ਸਿੰਘ ਸ਼ਾਮਲ ਸਨ। ਬਹਿਬਲ ਗੋਲੀ ਕਾਂਡ ਵਾਲੀ ਥਾਂ ’ਤੇ ਧਰਨੇ ਉਪਰ ਬੈਠੇ ਸੁਖਰਾਜ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਹੁਣ ਤੱਕ ਇਨਸਾਫ਼ ਦੇ ਨਾਂ ’ਤੇ ਜਾਂਚ ਕਮਿਸ਼ਨ ਅਤੇ ਜਾਂਚ ਟੀਮਾਂ ਦਾ ਕਈ ਵਾਰ ਗਠਨ ਕਰ ਚੁੱਕੀ ਹੈ ਪਰ ਮਾਮਲਾ ਕਿਸੇ ਸਿਰੇ ਨਹੀਂ ਲੱਗਾ ਅਤੇ ਜੇਕਰ ਨਵੀਂ ਟੀਮ ਨੇ ਵੀ ਇਨਸਾਫ ਨਾ ਦਿਵਾਇਆ ਤਾਂ ਉਹ ਮੁੜ ਚੱਕਾ ਜਾਮ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਸਿੱਖ ਸੰਗਤ ਨੇ ਬੰਦ ਕਮਰਾ ਮੀਟਿੰਗ ਕੀਤੇ ਜਾਣ ’ਤੇ ਇਤਰਾਜ਼ ਪ੍ਰਗਟ ਕਰਦਿਆਂ ਵਿਰੋਧ ਵਿੱਚ ਕੁਝ ਸਮੇਂ ਲਈ ਬਠਿੰਡਾ-ਅੰਮ੍ਰਿਤਸਰ ਹਾਈਵੇਅ ਵੀ ਜਾਮ ਕੀਤਾ।

# ਯੂਕਰੇਨ ਸੰਕਟ ਕਾਰਨ ਸੰਸਾਰ ਵਿਚ ਫੈਲ ਸਕਦੀ ਹੈ ਭੁੱਖ ਮਰੀ

**ਦੇਵਿੰਦਰ ਸ਼ਰਮਾ**

ਯੂਕਰੇਨ 'ਤੇ ਰੂਸੀ ਹਮਲੇ ਤੋਂ ਬਾਅਦ ਇੱਕ ਵਾਰੀ ਫਿਰ ਆਲਮੀ ਖ਼ੁਰਾਕ ਮੰਡੀਆਂ ਨੂੰ ਗੜਬੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਕਾਰਨ ਦੁਨੀਆ ਭਰ ਦੀਆਂ ਕਮਜ਼ੋਰ ਆਬਾਦੀਆਂ ਦੀ ਅੰਨ ਸੁਰੱਖਿਆ ਲਈ ਭਾਰੀ ਖ਼ਤਰਾ ਖੜ੍ਹਾ ਹੋ ਸਕਦਾ ਹੈ। ਆਲਮੀ ਖ਼ੁਰਾਕ ਪ੍ਰੋਗਰਾਮ ਦੇ ਕਾਰਜਕਾਰੀ ਡਾਇਰੈਕਟਰ ਡੇਵਿਡ ਬੀਸਲੀ ਨੇ ਹਾਲ ਹੀ ਵਿੱਚ ਬਲੂਮਬਰਗ ਨਾਲ ਗੱਲਬਾਤ ਕਰਦਿਆਂ ਮੰਨਿਆ: "ਯੂਕਰੇਨ ਵਿੱਚ ਚੱਲਦੇ ਬੰਬ ਤੇ ਗੋਲੀਆਂ ਆਲਮੀ ਭੁੱਖ ਸੰਕਟ ਨੂੰ ਅਜਿਹੀ ਕਿਸੇ ਵੀ ਹੱਦ ਤੋਂ ਪਾਰ ਲਿਜਾ ਸਕਦੇ ਹਨ, ਜਿਸ ਬਾਰੇ ਅਸੀਂ ਕਦੇ ਸੋਚਿਆ ਵੀ ਨਹੀਂ ਹੋਵੇਗਾ।"

ਗ਼ੌਰਤਲਬ ਹੈ ਕਿ ਅਸੀਂ ਹਾਲੇ 2007-08 ਵਿੱਚ ਹੀ ਇੱਕ ਭਾਰੀ ਆਲਮੀ ਖ਼ੁਰਾਕ ਸੰਕਟ ਦਾ ਸਾਹਮਣਾ ਕੀਤਾ ਹੈ ਅਤੇ ਇਸ ਦੇ ਸਿੱਟੇ ਵਜੋਂ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਬੇਕਾਬੂ ਹੋ ਗਈਆਂ ਸਨ। ਉਦੋਂ ਕਾਰਕਾਂ ਦੀ ਇੱਕ ਲੜੀ ਜੁੜ ਗਈ ਸੀ, ਜਿਵੇਂ-ਬਾਲਣ ਤੇਲ ਦੀਆਂ ਵਧਦੀਆਂ ਕੀਮਤਾਂ, ਵਧੇਰੇ ਖ਼ੁਰਾਕੀ ਪੈਦਾਵਾਰ ਦਾ ਜੈਵਿਕ-ਬਾਲਣਾਂ ਵਿੱਚ ਜਾਣਾ ਅਤੇ ਵਾਅਦਾ ਬਾਜ਼ਾਰ ਕਾਰਨ ਵਸਤਾਂ ਦੀਆਂ ਕੀਮਤਾਂ ਦਾ ਵਧਣਾ ਆਦਿ। ਇਸ ਸਭ ਕਾਸੇ ਨੇ ਨਾ ਸਿਰਫ਼ ਆਲਮੀ ਖ਼ੁਰਾਕੀ ਸਪਲਾਈ ਨੂੰ ਸੁੰਗੇੜ ਦਿੱਤਾ ਸੀ, ਸਗੋਂ ਇਹ 37 ਮੁਲਕਾਂ ਵਿੱਚ ਖ਼ੁਰਾਕੀ ਦੰਗਿਆਂ ਦਾ ਕਾਰਨ ਵੀ ਬਣਿਆ ਸੀ।

ਇਹ ਯਕੀਨੀ ਬਣਾਉਣ ਦੇ ਨੁਸਖ਼ੇ ਦੇ ਬਾਵਜੂਦ ਕਿ ਦੁਬਾਰਾ ਅਜਿਹਾ ਨਾ ਹੋਵੇ, ਮਹਿੰਗਾਈ ਤਾਂ ਜੰਗ ਤੋਂ ਪਹਿਲਾਂ ਹੀ ਵਧ ਰਹੀ ਸੀ। ਸਾਲ 2021 ਦੌਰਾਨ ਹੀ ਖ਼ੁਰਾਕੀ ਵਸਤਾਂ ਦੀ ਮਹਿੰਗਾਈ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਸਨ। ਹੁਣ ਇਸ ਗੱਲ ਨੂੰ ਦੇਖਦਿਆਂ ਕਿ ਇਸ ਵਾਰ ਹੋਰ ਕਾਰਕ ਵੀ ਮੁੜ ਮਜ਼ਬੂਤ ਹੋ ਰਹੇ ਹਨ ਅਤੇ ਨਾਲ ਹੀ ਕਾਲਾ ਸਾਗਰ ਖ਼ਿੱਤੇ ਵਿੱਚ ਚੱਲ ਰਹੀ ਜੰਗ ਕਾਰਨ ਸਪਲਾਈ ਵਿੱਚ ਪੈ ਰਿਹਾ ਅੜਿੱਕਾ ਇਸ ਵਿੱਚ ਹੋਰ ਵਾਧਾ ਕਰ ਰਿਹਾ ਹੈ, ਕਿਉਂਕਿ ਇਹ ਖ਼ਿੱਤਾ ਆਲਮੀ ਸਪਲਾਈ ਦੀ 30 ਫ਼ੀਸਦੀ ਕਣਕ, 28 ਫ਼ੀਸਦੀ ਜੌਂ, 18 ਫ਼ੀਸਦੀ ਮੱਕੀ ਅਤੇ 75 ਫ਼ੀਸਦੀ ਸੂਰਜਮੁਖੀ ਤੇਲ ਮੁਹੱਈਆ ਕਰਾਉਂਦਾ ਹੈ। ਇਸ ਹਾਲਤ ਵਿੱਚ ਸੰਸਾਰ ਇੱਕ ਵਾਰੀ ਫਿਰ ਖ਼ੁਰਾਕੀ ਸੰਕਟ ਦੀ ਨਵੀਂ ਘੁੰਮਣਘੇਰੀ ਵਿੱਚ ਫਸਦਾ ਜਾ ਰਿਹਾ ਹੈ। ਇਹ ਸੰਕਟ ਕਿੰਨਾ ਕੁ ਭਿਆਨਕ ਹੋਵੇਗਾ, ਇਹ ਤਾਂ ਸਮਾਂ ਆਉਣ 'ਤੇ ਹੀ ਪਤਾ ਲੱਗੇਗਾ।

ਖ਼ੁਰਾਕੀ ਸੰਕਟ ਦੇ ਮੱਦੇਨਜ਼ਰ ਪਹਿਲਾਂ ਹੀ ਇਰਾਕ ਤੇ ਸ੍ਰੀਲੰਕਾ ਵਿੱਚ ਅੰਦੋਲਨ ਹੋ ਰਹੇ ਹਨ। ਬਹੁਤ ਸਾਰੇ ਮੁਲਕਾਂ ਨੇ ਆਪਣੀ ਘਰੇਲੂ ਖ਼ੁਰਾਕ ਸਪਲਾਈ ਕਾਇਮ ਰੱਖਣ ਦੇ ਮਕਸਦ ਨਾਲ ਪਹਿਲਾਂ ਹੀ ਰੱਖਿਆਵਾਦੀ ਕਦਮ ਉਠਾਉਣੇ ਤੇ ਸਪਲਾਈਆਂ ਰੋਕਣੀਆਂ ਸ਼ੁਰੂ ਕਰ ਦਿੱਤੀਆਂ ਹਨ। ਬਲੂਮਬਰਗ ਨੇ ਠੀਕ ਹੀ ਟਿੱਪਣੀ ਕੀਤੀ ਹੈ: "ਨੇੜ ਭਵਿੱਖ ਵਿੱਚ ਇੱਕ ਸੰਕਟ ਦਿਖਾਈ ਦੇ ਰਿਹਾ ਹੈ: ਇਸ ਕਾਰਨ ਵਧੇਰੇ ਲੋਕਾਂ ਦੇ ਭੁੱਖੇ ਰਹਿਣ ਦਾ ਖ਼ਦਸ਼ਾ ਹੈ।"

ਮਹਿੰਗਾਈ ਵਿੱਚ ਪਹਿਲਾਂ ਹੀ ਵਾਧੇ ਦੇ ਰੁਝਾਨ ਅਤੇ ਦੂਜੇ ਪਾਸੇ ਬਾਜ਼ਾਰਾਂ ਤੇ ਸੁਪਰਮਾਰਕੀਟਾਂ ਵਿੱਚ ਵਸਤਾਂ ਦੀ ਸਪਲਾਈ ਵਿੱਚ ਆ ਰਹੀ ਕਮੀ ਤੋਂ ਸਾਫ਼ ਜ਼ਾਹਰ ਹੈ ਕਿ ਅੰਨ ਸੁਰੱਖਿਆ 'ਤੇ ਖ਼ਤਰਾ ਲਗਾਤਾਰ ਵਧਦਾ ਜਾ ਰਿਹਾ ਹੈ। ਰੂਸ 'ਤੇ ਅਮਰੀਕਾ ਵੱਲੋਂ ਆਇਦ ਮਾਲੀ ਪਾਬੰਦੀਆਂ ਕਾਰਨ ਖਾਦਾਂ ਦੀਆਂ ਕੀਮਤਾਂ ਵਿੱਚ ਵੀ ਇਜ਼ਾਫ਼ਾ ਹੋਇਆ ਹੈ। ਰੂਸ ਨਾ ਸਿਰਫ਼ ਨਾਈਟਰੋਜਨ ਆਧਾਰਿਤ ਖਾਦਾਂ ਦਾ ਹੀ ਦੁਨੀਆ ਦਾ ਸਭ ਤੋਂ ਵੱਡਾ ਉਤਪਾਦਕ ਹੈ, ਸਗੋਂ ਇਹ ਫਾਸਫੋਰਸ ਅਤੇ ਪੋਟਾਸ਼ ਖਾਦਾਂ ਦਾ ਵੀ ਵੱਡੇ ਪੱਧਰ 'ਤੇ ਉਤਪਾਦਨ ਕਰਦਾ ਹੈ। ਇਸ ਦੇ ਸਿੱਟੇ ਵਜੋਂ ਭਾਰਤ ਸਮੇਤ ਵੱਖੋ-ਵੱਖ ਮੁਲਕਾਂ ਦੇ ਕਿਸਾਨਾਂ ਦੀ ਫ਼ਸਲਾਂ ਪੈਦਾ ਕਰਨ ਦੀ ਲਾਗਤ ਵਧ ਜਾਣ ਦੇ ਆਸਾਰ ਹਨ। ਇਸ ਨਾਲ ਫ਼ਸਲਾਂ ਦੀ ਬਿਜਾਈ 'ਤੇ ਵੀ ਅਸਰ ਪਵੇਗਾ ਅਤੇ ਇਸ ਦਾ ਸਿੱਟਾ ਖ਼ੁਰਾਕੀ ਵਸਤਾਂ ਦੀ ਕਮੀ ਵਜੋਂ ਨਿਕਲੇਗਾ। ਇਹ ਵੀ ਜਾਣਨਾ ਜ਼ਰੂਰੀ ਹੈ ਕਿ ਨਾ ਸਿਰਫ਼ ਅੰਨ ਦੀ ਕਮੀ ਸਗੋਂ ਇਸ ਨੂੰ ਖ਼ਰੀਦਣ ਦੀ ਸਮਰੱਥਾ ਨਾਲ ਵੀ ਇਹ ਗੱਲ ਤੈਅ ਹੋਵੇਗੀ ਕਿ ਖ਼ੁਰਾਕ ਸੰਕਟ ਕਿੰਨਾ ਕੁ ਭਿਆਨਕ ਹੈ।

ਇਸ ਦੌਰਾਨ, ਇਸ ਸੰਕਟ ਦੀ ਪਹਿਲੀ ਮਾਰ ਮੱਧ ਪੂਰਬ, ਉੱਤਰੀ ਅਫ਼ਰੀਕਾ, ਸਮੇਤ ਹੌਰਨ ਆਫ ਅਫ਼ਰੀਕਾ ਖ਼ਿੱਤੇ (ਪੂਰਬੀ ਅਫ਼ਰੀਕਾ ਦਾ ਸੋਮਾਲੀਆ, ਦਿਜੀਬੂਟੀ ਤੇ ਇਥੋਪੀਆ ਆਦਿ ਮੁਲਕਾਂ ਵਾਲਾ ਖੇਤਰ) ਅਤੇ ਅਫ਼ਗ਼ਾਨਿਸਤਾਨ ਵਰਗੇ ਮੁਲਕਾਂ ਨੂੰ ਪੈਣ ਦਾ ਖ਼ਦਸ਼ਾ ਹੈ। ਨਾਲ ਹੀ ਅਫ਼ਰੀਕਾ ਤੇ ਅਰਬ ਖ਼ਿੱਤੇ ਦੇ ਮਿਸਰ, ਮੈਡਗਾਸਕਰ, ਮੋਰੱਕੋ, ਟਿਊਨੀਸ਼ੀਆ, ਲਿਬਨਾਨ ਤੇ ਯਮਨ, ਏਸ਼ੀਆ ਦੇ ਇੰਡੋਨੇਸ਼ੀਆ, ਫਿਲਪੀਨਜ਼, ਬੰਗਲਾਦੇਸ਼ ਤੇ ਪਾਕਿਸਤਾਨ ਅਤੇ ਨਾਲ ਹੀ ਤੁਰਕੀ, ਇਰਾਨ, ਇਰਾਕ ਅਤੇ ਇਰੀਟ੍ਰੀਆ ਆਦਿ ਮੁਲਕ ਵੀ ਖ਼ੁਰਾਕੀ ਦਰਾਮਦਾਂ ਲਈ ਜੰਗ ਮਾਰੇ ਖ਼ਿੱਤੇ 'ਤੇ ਬਹੁਤ ਜ਼ਿਆਦਾ ਨਿਰਭਰ ਹੋਣ ਕਾਰਨ ਖ਼ਤਰੇ ਵਿੱਚ ਹਨ।

**ਆਲਮੀ ਸੰਕਟ**

ਯੂਰਪੀ ਯੂਨੀਅਨ ਵਿੱਚ ਪਸ਼ੂ ਖ਼ੁਰਾਕ ਦੀਆਂ ਵਧਦੀਆਂ ਕੀਮਤਾਂ ਦੀ ਮਾਰ ਪਸ਼ੂ ਪਾਲਣ ਸਨਅਤ ਨੂੰ ਪੈ ਰਹੀ ਹੈ, ਜਿਸ ਕਾਰਨ ਮੀਟ ਪ੍ਰੋਸੈਸਿੰਗ ਮਹਿੰਗੀ ਹੋ ਰਹੀ ਹੈ। ਸਪੇਨ ਨੇ ਸੁਪਰਮਾਰਕੀਟਸ ਨੂੰ ਖ਼ੁਰਾਕੀ ਤੇਲਾਂ ਦੀ ਸਪਲਾਈ ਦੀ ਰਾਸ਼ਨਿੰਗ ਕਰ ਦਿੱਤੀ ਹੈ, ਭਾਵ ਕੋਟਾ ਤੈਅ ਕਰ ਦਿੱਤਾ ਹੈ।

ਜੇ ਜੰਗ ਥੋੜ੍ਹਾ ਹੋਰ ਲੰਬੀ ਖਿੱਚਦੀ ਹੈ, ਤਾਂ ਬਿਨਾਂ ਸ਼ੱਕ ਖ਼ੁਰਾਕੀ ਵਸਤਾਂ ਦੀਆਂ ਵਧਦੀਆਂ ਕੀਮਤਾਂ ਦਾ ਅਸਰ ਸਾਰੇ ਸੰਸਾਰ ਵਿੱਚ ਦਿਖਾਈ ਦੇਣ ਤੇ ਮਹਿਸੂਸਿਆ ਜਾਣ ਲੱਗੇਗਾ। ਜੰਗ ਤੋਂ ਪਹਿਲਾਂ ਹੀ ਕਣਕ ਦੀਆਂ ਕੀਮਤਾਂ ਨੇ ਰਿਕਾਰਡ ਬੁਲੰਦੀ ਛੂਹੀ ਸੀ। ਦਰਅਸਲ, ਬਹੁਤੀਆਂ ਵਪਾਰਕ ਵਸਤਾਂ ਦੀਆਂ ਕੀਮਤਾਂ ਬੀਤੇ ਕਈ ਸਾਲਾਂ ਤੋਂ ਵਧ ਰਹੀਆਂ ਹਨ। ਸੰਯੁਕਤ ਰਾਸ਼ਟਰ ਖ਼ੁਰਾਕ ਅਤੇ ਖੇਤੀ ਸੰਸਥਾ ਮੁਤਾਬਕ ਸਾਲ 2021 ਦੌਰਾਨ ਕਣਕ ਤੇ ਜੌਂ ਦੀਆਂ ਕੀਮਤਾਂ ਵਿੱਚ ਇਨ੍ਹਾਂ ਦੀਆਂ 2020 ਵਾਲੀਆਂ ਕੀਮਤਾਂ ਦੇ ਮੁਕਾਬਲੇ 31 ਫ਼ੀਸਦੀ ਤੋਂ ਵੱਧ ਦਾ ਇਜ਼ਾਫ਼ਾ ਹੋਇਆ। ਇਸ ਹਾਲਾਤ ਨੇ ਮੱਕੀ ਦੀਆਂ ਕੀਮਤਾਂ ਨੂੰ ਵੀ ਹੁਲਾਰਾ ਦਿੱਤਾ ਅਤੇ ਮੱਕੀ ਨੇ ਤਾਂ ਇਸ ਤੋਂ ਪਿਛਲੇ ਸਾਲ ਦੇ ਮੁਕਾਬਲੇ ਮਹਿੰਗਾਈ 'ਚ 44 ਫ਼ੀਸਦੀ ਵਾਧੇ ਦੀ ਛਾਲ ਮਾਰੀ। ਸੂਰਜਮੁਖੀ ਤੇਲ ਵੀ 2021 ਦੌਰਾਨ 63 ਫ਼ੀਸਦੀ ਮਹਿੰਗਾ ਹੋਇਆ। ਇੰਨਾ ਹੀ ਨਹੀਂ, ਬੀਤੇ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਦੌਰਾਨ ਵਾਅਦਾ ਬਾਜ਼ਾਰ ਵਿੱਚ ਕਣਕ ਦੀ ਕੀਮਤ ਵਿੱਚ ਵੀ ਰਿਕਾਰਡ ਵਾਧਾ ਹੋਇਆ ਅਤੇ ਇਹ ਕੀਮਤ ਸਾਲ 2008, ਭਾਵ ਪਿਛਲੇ ਅੰਨ ਸੰਕਟ ਦੇ ਪੱਧਰ ਤੱਕ ਜਾ ਪੁੱਜੀ ਸੀ।

ਐੱਫ਼ਏਓ ਵੱਲੋਂ ਤਿਆਰ ਕੀਤੇ ਗਏ ਦੋ ਹਾਲਾਤੀ ਖ਼ਾਕਿਆਂ ਮੁਤਾਬਕ ਇਨ੍ਹਾਂ ਪਹਿਲਾਂ ਹੀ ਵਧੀਆਂ ਹੋਈਆਂ ਕੀਮਤਾਂ ਵਿੱਚ ਹਾਲੇ ਹੋਰ 22 ਫ਼ੀਸਦੀ ਵਾਧਾ ਹੋਣ ਦੇ ਆਸਾਰ ਹਨ, ਜਿਸ ਦੇ ਸਿੱਟੇ ਵਜੋਂ ਸਾਲ 2022-23 ਦੌਰਾਨ ਕੁਪੋਸ਼ਣ ਦੇ ਸ਼ਿਕਾਰ ਲੋਕਾਂ ਦੀ ਆਬਾਦੀ ਵਿੱਚ ਹੋਰ 80 ਲੱਖ ਤੋਂ 1.30 ਕਰੋੜ ਤੱਕ ਦਾ ਇਜ਼ਾਫ਼ਾ ਹੋਵੇਗਾ। ਭੁੱਖ ਤੇ ਕੁਪੋਸ਼ਣ ਦੀ ਸਭ ਤੋਂ ਵੱਧ ਮਾਰ ਮੁੱਖ ਤੌਰ 'ਤੇ ਏਸ਼ੀਆ-ਪ੍ਰਸ਼ਾਂਤ ਖ਼ਿੱਤੇ, ਅਫ਼ਰੀਕਾ ਦੇ ਉਪ-ਸਹਾਰਾ ਖ਼ਿੱਤੇ, ਮੱਧ ਪੂਰਬ ਅਤੇ ਉੱਤਰੀ ਅਫ਼ਰੀਕਾ ਵਿੱਚ ਪਵੇਗੀ।

ਇਸ ਦੌਰਾਨ ਜਿੱਥੇ ਭਾਰਤੀ ਅਨਾਜ ਬਰਾਮਦਕਾਰ ਸਪਲਾਈ ਵਿਚਲੇ ਖੱਪੇ ਨੂੰ ਭਰਨ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਆਈਟੀਸੀ ਦਾ ਅੰਦਾਜ਼ਾ ਹੈ ਕਿ ਆਗਾਮੀ ਸਾਲ ਦੌਰਾਨ ਮੁਲਕ ਦੀ ਕਣਕ ਬਰਾਮਦ ਤਿੰਨ ਗੁਣਾ ਤੱਕ ਵਧ ਕੇ ਕਰੀਬ 2.10 ਕਰੋੜ ਟਨ ਤੱਕ ਪੁੱਜ ਸਕਦੀ ਹੈ। ਇਸ ਮੌਕੇ ਮੈਨੂੰ ਇਹੋ ਗੱਲ ਅਜੀਬ ਲੱਗਦੀ ਹੈ ਕਿ ਜਿਹੜੇ ਲੋਕ ਸਾਲ ਦਰ ਸਾਲ ਵਧੇਰੇ ਅਨਾਜ ਉਗਾਉਂਦੇ ਜਾਣ ਲਈ ਭਾਰਤੀ ਕਿਸਾਨਾਂ ਨੂੰ ਭੰਡਦੇ ਸਨ, ਅੱਜ ਉਹੋ ਲੋਕ ਆਲਮੀ ਪੱਧਰ 'ਤੇ ਅਨਾਜ ਦੀ ਪੈਦਾ ਹੋ ਰਹੀ ਕਮੀ ਨੂੰ ਭਾਰਤੀ ਕਿਸਾਨਾਂ ਵੱਲੋਂ ਸੰਭਵ ਤੌਰ 'ਤੇ ਪੂਰ ਦਿੱਤੇ ਜਾਣ ਦੀ ਉਮੀਦ ਨਾਲ ਉਤਸ਼ਾਹਿਤ ਹੋ ਰਹੇ ਹਨ। ਇਸੇ ਤਰ੍ਹਾਂ ਜਦੋਂ ਭਾਰਤ ਵੱਡੇ ਪੱਧਰ 'ਤੇ ਅਨਾਜ, ਗਿਰੀਆਂ ਅਤੇ ਦਾਲਾਂ ਆਦਿ ਬਰਾਮਦ ਕਰ ਰਿਹਾ ਹੈ, ਤਾਂ ਇਸ ਰੂਪ ਵਿੱਚ ਇੱਕ ਤਰ੍ਹਾਂ ਦੇਸ਼ ਤੋਂ ਪਾਣੀ ਦੀ ਵਧ ਰਹੀ ਬਰਾਮਦ 'ਤੇ ਫ਼ਿਕਰਮੰਦੀ ਜ਼ਾਹਰ ਕਰਨ ਵਾਲੀ ਵੀ ਕੋਈ ਆਵਾਜ਼ ਸੁਣਾਈ ਨਹੀਂ ਦਿੰਦੀ।

ਜਿਵੇਂ ਪਹਿਲਾਂ ਆਖਿਆ ਜਾ ਚੁੱਕਾ ਹੈ, ਸੰਸਾਰ ਤਾਂ ਹਰ ਹਾਲ ਵਿੱਚ ਇੱਕ ਹੋਰ ਅੰਨ ਸੰਕਟ ਵੱਲ ਵਧ ਰਿਹਾ ਸੀ। ਤੇਲ ਦੀਆਂ ਕੀਮਤਾਂ ਬੁਲੰਦੀਆਂ ਛੂਹ ਰਹੀਆਂ ਹਨ, ਇਸ ਕਾਰਨ ਮਹਿੰਗਾਈ ਦਰ ਵੀ ਵਧ ਰਹੀ ਹੈ, ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਪਹਿਲਾਂ ਹੀ ਬਹੁਤ ਉੱਚੀਆਂ ਹਨ, ਜਿਹੜੀਆਂ 40 ਸਾਲਾਂ ਦੌਰਾਨ ਸਭ ਤੋਂ ਵੱਧ ਹਨ। ਨਾਲ ਹੀ ਜੈਵਿਕ-ਬਾਲਣ, ਜਿਸ ਵਿੱਚ ਖ਼ੁਰਾਕੀ ਫ਼ਸਲਾਂ ਦਾ ਇਸਤੇਮਾਲ ਹੁੰਦਾ ਹੈ, ਵਿੱਚ ਵੀ ਇਜ਼ਾਫ਼ਾ ਹੋ ਰਿਹਾ ਹੈ। ਮਿਸਾਲ ਵਜੋਂ, 'ਨਿਊ ਸਾਇੰਟਿਸਟ' ਨਾਮੀ ਰਸਾਲੇ ਦੀ ਰਿਪੋਰਟ ਮੁਤਾਬਕ ਅਮਰੀਕਾ ਵਿੱਚ ਮੱਕੀ ਦੀ ਕੁੱਲ ਪੈਦਾਵਾਰ ਦਾ ਤੀਜਾ ਹਿੱਸਾ ਐਥਨੌਲ ਬਣਾਉਣ ਲਈ ਵਰਤਿਆ ਜਾ ਰਿਹਾ ਹੈ, ਜਿਹੜਾ ਕੁੱਲ ਖ਼ੁਰਾਕੀ ਫ਼ਸਲਾਂ ਵਿੱਚੋਂ 9 ਕਰੋੜ ਟਨ ਹੈ। ਇਸੇ ਤਰ੍ਹਾਂ ਯੂਰਪੀ ਯੂਨੀਅਨ ਵਿੱਚ 1.20 ਕਰੋੜ ਟਨ ਕਣਕ ਤੇ ਚੌਲਾਂ ਦਾ ਐਥਨੌਲ ਬਣਾਇਆ ਜਾ ਰਿਹਾ ਹੈ।

ਇਸ ਸਭ ਕਾਸੇ ਦੌਰਾਨ ਅਮਰੀਕਾ ਨੇ ਆਪਣੀਆਂ ਕੁਝ ਕੁ ਕੰਪਨੀਆਂ ਨੂੰ ਰੂਸ ਨਾਲ ਕਾਰੋਬਾਰ ਜਾਰੀ ਰੱਖਣ ਦੀ ਇਜਾਜ਼ਤ ਦੇ ਦਿੱਤੀ ਹੈ। ਭਾਵੇਂ ਵੱਡੀਆਂ ਖੇਤੀ ਉਤਪਾਦਾਂ ਵਾਲੀਆਂ ਕੰਪਨੀਆਂ ਜਿਵੇਂ ਕਾਰਗਿਲ , ਆਰਚਰ ਡੇਨੀਅਲਜ਼ ਮਿਡਲੈਂਡ , ਪੈਪਸੀਕੋ ਤੇ ਬਾਯਰ ਨੇ ਉੱਥੇ ਆਪਣਾ ਕੰਮ-ਕਾਜ ਘਟਾ ਦਿੱਤਾ ਹੈ, ਉਂਜ ਉਨ੍ਹਾਂ ਨੇ 'ਨਾਜ਼ੁਕ' ਸਪਲਾਈ ਸੰਪਰਕ ਕਾਇਮ ਰੱਖੀ ਹੋਈ ਹੈ। ਇਸ ਤੋਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਅੰਨ ਸੁਰੱਖਿਆ ਕਿਉਂ ਆਸਾਨੀ ਨਾਲ ਕੁਝ ਵੱਡੇ ਖਿਡਾਰੀਆਂ ਦੇ ਹੱਥਾਂ ਵਿੱਚ ਦੇ ਦਿੱਤੀ ਗਈ। ਬਸ ਇੱਥੇ ਹੀ ਸੰਸਾਰ ਨੂੰ 2007-08 ਦੇ ਆਲਮੀ ਖ਼ੁਰਾਕ ਸੰਕਟ ਤੋਂ ਬਚਾਉਣ ਦਾ ਨੁਸਖ਼ਾ ਗ਼ਲਤ ਹੋ ਗਿਆ। ਖ਼ੁਰਾਕੀ ਸਪਲਾਈ ਦੇ ਵਸੀਲਿਆਂ ਲਈ ਜਿਹੜੀ ਖੋਹਾ-ਖੋਹੀ ਅਸੀਂ ਇਸ ਵਕਤ ਦੇਖ ਰਹੇ ਹਾਂ, ਉਹ ਮੂਲ ਰੂਪ ਵਿੱਚ ਇਸ ਕਾਰਨ ਹੈ ਕਿ ਮੁਲਕਾਂ ਨੂੰ ਖ਼ੁਰਾਕ ਆਤਮ-ਨਿਰਭਰਤਾ ਤੋਂ ਲਾਂਭੇ ਰਹਿਣ ਲਈ ਆਖਿਆ ਗਿਆ ਸੀ। ਮੁਕਾਬਲੇਬਾਜ਼ੀ ਯਕੀਨੀ ਬਣਾਉਣ ਦੇ ਨਾਂ 'ਤੇ ਆਲਮੀ ਖ਼ੁਰਾਕ ਸਪਲਾਈ ਲੜੀਆਂ ਦੀ ਕਾਇਮੀ ਹੀ ਮੌਜੂਦਾ ਸੰਕਟ ਦਾ ਕਾਰਨ ਬਣੀ ਹੈ।

ਇਸ ਸੰਕਟ ਤੋਂ ਇਹੋ ਸਬਕ ਸਿੱਖਿਆ ਜਾ ਸਕਦਾ ਹੈ ਕਿ ਇਸ ਗੱਲ ਦੀ ਫ਼ੌਰੀ ਲੋੜ ਹੈ ਕਿ ਬਾਜ਼ਾਰਾਂ 'ਤੇ ਨਿਰਭਰਤਾ ਘਟਾਈ ਜਾਵੇ ਅਤੇ ਖੇਤੀਬਾੜੀ ਨੂੰ ਆਰਥਿਕ ਪੱਖੋਂ ਵਿਹਾਰਕ ਬਣਾਇਆ ਜਾਵੇ। ਸਾਨੂੰ ਨਹੀਂ ਭੁੱਲਣਾ ਚਾਹੀਦਾ ਕਿ ਐੱਮਐੱਸ ਸਵਾਮੀਨਾਥਨ ਨੇ ਆਖਿਆ ਸੀ: "ਭਵਿੱਖ ਅਨਾਜ ਵਾਲੇ ਮੁਲਕਾਂ ਦਾ ਹੈ, ਬੰਦੂਕਾਂ ਵਾਲਿਆਂ ਦਾ ਨਹੀਂ।

# ਪਰਮਾਣੂ ਹਥਿਆਰ ਮਨੁੱਖਤਾ ਲਈ ਖਤਰਨਾਕ

**ਡਾ. ਅਰੁਣ ਮਿੱਤਰਾ**

ਭਾਰਤੀ ਸੁਪਰਸੌਨਿਕ ਕਰੂਜ਼ ਮਿਜ਼ਾਈਲ ਜੋ 9 ਮਾਰਚ 2022 ਨੂੰ ਗਲਤੀ ਨਾਲ ਪਾਕਿਸਤਾਨੀ ਖੇਤਰ ਵਿਚ ਡਿੱਗ ਗਈ ਸੀ, ਨਾ ਸਿਰਫ਼ ਦੋ ਪਰਮਾਣੂ ਹਥਿਆਰਬੰਦ ਗੁਆਂਢੀ ਦੇਸ਼ਾਂ ਲਈ ਸਗੋਂ ਸਮੁੱਚੇ ਵਿਸ਼ਵ ਭਾਈਚਾਰੇ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਘਟਨਾ ਬਾਰੇ 10 ਮਾਰਚ ਨੂੰ ਪਾਕਿਸਤਾਨੀ ਫੌਜੀ ਅਦਾਰੇ ਦੁਆਰਾ ਪਹਿਲੀ ਵਾਰ ਦੱਸਿਆ ਗਿਆ। ਇਹ ਘਟਨਾ ਉਨ੍ਹਾਂ ਦਾਅਵਿਆਂ ਦੀ ਪੁਸ਼ਟੀ ਕਰਦੀ ਹੈ ਕਿ ਪਰਮਾਣੂ ਹਥਿਆਰ ਗਲਤੀ ਨਾਲ ਵੀ ਚਲ ਸਕਦੇ ਹਨ। ਇਸ ਘਟਨਾ ਦੇ ਵਾਪਰਨ ਦੇ ਲਗਭਗ 48 ਘੰਟੇ ਬਾਅਦ ਹੀ ਭਾਰਤੀ ਰੱਖਿਆ ਮੰਤਰਾਲੇ ਨੇ ਇਸ ਘਟਨਾ 'ਤੇ ਡੂੰਘੇ ਅਫਸੋਸ ਦਾ ਇਜ਼ਹਾਰ ਕੀਤਾ। ਭਾਰਤ ਸਰਕਾਰ ਵਲੋਂ ਗੁਆਂਢੀ ਮੁਲਕ ਨੂੰ ਇਸ ਘਟਨਾ ਬਾਰੇ ਸਮੇਂ ਸਿਰ ਆਗਾਹ ਨਾ ਕਰਨਾ, ਦੂਜੇ ਦੇਸ਼ ਨੂੰ ਤੁਰੰਤ ਸਾਵਧਾਨ ਕਰਨ ਦੇ ਸਹਿਮਤ ਨਿਯਮਾਂ ਦੇ ਵਿਰੁੱਧ ਹੈ। ਸ਼ਾਇਦ ਪਾਕਿਸਤਾਨ ਦੀ ਪ੍ਰਤੀਕਿਰਿਆ ਇਸ ਲਈ ਘੱਟ ਸੀ ਕਿਉਂਕਿ ਪਾਕਿਸਤਾਨ ਵਿਚ ਜਾਨ-ਮਾਲ ਦਾ ਕੋਈ ਨੁਕਸਾਨ ਨਹੀਂ ਹੋਇਆ। ਇਸ ਤੋਂ ਇਲਾਵਾ ਦੇਸ਼ ਡੂੰਘੇ ਅੰਦਰੂਨੀ ਸਿਆਸੀ ਅਤੇ ਆਰਥਿਕ ਸੰਕਟ ਵਿਚੋਂ ਲੰਘ ਰਿਹਾ ਹੈ, ਇਸ ਨੇ ਵੀ ਉਨ੍ਹਾਂ ਦੇ ਪ੍ਰਤੀਕਰਮ ਨੂੰ ਘੱਟ ਪੱਧਰ 'ਤੇ ਰੱਖਣ ਲਈ ਮਜਬੂਰ ਕੀਤਾ ਹੋ ਸਕਦਾ ਹੈ। ਭਾਰਤੀ ਰੱਖਿਆ ਮੰਤਰੀ ਨੇ ਭਰੋਸਾ ਦਿਵਾਇਆ ਹੈ ਕਿ ਦੇਸ਼ ਹਥਿਆਰ ਪ੍ਰਣਾਲੀਆਂ ਦੇ ਸੰਚਾਲਨ, ਸਾਂਭ-ਸੰਭਾਲ ਅਤੇ ਨਿਰੀਖਣ ਲਈ ਆਪਣੀਆਂ ਸਟੈਂਡਿੰਗ ਕਾਰਜ ਪ੍ਰਣਾਲੀਆਂ ਦੀ ਸਮੀਖਿਆ ਕਰ ਰਿਹਾ ਹੈ। ਅਲਬਾਨੀ ਯੂਨੀਵਰਸਿਟੀ ਵਿਚ ਰਾਜਨੀਤੀ ਸ਼ਾਸਤਰ ਦੇ ਸਹਾਇਕ ਪ੍ਰੋਫੈਸਰ ਕ੍ਰਿਸਟੋਫਰ ਕਲੈਰੀ ਨੇ ਕਿਹਾ ਹੈ ਕਿ 'ਇਹ ਦੁਰਘਟਨਾ ਜਾਪਦੀ ਹੈ, ਸ਼ੁਕਰ ਹੈ ਕਿ ਇਸ ਵਿਚ ਅਸਲਾ ਨਹੀਂ ਸੀ ਪਰ ਪਰਮਾਣੂ ਹਥਿਆਰਬੰਦ ਦੇਸ਼ ਤੋਂ ਦੂਜੇ ਦੇਸ਼ 'ਤੇ ਦਾਗੀ ਕੋਈ ਵੀ ਮਿਜ਼ਾਈਲ ਗਹਿਰਾਈ ਵਿਚ ਜਾਂਚ ਦੀ ਮੰਗ ਕਰਦੀ ਹੈ। ਇਹ ਐਪੀਸੋਡ ਸੁਰੱਖਿਆ ਅਤੇ ਸੁਰੱਖਿਆ ਪ੍ਰਕਿਰਿਆਵਾਂ ਬਾਰੇ ਕਈ ਸਵਾਲ ਖੜੇ ਕਰਦਾ ਹੈ ਜਿਨਾਂ ਨੂੰ ਭਾਰਤੀ ਅਧਿਕਾਰੀਆਂ ਨੂੰ ਹੱਲ ਕਰਨ ਦੀ ਲੋੜ ਹੈ। ਸ਼ਾਇਦ ਇਹ ਹਾਦਸਾ ਭਾਰਤ ਨੂੰ ਦੱਖਣੀ ਏਸ਼ੀਆ ਵਿਚ ਪਰਮਾਣੂ ਖਤਰੇ ਘੱਟ ਕਰਨ ਲਈ ਲੰਮੇ ਸਮੇਂ ਤੋਂ ਸੁਸਤ ਕੂਟਨੀਤਕ ਪ੍ਰਸਤਾਵਾਂ 'ਤੇ ਮੁੜ ਵਿਚਾਰ ਕਰਨ ਲਈ ਪ੍ਰੇਰੇਗਾ।'

ਇਸ ਦੁਰਘਟਨਾ ਦੀ ਜਾਂਚ ਦੇ ਮੁਢਲੇ ਨਤੀਜੇ ਸੁਰੱਖਿਆ ਮਾਪਦੰਡਾਂ ਨੂੰ ਕਾਇਮ ਰੱਖਣ ਵਿਚ ਹਵਾਈ ਸੈਨਾ ਦੇ ਇਕ ਗਰੁੱਪ ਕਪਤਾਨ ਦੀ ਅਸਫਲਤਾ ਵੱਲ ਇਸ਼ਾਰਾ ਕਰਦੇ ਹਨ। ਪਾਕਿਸਤਾਨ ਨੇ ਇਸ ਘਟਨਾ ਦੀ ਸਾਂਝੀ ਜਾਂਚ ਦੀ ਮੰਗ ਕੀਤੀ ਹੈ ਜਿਸ ਨਾਲ ਭਾਰਤ ਸਰਕਾਰ ਦੇ ਸਹਿਮਤ ਹੋਣ ਦੀ ਸੰਭਾਵਨਾ ਨਹੀਂ ਜਾਪਦੀ। ਪਾਕਿਸਤਾਨ ਦੇ ਏਅਰ ਵਾਈਸ ਮਾਰਸ਼ਲ ਤਾਰਿਕ ਜ਼ਿਆ ਦੁਆਰਾ ਇਸ਼ਾਰਾ ਕੀਤਾ ਗਿਆ ਇੱਕ ਹੋਰ ਖ਼ਤਰਾ ਇਹ ਹੈ ਕਿ 'ਜਿਸ ਸਮੇਂ ਪ੍ਰੋਜੈਕਟਾਈਲ ਨੂੰ ਚੁੱਕਿਆ ਗਿਆ ਸੀ, ਉੱਥੇ ਦੋ ਹਵਾਈ ਮਾਰਗ ਸਰਗਰਮ ਸਨ ਅਤੇ ਕਈ ਵਪਾਰਕ ਏਅਰਲਾਈਨਾਂ ਖੇਤਰ ਵਿਚ ਸਨ। ਜੇ ਤੁਸੀਂ ਪ੍ਰੋਜੈਕਟਾਈਲ ਦੀ ਗਤੀ ਅਤੇ ਉਚਾਈ 'ਤੇ ਨਜ਼ਰ ਮਾਰੋ ਤਾਂ ਇਹ 40000 ਫੁੱਟ ਉੱਚਾ ਸੀ, ਤੇ ਹਵਾਈ ਜਹਾਜ਼ 35000 ਤੋਂ 42000 ਫੁੱਟ ਦੇ ਵਿਚਕਾਰ ਉਡ ਰਹੇ ਸੀ। ਇਹ ਯਾਤਰੀਆਂ ਦੀ ਸੁਰੱਖਿਆ ਲਈ ਬਹੁਤ ਨੁਕਸਾਨਦੇਹ ਹੋ ਸਕਦਾ ਸੀ।

**ਕੌਮਾਂਤਰੀ ਮੱਸਲਾ**

ਰੂਸ ਯੂਕਰੇਨ ਜੰਗ ਕਾਰਨ ਇਸ ਘਟਨਾ ਨੂੰ ਵਿਸ਼ਵ ਦੇ ਮੀਡੀਆ ਵਿਚ ਉਛਾਲਿਆ ਨਹੀਂ ਗਿਆ ਹਾਲਾਂਕਿ ਇਹ ਘਟਨਾ ਵਿਸ਼ਵ ਭਰ ਵਿਚ, ਖਾਸਕਰ ਪਰਮਾਣੂ ਹਥਿਆਰਬੰਦ ਦੇਸ਼ਾਂ ਵਿਚ ਪਰਮਾਣੂ ਸੁਰੱਖਿਆ ਦੇ ਖਤਰਿਆਂ ਬਾਰੇ ਸੰਕੇਤ ਹੈ। ਇਹ ਘਟਨਾ ਇਸ ਦ੍ਰਿਸ਼ਟੀਕੋਣ ਨੂੰ ਹੋਰ ਮਜ਼ਬੂਤ ਕਰਦੀ ਹੈ ਕਿ ਹਥਿਆਰਾਂ 'ਤੇ ਸਭ ਤੋਂ ਵਧੀਆ ਤਕਨੀਕ ਅਤੇ ਮਨੁੱਖੀ ਮੁਹਾਰਤ ਹੋਣ ਦੇ ਬਾਵਜੂਦ ਇਨ੍ਹਾਂ ਦੀ ਦੁਰਘਟਨਾ ਦੀ ਗਾਰੰਟੀ ਨਹੀਂ ਦਿੱਤੀ ਜਾ ਸਕਦੀ। ਇਸੇ ਵਿਸ਼ੇ ਬਾਰੇ ਕ੍ਰਿਸਟੋਫਰ ਕਲੈਰੀ ਅਗਾਂਹ ਆਖਦੇ ਹਨ, 'ਫੌਜੀ ਸੰਸਥਾਵਾਂ ਗਲਤੀਆਂ ਕਰਦੀਆਂ ਹਨ, ਉਹ ਗਲਤੀਆਂ ਸ਼ਾਂਤੀ ਦੇ ਸਮੇਂ, ਸੰਕਟ ਤੇ ਯੁੱਧ ਵਿਚ ਦੁਰਘਟਨਾਵਾਂ ਦਾ ਕਾਰਨ ਬਣਦੀਆਂ ਹਨ ਅਤੇ ਉਹ ਹਾਦਸੇ ਖਤਰਨਾਕ ਤੇ ਘਾਤਕ ਹੋ ਸਕਦੇ ਹਨ।'

ਅਜਿਹੇ ਹਾਲਾਤ ਵਿਚ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਲਈ ਭਰੋਸੇਯੋਗ ਅਤੇ ਪ੍ਰਭਾਵੀ ਭਰੋਸੇਮੰਦ ਉਪਾਅ ਤੁਰੰਤ ਲਾਗੂ ਕਰਨਾ ਸਭ ਤੋਂ ਵੱਧ ਮਹੱਤਵਪੂਰਨ ਹੈ। ਵਿਸ਼ਵਾਸ ਬਣਾਉਣ ਲਈ ਆਪਸ ਵਿਚ ਗੱਲਬਾਤ ਨੂੰ ਵਧਾਉਣਾ ਅਤਿ ਮਹੱਤਵਪੂਰਨ ਹੈ।

ਭਾਰਤ ਅਤੇ ਪਾਕਿਸਤਾਨ ਦੋਵੇਂ ਪਿਛਲੇ ਕਈ ਦਹਾਕਿਆਂ ਤੋਂ ਟਕਰਾਅ ਅਤੇ ਤਣਾਅ ਵਿਚ ਹਨ। ਰਿਸ਼ਤਿਆਂ ਵਿਚ ਇੰਨੀ ਕਮਜ਼ੋਰੀ ਹੈ ਕਿ ਸ਼ਾਂਤੀ ਦੇ ਸਮੇਂ ਦੀ ਛੋਟੀ ਜਿਹੀ ਘਟਨਾ ਵੀ ਦੋਵਾਂ ਵਿਚਕਾਰ ਚੱਲ ਰਹੀ ਬਿਆਨਬਾਜ਼ੀ ਨੂੰ ਵਧਾ ਸਕਦੀ ਹੈ। ਸਰਹੱਦ 'ਤੇ ਝੜਪਾਂ ਲਗਭਗ ਰੋਜ਼ਾਨਾ ਦਾ ਮਾਮਲਾ ਹੈ, ਅਜਿਹੀ ਕੋਈ ਵੀ ਘਟਨਾ ਮਾੜੀ ਸਥਿਤੀ ਦਾ ਕਾਰਨ ਬਣ ਸਕਦੀ ਹੈ ਜਿੱਥੇ ਪਰਮਾਣੂ ਹਥਿਆਰਾਂ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਜਾ ਸਕਦਾ। ਇਸ ਲਈ ਇਹ ਮਹੱਤਵਪੂਰਨ ਹੈ ਕਿ ਕਿਸੇ ਵੀ ਗਲਤਫ਼ਹਿਮੀ ਨੂੰ ਦੂਰ ਕਰਨ ਲਈ ਕੁਝ ਜ਼ਰੂਰੀ ਕਦਮ ਚੁੱਕੇ ਜਾਣ। ਦੋਵਾਂ ਦੇਸ਼ਾਂ ਨੂੰ 9 ਮਾਰਚ ਵਾਲੇ ਹਾਲਾਤ ਦੇ ਮੱਦੇਨਜ਼ਰ ਪੂਰੀ ਤਰ੍ਹਾਂ ਪਾਰਦਰਸ਼ੀ ਹੋਣਾ ਚਾਹੀਦਾ ਹੈ। ਵੱਖ ਵੱਖ ਮੁੱਦਿਆਂ ਦੇ ਹੱਲ ਅਤੇ ਆਪਸੀ ਵਿਸ਼ਵਾਸ ਦੀ ਉਸਾਰੀ ਲਈ ਦੋਵਾਂ ਵਿਚਕਾਰ ਗੱਲਬਾਤ ਦੀ ਨਿਰੰਤਰ ਪ੍ਰਕਿਰਿਆ ਹੋਣੀ ਚਾਹੀਦੀ ਹੈ। ਦੋਹਾਂ ਦੇਸ਼ਾਂ ਨੂੰ ਨੀਤੀ ਦੇ ਤੌਰ 'ਤੇ ਪਰਮਾਣੂ ਹਥਿਆਰਾਂ ਦੀ ਪਹਿਲੇ ਵਰਤੋਂ ਨਾ ਕਰਨ ਦਾ ਖੁੱਲੇਆਮ ਐਲਾਨ ਕਰਨਾ ਚਾਹੀਦਾ ਹੈ। ਸਾਰਕ ਨੂੰ ਦੱਖਣੀ ਏਸ਼ੀਆ ਨੂੰ ਪਰਮਾਣੂ ਹਥਿਆਰਾਂ ਤੋਂ ਮੁਕਤ ਖੇਤਰ ਐਲਾਨਣ ਲਈ ਦੱਖਣੀ ਏਸ਼ੀਆਈ ਦੇਸ਼ਾਂ ਤੇ ਆਲੇ-ਦੁਆਲੇ ਦੇ ਦੇਸ਼ਾਂ ਨੂੰ ਇਸ ਮੁੱਦੇ 'ਤੇ ਲਿਆਉਣ ਲਈ ਸਰਗਰਮ ਹੋਣਾ ਚਾਹੀਦਾ ਹੈ। ਸੰਯੁਕਤ ਰਾਸ਼ਟਰ ਨੇ ਪਰਮਾਣੂ ਹਥਿਆਰਾਂ 'ਤੇ ਪਾਬੰਦੀ ਲਗਾਉਣ ਵਾਲੀ ਸੰਧੀ ਨੂੰ 2017 ਵਿਚ ਪਾਸ ਕਰ ਦਿੱਤਾ ਸੀ। ਦੱਖਣੀ ਏਸ਼ਿ.ਆਈ ਪਰਮਾਣੂ ਹਥਿਆਰ ਮੁਕਤ ਜ਼ੋਨ, ਧਰਤੀ ਤੋਂ ਪਰਮਾਣੂ ਹਥਿਆਰਾਂ ਨੂੰ ਖਤਮ ਕਰਨ ਵਲੀ ਯੂਐੱਨਓ ਦੀ ਸੰਧੀ ਵਿਚ ਸ਼ਾਮਲ ਕਰਨ ਲਈ ਦੂਜੇ ਪਰਮਾਣੂ ਹਥਿਆਰਬੰਦ ਦੇਸ਼ਾਂ 'ਤੇ ਕਾਫੀ ਦਬਾਅ ਪਾ ਸਕਦਾ ਹੈ। ਇਸ ਮਾਮਲੇ ਵਿਚ ਕੋਈ ਵੀ ਢਿੱਲ ਭਵਿੱਖ ਲਈ ਘਾਤਕ ਹੋ ਸਕਦੀ ਹੈ। ਪਰਮਾਣੂ ਯੁੱਧ ਦੀ ਰੋਕਥਾਮ ਲਈ ਕੌਮਾਂਤਰੀ ਡਾਕਟਰਾਂ ਦੇ ਅਧਿਐਨਾਂ ਨੇ ਵਿਗਿਆਨਕ ਸਬੂਤ ਦੇ ਕੇ ਸਿੱਟਾ ਕੱਢਿਆ ਹੈ ਕਿ ਹੀਰੋਸ਼ੀਮਾ ਆਕਾਰ ਦੇ 100 ਪਰਮਾਣੂ ਬੰਬਾਂ ਦੀ ਵਰਤੋਂ ਕਾਰਨ ਦੋ ਅਰਬ ਤੋਂ ਵੱਧ ਲੋਕਾਂ ਦਾ ਜੀਵਨ ਖਤਰੇ ਵਿਚ ਪੈ ਸਕਦਾ ਹੈ। ਅਮਰੀਕਾ ਅਤੇ ਰੂਸ ਵਿਚਕਾਰ ਕੋਈ ਵੀ ਪਰਮਾਣੂ ਵਟਾਂਦਰਾ ਹਜ਼ਾਰਾਂ ਸਾਲਾਂ ਦੀ ਮਨੁੱਖੀ ਕਿਰਤ

**ਬਾਕੀ ਸਫ਼ਾ 35'ਤੇ**

# ਪੰਜਾਬ ਦਾ ਬਿਜਲੀ ਸੰਕਟ ਬਨਾਮ ਬਿਜਲੀ ਚੋਰੀ

**ਇੰਜੀਨੀਅਰ ਭੁਪਿੰਦਰ ਸਿੰਘ**

ਪਿਛਲੇ ਸਾਲ ਗਰਮੀਆਂ ਦੌਰਾਨ ਪੰਜਾਬ ਦੇ ਘਰੇਲੂ ਅਤੇ ਉਦਯੋਗਿਕ ਖਪਤਕਾਰਾਂ ਨੂੰ ਬਿਜਲੀ ਦੀ ਘਾਟ ਕਾਰਨ ਲਾਏ ਗਏ ਪਾਵਰ ਕੱਟਾਂ ਕਾਰਨ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਸੀ। ਇੱਥੋਂ ਤੱਕ ਕਿ ਅਕਤੂਬਰ ਮਹੀਨੇ ਵਿਚ ਵੀ ਕੋਲੇ ਦੀ ਘਾਟ ਕਾਰਨ ਸੂਬੇ ਦੇ ਪ੍ਰਾਈਵੇਟ ਸੈਕਟਰ ਦੇ ਥਰਮਲ ਪਲਾਂਟਾਂ ਤੋਂ ਘੱਟ ਬਿਜਲੀ ਪੈਦਾ ਹੋ ਸਕੀ ਤੇ ਪਾਵਰ ਕੱਟ ਲਾਉਣੇ ਪੈ ਗਏ। ਹਾਲਾਂਕਿ ਪੀਐੱਸਪੀਸੀਐੱਲ ਦੀ ਮੈਨੇਜਮੈਂਟ ਨੇ ਸਰਕਾਰ ਅਤੇ ਲੋਕਾਂ ਨੂੰ ਇਹ ਭਰੋਸਾ ਦਿਵਾਇਆ ਹੈ ਕਿ ਇਸ ਸਾਲ ਹਰ ਵਰਗ ਨੂੰ ਪੂਰੀ ਬਿਜਲੀ ਪ੍ਰਦਾਨ ਕੀਤੀ ਜਾਵੇਗੀ ਤੇ ਪਾਵਰ ਕੱਟ ਨਹੀਂ ਲੱਗਣਗੇ। ਪਰ ਮਾਰਚ ਮਹੀਨੇ ਦੌਰਾਨ ਹੀ ਪਿਛਲੇ ਸਾਲ ਦੇ ਮੁਕਾਬਲੇ ਬਿਜਲੀ ਦੀ ਮੰਗ ਵਿਚ 1000-1200 ਮੈਗਾਵਾਟ ਦਾ ਵਾਧਾ ਰਿਕਾਰਡ ਹੋਣਾ ਆਉਣ ਵਾਲੇ ਗਰਮੀਆਂ ਦੇ ਭਰਪੂਰ ਸੀਜ਼ਨ ਵਿਚ ਬਿਜਲੀ ਦੀ ਵਧਦੀ ਲੋੜ ਦੀ ਦਿਸ਼ਾ ਵੱਲ ਮਹੱਤਵਪੂਰਨ ਸੰਕੇਤ ਹੈ। ਵੱਖ-ਵੱਖ ਥਾਵਾਂ ’ਤੇ ਪਾਵਰ ਕੱਟ ਲੱਗਣ ਦੀਆਂ ਖਬਰਾਂ ਵੀ ਆ ਰਹੀਆਂ ਹਨ। ਪਿਛਲੇ ਸਾਲ ਵੀ ਪੀ. ਐੱਸ. ਪੀ. ਸੀ. ਐੱਲ. ਦਾ ਇਹ ਅਨੁਮਾਨ ਕਿ ਹਰ ਵਰਗ ਨੂੰ ਪੂਰੀ ਬਿਜਲੀ ਮਿਲੇਗੀ ਗ਼ਲਤ ਸਾਬਤ ਹੋਇਆ ਸੀ।

ਇਸ ਲਈ ਇਸ ਸਾਲ ਦੀਆਂ ਗਰਮੀਆਂ ਵਿਚ ਬਿਜਲੀ ਦੀ ਸਥਿਤੀ ਕੀ ਰਹੇਗੀ, ਇਸ ਨੂੰ ਵਿਸਤਾਰ ਨਾਲ ਘੋਖਣ ਦੀ ਜ਼ਰੂਰਤ ਹੈ, ਕਿਉਂਕਿ ਇਸ ਨਾਲ ਆਮ ਲੋਕਾਂ ਦਾ ਜੀਵਨ ਜੁੜਿਆ ਹੋਇਆ ਹੈ।

ਸਰਪਲੱਸ ਬਿਜਲੀ ਦਾ ਦੌਰ

ਪੰਜਾਬ ਹੁਣ ਤੋਂ ਤਕਰੀਬਨ ਇਕ ਦਹਾਕਾ ਪਹਿਲਾਂ ਬਿਜਲੀ ਦੀ ਘਾਟ ਵਾਲਾ ਸੂਬਾ ਸੀ। ਸਾਲ 2011-12 ਦੌਰਾਨ ਪੰਜਾਬ ਵਿਚ ਬਿਜਲੀ ਉਤਪਾਦਨ ਸਮਰੱਥਾ 6918 ਮੈਗਾਵਾਟ ਸੀ ਤੇ ਮੰਗ (ਡਿਮਾਂਡ) 10471 ਮੈਗਾਵਾਟ ਸੀ। ਮੰਗ ਦਾ ਬਿਜਲੀ ਸਪਲਾਈ ਤੋਂ ਵੱਧ ਹੋਣ ਕਾਰਨ ਪਾਵਰ ਕੱਟ ਲਗਾਏ ਜਾਂਦੇ ਸਨ। ਫਿਰ ਬਿਜਲੀ ਉਤਪਾਦਨ ਸਮਰੱਥਾ ਨੂੰ ਵਧਾਉਣ ਦੇ ਉਪਰਾਲੇ ਕੀਤੇ ਗਏ ਅਤੇ ਸਾਲ 2015-16 ਤੱਕ ਇਹ ਸਮਰੱਥਾ 12711 ਮੈਗਾਵਾਟ ਕੀਤੀ ਗਈ। ਬਿਜਲੀ ਉਤਪਾਦਨ ਸਮਰੱਥਾ ਵਧਾਉਣ ਵਿਚ ਅਹਿਮ ਹਿੱਸੇਦਾਰੀ ਸੂਬੇ ਵਿਚ ਸਥਾਪਤ ਕੀਤੇ ਗਏ ਪ੍ਰਾਈਵੇਟ ਸੈਕਟਰ ਦੇ ਕੁੱਲ 3920 ਮੈਗਾਵਾਟ ਦੇ ਥਰਮਲ ਪਲਾਂਟਾਂ ਦੀ ਰਹੀ। ਇਹ ਪਲਾਂਟ ਰਾਜਪੁਰਾ (1400 ਮੈਗਾਵਾਟ), ਤਲਵੰਡੀ ਸਾਬੋ (1980 ਮੈਗਾਵਾਟ) ਤੇ ਗੋਇੰਦਵਾਲ ਸਾਹਿਬ (540 ਮੈਗਾਵਾਟ) ਵਿਖੇ ਸਥਿਤ ਹਨ। ਇਨਾਂ ਪਲਾਂਟਾਂ ਤੋਂ ਬਿਜਲੀ ਦੀ ਪੈਦਾਵਾਰ ਹੋਣ ਨਾਲ ਬਿਜਲੀ ਦੀ ਘਾਟ ਪੂਰੀ ਹੋ ਗਈ ਤੇ ਫਲਸਰੂਪ ਸਾਲ 2015-16 ਤੋਂ ਬਾਅਦ ਪਾਵਰ ਕੱਟ ਲਗਣੇ ਬੰਦ ਹੋ ਗਏ। ਪਰ ਪਿਛਲੇ ਸਾਲ ਪੰਜਾਬ ਵਿਚ ਕਈ ਸਾਲਾਂ ਬਾਅਦ ਫਿਰ ਤੋਂ ਪਾਵਰ ਕੱਟ ਲਾਉਣੇ ਪੈ ਗਏ ਅਤੇ ਇਹ ਕੱਟ ਪਿਛਲੇ ਸਾਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸਨ। ਪਾਵਰ ਕੱਟਾਂ ਤੋਂ ਸਤਾਏ ਲੋਕ ਆਪਣੇ ਘਰਾਂ ਤੋਂ ਬਾਹਰ ਨਿਕਲ ਕੇ ਸੜਕਾਂ ’ਤੇ ਆਏ ਅਤੇ ਪ੍ਰਦਰਸ਼ਨ ਮੁਜ਼ਾਹਰੇ ਵੀ ਕੀਤੇ। ਸਨਅਤ ਨੂੰ ਤਿੰਨ ਚਾਰ ਹਫ਼ਤਿਆਂ ਲਈ ਪੂਰੀ ਤਰਾਂ ਬੰਦ ਕਰਨਾ ਪਿਆ, ਜੋ ਕਿ ਕਾਫੀ ਸਾਲਾਂ ਬਾਅਦ ਦੇਖਣ ਨੂੰ ਮਿਲਿਆ। ਘੋਖਣ ਵਾਲੀ ਗੱਲ ਇਹ ਬਣਦੀ ਹੈ ਕਿ ਇਹੋ ਜਿਹੇ ਹਾਲਾਤ ਕਿਉਂ ਬਣੇ ? ਸਾਲ 2020-21 ਦੌਰਾਨ ਪੰਜਾਬ ਵਿਚ ਵੱਧ ਤੋਂ ਵੱਧ ਮੰਗ 13148 ਮੈਗਾਵਾਟ ਰਹੀ ਅਤੇ ਇਸ ਮੰਗ ਨੂੰ ਪੂਰਾ ਕੀਤਾ ਗਿਆ। ਸਾਲ 2020 ਦੀਆਂ ਗਰਮੀਆਂ ਦੌਰਾਨ ਕੋਈ ਪਾਵਰ ਕੱਟ ਨਹੀਂ ਲਾਉਣੇ ਪਏ। ਸਾਲ 2020-21 ਦੀ ਮੰਗ ਨੂੰ ਆਧਾਰ ਮੰਨ ਕੇ ਸਾਲ 2021-22 (ਸਾਲ 2021 ਦੀਆਂ ਗਰਮੀਆਂ) ਦੌਰਾਨ ਵੱਧ ਤੋਂ ਵੱਧ ਮੰਗ ਦਾ ਅੰਦਾਜ਼ਨ 14000 ਮੈਗਾਵਾਟ ਦਾ ਸੀ ਅਤੇ ਪੀ.ਐੱਸ.ਪੀ.ਸੀ.ਐੱਲ. ਨੇ ਇਸ ਮੰਗ ਨੂੰ ਪੂਰਾ ਕਰਨ ਲਈ ਪੁਖਤਾ ਇੰਤਜ਼ਾਮ ਕੀਤੇ ਹੋਏ ਸਨ। ਪਰ ਇਹ ਅਨੁਮਾਨ ਪੂਰੇ ਤੌਰ ‘ਤੇ ਗ਼ਲਤ ਸਾਬਤ ਹੋਇਆ ਅਤੇ ਮੰਗ ਤਕਰੀਬਨ 15400 ਮੈਗਾਵਾਟ ਤੱਕ ਪਹੁੰਚ ਗਈ, ਜਿਸ ਵਾਸਤੇ ਪੀ.ਐੱਸ.ਪੀ.ਸੀ.ਐੱਲ. ਵਲੋਂ ਕੋਈ ਤਿਆਰੀ ਨਹੀਂ ਸੀ। ਹਾਲਾਤ ਹੋਰ ਵਿਗੜ ਗਏ, ਕਿਉਂਕਿ ਸਪਲਾਈ ਸਾਈਡ ਤੋਂ ਨਿੱਜੀ ਖੇਤਰ ਦੇ ਤਲਵੰਡੀ ਸਾਬੋ ਥਰਮਲ ਪਲਾਂਟ ਦੀਆਂ ਇਕਾਈਆਂ ਵਿਚ ਨੁਕਸ ਪੈਣ ਕਾਰਨ ਬਿਜਲੀ ਉਤਪਾਦਨ ਹੋਰ ਘੱਟ ਗਿਆ। ਫਲਸਰੂਪ ਪੀ.ਐੱਸ.ਪੀ.ਸੀ. ਐੱਲ. ਵਲੋਂ ਕੇਵਲ 13431 ਮੈਗਾਵਾਟ ਹੀ ਸਪਲਾਈ ਹੋ ਸਕੀ। 1800-1900 ਮੈਗਾਵਾਟ ਦੀ ਘਾਟ ਕਾਰਨ ਪਾਵਰ ਕੱਟ ਲਗਾਉਣੇ ਪੈ ਗਏ।

ਪਾਵਰ ਕੱਟਾਂ ਤੋਂ ਜੁਲਾਈ ਮਹੀਨੇ ਵਿਚ ਬਾਰਿਸ਼ਾਂ ਪੈਣ ਨਾਲ ਹੀ ਰਾਹਤ ਮਿਲ ਸਕੀ।

ਇਸ ਸਾਲ ਦੇ ਹਾਲਾਤ ’ਤੇ ਅਨੁਮਾਨ

ਇਸ ਸਾਲ ਮਾਰਚ ਮਹੀਨੇ ਦੌਰਾਨ ਹੀ ਮੰਗ 8500 ਮੈਗਾਵਾਟ ਤੱਕ ਪਹੁੰਚ ਗਈ ਹੈ, ਜੋ ਕਿ ਪਿਛਲੇ ਸਾਲ 7000 ਮੈਗਾਵਾਟ ਦੇ ਕਰੀਬ ਰਹੀ ਸੀ। ਵੱਧ ਮੰਗ ਦਾ ਇਸ ਦਿਸ਼ਾ ਵਿਚ ਸੰਕੇਤ ਹੈ ਕਿ ਜੂਨ ਮਹੀਨੇ ਵਿਚ ਪਿਛਲੇ ਸਾਲ ਦੇ ਮੁਕਾਬਲੇ ਮੰਗ ਵਿਚ ਕਾਫੀ ਵਾਧਾ ਹੋ ਸਕਦਾ ਹੈ। ਵਰਨਣਯੋਗ ਹੈ ਕਿ ਇਸ ਸਾਲ ਕੋਵਿਡ ਤੋਂ ਬਾਅਦ ਆਰਥਿਕਤਾ ਵਿਚ ਹੋਰ ਖੁੱਲਾਪਣ ਆਉਣ ਦੇ ਕਾਰਨ ਮੰਗ ਵਿਚ ਵੀ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ, ਕਿਉਂਕਿ ਪਿਛਲੇ ਸਾਲ ਵੱਧ ਤੋਂ ਵੱਧ ਮੰਗ 15400 ਮੈਗਾਵਾਟ ਰਹੀ ਹੈ, ਇਸ ਲਈ ਇਸ ਸਾਲ ਦੀ ਮੰਗ 16000 ਮੈਗਾਵਾਟ ਤੋਂ ਵੀ ਵਧ ਸਕਦੀ ਹੈ ਅਤੇ ਪੀ.ਐੱਸ.ਪੀ.ਸੀ.ਐੱਲ. ਦੀ ਮੈਨੇਜਮੈਂਟ ਵਲੋਂ ਅਨੁਮਾਨਿਤ ਮੰਗ 15000 ਮੈਗਾਵਾਟ ਗ਼ਲਤ ਸਾਬਤ ਹੋ ਸਕਦੀ ਹੈ। ਜੇਕਰ ਮੰਗ 16000 ਮੈਗਾਵਾਟ ਤੱਕ ਪਹੁੰਚ ਗਈ ਤੇ ਬਿਜਲੀ ਦੀ ਘਾਟ ਰਹੇਗੀ ਅਤੇ ਪਿਛਲੇ ਸਾਲ ਵਾਂਗ ਜੂਝਣਾ ਪਵੇਗਾ। ਹਾਲਾਂਕਿ ਇਸ ਸਾਲ ਪੰਜਾਬ ਤੋਂ ਬਾਹਰੋਂ ਬਿਜਲੀ ਲਿਆਉਣ ਲਈ ਸਮਰੱਥਾ 8000 ਮੈਗਾਵਾਟ ਤੋਂ ਵਧਾ ਕੇ 9000 ਮੈਗਾਵਾਟ ਕੀਤੀ ਜਾ ਰਹੀ ਹੈ ਪਰ ਚਿੰਤਾ ਦਾ ਵਿਸ਼ਾ ਪੰਜਾਬ ਦੇ ਅੰਦਰ ਦਾ ਬਿਜਲੀ ਉਤਪਾਦਨ ਬਣਿਆ ਰਹੇਗਾ। ਸਾਰੇ ਸਰੋਤਾਂ ਨੂੰ ਜੋੜ ਲਿਆ ਜਾਵੇ ਤਾਂ ਵੀ ਪੰਜਾਬ ਵਿਚ 6000 ਮੈਗਾਵਾਟ ਦੇ ਕਰੀਬ ਹੀ ਬਿਜਲੀ ਉਤਪਾਦਨ ਹੋ ਸਕਦਾ ਹੈ ਪਰ ਇਸ ਵਿਚ ਵੱਡੀ ਹਿੱਸੇਦਾਰੀ ਤਕਰੀਬਨ 3500 ਮੈਗਾਵਾਟ ਪ੍ਰਾਈਵੇਟ ਥਰਮਲ ਪਲਾਂਟਾਂ ਦੀ ਹੈ।

ਕੀ ਪ੍ਰਾਈਵੇਟ ਸੈਕਟਰ ਦੇ ਥਰਮਲ ਪਲਾਂਟਾਂ ਤੋਂ ਪੂਰਾ ਬਿਜਲੀ ਉਤਪਾਦਨ ਮਿਲੇਗਾ ਇਸ ਬਾਰੇ ਵੀ ਪ੍ਰਸ਼ਨ ਚਿੰਨ ਬਣਿਆ ਹੋਇਆ ਹੈ। ਇਨਾਂ ਪਲਾਂਟਾਂ ਤੋਂ ਘੱਟ ਬਿਜਲੀ ਕਾਰਨ ਹੀ ਪਿਛਲੇ ਸਾਲ ਪਾਵਰ ਕੱਟ ਲਾਉਣੇ ਪਏ ਸਨ।

ਕੀ ਔਕੜਾਂ ਆਉਣਗੀਆਂ

ਪੰਜਾਬ ਵਿਚ ਇਸ ਸਾਲ ਹਰ ਵਰਗ ਨੂੰ ਨਿਰਵਿਘਨ ਅਤੇ ਪਾਵਰ ਕੱਟ ਰਹਿਤ ਬਿਜਲੀ ਮੁਹੱਈਆ ਕਰਵਾਉਣੀ ਇੱਕ ਬਹੁਤ ਵੱਡੀ ਚੁਣੌਤੀ ਹੋਵੇਗੀ। ਇਸ ਦਾ ਸਹੀ ਵਿਸ਼ਲੇਸ਼ਣ ਕਰਨ ਲਈ ਇਸ ਸਮੱਸਿਆ ਨੂੰ ਦੋ ਹਿੱਸਿਆਂ ਵਿਚ ਸਮਝਣਾ ਜ਼ਰੂਰੀ ਹੈ।

ਪਹਿਲੀ ਗੱਲ ਇਹ ਹੈ ਕਿ ਪੰਜਾਬ ਤੋਂ ਬਾਹਰਲੇ ਸਰੋਤਾਂ ਤੋਂ 8500-9000 ਮੈਗਾਵਾਟ ਬਿਜਲੀ ਲਿਆਉਣ ਦੀ ਯੋਜਨਾ ਹੈ। ਇਸ ਬਾਹਰਲੀ ਬਿਜਲੀ ਵਿਚ ਪਾਵਰ ਐਕਸਚੇਂਜ ਤੋਂ ਮਿਲਣ ਵਾਲੀ ਮਹਿੰਗੀ ਬਿਜਲੀ ਵੀ ਸ਼ਾਮਿਲ ਹੁੰਦੀ ਹੈ। ਇਸ ਸਾਲ ਮਾਰਚ ਮਹੀਨੇ ਦੌਰਾਨ ਵੀ ਬਾਹਰਲੇ ਸਰੋਤ (ਪਾਵਰ ਐਕਸਚੇਂਜ) ਤੋਂ 9 ਤੋਂ 10 ਰੁਪਏ ਪ੍ਰਤੀ ਯੂਨਿਟ ਨਾਲ ਬਿਜਲੀ ਖ਼ਰੀਦ ਕੀਤੀ ਜਾ ਰਹੀ ਹੈ, ਜੋ ਗਰਮੀ ਦੇ ਪੂਰੇ ਸੀਜ਼ਨ ਦੌਰਾਨ 18-20 ਰੁਪਏ ਪ੍ਰਤੀ ਯੂਨਿਟ ਹੋ ਸਕਦੀ ਹੈ। ਪਿਛਲੇ ਸਾਲ ਸਤੰਬਰ, 21 ਦੇ ਅੰਕੜਿਆਂ ਮੁਤਾਬਿਕ ਪੀ.ਐੱਸ.ਪੀ.ਸੀ.ਐੱਲ. ਨੇ ਤਕਰੀਬਨ ਉੱਤਰ ਪ੍ਰਦੇਸ਼ ਵਿਚ 278520 ਲੱਖ ਯੂਨਿਟ, ਰਾਜਸਥਾਨ ਵਿਚ 304470 ਲੱਖ ਯੂਨਿਟ ਅਤੇ ਇਸ ਦੇ ਮੁਕਾਬਲੇ ਪੰਜਾਬ ਵਿਚ ਸਿਰਫ 19670 ਲੱਖ ਯੂਨਿਟ ਬਿਜਲੀ ਉਤਪਾਦਨ ਹੋਇਆ। ਪੰਜਾਬ ਵਿਚ ਸਰਕਾਰੀ ਥਰਮਲ ਪਲਾਂਟਾਂ ਦੀ ਹਿੱਸੇਦਾਰੀ ਮਹਿਜ਼ 3 ਫ਼ੀਸਦੀ ਰਹਿ ਗਈ ਹੈ, ਜੋ ਕਿ ਕੌਮੀ ਪੱਧਰ ’ਤੇ 27 ਫ਼ੀਸਦੀ ਹੈ। ਪ੍ਰਾਈਵੇਟ ਸੈਕਟਰ ਦੇ ਥਰਮਲ ਪਲਾਂਟਾਂ ਤੋਂ ਬਿਜਲੀ ਉਤਪਾਦਨ ਹੀ ਸਿਰਦਰਦੀ ਦਾ ਕਾਰਨ ਬਣੇਗਾ। ਪਿਛਲੇ ਸਾਲ ਘੱਟ ਬਿਜਲੀ ਉਤਪਾਦਨ ਕਾਰਨ ਤਲਵੰਡੀ ਸਾਬੋ ਪਲਾਂਟ ਨੇ ਪਾਵਰ ਕੱਟ ਲਗਾਉਣ ਵਿਚ ਮੁੱਖ ਭੂਮਿਕਾ ਨਿਭਾਈ। ਇਸ ਸਾਲ ਵੀ ਪ੍ਰਾਈਵੇਟ ਪਲਾਂਟਾਂ ਤੋਂ ਕੋਲੇ ਦੀ ਘਾਟ ਕਾਰਨ ਸਮਰੱਥਾ ਮੁਤਾਬਕ ਬਿਜਲੀ ਦੀ ਪੈਦਾਵਾਰ ਹੋਣੀ ਸੰਭਵ ਨਹੀਂ ਜਾਪਦੀ। ਨੈਸ਼ਨਲ ਪਾਵਰ ਪੋਰਟਲ ਦੀ ਵੈੱਬਸਾਈਟ ਮੁਤਾਬਿਕ 30 ਮਾਰਚ ਤੱਕ ਤਲਵੰਡੀ ਸਾਬੋ ਅਤੇ ਗੋਇੰਦਵਾਲ ਸਾਹਿਬ ਪਲਾਂਟਾਂ ਕੋਲ ਮਹਿਜ਼ ਇਕ ਦਿਨ ਦਾ ਕੋਲਾ ਹੀ ਉਪਲੱਬਧ ਹੈ, ਜੋ ਕਿ ਨਿਯਮਾਂ ਮੁਤਾਬਕ 26 ਦਿਨਾਂ ਦਾ ਹੋਣਾ ਚਾਹੀਦਾ ਹੈ। ਇਸ ਕਾਰਨ ਇਹ ਪਲਾਂਟ ਆਪਣੀ ਸਮਰੱਥਾ ਤੋਂ ਅੱਧ ਤੋਂ ਵੀ ਘੱਟ ਬਿਜਲੀ ਪੈਦਾ ਕਰ ਰਹੇ ਹਨ, ਜਿਸ ਕਾਰਨ ਪੀ.ਐੱਸ. ਪੀ.ਸੀ.ਐੱਲ. ਨੂੰ ਰੋਜ਼ਾਨਾ 2 ਤੋਂ 3 ਕਰੋੜ ਰੁਪਏ ਦਾ ਵਿੱਤੀ ਨੁਕਸਾਨ ਹੋ ਰਿਹਾ ਹੈ।

ਦੂਜੇ ਪਾਸੇ ਪੰਜਾਬ ਦੀ ਆਪਣੀ ਪਛਵਾੜਾ ਸਥਿਤ ਕੋਲੇ ਦੀ ਖਾਣ ਤੋਂ ਗਰਮੀ ਦੇ ਸੀਜ਼ਨ ਵਿਚ ਕੋਲਾ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੈ। ਇਸ ਲਈ ਕੋਲਾ ਇਕ ਵੱਡਾ ਰੋੜਾ ਰਹੇਗਾ, ਜਿਸ ਕਾਰਨ ਪੰਜਾਬ ਵਿਚ ਬਿਜਲੀ ਸੰਕਟ ਪੈਦਾ ਹੋ ਸਕਦਾ ਹੈ।

ਇਸ ਸਥਿਤੀ ’ਤੇ ਕਾਬੂ ਪਾਉਣ ਲਈ ਬੇਹੱਦ ਜ਼ਰੂਰੀ ਹੈ ਕਿ ਮੰਗ ਨੂੰ ਨਾ ਵਧਣ ਦਿੱਤਾ ਜਾਵੇ ਅਤੇ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ ਕਿ ਮੰਗ 15000 ਮੈਗਾਵਾਟ ਦੇ ਨੇੜੇ-ਤੇੜੇ ਹੀ ਰਹੇ। ਇਸ ਟੀਚੇ ਨੂੰ ਸਿਰੇ ਚੜ੍ਹਾਉਣ ਲਈ ਬਿਜਲੀ ਚੋਰੀ ’ਤੇ ਨਕੇਲ ਪਾਉਣੀ ਜ਼ਰੂਰੀ ਹੈ, ਕਿਉਂਕਿ ਬਿਜਲੀ ਚੋਰੀ ਵੱਧਣ ਨਾਲ ਮੰਗ ਵਿਚ ਚੋਖਾ ਵਾਧਾ ਹੁੰਦਾ ਹੈ। ਨਹੀਂ ਤਾਂ ਇਸ ਸਾਲ ਵੀ ਪੰਜਾਬ ਨੂੰ ਪਾਵਰ ਕੱਟਾਂ ਨਾਲ ਜੂਝਣਾ ਪਵੇਗਾ।



# ਭਗਵੇਂ ਹਿੰਸਕ ਗਰੁੱਪ ਕਾਮਰੇਡਾਂ ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਲੱਗੇ

## ✪ ਰਾਮ ਨੌਮੀ ਦੌਰਾਨ ਮੱਧ ਪ੍ਰਦੇਸ਼, ਗੁਜਰਾਤ ਤੇ ਜੇਐਨਯੂ ਦਿੱਲੀ ਵਿਚ ਭਗਵਿਆਂ ਵਲੋਂ ਹਿੰਸਾ ✪ ਜੇਐਨਯੂ ਹਿੰਸਾ ਦੌਰਾਨ ਭਗਵੀਂ ਜਥੇਬੰਦੀ ਏਬੀਵੀਪੀ ਦੇ ਅਣਪਛਾਤੇ ਕਾਰਕੁਨਾਂ ਖ਼ਿਲਾਫ਼ ਕੇਸ ਦਰਜ ✪ ਯੂਨੀਵਰਸਿਟੀ ਪ੍ਰਸ਼ਾਸਨ ਨੇ ਲਿਆ ਘਟਨਾ ਦਾ ਸਖ਼ਤ ਨੋਟਿਸ

**ਨਵੀਂ ਦਿੱਲੀ/ਏ.ਟੀ.ਨਿਊਜ਼** :- ਭਾਜਪਾ ਦੇ ਰਾਜ ਵਿਚ ਭਗਵਿਆਂ ਦੀ ਗੁੰਡਾਗਰਦੀ ਵੱਧ ਰਹੀ ਹੈ। ਉਹ ਨਫ਼ਰਤ ਫੈਲਾਉਣ ਵਾਲੇ ਭਗਵਿਆਂ ਖਿਲਾਫ ਅਜਿਹੇ ਤੱਤਾਂ 'ਤੇ ਕਦੋਂ ਲਗਾਮ ਕੱਸੇਗੀ, ਕਦੋਂ ਤਕ ਅਜਿਹੇ ਭਗਵੇਂ ਗੁੰਡਾਗਰਦ ਤੱਤਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਜੇ ਅਜਿਹੇ ਰੁਝਾਨ ਜਾਰੀ ਰਹੇ ਤਾਂ ਸਥਿਤੀ ਫਿਰਕੂ ਦੰਗਿਆਂ ਵੱਲ ਵਧ ਸਕਦੀ ਹੈ। ਮੱਧ ਪ੍ਰਦੇਸ਼, ਗੁਜਰਾਤ ਤੇ ਜੇਐਨਯੂ ਦਿੱਲੀ ਵਿਚ ਰਾਮ ਨੌਮੀ ਦੌਰਾਨ ਹਾਲਾਤ ਵਿਗੜਨੇ ਇਸ ਗੱਲ ਦਾ ਸਬੂਤ ਹੈ ਕਿ ਇਸ ਪਿੱਛੇ ਸਿਆਸੀ ਸ਼ਕਤੀਆਂ ਹਨ ਜੋ ਹਿੰਦੂ ਰਾਸ਼ਟਰਵਾਦ ਦੇ ਨਾਮ ਫਿਰਕੂ ਹਿੰਸਾ ਭੜਕਾ ਕੇ ਸੱਤਾ ਹਾਸਲ ਕਰਨਾ ਚਾਹੁੰਦੀਆਂ ਹਨ।

ਹੁਣੇ ਜਿਹੇ ਜਵਾਹਰ ਲਾਲ ਯੂਨੀਵਰਸਿਟੀ ਦੇ ਕਾਵੇਰੀ ਹੋਸਟਲ 'ਚ ਬੀਤੇ ਦਿਨ ਰਾਮ ਨੌਮੀ ਮੌਕੇ ਮੈੱਸ ਵਿਚ ਮਾਸਾਹਾਰੀ ਖਾਣਾ ਪਰੋਸੇ ਜਾਣ ਦੇ ਮੁੱਦੇ 'ਤੇ ਵਿਦਿਆਰਥੀਆਂ ਦੇ ਦੋ ਧੜਿਆਂ ਵਿਚਾਲੇ ਹੋਈ ਝੜਪ ਦੇ ਮਾਮਲੇ ਵਿਚ ਦਿੱਲੀ ਪੁਲਿਸ ਨੇ ਏਬੀਵੀਪੀ ਦੇ ਅਣਪਛਾਤੇ ਗੁੰਡਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਇਸ ਘਟਨਾ ਵਿਚ ਛੇ ਵਿਦਿਆਰਥੀ ਜ਼ਖ਼ਮੀ ਹੋਏ ਸਨ। ਇਸੇ ਦੌਰਾਨ ਯੂਨੀਵਰਸਿਟੀ ਪ੍ਰਸ਼ਾਸਨ ਨੇ ਘਟਨਾ ਦਾ ਸਖਤ ਨੋਟਿਸ ਲੈਂਦਿਆਂ ਵਿਦਿਆਰਥੀਆਂ ਨੂੰ ਸਦਭਾਵਨਾ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਦੂਜੇ ਪਾਸੇ ਇਸ ਹਿੰਸਾ ਦੇ ਰੋਸ ਵਜੋਂ ਯੂਨੀਵਰਸਿਟੀ ਦੀਆਂ ਵਿਦਿਆਰਥੀ ਜਥੇਬੰਦੀਆਂ ਨੇ ਦਿੱਲੀ ਪੁਲਿਸ ਦੇ ਹੈਡਕੁਆਰਟਰ ਦੇ ਬਾਹਰ ਰੋਸ ਮੁਜ਼ਾਹਰਾ ਕਰਦਿਆਂ ਪੁਲਿਸ 'ਤੇ ਵਿਦਿਆਰਥੀਆਂ 'ਤੇ ਤਸ਼ੱਦਦ ਕਰਨ ਦਾ ਦੋਸ਼ ਲਾਇਆ। ਦਿੱਲੀ ਪੁਲਿਸ ਨੇ ਭਗਵੀਂ ਜਥੇਬੰਦੀ ਆਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨਾਲ ਜੁੜੇ ਕਈ ਅਣਪਛਾਤੇ ਵਿਦਿਆਰਥੀਆਂ ਵਿਰੁੱਧ 'ਐਫਆਈਆਰ' ਦਰਜ ਕੀਤੀ ਹੈ।

ਇਸੇ ਦੌਰਾਨ ਜੇਐੱਨਯੂ ਪ੍ਰਸ਼ਾਸਨ ਨੇ ਕਿਹਾ ਕਿ ਕੈਂਪਸ ਵਿੱਚ ਕਿਸੇ ਵੀ ਹਿੰਸਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਦੂਜੇ ਪਾਸੇ ਇਸ ਘਟਨਾ ਦੇ ਰੋਸ ਵਜੋਂ ਦਿੱਲੀ ਤੇ ਲਖਨਊ ਵਿਚ ਰੋਸ ਪ੍ਰਦਰਸ਼ਨ ਕਰਦੇ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦੇ ਮੈਂਬਰਾਂ ਨੂੰ ਦਿੱਲੀ ਪੁਲਿਸ ਦੇ ਹੈੱਡਕੁਆਰਟਰ ਬਾਹਰ ਰੋਸ ਪ੍ਰਦਰਸ਼ਨ ਕਰਦੇ ਸਮੇਂ ਹਿਰਾਸਤ ਵਿੱਚ ਲਿਆ ਗਿਆ ਸੀ। ਆਇਸਾ ਅਨੁਸਾਰ 20 ਪ੍ਰਦਰਸ਼ਨਕਾਰੀਆਂ ਨੂੰ ਸਰਦਾਰ ਪਟੇਲ ਭਵਨ ਤੋਂ ਹਿਰਾਸਤ ਵਿੱਚ ਲੈ ਕੇ ਤੁਗਲਕ ਰੋਡ ਥਾਣੇ ਲਿਜਾਇਆ ਗਿਆ। ਇਸੇ ਦੌਰਾਨ ਦਿੱਲੀ ਦੇ ਗ੍ਰਹਿ ਮੰਤਰੀ ਸਤੇਂਦਰ ਜੈਨ ਨੇ ਕਿਹਾ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਕਾਵੇਰੀ ਹੋਸਟਲ ਵਿੱਚ ਵਿਦਿਆਰਥੀਆਂ ਦੀ ਝੜਪ ਇੱਕ 'ਮੰਦਭਾਗੀ' ਘਟਨਾ ਸੀ। ਦੂਜੇ ਪਾਸੇ ਖੱਬੀਆਂ ਧਿਰਾਂ ਸੀਪੀਆਈ, ਸੀਪੀਆਈ (ਐੱਮ), ਸੀਪੀਆਈ (ਐੱਮਐੱਲ), ਤਰਾਂ ਗੁਜਰਾਤ ਦੇ ਆਨੰਦ ਜ਼ਿਲੇ ਦੇ ਖੰਭਟ ਵਿਚ ਵੀ ਰਾਮ ਨੌਮੀ ਮੌਕੇ ਹੋਈਆਂ ਝੜਪਾਂ ਵਿਚ ਇੱਕ ਵਿਅਕਤੀ ਦੀ ਮੌਤ ਹੋਈ ਹੈ। ਵੱਖ ਵੱਖ ਰਾਜਾਂ ਦੀਆਂ ਅਥਾਰਟੀਆਂ



ਭਾਰਤ ਵਿਚ ਮੁਸਲਮਾਨ ਵਿਰੋਧ ਦਾ ਰੁਝਾਨ ਵਧ ਰਿਹਾ ਹੈ। ਉੱਤਰੀ ਭਾਰਤ ਦੇ ਰਾਜਾਂ ਤੋਂ ਬਾਅਦ ਹੁਣ ਕਰਨਾਟਕ ਇਸ ਵਰਤਾਰੇ ਦੇ ਮੁੱਖ ਕੇਂਦਰ ਵਜੋਂ ਉੱਭਰਿਆ ਹੈ। ਪਹਿਲਾਂ ਹਿਜਾਬ 'ਤੇ ਪਾਬੰਦੀ, ਹਲਾਲ ਮਾਸ ਦੀਆਂ ਦੁਕਾਨਾਂ ਦਾ ਵਿਰੋਧ ਅਤੇ ਮੁਸਲਮਾਨਾਂ ਦੁਆਰਾ ਮੰਦਰਾਂ ਨਜ਼ਦੀਕ ਫੁੱਲ ਤੇ ਹੋਰ ਵਸਤਾਂ ਵੇਚਣ ਤੋਂ ਮਨਾਹੀ ਜਿਹੇ ਵਰਤਾਰੇ ਸਾਹਮਣੇ ਆਏ; ਹੁਣ ਹਿੰਦੂ ਜਨ-ਜਾਗ੍ਰਿਤੀ ਸਮਿਤੀ ਲੋਕਾਂ ਨੂੰ ਮੁਸਲਮਾਨਾਂ ਤੋਂ ਫਲ ਖਰੀਦਣ ਤੋਂ ਵਰਜ ਰਹੀ ਹੈ। ਇਹ ਪ੍ਰਚਾਰ ਨੈਤਿਕ ਪੱਖ ਤੋਂ ਏਨਾ ਡਿਗ ਚੁੱਕਾ ਹੈ ਕਿ ਪ੍ਰਚਾਰ ਕਰਨ ਵਾਲੇ ਇਸ ਨੂੰ 'ਥੁੱਕ ਜਹਾਦ' ਦਾ ਨਾਮ ਦਿੰਦੇ ਤੇ ਦੋਸ਼ ਲਗਾਉਂਦੇ ਹਨ ਕਿ ਮੁਸਲਮਾਨ ਵਿਕਰੇਤਾ ਫਲਾਂ 'ਤੇ ਆਪਣਾ ਥੁੱਕ ਮਲਦੇ ਅਤੇ ਉਨ੍ਹਾਂ ਨੂੰ 'ਮਲੀਨ' ਕਰਦੇ ਹਨ। ਇਹ ਪ੍ਰਚਾਰ ਗਲਤ ਤੇ ਨਫਰਤ ਫੈਲਾਉਣ ਵਾਲਾ ਹੈ। ਕੁਝ ਮੁਸਲਮਾਨ ਜਥੇਬੰਦੀਆਂ ਨੇ ਇਸ ਵਿਰੁੱਧ ਸ਼ਿਕਾਇਤ ਦਰਜ ਕਰਵਾਉਣ ਦੇ ਯਤਨ ਕੀਤੇ ਹਨ ਅਤੇ ਦੋਸ਼ ਲਗਾਇਆ ਹੈ ਕਿ ਪੁਲਿਸ ਉਨ੍ਹਾਂ ਦੀ ਕੋਈ ਮਦਦ ਨਹੀਂ ਕਰ ਰਹੀ। ਹੁਣ ਰਾਮ ਨੌਮੀ ਦੌਰਾਨ ਭਗਵਿਆਂ ਵਲੋਂ ਮੁਸਲਮਾਨਾਂ ਖਿਲਾਫ ਦੰਗੇ ਭੜਕਾਉਣ ਦੀ ਕੋਸ਼ਿਸ਼ ਕੀਤੀ ਹੈ।

ਆਰਐੱਸਪੀ ਤੇ ਏਆਈਐਫਬੀ ਨੇ ਏਬੀਵੀਪੀ ਕਾਰਕੁਨਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

**ਰਾਮ ਨੌਮੀ ਹਿੰਸਾ ਦੌਰਾਨ ਝਾਰਖੰਡ ਤੇ ਗੁਜਰਾਤ ਵਿਚ ਦੋ ਹਲਾਕ, 12 ਜ਼ਖ਼ਮੀ**

ਭਾਰਤ ਦੇ ਕਈ ਹਿੱਸਿਆਂ ਵਿਚ ਰਾਮ ਨੌਮੀ ਦੇ ਸਮਾਗਮਾਂ ਦੌਰਾਨ ਭਗਵੀਂ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ ਹਨ। ਝਾਰਖੰਡ ਦੇ ਲੋਹਾਰਡਾਗਾ ਵਿਚ ਜਿੱਥੇ ਇੱਕ ਮੁਸਲਮਾਨ ਦੀ ਮੌਤ ਹੋ ਗਈ ਤੇ 12 ਜ਼ਖ਼ਮੀ ਹੋਏ ਹਨ ਉੱਥੇ ਹੀ ਮੱਧ ਪ੍ਰਦੇਸ਼ ਦੇ ਖਰਗੋਨ ਸ਼ਹਿਰ ਵਿਚ ਹਿੰਸਾ ਤੋਂ ਬਾਅਦ ਕਰਫਿਊ ਲਾ ਦਿੱਤਾ ਗਿਆ ਹੈ ਅਤੇ ਪੁਲਿਸ ਨੇ ਇੱਥੇ ਹੁਣ ਤੱਕ 80 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸੇ ਦਾ ਕਹਿਣਾ ਹੈ ਕਿ ਹਿੰਸਾ ਪ੍ਰਭਾਵਿਤ ਇਲਾਕਿਆਂ ਵਿਚ ਹਾਲਾਤ ਕਾਬੂ ਹੇਠ ਹਨ ਜਦਕਿ ਮੱਧ ਪ੍ਰਦੇਸ਼ ਪ੍ਰਸ਼ਾਸਨ ਨੇ ਰਾਮਨੌਮੀ ਦੀ ਸ਼ੋਭਾ ਯਾਤਰਾ 'ਤੇ ਪਥਰਾਓ ਕਰਨ ਵਾਲਿਆਂ ਦੇ ਗ਼ੈਰਕਾਨੂੰਨੀ ਢਾਂਚੇ ਢਾਹੁਣ ਦੀ ਮੁਹਿੰਮ ਵਿੱਢ ਦਿੱਤੀ ਹੈ। ਦਸਿਆ ਜਾਂਦਾ ਹੈ ਕਿ ਭਗਵੀਂ ਭੀੜ ਨੇ ਭਗਵੇਂ ਝੰਡਿਆਂ ਤੇ ਹਥਿਆਰਾਂ ਨਾਲ ਮੁਸਲਮਾਨਾਂ ਵਿਰੋਧੀ ਨਾਰੇ ਲਗਾਏ। ਇਕ ਮਸਜਿਦ ਉਪਰ ਭਗਵਾਂ ਝੰਡਾ ਲਹਿਰਾਇਆ।

ਅਧਿਕਾਰੀਆਂ ਨੇ ਦੱਸਿਆ ਕਿ ਖਰਗੋਨ ਦੇ ਐੱਸਪੀ ਸਿੱਧਾਰਥ ਚੌਧਰੀ ਨੂੰ ਹਿੰਸਾ ਦੌਰਾਨ ਗੋਲੀ ਲੱਗੀ ਅਤੇ ਉਨਾਂ ਤੋਂ ਇਲਾਵਾ ਛੇ ਪੁਲਿਸ ਮੁਲਾਜ਼ਮਾਂ ਸਮੇਤ ਘੱਟ ਤੋਂ ਘੱਟ 24 ਵਿਅਕਤੀ ਇਸ ਘਟਨਾ ਵਿਚ ਜ਼ਖ਼ਮੀ ਹੋਏ ਹਨ। ਜ਼ਿਕਰਯੋਗ ਹੈ ਕਿ ਰਾਮਨੌਮੀ ਮੌਕੇ ਸ਼ੋਭਾ ਯਾਤਰਾ 'ਤੇ ਪਥਰਾਅ ਕੀਤੇ ਜਾਣ ਉਪਰੰਤ ਮੁਸਲਮਾਨਾਂ ਦੇ ਕੁਝ ਘਰ ਤੇ ਵਾਹਨ ਸਾੜੇ ਜਾਣ ਦੀਆਂ ਘਟਨਾਵਾਂ ਤੋਂ ਬਾਅਦ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਚਲਾਏ ਸਨ। ਮੁੱਖ ਮੰਤਰੀ ਸ਼ਿਵ ਰਾਜ ਚੌਹਾਨ ਨੇ ਘਟਨਾ ਨੂੰ ਮੰਦਭਾਗਾ ਦਸਦਿਆਂ ਕਿਹਾ ਕਿ ਜਨਤਕ ਤੇ ਨਿੱਜੀ ਜਾਇਦਾਦਾਂ ਦੇ ਹੋਏ ਨੁਕਸਾਨ ਦੀ ਭਰਪਾਈ ਦੰਗਾ ਕਰਨ ਵਾਲਿਆਂ ਤੋਂ ਕੀਤੀ ਜਾਵੇਗੀ। ਉਨਾਂ ਕਿਹਾ, 'ਦੰਗਾ ਕਰਨ ਵਾਲਿਆਂ ਦੀ ਪਛਾਣ ਕਰ ਲਈ ਗਈ ਹੈ ਤੇ ਉਨਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਮੱਧ ਪ੍ਰਦੇਸ਼ 'ਚ ਦੰਗਾ ਕਰਨ ਵਾਲਿਆਂ ਲਈ ਕੋਈ ਥਾਂ ਨਹੀਂ ਹੈ।' ਰਾਮਨੌਮੀ ਦੀ ਸ਼ੋਭਾ ਯਾਤਰਾ ਜਿਹੀ ਹੀ ਪਥਰਾਅ ਦੀ ਘਟਨਾ ਬੜਵਾਨੀ ਜ਼ਿਲੇ ਦੇ ਸੇਂਧਵਾ ਕਸਬੇ ਵਿਚ ਸਾਹਮਣੇ ਆਈ ਜਿਸ ਵਿਚ ਇੱਕ ਥਾਣਾ ਇੰਚਾਰਜ ਤੇ ਪੰਜ ਹੋਰ ਮੁਲਾਜ਼ਮ ਜ਼ਖ਼ਮੀ ਹੋ ਗਏ। ਖਰਗੋਨ ਦੇ ਜ਼ਿਲਾ ਅਧਿਕਾਰੀ ਦੇ ਦਫ਼ਤਰ ਵੱਲੋਂ ਜਾਰੀ ਹੁਕਮਾਂ ਅਨੁਸਾਰ ਲੰਘੀ ਸ਼ਾਮ ਦੀ ਘਟਨਾ ਤੋਂ ਬਾਅਦ ਪੂਰੇ ਖਰਗੋਨ ਸ਼ਹਿਰ ਵਿਚ ਕਰਫਿਊ ਲਾ ਦਿੱਤਾ ਗਿਆ ਹੈ। ਸੂਬੇ ਦੇ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਨੇ ਕਿਹਾ ਖਰਗੋਨ ਵਿਚ ਹਿੰਸਾ ਦੀ ਘਟਨਾ ਦੇ ਸਬੰਧ ਵਿੱਚ ਹੁਣ ਤੱਕ 80 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨਾਂ ਕਿਹਾ, 'ਜਿਨਾਂ ਘਰਾਂ ਤੋਂ ਪਥਰਾਅ ਕੀਤਾ ਗਿਆ ਹੈ, ਉਨਾਂ ਨੂੰ ਮਲਬੇ ਵਿਚ ਬਦਲ ਦਿੱਤਾ ਜਾਵੇਗਾ। ਇਸੇ ਤਰਾਂ ਮੱਧ ਪ੍ਰਦੇਸ਼ ਦੇ ਇੰਦੌਰ ਜ਼ਿਲੇ ਵਿਚ ਰਾਮਨੌਮੀ ਮੌਕੇ ਇੱਕ-ਦੂਜੇ ਨੂੰ ਧਾਰਮਿਕ ਝੰਡੇ ਦਿਖਾਉਣ ਦੇ ਦੋਸ਼ ਹੇਠ 60 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਕਾਂਗਰਸ ਦੀ ਮੱਧ ਪ੍ਰਦੇਸ਼ ਇਕਾਈ ਨੇ ਇਸ ਘਟਨਾ ਦੀ ਜਾਂਚ ਲਈ ਪੰਜ ਮੈਂਬਰੀ ਤੱਥ ਖੋਜ ਕਮੇਟੀ ਦਾ ਗਠਨ ਕੀਤਾ ਹੈ। ਪਾਰਟੀ ਦੇ ਇੱਕ ਆਗੂ ਨੇ ਦੱਸਿਆ ਕਿ ਕਮੇਟੀ ਆਪਣੀ ਰਿਪੋਰਟ ਕਾਂਗਰਸ ਦੇ ਸੂਬਾ ਪ੍ਰਧਾਨ ਕਮਲਨਾਥ ਨੂੰ ਸੌਂਪੇਗੀ। ਇਸੇ ਤਰਾਂ ਗੁਜਰਾਤ ਵਿਚ ਆਨੰਦ ਜ਼ਿਲੇ ਦੇ ਖੰਭਾਤ ਵਿਚ ਹੋਈ ਹਿੰਸਾ ਤੇ ਪਥਰਾਅ 'ਚ ਸ਼ਮੂਲੀਅਤ ਦੇ ਦੋਸ਼ ਹੇਠ ਪੁਲੀਸ ਨੇ ਨੌਂ ਜਣਿਆਂ ਨੂੰ ਹਿਰਾਸਤ ਵਿਚ ਲਿਆ ਹੈ ਜਦਕਿ ਅਜਿਹੀ ਹੀ ਘਟਨਾ ਤੋਂ ਬਾਅਦ ਸਾਬਰਕਾਂਠਾ ਦੇ ਹਿੰਮਤਨਗਰ ਕਸਬੇ 'ਚ ਧਾਰਾ 144 ਲਗਾ ਦਿੱਤੀ ਗਈ ਹੈ।

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਨਫ਼ਰਤ ਤੇ ਹਿੰਸਾ ਦੇਸ਼ ਨੂੰ ਕਮਜ਼ੋਰ ਕਰ ਰਹੇ ਹਨ ਅਤੇ ਅਜਿਹੇ ਵਿਚ ਇਨਸਾਫ਼ ਪਸੰਦ ਲੋਕਾਂ ਨੂੰ ਭਾਰਤ ਲਈ ਖੜੇ ਹੋਣ ਦੀ ਲੋੜ ਹੈ। ਉਨਾਂ ਰਾਮਨੌਮੀ ਮੌਕੇ ਬੀਤੇ ਦਿਨ ਦੇਸ਼ ਦੇ ਕੁਝ ਸ਼ਹਿਰਾਂ ਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਮਗਰੋਂ ਇਹ ਗੱਲ ਕਹੀ ਹੈ।

# ਸੁਨੀਲ ਜਾਖੜ ਨੂੰ ਚੰਨੀ ਦੀ ਨਿੰਦਾ ਕਰਦੇ ਦਲਿਤ ਭਾਈਚਾਰੇ ਖ਼ਿਲਾਫ਼ ਬੋਲਣਾ ਪਿਆ ਮਹਿੰਗਾ

## ਐਸ ਸੀ ਕਮਿਸ਼ਨ ਵੱਲੋਂ ਕਾਰਵਾਈ ਦੇ ਹੁਕਮ

**ਚੰਡੀਗੜ੍ਹ/ਏ.ਟੀ.ਨਿਊਜ਼** :- ਕਾਂਗਰਸੀ ਆਗੂ ਸੁਨੀਲ ਜਾਖੜ ਨੂੰ ਦਲਿਤ ਭਾਈਚਾਰੇ ਖ਼ਿਲਾਫ ਬੋਲਣਾ ਮਹਿੰਗਾ ਪੈ ਗਿਆ ਹੈ, ਕਿਉਂਕਿ ਦਲਿਤ ਭਾਈਚਾਰੇ ਵਿਰੁੱਧ ਅਪਸ਼ਬਦ ਬੋਲੇ ਜਾਣ ਦੇ ਮਾਮਲੇ ਵਿਚ ਐੱਸਸੀ ਕਮਿਸ਼ਨ ਚੰਡੀਗੜ੍ਹ ਨੇ ਨੋਟਿਸ ਲੈਂਦਿਆਂ ਜਲੰਧਰ ਦੇ ਪੁਲਿਸ ਕਮਿਸ਼ਨਰ ਨੂੰ ਕਾਂਗਰਸੀ ਨੇਤਾ ਸੁਨੀਲ ਜਾਖੜ ਖਿਲਾਫ਼ 15 ਦਿਨਾਂ ਅੰਦਰ ਜਾਂਚ ਕਰਕੇ ਐੱਸਸੀਐੱਸਟੀ ਐਕਟ ਤਹਿਤ ਐੱਫਆਈਆਰ ਦਰਜ ਕਰਨ ਲਈ ਕਿਹਾ ਹੈ।



ਦਰਅਸਲ ਵਿਚ ਦਲਿਤ ਮੋਰਚਾ ਪੰਜਾਬ ਦੇ ਮੈਂਬਰ ਵਿਜੇ ਕੁਮਾਰ ਨੇ ਅਨੁਸੂਚਿਤ ਜਾਤੀਆਂ ਲਈ ਕੌਮੀ ਕਮਿਸ਼ਨ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਕਾਂਗਰਸੀ ਆਗੂ ਸੁਨੀਲ ਜਾਖੜ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਦਲਿਤ ਸਮਾਜ ਤੋਂ ਹੋਣ ਕਰਕੇ ਪੈਰਾਂ ਦੀ ਜੁੱਤੀ ਕਿਹਾ ਸੀ। ਜਿਸ ਨਾਲ ਉਨਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨਾਂ ਸ਼ਿਕਾਇਤ ਵਿਚ ਕਿਹਾ ਕਿ ਇੱਕ ਟੀਵੀ ਚੈਨਲ 'ਤੇ ਇੰਟਰਵਿਊ ਦੌਰਾਨ ਸੁਨੀਲ ਜਾਖੜ ਨੇ ਇਹ ਸ਼ਬਦ ਕਹੇ ਹਨ। ਜਿਸ ਨਾਲ ਉਨਾਂ ਕਾਨੂੰਨੀ ਤੌਰ 'ਤੇ ਅਪਰਾਧ ਕੀਤਾ ਹੈ ਅਤੇ ਉਨਾਂ ਨੂੰ ਅਜਿਹਾ ਕਰਨ ਤੋਂ ਰੋਕਣਾ ਜ਼ਰੂਰੀ ਹੈ ਤਾਂ ਜੋ ਉਨਾਂ ਵਿਚ ਕਾਨੂੰਨ ਦਾ ਡਰ ਰਹੇ। ਜਿਸ ਤੋਂ ਬਾਅਦ ਕਮਿਸ਼ਨ ਵੱਲੋਂ ਜਲੰਧਰ ਪੁਲਿਸ ਕਮਿਸ਼ਨਰ ਨੂੰ ਹੁਕਮ ਜਾਰੀ ਕੀਤੇ ਗਏ ਹਨ ਕਿ 15 ਦਿਨਾਂ ਅੰਦਰ ਮਾਮਲੇ ਦੀ ਜਾਂਚ ਕਰਕੇ ਜਾਖੜ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਜਾਵੇ। ਜੇ ਜਲੰਧਰ ਪੁਲਿਸ ਨੇ 15 ਦਿਨਾਂ ਅੰਦਰ ਕਾਰਵਾਈ ਨਾ ਕੀਤੀ ਤਾਂ ਪੁਲਿਸ ਕਮਿਸ਼ਨਰ ਜਾਂ ਉਨਾਂ ਦੇ ਕਿਸੇ ਨੁਮਾਇੰਦੇ ਨੂੰ ਐੱਸਸੀ ਕਮਿਸ਼ਨ ਸਾਹਮਣੇ ਪੇਸ਼ ਹੋਣਾ ਪਵੇਗਾ।

ਦੱਸ ਦੇਈਏ ਕਿ ਓਧਰ ਕਾਂਗਰਸ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਪੰਜਾਬ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਜਾਖੜ ਨੂੰ ਇਹ ਨੋਟਿਸ ਉਨਾਂ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਲੈ ਕੇ ਦਿੱਤੇ ਬਿਆਨ ਦੇ ਮੱਦੇਨਜ਼ਰ ਜਾਰੀ ਕੀਤਾ ਗਿਆ ਹੈ।

# ਪ੍ਰਸਿੱਧ ਗਜ਼ਲਕਾਰ ਸੰਤੋਖ ਸਿੰਘ ਹੇਅਰ ਦੀ ਕਿਤਾਬ 'ਹਰਾ ਚੂੜਾ' ਲੋਕ ਅਰਪਿਤ



**ਯੂ.ਕੇ./ਅਮਨਦੀਪ ਧਾਲੀਵਾਲ:** ਬੀਤੇ ਦਿਨੀਂ ਕੁਵੈਂਟਰੀ (ਯੂ.ਕੇ.) ਵਿਖੇ ਰੇਡਿਓ ਪੰਜ ਤੇ ਸਤਿਕਾਰਯੋਗ ਪ੍ਰਸਿੱਧ ਗਜ਼ਲਕਾਰ ਸੰਤੋਖ ਸਿੰਘ ਹੇਅਰ ਦੀ ਕਹਾਣੀਆਂ ਦੀ ਕਿਤਾਬ 'ਹਰਾ ਚੂੜਾ' ਲੋਕ ਅਰਪਿਤ ਹਿਤ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੌਰਾਨ ਜਿੱਥੇ ਰਚਨਾਵਾਂ ਦਾ ਦੌਰ ਚੱਲਿਆ ਉੱਥੇ ਸੰਤੋਖ ਸਿੰਘ ਹੇਅਰ ਦੀ ਕਿਤਾਬ 'ਹਰਾ ਚੂੜਾ' ਸੰਬੰਧੀ ਵਿਚਾਰ ਚਰਚਾ ਵੀ ਕੀਤੀ ਗਈ। ਇਸ ਸਮੇਂ ਆਪਣੇ ਵਿਚਾਰ ਪੇਸ਼ ਕਰਦਿਆਂ ਉਸਤਾਦ ਬਲਦੇਵ ਮਸਤਾਨਾ, ਕੁਲਵੰਤ ਢੇਸੀ ਅਤੇ ਜ਼ਿੰਦਾ ਸੁਰੀਲਾ ਨੇ ਕਿਹਾ ਕਿ ਸੰਤੋਖ ਸਿੰਘ ਹੇਅਰ ਇਸ ਕਾਰਜ ਲਈ ਵਧਾਈ ਦੇ ਹੱਕਦਾਰ ਹਨ ਅਤੇ ਉਨਾਂ ਕਿਹਾ ਕਿ ਸੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ ਜਿੱਥੇ ਲੋਕਾਂ ਕੋਲ ਸਮਾਂ ਨਹੀਂ ਉੱਥੇ ਕਿਤਾਬਾਂ ਲਿਖਣਾ ਅਤੇ ਕਿਤਾਬਾਂ ਨਾਲ ਜੁੜੇ ਰਹਿਣਾ ਬੜੀ ਮਾਣ ਵਾਲੀ ਗੱਲ ਹੈ। ਜ਼ਿੰਦਗੀ ਵਿੱਚ ਉਹੀ ਕੌਮਾਂ ਤਰੱਕੀ ਕਰਦੀਆਂ ਹਨ ਜੋ ਕਿਤਾਬਾਂ ਦੇ ਨਾਲ ਜੁੜਕੇ ਰਹਿੰਦੀਆਂ ਹਨ। ਸਮਾਗਮ ਦੌਰਾਨ ਖਰਲਵੀਰ, ਡਾ. ਜਰਨੈਲ ਸਿੰਘ, ਸੁਰਜੀਤ ਸਿੰਘ, ਰਜਿੰਦਰ ਮਾਨ, ਬਲਵੰਤ ਕੰਗ, ਦਵਿੰਦਰ ਸਿੰਘ ਸੋਮਲ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਬਾਰੇ ਪੰਜਾਬ ਸਰਕਾਰ ਦੀ ਮਦਦ ਲੈਣ ਤੋਂ ਸ਼੍ਰੋਮਣੀ ਕਮੇਟੀ ਵਲੋਂ ਨਾਹ

## ✪ ਜਥੇਦਾਰ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਚੈਨਲ ਸ਼ੁਰੂ ਹੋਣ ਤੱਕ ਆਪਣੇ ਵੈੱਬ ਚੈਨਲ ਰਾਹੀਂ ਗੁਰਬਾਣੀ-ਕੀਰਤਨ ਦਾ ਪ੍ਰਸਾਰਨ ਕਰਨ ਦੀ ਦਿੱਤੀ ਸਲਾਹ
## ✪ ਜਥੇਦਾਰ ਨੇ ਕਿਹਾ ਕਿ ਪੰਜਾਬ ਸਰਕਾਰ ਜਲਦ ਤੋਂ ਜਲਦ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਕੋਲ ਪਹੁੰਚ ਕਰਕੇ ਚੈਨਲ ਲਈ ਮਨਜ਼ੂਰੀ ਦਿਵਾਏ

ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਦਾ ਪ੍ਰਸਾਰਨ ਪੂਰੀ ਦੁਨੀਆ ਵਿਚ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਸਹਿਯੋਗ ਦੇਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ 'ਸਰਬ-ਸਾਂਝੀ ਗੁਰਬਾਣੀ' ਦੇ ਦੁਨੀਆ ਭਰ ਵਿਚ ਪਾਸਾਰ ਤੇ ਪ੍ਰਚਾਰ ਲਈ ਸਰਕਾਰ ਵੱਲੋਂ ਹਰ ਸੰਭਵ ਮਦਦ ਦਿੱਤੀ ਜਾਵੇਗੀ ਤਾਂ ਜੋ 'ਸਰਬੱਤ ਦੇ ਭਲੇ' ਦੇ ਇਲਾਹੀ ਸੰਦੇਸ਼ ਨੂੰ ਦੁਨੀਆ ਭਰ ਵਿੱਚ ਵਸਦੇ ਲੋਕਾਂ ਤੱਕ ਪਹੁੰਚਾਇਆ ਜਾ ਸਕੇ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਦਰਬਾਰ ਸਾਹਿਬ ਤੋਂ ਗੁਰਬਾਣੀ-ਕੀਰਤਨ ਨੂੰ ਇੱਕੋ ਮਾਧਿਅਮ ਤੱਕ ਸੀਮਤ ਕਰਨ ਦੀ ਬਜਾਏ ਸੈਟੇਲਾਈਟ ਟੀਵੀ ਸਮੇਤ ਸੰਚਾਰ ਦੇ ਵੱਖ-ਵੱਖ ਪਲੇਟਫਾਰਮਾਂ ਜਿਵੇਂ ਰੇਡੀਓ, ਐੱਫਐੱਮ, ਸੋਸ਼ਲ ਮੀਡੀਆ, ਮੋਬਾਈਲ ਐਪਸ ਧਾਰਮਿਕ ਚੈਨਲ ਅਤੇ ਹੋਰ ਚਾਹਵਾਨ ਚੈਨਲਾਂ 'ਤੇ ਪ੍ਰਸਾਰਿਤ ਕੀਤਾ ਜਾਵੇ। ਉਨ੍ਹਾਂ ਗੁਰਬਾਣੀ ਦੇ ਪ੍ਰਸਾਰਨ ਲਈ ਪੰਜਾਬ ਸਰਕਾਰ ਵੱਲੋਂ ਦਰਬਾਰ ਸਾਹਿਬ ਵਿਖੇ ਨਵੀਨਤਮ ਬੁਨਿਆਦੀ ਢਾਂਚਾ/ਤਕਨਾਲੋਜੀ ਸਥਾਪਤ ਕਰਨ ਦੀ ਵੀ ਪੇਸ਼ਕਸ਼ ਕੀਤੀ। ਪੰਜਾਬ ਸਰਕਾਰ ਦੇ ਇਸ ਫੈਸਲੇ ਨੂੰ ਰਦ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਮੁੱਖ ਮੰਤਰੀ ਸਿਆਸਤ ਕਰਨ ਦੀ ਬਜਾਏ ਸਰਕਾਰ ਦੇ ਕੰਮਾਂ ਵੱਲ ਧਿਆਨ ਦੇਣ ਤੇ ਗੁਰਬਾਣੀ ਪ੍ਰਸਾਰਨ ਸਬੰਧੀ ਯਤਨ ਕਮੇਟੀ ਵੱਲੋਂ ਪਹਿਲਾਂ ਹੀ ਸ਼ੁਰੂ ਕਰ ਦਿੱਤੇ ਗਏ ਹਨ।

ਜ਼ਿਕਰਯੋਗ ਹੈ ਕਿ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਦੇ ਅਧਿਕਾਰ ਇੱਕ ਨਿਜੀ ਚੈਨਲ ਪੀਟੀਸੀ ਕੋਲ ਹਨ ਪਰ



ਪਿਛਲੇ ਕੁਝ ਦਿਨਾਂ ਤੋਂ ਇਸ ਚੈਨਲ ਸਬੰਧੀ ਇਕ ਕਥਿਤ ਸੈਕਸ ਕਾਂਡ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਚੈਨਲ ਦੇ ਪ੍ਰਬੰਧਕ ਨੂੰ ਗ੍ਰਿਫਤਾਰ ਕੀਤਾ ਜਾ ਚੁਕਾ ਹੈ।ਇਸ ਕਰਕੇ ਸ੍ਰੋਮਣੀ ਕਮੇਟੀ ਨੂੰ ਵੀ ਨਮੋਸ਼ੀ ਹੋਈ ਹੈ।ਸਿਖ ਸੰਗਤਾਂ ਵਿਚ ਇਸ ਕਾਰਨ ਨਰਾਜ਼ਗੀ ਪਾਈ ਜਾ ਰਹੀ ਹੈ। ਸਿੱਖ ਜਥੇਬੰਦੀਆਂ ਅਤੇ ਹੋਰਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਸ਼੍ਰੋਮਣੀ ਕਮੇਟੀ ਇਸ ਵਿਵਾਦਤ ਨਿੱਜੀ ਟੀਵੀ ਚੈਨਲ ਰਾਹੀਂ ਦਰਬਾਰ ਸਾਹਿਬ ਤੋਂ ਹੁੰਦੇ ਗੁਰਬਾਣੀ ਦੇ ਕੀਰਤਨ ਦਾ ਪ੍ਰਸਾਰਨ ਬੰਦ ਕਰੇ। ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਇਸ ਵਿਵਾਦ ਦਾ ਹਵਾਲਾ ਦਿੰਦੇ ਹੋਏ ਕਈ ਮੈਂਬਰਾਂ ਨੇ ਸ਼੍ਰੋਮਣੀ ਕਮੇਟੀ ਦੇ ਗੁਰਬਾਣੀ ਪ੍ਰਸਾਰਨ ਲਈ ਆਪਣੇ ਚੈਨਲ ਨੂੰ ਲਾਂਚ ਕਰਨ ਦੀ ਗੱਲ ਆਖੀ ਗਈ ਸੀ। ਸ਼੍ਰੋਮਣੀ ਕਮੇਟੀ ਦੇ ਬਜਟ ਸੈਸ਼ਨ ਦੌਰਾਨ ਮੈਂਬਰ ਕਿਰਨਜੋਤ ਕੌਰ ਅਤੇ ਬਲਵਿੰਦਰ ਸਿੰਘ ਬੈਂਸ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਸੀ ਕਿ ਇਸ ਮਾਮਲੇ ਦਾ ਨੋਟਿਸ ਲਿਆ ਜਾਵੇ। ਬੀਬੀ ਕਿਰਨਜੋਤ ਕੌਰ ਨੇ ਆਖਿਆ ਕਿ ਪੰਜਾਬ ਸਰਕਾਰ ਸੰਵਿਧਾਨ ਮੁਤਾਬਕ ਧਰਮ ਨਿਰਪੱਖ ਹੈ ਅਤੇ ਇਸ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਨਹੀਂ ਦੇਣੀ ਚਾਹੀਦੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਦਫ਼ਤਰ ਵਿੱਚ ਭਗਤ ਸਿੰਘ ਦੀ ਤਸਵੀਰ ਲਗਾਈ ਹੈ ਜੋ ਕਿ ਨਾਸਤਿਕ ਸੀ। ਸਿੱਖ ਧਰਮ ਪ੍ਰਤੀ ਆਪਣੇ ਫਰਜ਼ਾਂ ਦੀ ਉਹ ਗੱਲ ਕਰਦੇ ਹਨ ਪਰ ਇਸਦਾ ਕੋਈ ਹਿੰਟ ਤਾਂ ਦੇਣ।' ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਵੀ ਆਖਦੇ ਹਨ ਕਿ ਗੁਰਬਾਣੀ ਦਾ ਚੈਨਲ ਚਲਾਉਣਾ ਸਰਕਾਰ ਦਾ ਕੰਮ ਨਹੀਂ ਹੈ। ਉਨ੍ਹਾਂ ਮੁਤਾਬਕ ਸ਼੍ਰੋਮਣੀ ਕਮੇਟੀ ਇੱਕ ਖ਼ੁਦਮੁਖ਼ਤਿਆਰ ਸੰਸਥਾ ਹੈ ਅਤੇ ਉਹ ਆਪਣਾ ਚੈਨਲ ਚਲਾ ਸਕਦੇ ਹਨ।ਉਹ ਆਖਦੇ ਹਨ ਕਿ 1999 ਵਿੱਚ ਆਨੰਦਪੁਰ ਸਾਹਿਬ ਖ਼ਾਲਸਾ ਹੈਰੀਟੇਜ ਕੰਪਲੈਕਸ ਰਾਹੀਂ ਧਾਰਮਿਕ ਮਾਮਲਿਆਂ ਵਿੱਚ ਪੰਜਾਬ ਸਰਕਾਰ ਦੀ ਦਖ਼ਲਅੰਦਾਜ਼ੀ ਦੀ ਸ਼ੁਰੂਆਤ ਹੋਈ ਸੀ ਜੋ ਕਿ ਹੀਰ ਰਾਂਝਿਆਂ, ਸਮਾਧਾਂ ਦੀਆਂ ਝਾਕੀਆਂ ਦਿਖਾਕੇ ਪੰਥਕ ਫਲਸਫੇ ਨੂੰ ਢਾਹ ਲਗਾਈ ਹੈ। ਉਹ ਆਖਦੇ ਹਨ ਕਿ ਜੇਕਰ ਸ਼੍ਰੋਮਣੀ ਕਮੇਟੀ ਆਪਣਾ ਚੈਨਲ ਲਾਂਚ ਕਰਨ ਲਈ



ਸਹਾਇਤਾ ਦੀ ਅਪੀਲ ਕਰੇ ਤਾਂ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਸਿੱਖ ਇਸ ਨੂੰ ਪੂਰਾ ਕਰ ਦੇਣਗੇ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਪ੍ਰਸਾਰਣ ਲਈ ਸ਼੍ਰੋਮਣੀ ਕਮੇਟੀ ਨੂੰ ਆਪਣਾ ਚੈਨਲ ਖੋਲਣ ਵਿਚ ਪੇਸ਼ ਆਉਣ ਵਾਲੀਆਂ ਕਾਨੂੰਨੀ ਪ੍ਰਕਿਰਿਆਵਾਂ ਨੂੰ ਹੱਲ ਕਰਕੇ ਜਲਦ ਤੋਂ ਜਲਦ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਕੋਲੋਂ ਲੋੜੀਂਦੀ ਮਨਜ਼ੂਰੀ ਦਿਵਾਵੇ ਤਾਂ ਜੋ ਗੁਰਬਾਣੀ ਕੀਰਤਨ ਲਈ ਆਪਣਾ ਚੈਨਲ ਹੋਣ ਦਾ ਸਿੱਖ ਕੌਮ ਦਾ ਚਿਰੋਕਣਾ ਸੁਪਨਾ ਜਲਦ ਪੂਰਾ ਕੀਤਾ ਜਾ ਸਕੇ। ਜਦੋਂ ਤੱਕ ਟੈਲੀਵਿਜ਼ਨ ਚੈਨਲ ਆਰੰਭ ਨਹੀਂ ਹੁੰਦਾ ਉਦੋਂ ਤੱਕ ਸ਼੍ਰੋਮਣੀ ਕਮੇਟੀ ਦਾ ਆਈਟੀ ਵਿੰਗ ਆਪਣਾ ਵੈੱਬ ਚੈਨਲ ਬਣਾ ਕੇ ਦਰਬਾਰ ਸਾਹਿਬ ਦੇ ਕੀਰਤਨ ਦਾ ਪ੍ਰਸਾਰਣ ਚਲਾਵੇ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸ਼੍ਰੋਮਣੀ ਕਮੇਟੀ ਨੂੰ ਗੁਰਬਾਣੀ ਪ੍ਰਸਾਰਣ ਲਈ ਚੈਨਲ ਖੋਲਣ ਵਿਚ ਸਰਕਾਰ ਦੁਆਰਾ ਸਾਰਾ ਪੈਸਾ ਖਰਚਣ ਦੀ ਕੀਤੀ ਪੇਸ਼ਕਸ਼ 'ਤੇ ਪ੍ਰਤੀਕਿਰਿਆ ਦਿੰਦਿਆਂ ਆਖਿਆ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸ਼੍ਰੋਮਣੀ ਕਮੇਟੀ ਨੂੰ ਚੈਨਲ ਖੋਲਣ ਵਿਚ ਸਹਾਇਤਾ ਦੀ ਪੇਸ਼ਕਸ਼ 'ਤੇ ਉਨ੍ਹਾਂ ਦੀ ਨਿੱਜੀ ਭਾਵਨਾ ਦਾ ਸਤਿਕਾਰ ਕਰਦੇ ਹਨ ਪਰ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਦੀ ਸੇਵਾ ਲਈ ਖ਼ਾਲਸਾ ਪੰਥ ਅਤੇ ਇਸ ਦੀਆਂ ਸੰਸਥਾਵਾਂ ਏਨੀਆਂ ਸਮਰੱਥ ਹਨ ਕਿ ਉਨ੍ਹਾਂ ਨੂੰ ਇਸ ਦੇ ਲਈ ਕਿਸੇ ਸਰਕਾਰ ਤੋਂ ਵਿੱਤੀ ਸਹਾਇਤਾ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਦਰਬਾਰ ਸਾਹਿਬ ਦੇ ਗੁਰਬਾਣੀ ਕੀਰਤਨ ਦੇ ਪ੍ਰਸਾਰਣ ਲਈ ਸ਼੍ਰੋਮਣੀ ਕਮੇਟੀ ਵਲੋਂ ਖੋਲੇ ਜਾਣ ਵਾਲੇ ਚੈਨਲ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਸੁਹਿਰਦ ਭਾਵਨਾ ਰੱਖਦੇ ਹਨ ਤਾਂ ਉਹ ਪੰਜਾਬ ਸਰਕਾਰ ਵਲੋਂ ਜਲਦ ਤੋਂ ਜਲਦ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਕੋਲ ਪਹੁੰਚ ਕਰਕੇ ਚੈਨਲ ਲਈ ਲੋੜੀਂਦੀਆਂ ਕਾਨੂੰਨੀ ਪ੍ਰਕਿਰਿਆਵਾਂ ਪੂਰੀਆਂ ਕਰਕੇ ਚੈਨਲ ਸ਼ੁਰੂ ਕਰਵਾਉਣ ਦੀ ਮਨਜ਼ੂਰੀ ਦਿਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਨਿਰੋਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਮਸਲਾ ਹੋਣ ਕਾਰਨ ਇਸ 'ਤੇ ਸਰਕਾਰ ਨੂੰ ਵੀ ਸਿਆਸਤ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਆਪਣਾ ਟੈਲੀਵਿਜ਼ਨ ਚੈਨਲ ਚਲਾ ਕੇ ਜਿੱਥੇ ਦਰਬਾਰ ਸਾਹਿਬ ਦੇ ਕੀਰਤਨ ਦਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ, ਉੱਥੇ ਦੇਸ਼-ਵਿਦੇਸ਼ ਦੀਆਂ ਪੰਥਕ ਤੇ ਧਾਰਮਿਕ ਸਰਗਰਮੀਆਂ ਦੇ ਨਾਲ-ਨਾਲ ਪਿਛਲੇ ਸਮਿਆਂ ਦੌਰਾਨ ਸਿੱਖ ਕੌਮ ਨਾਲ ਵਾਪਰੇ ਸਾਕਿਆਂ ਦੇ ਬਿਰਤਾਂਤ ਨੂੰ ਵੀ ਦਿਖਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਜਲਦੀ ਸ਼੍ਰੋਮਣੀ ਕਮੇਟੀ ਨੂੰ ਚੈਨਲ ਸਬੰਧੀ ਲੋੜੀਂਦੀ ਮਨਜ਼ੂਰੀ ਦਿਵਾ ਦੇਵੇ ਤਾਂ ਸ਼੍ਰੋਮਣੀ ਕਮੇਟੀ ਵਲੋਂ 6 ਜੂਨ ਘੱਲੂਘਾਰਾ ਦਿਵਸ ਤੋਂ ਪਹਿਲਾਂ-ਪਹਿਲਾਂ ਚੈਨਲ ਆਰੰਭ ਕਰ ਦਿੱਤਾ ਜਾਵੇਗਾ ਤਾਂ ਜੋ ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖ ਇਸ ਵਾਰ ਘੱਲੂਘਾਰਾ ਦਿਵਸ ਦੇ ਸਮਾਗਮਾਂ ਦਾ ਸਿੱਧਾ ਪ੍ਰਸਾਰਣ ਵੇਖ ਸਕਣ।

ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਖਿਆ ਗਿਆ ਸੀ ਕਿ ਇਸ ਲਈ ਘੱਟੋ ਘੱਟ 200 ਕਰੋੜ ਰੁਪਏ ਦੀ ਜ਼ਰੂਰਤ ਪਵੇਗੀ। ਸ਼੍ਰੋਮਣੀ ਕਮੇਟੀ ਨੇ ਆਖਿਆ ਕਿ ਅਕਾਲ ਤਖ਼ਤ ਜਥੇਦਾਰ ਦੇ ਆਦੇਸ਼ ਮੁਤਾਬਕ ਸ਼੍ਰੋਮਣੀ ਕਮੇਟੀ ਨੇ ਇੱਕ ਸੱਤ ਮੈਂਬਰੀ ਸਬ ਕਮੇਟੀ ਦਾ ਗਠਨ ਕੀਤਾ ਹੈ ਜੋ ਇਸ ਸਬੰਧੀ ਆਪਣੀ ਰਿਪੋਰਟ ਦਰਜ ਕਰੇਗੀ ਅਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

ਹੁਣੇ ਜਿਹੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇਕ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਆਪਣੇ ਚੈਨਲ ਸਬੰਧੀ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਕੋਲੋਂ ਮਨਜ਼ੂਰੀ ਲੈਣ ਸਬੰਧੀ ਪੱਤਰ ਦੀ ਇਕ ਕਾਪੀ ਉਨ੍ਹਾਂ ਨੂੰ ਵੀ ਭੇਜੀ ਜਾਵੇ ਤਾਂ ਜੋ ਉਹ ਇਹ ਮਨਜ਼ੂਰੀ ਪ੍ਰਾਪਤ ਕਰਨ ਲਈ ਯਤਨ ਕਰ ਸਕਣ। ਪੱਤਰ ਵਿਚ ਉਨ੍ਹਾਂ ਕਿਹਾ ਕਿ ਉਹ ਗੁਰੂ ਨਗਰੀ ਤੋਂ ਸੰਸਦ ਮੈਂਬਰ ਹਨ ਅਤੇ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਇਸ ਅਹਿਮ ਅਤੇ ਪਵਿੱਤਰ ਕੰਮ ਲਈ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ।

## ਸੱਚੋ ਸੱਚ ਦਸ ਵੇ ਜੋਗੀਆ

### ਸੌਦਾ ਸਾਧ ਕੱਟੜਪੰਥੀ ਅਪਰਾਧੀ ਨਹੀਂ ਹਾਈਕੋਰਟ ਦਾ ਅਜੀਬ ਫੈਸਲਾ

ਡੇਰਾ ਮੁਖੀ ਸੌਦਾ ਸਾਧ ਕੱਟੜਪੰਥੀ ਅਪਰਾਧੀ ਨਹੀਂ ਹੈ, ਇਸ ਲਈ ਹਾਈ ਕੋਰਟ ਨੂੰ ਉਸ ਨੂੰ ਫਰਲੋ ਅਤੇ ਪੈਰੋਲ ਦਿੱਤੇ ਜਾਣ 'ਤੇ ਕੋਈ ਇਤਰਾਜ਼ ਨਹੀਂ ਹੈ। ਪੰਜਾਬ-ਹਰਿਆਣਾ ਹਾਈਕੋਰਟ ਨੇ ਇਹ ਅਜੀਬ ਫੈਸਲਾ ਹਰਿਆਣਾ ਸਰਕਾਰ ਵੱਲੋਂ ਸੌਦਾ ਸਾਧ ਨੂੰ ਦਿੱਤੀ ਗਈ 21 ਦਿਨਾਂ ਦੀ ਫਰਲੋ ਮਾਮਲੇ ਵਿਚ ਦਾਇਰ ਪਟੀਸ਼ਨ 'ਤੇ ਦਿੱਤਾ ਹੈ।

ਯਾਦ ਰਹੇ ਕਿ ਡੇਰਾ ਮੁਖੀ ਨੂੰ ਮਿਲੀ ਫਰਲੋ ਦੇ ਖਿਲਾਫ ਪਟਿਆਲਾ ਦੇ ਪਰਮਜੀਤ ਸਿੰਘ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਸੀ ਕਿ ਡੇਰਾ ਮੁਖੀ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਫਰਲੋ ਦਿੱਤੀ ਗਈ ਸੀ। ਡੇਰਾ ਮੁਖੀ ਗੰਭੀਰ ਅਪਰਾਧੀ ਹੈ, ਇਸ ਲਈ ਉਸ ਨੂੰ ਦਿੱਤੀ ਗਈ ਫਰਲੋ ਰੱਦ ਹੋਣੀ ਚਾਹੀਦੀ ਹੈ। ਇਸ ਦੇ ਜਵਾਬ ਵਿੱਚ ਹਰਿਆਣਾ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਡੇਰਾ ਸੱਚਾ ਸੌਦਾ ਮੁਖੀ ਨੂੰ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਠਹਿਰਾਇਆ ਗਿਆ ਹੈ। ਉਸ 'ਤੇ ਇਨ੍ਹਾਂ ਮਾਮਲਿਆਂ ਵਿਚ ਸਹਿ-ਮੁਲਜ਼ਮਾਂ ਨਾਲ ਸਾਜ਼ਿਸ਼ ਰਚਣ ਦਾ ਦੋਸ਼ ਸੀ, ਇਸ ਲਈ ਉਸ ਨੂੰ ਸਖ਼ਤ ਅਪਰਾਧੀ ਨਹੀਂ ਕਿਹਾ ਜਾ ਸਕਦਾ। ਜਦਕਿ ਅਗਸਤ 2017 ਵਿੱਚ ਸਾਧਵੀਆਂ ਦੇ ਬਲਾਤਕਾਰ ਅਤੇ ਕਤਲ ਕੇਸ ਵਿੱਚ ਸੌਦਾ



ਸਾਧ ਨੂੰ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ 20 ਸਾਲ ਦੀ ਸਜ਼ਾ ਸੁਣਾਈ ਸੀ। ਇਸ ਬਲਾਤਕਾਰੀ ਸਾਧ ਨੂੰ ਸਾਬਕਾ ਡੇਰਾ ਪ੍ਰਬੰਧਕ ਰਣਜੀਤ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਵੀ ਸੁਣਾਈ ਸੀ। ਫਿਰ ਇਸ ਤੋਂ ਜਿਆਦਾ ਖਤਰਨਾਕ ਅਪਰਾਧੀ ਕੌਣ ਹੋ ਸਕਦਾ ਹੈ ਜੋ ਆਪਣੀ ਗ੍ਰਿਫਤਾਰੀ ਦੌਰਾਨ ਸਾੜ-ਫੂਕ ਕਰਾਵੇ ਤੇ ਪੁਲਿਸ ਉਪਰ ਹਮਲੇ ਕਰਵਾਏ। ਹਾਈਕੋਰਟ ਦਾ ਇਹ ਫੈਸਲਾ ਨਿਆਂਪੱਖੀ ਨਹੀਂ ਹੈ।

### ਘੱਟਗਿਣਤੀ ਔਰਤਾਂ ਨਾਲ ਬਲਾਤਕਾਰ ਕਰਨ ਬਾਰੇ ਮਨੂੰਵਾਦੀ ਮਹੰਤ ਦਾ ਵਿਵਾਦਤ ਬਿਆਨ

ਸੀਤਾਪੁਰ ਦੇ ਖ਼ੈਰਾਬਾਦ ਕਸਬੇ ਦੇ ਮਹਾਰਿਸ਼ੀ ਸ੍ਰੀ ਲਕਸ਼ਮਣ ਦਾਸ ਉਦਾਸੀਨ ਆਸ਼ਰਮ ਦੇ ਮਹੰਤ ਬਜਰੰਗ ਮੁਨੀ ਦਾਸ ਦਾ ਇਕ ਵਿਵਾਦਤ ਵੀਡੀਓ ਨਸ਼ਰ ਹੋ ਰਿਹਾ ਹੈ। ਇਸ ਵੀਡੀਓ ਵਿਚ ਉਹ ਮੁਸਲਮਾਨਾਂ ਖ਼ਿਲਾਫ਼ ਨਫ਼ਰਤੀ ਭਾਸ਼ਨ ਦਿੰਦਾ ਦਿਖਾਈ ਦੇ ਰਿਹਾ ਹੈ। ਪੁਲਿਸ ਨੇ ਉਸ ਖ਼ਿਲਾਫ਼ ਕਾਰਵਾਈ ਆਰੰਭੀ ਹੈ। ਉਂਝ ਮਹੰਤ ਨੇ ਆਪਣੀ ਹਰਕਤ ਲਈ ਮੁਆਫ਼ੀ ਮੰਗ ਲਈ ਹੈ। ਦੋ ਮਿੰਟ ਦਾ ਵੀਡੀਓ 2 ਅਪ੍ਰੈਲ ਨੂੰ ਰਿਕਾਰਡ ਕੀਤਾ ਗਿਆ ਹੈ ਕਿ ਜਦੋਂ ਮਹੰਤ ਦੀ ਅਗਵਾਈ ਹੇਠ ਨਰਾਤਿਆਂ



ਅਤੇ ਹਿੰਦੂ ਨਵੇਂ ਵਰੇ ਦੇ ਮੌਕੇ 'ਤੇ ਸ਼ੋਭਾ ਯਾਤਰਾ ਕੱਢੀ ਜਾ ਰਹੀ ਸੀ। ਵੀਡੀਓ ਵਿਚ ਬਜਰੰਗ ਦਾਸ ਮੁਨੀ ਇਹ ਆਖਦਾ ਸੁਣਾਈ ਦੇ ਰਿਹਾ ਹੈ ਕਿ ਜੇਕਰ ਇਕ ਮੁਸਲਮਾਨ ਨੇ ਕਿਸੇ ਹਿੰਦੂ ਲੜਕੀ ਨੂੰ ਛੇੜਿਆ ਤਾਂ ਉਹ ਖੁਦ ਮੁਸਲਮਾਨਾਂ ਦੀ ਔਰਤ ਨਾਲ ਜਬਰ-ਜਨਾਹ ਕਰੇਗਾ। ਉਸ ਨੇ ਕੁਝ ਹੋਰ ਇਤਰਾਜ਼ਯੋਗ ਟਿੱਪਣੀਆਂ ਵੀ ਕੀਤੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਜਦੋਂ ਸ਼ੋਭਾ ਯਾਤਰਾ ਇਕ ਮਸਜਿਦ ਕੋਲ ਪਹੁੰਚੀ ਤਾਂ ਮਹੰਤ ਨੇ ਲਾਊਡ ਸਪੀਕਰ 'ਤੇ ਨਫ਼ਰਤੀ ਭਾਸ਼ਨ ਦੇਣਾ ਸ਼ੁਰੂ ਕਰ ਦਿੱਤਾ। 'ਮੈਂ ਤੁਹਾਨੂੰ ਬੜੇ ਪਿਆਰ ਨਾਲ ਇਹ ਦੱਸ ਰਿਹਾ ਹਾਂ ਕਿ ਜੇਕਰ ਖ਼ੈਰਾਬਾਦ ਵਿਚ ਤੁਸੀਂ ਇਕ ਵੀ ਹਿੰਦੂ ਲੜਕੀ ਨੂੰ ਛੇੜਿਆ ਤਾਂ ਮੈਂ ਸ਼ਰੇਆਮ ਤੁਹਾਡੀ ਧੀ ਅਤੇ ਨੂੰਹ ਨੂੰ ਘਰੋਂ ਚੁੱਕ ਕੇ ਉਸ ਨਾਲ ਜਬਰ-ਜਨਾਹ ਕਰਾਂਗਾ।' ਮਹੰਤ ਦੇ ਇਸ ਬਿਆਨ ਦੀ ਨਿੰਦਾ ਹੋ ਰਹੀ ਹੈ ਜਿਸ ਮਗਰੋਂ ਪੁਲਿਸ ਹਰਕਤ ਵਿਚ ਆਈ ਹੈ।

# ਰੂਸ ਮਨੁੱਖੀ ਅਧਿਕਾਰ ਕੌਂਸਲ ਤੋਂ ਹੋਇਆ ਬਾਹਰ

ਸੰਯੁਕਤ ਰਾਸ਼ਟਰ ਮਹਾਂਸਭਾ ਵਿਚ ਰੂਸ ਨੂੰ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਤੋਂ ਮੁਅੱਤਲ ਕਰਨ ਦੇ ਪ੍ਰਸਤਾਵ ਨੂੰ ਬੀਤੇ ਦਿਨੀਂ ਬਹੁਮਤ ਨਾਲ ਪਾਸ ਕਰ ਦਿੱਤਾ ਗਿਆ। ਮਤੇ ਦੇ ਪੱਖ ਵਿਚ 93 ਦੇਸ਼ਾਂ ਨੇ ਵੋਟਿੰਗ ਕੀਤੀ ਜਦਕਿ ਚੀਨ, ਕਿਊਬਾ, ਬੇਲਾਰੂਸ, ਬੋਲੀਬੀਆ, ਵੀਅਤਨਾਮ ਸਮੇਤ 24 ਦੇਸ਼ਾਂ ਨੇ ਰੂਸ ਨੂੰ ਮੁਅੱਤਲ ਕਰਨ ਦੇ ਪ੍ਰਸਤਾਵ ਦੇ ਵਿਰੋਧ ਵਿਚ ਵੋਟ ਪਾਈ। ਭਾਰਤ, ਪਾਕਿਸਤਾਨ, ਕਤਰ, ਮੈਕਸੀਕੋ, ਮਲੇਸ਼ੀਆ, ਮਾਲਦੀਵ, ਇਰਾਕ, ਜਾਰਡਨ, ਦੱਖਣੀ ਅਫ਼ਰੀਕਾ, ਸ੍ਰੀਲੰਕਾ, ਸੰਯੁਕਤ ਅਰਬ ਅਮੀਰਾਤ ਅਤੇ ਮਿਸਰ ਸਮੇਤ 58 ਦੇਸ਼ਾਂ ਨੇ ਵੋਟਿੰਗ ਵਿਚ ਹਿੱਸਾ ਨਹੀਂ ਲਿਆ। ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਦੀ ਅਗਵਾਈ ਵਿਚ ਇਹ ਪ੍ਰਸਤਾਵ ਯੂਕ੍ਰੇਨ ਵਿਚ ਰੂਸੀ ਫ਼ੌਜਾਂ ਵੱਲੋਂ ਸਥਾਨਕ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੇ ਕਥਿਤ ਰੂਪ ਨਾਲ ਵਹਿਸ਼ੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਵਿਰੁੱਧ ਲਿਆਂਦਾ ਗਿਆ ਸੀ। ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਪ੍ਰਤੀਨਿਧੀ ਟੀ.ਐੱਸ. ਤਿਰੁਮੂਰਤੀ ਨੇ ਕਿਹਾ ਸੀ ਕਿ ਭਾਰਤ ਨੇ ਸੰਯੁਕਤ ਰਾਸ਼ਟਰ ਮਹਾਂਸਭਾ ਵਿਚ ਪਾਸ ਮਨੁੱਖੀ ਅਧਿਕਾਰ ਕੌਂਸਲ ਤੋਂ ਰੂਸੀ ਸੰਘ ਦੇ ਮੁਅੱਤਲ ਦੇ ਸਬੰਧ ਵਿਚੋਂ ਪ੍ਰਸਤਾਵ 'ਤੇ ਪ੍ਰਹੇਜ਼ ਕੀਤਾ ਹੈ। ਅਸੀਂ ਵਿਗੜਦੀ ਸਥਿਤੀ 'ਤੇ ਚਿੰਤਤ ਹਾਂ।

## ਪ੍ਰਕਾਸ਼ਨਾਵਾਂ ਦੇ ਸੰਦਰਭ ਵਿਚ

# ਪੰਜਾਬੀ ਯੂਨੀਵਰਸਿਟੀ ਦਾ ਅਕਾਦਮਿਕ ਸਫ਼ਰ

**ਡਾ. ਪਰਮਵੀਰ ਸਿੰਘ**

ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਦੀ ਇਕ ਉੱਘੀ ਅਕਾਦਮਿਕ ਸੰਸਥਾ ਹੈ ਜਿਹੜੀ ਕਿ ਮਾਲਵਾ ਖ਼ੇਤਰ ਦੇ ਵੱਡੇ ਇਲਾਕੇ ਵਿਚ ਵਿਦਿਆਰਥੀਆਂ ਨੂੰ ਵਿੱਦਿਆ ਪ੍ਰਦਾਨ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੀ ਹੈ। 1962 ਵਿਚ ਪਟਿਆਲਾ ਦੇ ਬਾਰਾਂਦਰੀ ਬਾਗ਼ ਵਿਖੇ ਸਥਾਪਿਤ ਹੋਈ ਇਸ ਯੂਨੀਵਰਸਿਟੀ ਵੱਲੋਂ ਹਰ ਸਾਲ 30 ਅਪ੍ਰੈਲ ਨੂੰ ਆਪਣਾ ਸਥਾਪਨਾ ਦਿਵਸ ਮਨਾਇਆ ਜਾਂਦਾ ਹੈ। ਇਸ ਯੂਨੀਵਰਸਿਟੀ ਦੀ ਸਥਾਪਨਾ ਮੌਕੇ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ ਜਿੱਥੇ ਭਾਰਤ ਦੀਆਂ ਹੋਰਨਾਂ ਯੂਨੀਵਰਸਿਟੀਆਂ ਵਿਚ ਪੜ੍ਹਾਈ ਦਾ ਮਾਧਿਅਮ ਪ੍ਰਮੁੱਖ ਤੌਰ 'ਤੇ ਅੰਗਰੇਜ਼ੀ ਹੈ, ਉੱਥੇ ਇਸ ਯੂਨੀਵਰਸਿਟੀ ਵਿਚ ਸਿੱਖਿਆ ਦਾ ਮਾਧਿਅਮ ਪੰਜਾਬੀ ਹੋਵੇਗਾ।

ਪਿਛਲੇ 60 ਸਾਲ ਦੌਰਾਨ ਇਸਨੇ ਆਪਣੀਆਂ ਪ੍ਰਕਾਸ਼ਨਾਵਾਂ ਰਾਹੀਂ ਜਿਹੜਾ ਅਕਾਦਮਿਕ ਸਫ਼ਰ ਤੈਅ ਕੀਤਾ ਹੈ ਉਸ ਵਿਚੋਂ ਇਸਦੀ ਸਥਾਪਨਾ ਦੇ ਉਦੇਸ਼ ਨੂੰ ਸੁਚਾਰੂ ਰੂਪ ਵਿਚ ਕਾਇਮ ਰੱਖਣ ਦੀ ਤਸਵੀਰ ਸਪੱਸ਼ਟ ਨਜ਼ਰ ਆਉਂਦੀ ਹੈ। ਭਾਵੇਂ ਕਿ ਇਸ ਸਮੇਂ ਦੌਰਾਨ ਇਸ ਸੰਸਥਾ ਨੇ ਬਹੁਤ ਸਾਰੇ ਉਤਰਾਅ-ਚੜ੍ਹਾਅ ਦੇਖੇ ਹਨ ਜਿਨ੍ਹਾਂ ਵਿਚੋਂ ਵਿੱਤੀ ਸੰਕਟ ਦਾ ਸਾਹਮਣਾ ਪ੍ਰਮੁੱਖਤਾ ਨਾਲ ਬਿਆਨ ਕੀਤਾ ਜਾਂਦਾ ਹੈ। ਅਜਿਹਾ ਨਹੀਂ ਕਿ ਇਹ ਸੰਕਟ ਮੌਜੂਦਾ ਸਮੇਂ ਵਿਚ ਹੀ ਸਾਹਮਣੇ ਆਇਆ ਹੈ ਪਿਛੋਕੜ ਵਿਚ ਵੀ ਇਹ ਸੰਕਟ ਇਸ ਸੰਸਥਾ ਨਾਲ ਜੁੜਿਆ ਰਿਹਾ ਹੈ ਜਿਵੇਂ 1982 ਵਿਚ ਯੂਨੀਵਰਸਿਟੀ ਬਜਟ ਵਿਚ 41 ਲੱਖ ਦਾ ਘਾਟਾ ਦਿਖਾਇਆ ਗਿਆ ਸੀ ਜਿਹੜਾ ਕਿ 1985 ਵਿਚ 28 ਲੱਖ ਰੁਪਏ ਰਹਿ ਗਿਆ ਸੀ। ਮੌਜੂਦਾ ਸਮੇਂ ਵਿਚ ਇਹ ਘਾਟਾ 100 ਕਰੋੜ ਤੋਂ ਵਧੇਰੇ ਹੋ ਗਿਆ ਹੈ ਜਿਸ ਕਰਕੇ ਯੂਨੀਵਰਸਿਟੀ ਦਾ ਵਿੱਤੀ ਕਾਰਜ ਚਲਾਉਣਾ ਔਖਾ ਹੋ ਰਿਹਾ ਹੈ।

ਵਿੱਤੀ ਘਾਟੇ ਦੇ ਬਾਵਜੂਦ ਵੀ ਇਹ ਯੂਨੀਵਰਸਿਟੀ ਆਪਣੀਆਂ ਅਕਾਦਮਿਕ ਪ੍ਰਾਪਤੀਆਂ ਲਈ ਨਿਰੰਤਰ ਯਤਨਸ਼ੀਲ ਰਹੀ ਹੈ। ਪਿਛਲੀ ਵਾਰੀ ਨੈਕ ਦੀ ਟੀਮ ਨੇ ਯੂਨੀਵਰਸਿਟੀ ਦੇ ਵਿਭਿੰਨ ਵਿਭਾਗਾਂ ਦਾ ਸਰਵੇਖਣ ਕਰਨ ਉਪਰੰਤ ਇਹ ਗੱਲ ਪ੍ਰਮੁੱਖਤਾ ਨਾਲ ਕਹੀ ਕਿ ਯੂਨੀਵਰਸਿਟੀ ਆਪਣੇ ਉਦੇਸ਼ ਪ੍ਰਤੀ ਦ੍ਰਿੜਤਾ ਨਾਲ ਕਾਰਜ ਕਰ ਰਹੀ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖ਼ੇਤਰ ਵਿਚ ਯੂਨੀਵਰਸਿਟੀ ਨੇ ਜਿਹੜਾ ਕਾਰਜ ਕੀਤਾ ਹੈ, ਪ੍ਰਕਾਸ਼ਨਾਵਾਂ ਉਸ ਦਾ ਮਹੱਤਵਪੂਰਨ ਅੰਗ ਹਨ। ਯੂਨੀਵਰਸਿਟੀ ਦੀ ਸਥਾਪਨਾ ਤੋਂ ਲੈ ਕੇ ਹੁਣ ਤਕ ਯੂਨੀਵਰਸਿਟੀ ਨੇ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਚ 2500 ਤੋਂ ਵਧੇਰੇ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਹੈ। ਇਹਨਾਂ ਵਿਚ ਪੰਜਾਬੀ ਅਤੇ ਸਿੱਖ ਅਧਿਐਨ ਦੀ ਖੋਜ ਲਈ ਤਿਆਰ ਕੀਤੀ ਗਈ ਸਰੋਤ ਸਮੱਗਰੀ ਦਾ ਵਡਮੁੱਲਾ ਯੋਗਦਾਨ ਹੈ।

ਪਿਛਲੇ ਸਮੇਂ ਦੌਰਾਨ ਸਤਿੰਦਰ ਸਿੰਘ ਨੂਰ, ਸੀਤਾ ਰਾਮ ਬਾਹਰੀ, ਸੰਤ ਸਿੰਘ ਸੇਖੋਂ, ਹਰਕੀਰਤ ਸਿੰਘ, ਹਰਬੰਸ ਸਿੰਘ, ਕਿਰਪਾਲ ਸਿੰਘ, ਗੰਡਾ ਸਿੰਘ, ਗੁਰਬਚਨ ਸਿੰਘ ਤਾਲਿਬ, ਗੁਲਵੰਤ ਸਿੰਘ, ਤਾਰਨ ਸਿੰਘ, ਤਾਰਾ ਸਿੰਘ, ਤੇਜਾ ਸਿੰਘ, ਤ੍ਰਿਲੋਚਨ ਸਿੰਘ ਬੇਦੀ, ਨਵਰਤਨ ਕਪੂਰ, ਪਿਆਰਾ ਸਿੰਘ ਪਦਮ, ਫ਼ੌਜਾ ਸਿੰਘ, ਭਗਤ ਸਿੰਘ, ਮਹਿੰਦਰ ਕੌਰ ਗਿੱਲ, ਭਾਈ ਜੋਧ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਮਨਮੋਹਨ ਸਿੰਘ, ਆਦਿ ਅਨੇਕਾਂ ਵਿਦਵਾਨਾਂ ਨੇ ਇਸ ਯੂਨੀਵਰਸਿਟੀ ਲਈ ਮਿਆਰੀ ਪੁਸਤਕਾਂ ਤਿਆਰ ਕੀਤੀਆਂ ਹਨ ਜਿਹੜੀਆਂ ਕਿ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਲਾਹੇਵੰਦ ਸਾਬਤ ਹੋ ਰਹੀਆਂ ਹਨ।

ਪੰਜਾਬ ਵਿਚ ਵੇਦਾਂ ਦੀ ਰਚਨਾ ਹੋਈ ਸੀ ਜਿਸ ਦਾ ਗਿਆਨ ਸੰਸਾਰ ਦੇ ਕੋਨੇ-ਕੋਨੇ ਵਿਚ ਪਹੁੰਚਿਆ ਹੈ ਅਤੇ ਇਸੇ ਧਰਤੀ 'ਤੇ ਹੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਸੀ ਜਿਸ ਵਿਚ ਗੁਰੂ ਸਾਹਿਬਾਨ ਦੇ ਨਾਲ-ਨਾਲ ਭਾਰਤ ਦੇ ਵਿਭਿੰਨ ਭਾਗਾਂ ਨਾਲ ਸੰਬੰਧਿਤ ਧਰਮਾਤਮਾ ਪੁਰਖਾਂ ਦੀ ਬਾਣੀ ਦਰਜ ਹੈ। ਇਸ ਧਰਮ ਗ੍ਰੰਥ





ਦੀ ਸੋਭਾ ਵੀ ਦੁਨੀਆਂ ਵਿਚ ਆਪਣੀ ਖੁਸ਼ਬੋ ਫ਼ੈਲਾ ਰਹੀ ਹੈ। ਗੁਰੂ ਸਾਹਿਬਾਨ ਦੀ ਬਾਣੀ ਅਤੇ ਸਿੱਖਿਆ ਤੋਂ ਪੰਜਾਬ ਦੇ ਲੋਕਾਂ ਨੇ ਵੱਡਾ ਪ੍ਰਭਾਵ ਗ੍ਰਹਿਣ ਕੀਤਾ ਹੈ ਜਿਸ ਦਾ ਅਸਰ ਇਹਨਾਂ ਦੀ ਜੀਵਨਜਾਚ ਵਿਚੋਂ ਸਪਸ਼ਟ ਤੌਰ 'ਤੇ ਦੇਖਣ ਨੂੰ ਮਿਲਦਾ ਹੈ। ਗੁਰੂ ਸਾਹਿਬਾਨ ਦੁਆਰਾ ਪ੍ਰਦਾਨ ਕੀਤੀ ਗਈ ਜੀਵਨਜਾਚ ਦਾ ਜਿਹੜਾ ਪ੍ਰਭਾਵ ਪ੍ਰੋ. ਪੂਰਨ ਸਿੰਘ ਮਹਿਸੂਸ ਕਰਦਾ ਹੈ ਉਸ ਦਾ ਪ੍ਰਗਟਾਵਾ ਇਹ ਆਪਣੀ 'ਪੰਜਾਬ ਜੀਉਂਦਾ ਗੁਰੂ ਦੇ ਨਾਂ ਤੇ' ਸਿਰਲੇਖ ਅਧੀਨ ਪੁਸਤਕ ਰਾਹੀਂ ਕਰਦਾ ਹੈ ਜਿਹੜੀ ਕਿ ਸਮੂਹ ਪੰਜਾਬੀਆਂ ਦੀ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਅਤੇ ਭਾਵਨਾ ਦਾ ਚਿੰਨ ਬਣ ਜਾਂਦੀ ਹੈ। ਪੰਜਾਬੀ ਗੁਰੂ ਸਾਹਿਬਾਨ ਦੀ ਬਾਣੀ ਪੜ੍ਹਦੇ ਹਨ ਅਤੇ ਉਸ ਸਬੰਧੀ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਦੀ ਲੋਚਾ ਰੱਖਦੇ ਹਨ। ਇਸ ਸੰਬੰਧ ਵਿਚ ਪੰਜਾਬੀਆਂ ਦੀਆਂ ਅਕਾਦਮਿਕ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬੀ ਯੂਨੀਵਰਸਿਟੀ ਨੇ ਮਹੱਤਵਪੂਰਨ ਕਾਰਜ ਕੀਤੇ ਹਨ। ਪੰਜਾਬੀ ਯੂਨੀਵਰਸਿਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਇਹ ਖੋਜ ਕਾਰਜ ਵਿਸ਼ੇਸ਼ ਰੂਪ ਵਿਚ ਸਾਹਮਣੇ ਆਉਂਦੇ ਹਨ - ੧ਓ ਵਿਕਾਸ ਅਤੇ ਸੰਕਲਪੀ ਚਿੰਨ, ਅਰਦਾਸ ਦਾ ਸਿੱਖ ਪ੍ਰਸੰਗ, ਅਨੰਦੁ ਜੋਤਿ ਤੇ ਜੁਗਤਿ, ਆਸਾ ਦੀ ਵਾਰ ਦਾ ਟੀਕਾ : ਅਨੰਦਘਨ, ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ: ਇਤਿਹਾਸ ਅਤੇ ਮੁਲਾਂਕਣ, ਸ੍ਰੀ ਜਪੁ ਨੀਸਾਣੁ, ਕਰਤਾਰਪੁਰੀ ਬੀੜ ਦੇ ਦਰਸ਼ਨ, ਗੁਰੂ ਨਾਨਕ ਬਾਣੀ ਪ੍ਰਕਾਸ਼, ਜਪੁਜੀ ਸਟੀਕ, ਜਪੁਜੀ: ਵਿਨੋਬਾ ਭਾਵੇ, ਜਪੁਜੀ ਦੇ ਪੰਜ ਖੰਡ, ਬਾਣੀ ਗੁਰੂ ਅੰਗਦ ਦੇਵ ਜੀ, ਬਾਣੀ ਸ੍ਰੀ ਗੁਰੂ ਰਾਮਦਾਸ ਜੀ, ਬਾਣੀ ਭਗਤ ਕਬੀਰ-ਸਟੀਕ, ਬਾਣੀ ਭਗਤ ਨਾਮਦੇਵ ਜੀ, ਬਾਣੀ ਭਗਤ ਰਵਿਦਾਸ ਜੀ, ਭੱਟਾਂ ਦੇ ਸਵੈਯੇ ਆਦਿ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਝਣ ਲਈ ਸ਼ਰਧਾਲੂ ਹਮੇਸ਼ਾਂ ਹੀ ਯਤਨਸ਼ੀਲ ਰਹਿੰਦੇ ਹਨ। ਪੁਰਾਤਨ ਸਮਿਆਂ ਵਿਚ ਗੁਰਦੁਆਰਿਆਂ, ਸੰਤਾਂ ਅਤੇ ਮਹਾਂਪੁਰਖਾਂ ਦੇ ਡੇਰਿਆਂ 'ਤੇ ਗੁਰਬਾਣੀ ਦੀ ਸੋਝੀ ਪੈਦਾ ਕਰਨ ਦਾ ਕਾਰਜ ਕੀਤਾ ਜਾਂਦਾ ਸੀ। ਗੁਰਬਾਣੀ ਦੀ ਕਥਾ-ਵੀਚਾਰ ਅਤੇ ਵਿਆਖਿਆ ਮੌਕੇ ਸੰਗਤ ਜੁੜਦੀ ਸੀ। ਇਹ ਪ੍ਰਣਾਲੀ ਲੰਮੇ ਸਮੇਂ ਤੱਕ ਕਾਰਜ ਕਰਦੀ ਰਹੀ ਅਤੇ ਕਿਸੇ ਨਾ ਕਿਸੇ ਰੂਪ ਵਿਚ ਮੌਜੂਦਾ ਸਮੇਂ ਵਿਚ ਵੀ ਪ੍ਰਚੱਲਿਤ ਹੈ। ਸਮੇਂ ਦੇ ਗੇੜ ਨਾਲ ਮਨੁੱਖੀ ਸੋਝੀ ਵਿਚ ਭਾਰੀ ਤਬਦੀਲੀ ਆਈ ਹੈ। ਸਿੱਖਿਆ ਦੇ ਨਵੇਂ ਪਸਾਰਾਂ ਨੇ ਆਮ ਲੋਕਾਂ ਦੇ ਮਨ ਵਿਚ ਗੁਰਬਾਣੀ ਨੂੰ ਸਿੱਧੇ ਰੂਪ ਵਿਚ ਸਮਝਣ ਦੀ ਪ੍ਰੇਰਨਾ ਪੈਦਾ ਕੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੁਰਾਤਨ ਭਾਰਤੀ ਮੁਹਾਵਰਾ ਅਤੇ ਪੇਂਡੂ ਪੰਜਾਬੀ ਦੀ ਸ਼ਬਦਾਵਲੀ ਦੇ ਸ਼ਬਦਾਂ ਦੀ ਭਰਮਾਰ ਹੈ। ਕਿਸੇ ਵੀ ਸ਼ਬਦ ਦਾ ਪਿਛੋਕੜ ਜਾਂ ਸੰਦਰਭ ਸਮਝੇ ਬਗ਼ੈਰ ਗੁਰਬਾਣੀ ਦੇ ਸਹੀ ਅਰਥ ਸਮਝ ਨਹੀਂ ਆ ਸਕਦੇ। ਪੰਜਾਬੀ ਯੂਨੀਵਰਸਿਟੀ ਨੇ ਅਜਿਹੇ ਕੋਸ਼ ਤਿਆਰ ਕੀਤੇ ਹਨ ਜਿਹੜੇ ਗੁਰਬਾਣੀ ਦੀ ਗੁੱਝੇ ਅਰਥਾਂ ਨੂੰ ਸਮਝਣ ਦੀ ਸੋਝੀ ਪੈਦਾ ਕਰਨ ਵਿਚ ਸਹਾਈ ਸਿੱਧ ਹੁੰਦੇ ਹਨ, ਜਿਵੇਂ ਸ੍ਰੀ ਗੁਰੂ ਗ੍ਰੰਥ ਕੋਸ਼, ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼, ਗੁਰੂ ਗਿਰਾਰਥ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼, ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਵਿਸ਼ਵਕੋਸ਼, ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ।

ਗੁਰਬਾਣੀ ਦੀ ਵਿਚਾਰਧਾਰਾ, ਵਿਲੱਖਣਤਾ, ਪ੍ਰਸੰਗਿਕਤਾ, ਸਿਧਾਂਤ ਅਤੇ ਵਿਭਿੰਨ ਅੰਤਰ-ਦ੍ਰਿਸ਼ਟੀਆਂ ਨੂੰ ਸਮਝਣ ਲਈ ਵਿਦਵਾਨਾਂ ਨੇ ਖੋਜ ਭਰਪੂਰ ਕਾਰਜ ਕੀਤੇ ਹਨ ਜਿਹੜੇ ਕਿ ਵਿਦਿਆਰਥੀਆਂ, ਖੋਜਾਰਥੀਆਂ ਅਤੇ ਆਮ ਪਾਠਕਾਂ ਲਈ ਲਾਹੇਵੰਦ ਸਾਬਤ ਹੋਏ ਹਨ। ਗੁਰਬਾਣੀ ਦੇ ਵਿਭਿੰਨ ਵਿਸ਼ਿਆਂ ਸੰਬੰਧੀ ਇਹ ਕਾਰਜ ਦੇਖੇ ਜਾ ਸਕਦੇ ਹਨ - ਸੁਰਤਿ ਸ਼ਬਦ ਵਿਚਾਰ, ਸਿੱਖ ਦਰਸ਼ਨਧਾਰਾ, ਸਿੱਖ ਧਰਮ ਦਰਸ਼ਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਲੱਖਣ ਤੱਤ, ਸ੍ਰੀ ਗੁਰੂ ਗ੍ਰੰਥ ਸਾਹਿਬ: ਅਧਿਆਤਮ ਤੇ ਵਿਹਾਰ, ਸ੍ਰੀ ਗੁਰੂ ਗ੍ਰੰਥ ਸਾਹਿਬ: ਸਾਧਨਾ ਦਾ ਸਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ: ਚਿੰਤਨ ਅਤੇ ਵਿਚਾਰਧਾਰਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਸੰਗਿਕਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਗਿਆਨਕ ਅੰਤਰ-ਦ੍ਰਿਸ਼ਟੀਆਂ, ਗੁਰਬਾਣੀ ਦਾ ਸ਼ੁੱਧ ਉਚਾਰਣ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਆਦਿ।

ਗੁਰਬਾਣੀ ਦਾ ਪਾਠ-ਅਧਿਐਨ ਕਰਨ ਵਾਲੇ ਇਸ ਦੇ ਰਚਨਾਕਾਰ ਨਾਲ ਜੁੜੇ ਹੁੰਦੇ ਹਨ। ਗੁਰਬਾਣੀ ਦੇ ਸ਼ਬਦਾਂ ਦੀ ਸੋਝੀ ਪ੍ਰਾਪਤ ਕਰਦੇ ਹੋਏ ਜੇਕਰ ਇਹਨਾਂ ਦੇ ਰਚਨਾਕਾਰਾਂ ਬਾਰੇ ਜਾਣਕਾਰੀ ਵੀ ਪ੍ਰਾਪਤ ਹੋਵੇ ਤਾਂ ਸ਼ਬਦ ਦੀ ਮੂਲ ਭਾਵਨਾ ਨੂੰ ਸੌਖੇ ਹੀ ਸਮਝਿਆ ਜਾ ਸਕਦਾ ਹੈ। ਪੰਜਾਬੀ ਯੂਨੀਵਰਸਿਟੀ ਨਾਲ ਜੁੜੇ ਹੋਏ ਵਿਦਵਾਨਾਂ ਨੇ ਗੁਰੂ ਸਾਹਿਬਾਨ ਦੇ ਨਾਲ-ਨਾਲ ਭਗਤਾਂ ਅਤੇ ਸੂਫ਼ੀ ਫ਼ਕੀਰਾਂ ਸੰਬੰਧੀ ਗਿਆਨ ਅਤੇ ਖੋਜ ਭਰਪੂਰ ਪੁਸਤਕਾਂ ਤਿਆਰ ਕੀਤੀਆਂ ਹਨ ਜਿਹੜੀਆਂ ਕਿ ਬਾਣੀਕਾਰਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦੇ ਨਾਲ-ਨਾਲ ਪੰਜਾਬ ਦੀ ਵਿਰਾਸਤ ਨਾਲ ਜੋੜਨ ਦਾ ਕਾਰਜ ਵੀ ਕਰਦੀਆਂ ਹਨ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਤੋਂ ਇਲਾਵਾ ਵਿਦਵਾਨਾਂ ਦੁਆਰਾ ਪ੍ਰਮੁੱਖ ਸਿੱਖਾਂ, ਭਗਤਾਂ ਅਤੇ ਸੂਫ਼ੀ ਫ਼ਕੀਰਾਂ ਸੰਬੰਧੀ ਤਿਆਰ ਕੀਤੀਆਂ ਰਚਨਾਵਾਂ ਪੰਜਾਬੀ ਯੂਨੀਵਰਸਿਟੀ ਦੀਆਂ ਪ੍ਰਕਾਸ਼ਨਾਵਾਂ ਦਾ ਹਿੱਸਾ ਹਨ।

ਪੰਜਾਬ ਦੀ ਵਿਰਾਸਤ ਅਤੇ ਪਰੰਪਰਾ ਨੂੰ ਸਮਝਣ ਲਈ ਪੂਰਬੀ ਅਤੇ ਪੱਛਮੀ ਏਸ਼ੀਆ ਦੇ ਧਰਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਬਹੁਤ ਜ਼ਰੂਰੀ ਹੈ। ਇਹਨਾਂ ਦੋਵੇਂ ਧਾਰਮਿਕ ਪਰੰਪਰਾਵਾਂ ਦਾ ਪੰਜਾਬ ਦੇ ਲੋਕਾਂ 'ਤੇ ਬਹੁਤ ਗਹਿਰਾ ਪ੍ਰਭਾਵ ਹੈ। ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਅਤੇ ਸਿੱਖਿਆਵਾਂ ਵਿਚ ਇਹਨਾਂ ਦੋਵੇਂ ਧਾਰਮਿਕ ਪਰੰਪਰਾਵਾਂ ਨੂੰ ਪ੍ਰਮੁੱਖ ਤੌਰ 'ਤੇ ਸੰਬੋਧਨ ਕਰਦੇ ਹਨ। ਭਾਵੇਂ ਕਿ ਗੁਰੂ ਜੀ ਦੇ ਸਮੇਂ ਇਹ ਦੋਵੇਂ ਧਾਰਮਿਕ ਪਰੰਪਰਾਵਾਂ ਟਕਰਾਉ ਵਿਚ ਸਨ ਪਰ ਉਹ ਇਹਨਾਂ ਦੋਵਾਂ ਵਿਚ ਭਾਈਚਾਰਕ ਸਾਂਝ ਪੈਦਾ ਕਰਨ ਦਾ ਸਫ਼ਲ ਯਤਨ ਕਰਦੇ ਹਨ। ਪੰਜਾਬ ਦੀ ਵਿਰਾਸਤ ਅਤੇ ਗੁਰਬਾਣੀ ਨੂੰ ਸਮਝਣ ਲਈ ਭਾਰਤ ਦੀਆਂ ਵਿਭਿੰਨ ਧਾਰਮਿਕ ਪਰੰਪਰਾਵਾਂ ਦਾ ਗਿਆਨ ਹੋਣਾ ਜ਼ਰੂਰੀ ਹੈ।

ਪੰਜਾਬ ਵਿਖੇ ਧਾਰਮਿਕ ਸਦਭਾਵਨਾ ਦਾ ਜਿਹੜਾ ਮਾਹੌਲ ਪੈਦਾ ਹੋਇਆ ਹੈ ਉਸ ਕਰਕੇ ਜਦੋਂ ਭਾਰਤ ਦੀ ਕਿਸੇ ਯੂਨੀਵਰਿਸਟੀ ਵਿਖੇ ਵਿਭਿੰਨ ਧਰਮਾਂ ਦੇ ਅਧਿਐਨ ਦਾ ਪਹਿਲਾ ਵਿਭਾਗ ਖੋਲਿਆ ਜਾਣਾ ਸੀ ਤਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਚੁਣਿਆ ਗਿਆ। ਵਿਭਿੰਨ ਧਰਮਾਂ ਦੇ ਇਕੋ ਛੱਤ ਹੇਠਾਂ ਅਧਿਐਨ ਦਾ ਸਫ਼ਲ ਤਜਰਬਾ ਕੀਤਾ ਗਿਆ ਅਤੇ ਵਿਭਿੰਨ ਧਰਮਾਂ ਦੇ ਮੂਲ ਸਿਧਾਂਤਾਂ ਅਤੇ ਪਰੰਪਰਾਵਾਂ ਦੀ ਜਾਣਕਾਰੀ ਪ੍ਰਦਾਨ ਕਰਨ ਵਾਲੀਆਂ ਪੁਸਤਕਾਂ ਦੀ ਰਚਨਾ ਕੀਤੀ ਗਈ। ਯੂਨੀਵਰਸਿਟੀ ਨੇ ਸਭ ਤੋਂ ਪਹਿਲਾਂ ਇਸਲਾਮ, ਈਸਾਈ ਧਰਮ, ਹਿੰਦੂ ਧਰਮ, ਜੈਨ ਧਰਮ, ਬੁੱਧ ਧਰਮ, ਸਿੱਖ ਧਰਮ ਆਦਿ ਵਿਸ਼ਿਆਂ 'ਤੇ ਮੁਢਲੀ ਜਾਣਕਾਰੀ ਪ੍ਰਦਾਨ ਕਰਨ ਵਾਲੀਆਂ ਪੁਸਤਕਾਂ ਤਿਆਰ ਕਰਵਾਈਆਂ ਹਨ।

ਇਸ ਨੇ ਨਾਲ ਹੀ ਅਜਿਹੇ ਗ੍ਰੰਥ ਵੀ ਸਾਹਮਣੇ ਆਏ ਜਿਹੜੇ ਗੁਰੂ ਸਾਹਿਬਾਨ ਦੇ ਜੀਵਨ, ਸੰਦੇਸ਼ ਅਤੇ ਭਾਈਚਾਰਕ ਸਾਂਝ ਪੈਦਾ ਕਰਨ ਵਾਲੀਆਂ ਸਿੱਖਿਆਵਾਂ ਸੰਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੇ ਹਨ ਜਿਵੇਂ ਸਿੰਘ ਸਾਗਰ, ਸੀਹਰਫ਼ੀਆਂ, ਸ੍ਰੀ ਗੁਰ ਸੋਭਾ, ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਹੁਕਮਨਾਮੇ, ਗੁਰ ਰਤਨ ਮਾਲ ਸੌ ਸਾਖੀ, ਗੁਰਕੀਰਤ ਪ੍ਰਕਾਸ਼, ਗੁਰਬਿਲਾਸ ਪਾਤਸ਼ਾਹੀ ਛੇਵੀਂ, ਗੁਰਬਿਲਾਸ ਪਾਤਸ਼ਾਹੀ 10, ਗੁਰਬਿਲਾਸ ਬਾਬਾ ਸਾਹਿਬ ਸਿੰਘ ਬੇਦੀ, ਗੁਰੂ ਨਾਨਕ ਬੰਸ ਪ੍ਰਕਾਸ਼, ਜਨਮਸਾਖੀ ਪਰੰਪਰਾ, ਦਸਮ ਗ੍ਰੰਥ, ਪਰਚੀਆਂ ਆਦਿ।

ਪੰਜਾਬ ਭਾਰਤ ਦਾ ਅਜਿਹਾ ਖਿੱਤਾ ਹੈ ਜਿਹੜਾ ਕਿ ਮੁੱਢ ਕਦੀਮ ਤੋਂ ਹੀ ਹਮਲਾਵਰਾਂ ਦਾ ਸਾਹਮਣਾ ਕਰਦਾ ਰਿਹਾ ਹੈ ਪਰ ਫਿਰ ਵੀ ਮੁਗ਼ਲਾਂ ਦੁਆਰਾ ਭਾਰਤ 'ਤੇ ਹਮਲਾ ਕਰਕੇ ਇੱਥੇ ਰਾਜ ਸਥਾਪਿਤ ਕਰਨ ਨੂੰ ਇਕ ਮਹੱਤਵਪੂਰਨ ਪੜਾਅ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਵਿਦੇਸ਼ੀ ਹਮਲਾਵਰਾਂ ਵੱਲੋਂ ਇੱਥੋਂ ਦੇ ਲੋਕਾਂ 'ਤੇ ਜਿਹੜੇ ਜ਼ੁਲਮ ਹੋਏ ਉਹਨਾਂ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਵੀ ਕੀਤਾ ਹੈ। ਇਸ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਜ਼ੁਲਮ ਵਿਰੋਧੀ ਸ਼ਹਾਦਤਾਂ ਨੇ ਭਾਰਤ ਦੇ ਲੋਕਾਂ ਵਿਚ ਮੁਗ਼ਲ ਹਕੂਮਤ ਪ੍ਰਤੀ ਵਿਦਰੋਹ ਦੀ ਭਾਵਨਾ ਪੈਦਾ ਕਰ ਦਿੱਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸੇ ਦੀ ਸਿਰਜਨਾ ਅਤੇ ਫਿਰ ਬਾਬਾ ਬੰਦਾ ਸਿੰਘ ਬਹਾਦਰ ਦਾ ਪੰਜਾਬ ਵਿਚ ਰਾਜ ਸਥਾਪਿਤ ਕਰਨਾ ਅਤੇ ਅਠਾਰਵੀਂ ਸਦੀ ਦੌਰਾਨ ਸਿੱਖਾਂ ਦਾ ਚੜ੍ਹਦੀ ਕਲਾ ਵਿਚ ਰਹਿ ਕੇ ਮੁਗ਼ਲ ਹਕੂਮਤ ਅਤੇ ਬਾਹਰੀ ਹਮਲਾਵਰਾਂ ਨਾਲ ਟੱਕਰ ਲੈਣਾ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਹਨ। ਮੁਗ਼ਲਾਂ ਅਤੇ ਅੰਗਰੇਜ਼ਾਂ ਦੇ ਜ਼ੁਲਮਾਂ ਤੋਂ ਨਿਜਾਤ ਦਿਵਾਉਣ ਲਈ ਪੰਜਾਬ ਦੇ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ ਸਨ।

ਲਗਭਗ ਢਾਈ ਸਦੀਆਂ ਤੱਕ ਪੰਜਾਬੀਆਂ ਨੇ ਮੁਗ਼ਲਾਂ ਅਤੇ ਅੰਗਰੇਜ਼ਾਂ ਦੇ ਜ਼ੁਲਮ ਦਾ ਮੁਕਾਬਲਾ ਕੀਤਾ ਹੈ ਅਤੇ ਇਸ ਸਮੇਂ ਅਤੇ ਸੰਘਰਸ਼ ਨੂੰ ਰੂਪਮਾਨ ਕਰਦੀਆਂ ਕੁੱਝ ਪੁਸਤਕਾਂ ਇਸ ਤਰਾਂ ਹਨ - ਅਕਾਲੀ ਲਹਿਰ, ਜਲਿਆਂ ਵਾਲੇ ਬਾਗ਼ ਦਾ ਸਾਕਾ, ਕੂਕਿਆਂ ਦੀ ਵਿਥਿਆ, ਪਰਜਾ ਮੰਡਲ ਅੰਦੋਲਨ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ, ਪੰਜਾਬ ਦੀਆਂ ਲੋਕ ਲਹਿਰਾਂ, ਪਟਿਆਲਾ ਰਿਆਸਤ, ਪੰਜਾਬ ਦਾ ਬਟਵਾਰਾ, ਖ਼ੁਲਾਸਤੁਤ ਤਵਾਰੀਖ਼, ਅਠਾਰਵੀਂ ਸਦੀ ਦੀ ਬੀਰ ਪਰੰਪਰਾ, ਪੰਜਾਬੀ ਵੀਰ ਪਰੰਪਰਾ 17ਵੀਂ ਸਦੀ, ਪੰਜਾਬੀ ਵੀਰ ਪਰੰਪਰਾ ਦਾ ਵਿਕਾਸ, ਸਿੰਘ ਸਭਾ ਲਹਿਰ ਆਦਿ। ਇਸ ਸਮੇਂ ਦੌਰਾਨ ਸਾਹਮਣੇ ਆਏ ਕੁੱਝ ਸੂਰਬੀਰਾਂ ਦੇ ਜੀਵਨ ਬ੍ਰਿਤਾਂਤ ਵੀ ਪੰਜਾਬੀ ਯੂਨੀਵਰਸਿਟੀ ਦਾ ਸ਼ਿੰਗਾਰ ਹਨ - ਮਹਾਰਾਜਾ ਰਣਜੀਤ ਸਿੰਘ, ਅਕਾਲੀ ਕੌਰ ਸਿੰਘ, ਸ. ਗੁਰਦਿੱਤ ਸਿੰਘ, ਸ. ਜੱਸਾ ਸਿੰਘ ਆਹਲੂਵਾਲੀਆ, ਕਰਤਾਰ ਸਿੰਘ ਝੱਬਰ, ਜੱਸਾ ਸਿੰਘ ਰਾਮਗੜ੍ਹੀਆ, ਜਰਨੈਲ ਜ਼ੋਰਾਵਰ ਸਿੰਘ, ਦੀਵਾਨ ਸਿੰਘ ਕਾਲੇਪਾਣੀ, ਬੰਦਾ ਸਿੰਘ ਬਹਾਦਰ, ਭਾਈ ਕਿਸ਼ਨ ਸਿੰਘ ਗੜਗੱਜ, ਮਹਾਰਾਜਾ ਕੌੜਾ ਮੱਲ ਬਹਾਦਰ, ਮਾਸਟਰ ਤਾਰਾ ਸਿੰਘ, ਰਾਣੀ ਸਾਹਿਬ ਕੌਰ, ਹਰੀ ਸਿੰਘ ਨਲਵਾ, ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਸ਼ਹੀਦ ਭਗਤ ਸਿੰਘ, ਸ਼ਾਮ ਸਿੰਘ ਅਟਾਰੀਵਾਲਾ, ਮਦਨ ਲਾਲ ਢੀਂਗਰਾ ਆਦਿ।

ਸੂਰਬੀਰਤਾ ਦੇ ਨਾਲ-ਨਾਲ ਸੰਗੀਤ ਨੂੰ ਪੰਜਾਬ ਦੀ ਅਧਿਆਤਮਿਕ ਅਤੇ ਰੂਹਾਨੀ ਪਰੰਪਰਾ ਦਾ ਅੰਗ ਮੰਨਿਆ ਜਾਂਦਾ ਹੈ। ਗੁਰੂ ਸਾਹਿਬਾਨ ਨੇ ਆਮ ਲੋਕਾਂ ਵਿਚ ਸੂਰਬੀਰਤਾ ਪੈਦਾ ਕਰਨ ਲਈ ਵੀ ਇਸ ਵਿਧਾ ਦੀ ਵਰਤੋਂ ਕੀਤੀ ਸੀ। ਦੂਜੇ ਪਾਸੇ ਇਸ ਨੂੰ ਕੋਮਲ ਕਲਾ ਦੇ ਰੂਪ ਵਿਚ ਦੇਖਿਆ ਜਾਂਦਾ ਹੈ।

(ਚਲਦਾ...)

# ਜਿਨਾਂ 'ਤੇ ਮਾਣ ਪੰਜਾਬੀਆਂ ਨੂੰ



ਗੁਰਮੀਤ ਸਿੰਘ ਪਲਾਹੀ
9815802070

## ਪੀੜ੍ਹੀ ਦਰ ਪੀੜ੍ਹੀ ਨਵੀਆਂ ਪੁਲਾਂਘਾ ਪੁੱਟਦਾ- ਮਹਿੰਦਰ ਸਿੰਘ ਸੱਲ



ਪੰਜਾਬ ਦੇ ਖਿੱਤੇ ਦੁਆਬੇ ਦੀ ਧਰਤੀ ਕਪੂਰਥਲਾ ਰਿਆਸਤ ਦੀ ਫਗਵਾੜਾ ਤਹਿਸੀਲ ਦੇ ਇਤਿਹਾਸਕ ਪਿੰਡ ਪਲਾਹੀ, ਦੇ ਕੁਝ ਲੋਕ ਅਮਰੀਕਾ, ਕੈਨੇਡਾ ਦੀ ਧਰਤੀ ਪੁੱਜੇ, ਉਥੇ ਖੇਤਾਂ ਵਿੱਚ ਕੰਮ ਕੀਤਾ। ਲੱਕੜ ਦੇ ਆਰਿਆਂ ਉਤੇ ਮਜ਼ਦੂਰੀ ਕੀਤੀ। ਕਈ ਵਰੇ ਇਕੱਲੇ ਵਿਦੇਸ਼ੀ ਲੋਕਾਂ ਵਿਚ ਭੈੜੇ ਹਾਲਾਤਾਂ 'ਚ ਜ਼ਿੰਦਗੀ ਦੇ ਕਈ ਸਾਲ ਬਸਰ ਕੀਤੇ, ਫਿਰ ਪਰਿਵਾਰਾਂ ਨੂੰ ਸੱਦਿਆ। ਰੈਣ ਵਸੇਰੇ ਤਿਆਰ ਕੀਤੇ। ਇਨਾਂ ਪਰਿਵਾਰਾਂ ਵਿਚੋਂ ਕਈ ਪਰਿਵਾਰ ਹੁਣ ਆਪਣੇ ਕਾਰੋਬਾਰ ਕਰਦੇ ਹਨ, ਉਨਾਂ ਦੀ ਔਲਾਦ ਚੰਗੀਆਂ ਨੌਕਰੀਆਂ 'ਤੇ ਹੈ। ਇਹ ਪਿੰਡ ਪਲਾਹੀ ਦੀ ਕਹਾਣੀ ਨਹੀਂ, ਪੰਜਾਬ ਦੇ ਬਹੁਤ ਸਾਰੇ ਪਿੰਡਾਂ ਦੇ ਲੋਕਾਂ ਦੀ ਕਹਾਣੀ ਹੈ।

ਮੱਲਾ ਸਿੰਘ ਸੱਲ ਅਮਰੀਕਾ ਪੁੱਜੇ, ਬਜ਼ੁਰਗ ਠਾਕੁਰ ਸਿੰਘ ਸੱਲ, ਜਗਤ ਸਿੰਘ ਉਰਫ ਜਰਨੈਲ ਸਿੰਘ ਕੈਨੇਡਾ, ਪੁੱਜਣ ਵਾਲੇ ਕੁਝ ਲੋਕਾਂ ਵਿਚੋਂ ਸਨ। ਇਨਾਂ ਵਿਚੋਂ ਜਗਤ ਸਿੰਘ ਉਰਫ ਜਰਨੈਲ ਸਿੰਘ ਸੱਲ 1931 ਵਿਚ ਕਲੱਕਤਾ ਰਾਹੀਂ ਹਾਂਗਕਾਂਗ ਅਤੇ ਹਾਂਗਕਾਂਗ ਤੋਂ ਕੈਨੇਡਾ ਪੁੱਜਿਆ। ਮਿਹਨਤ ਕੀਤੀ, ਪਤਨੀ ਗੰਗੋ ਕੌਰ ਨੂੰ ਇੰਡੀਆ ਤੋਂ ਕੈਨੇਡਾ ਸੱਦਿਆ। ਉਪਰੰਤ ਉਨਾਂ ਦੇ ਪੁੱਤਰ ਸੁਰੈਣ ਸਿੰਘ 23 ਵਰਿਆਂ ਦੀ ਉਮਰ ਵਿਚ ਕੈਨੇਡਾ ਪਹੁੰਚੇ। ਪਤਨੀ ਪ੍ਰਕਾਸ਼ ਕੌਰ ਨੂੰ ਬੁਲਾਇਆ। ਆਪਣੇ ਪਿਤਾ ਵਾਂਗਰ ਸੁਰੈਣ ਸਿੰਘ ਨੂੰ ਵੀ ਸਿੱਖ ਕਮਿਊਨਿਟੀ ਨਾਲ ਜੁੜਨ ਦੀ ਜਾਗ ਲੱਗੀ। ਉਨਾਂ ਆਪਣੇ ਸਾਅ ਮਿਲ ਕਾਰੋਬਾਰ ਦੇ ਨਾਲ-ਨਾਲ ਸਮਾਜ ਸੇਵਾ ਦੇ ਕਾਰਜ ਜਾਰੀ ਰੱਖੇ। ਕੈਨੇਡਾ ਦੇ ਵੈਨਕੋਵਰ ਵਿੱਚ ਹੀ ਨਹੀਂ, ਆਪਣੀ ਜਨਮ ਭੂਮੀ ਪਲਾਹੀ ਦੇ ਵਿਕਾਸ ਕਾਰਜਾਂ ਵਿਚ ਵੀ ਨਿਰੰਤਰ ਹਿੱਸਾ ਲਿਆ। ਉਨਾਂ ਦੇ ਇਸ ਦੁਨੀਆ ਤੋਂ ਤੁਰ ਜਾਣ ਉਪਰੰਤ ਉਨਾਂ ਦੇ ਪੁੱਤਰ ਮਹਿੰਦਰ ਸਿੰਘ ਸੱਲ ਵਲੋਂ ਬਣਾਈ ਪਰਿਵਾਰਕ 'ਪਲਾਹੀ ਫਾਊਂਡੇਸ਼ਨ' ਵਲੋਂ ਲਗਾਤਾਰ ਸਮਾਜ ਕਾਰਜਾਂ, ਜਿਨਾਂ ਵਿਚ ਸਿੱਖਿਆ, ਸਿਹਤ ਅਤੇ ਵਾਤਾਵਰਨ ਸਬੰਧੀ ਪ੍ਰਾਜੈਕਟ ਹਨ ਲਈ ਸਹਾਇਤਾ, ਸਹਿਯੋਗ ਦਿੱਤਾ ਜਾਂਦਾ ਹੈ। ਉਹ 'ਕੈਨੇਸ਼ੀਆ ਫੌਰੇਸਟ ਇੰਡਸਟਰੀ ਲਿਮਟਿਡ' ਦਾ ਮਾਲਕ ਹੈ ਅਤੇ ਵੱਡਾ ਕਾਰੋਬਾਰੀ ਹੈ।

ਇਹ ਕਹਾਣੀ ਕਿਸੇ ਇੱਕ ਪਰਿਵਾਰ ਦੀ ਨਹੀਂ, ਪ੍ਰਦੇਸ ਵਸਦੇ ਬਹੁਤੇ ਪਰਿਵਾਰਾਂ ਦੀ ਹੈ, ਜਿਨਾ ਦੇ ਵਡੇਰੇ ਪਰਾਈ ਧਰਤੀ 'ਤੇ ਗਏ, ਟਿਕੇ, ਪਰਿਵਾਰਾਂ ਨੂੰ ਵਿਦੇਸ਼ਾਂ ਵਿਚ ਸੱਦਿਆ ਅਤੇ ਉਥੇ ਹੀ ਸਥਾਪਿਤ ਕਰ ਦਿੱਤਾ।

## ਬਰਤਾਨੀਆ ਦੀ ਪੰਜਾਬੀ ਕਮਿਊਨਿਟੀ ਦੀ ਸ਼ਾਨ-ਪ੍ਰੋ: ਰਣਜੀਤ ਧੀਰ

ਪ੍ਰੋ: ਰਣਜੀਤ ਧੀਰ ਸਾਲ 1966 ਵਿੱਚ ਮੁਕਤਸਰ ਸਰਕਾਰੀ ਕਾਲਜ ਤੋਂ ਪ੍ਰੋਫੈਸਰੀ ਛੱਡ ਕੇ ਵਲਾਇਤ ਪਹੁੰਚਿਆ। ਪਹਿਲਾਂ ਮਜ਼ਦੂਰੀ ਕੀਤੀ, ਫਿਰ ਪੜ੍ਹਿਆਂ-ਲਿਖਿਆਂ ਵਾਲੀ ਨੌਕਰੀ। ਹੌਲੀ-ਹੌਲੀ ਜੜ ਲੱਗ ਗਈ ਅਤੇ ਹੁਣ ਉਹ ਬਰਤਾਨੀਆ ਦੀ ਪੰਜਾਬੀ ਕਮਿਊਨਿਟੀ ਵਿੱਚ ਜਾਣਿਆ-ਪਛਾਣਿਆ ਸਿਰਕੱਢ ਨਾਂ ਹੈ। ਪਰਵਾਸ ਦੇ ਹੁਣ ਤੱਕ ਦੇ ਸਫ਼ਰ ਦੇ ਲੰਮੇ ਵਰਿਆਂ ਵਿੱਚ ਉਸਨੇ ਆਪਣੇ ਘਰ ਵਿੱਚ ਸਾਹਿਤਕ, ਸਿਆਸੀ, ਵਿਦਿਅਕ, ਅਦਾਲਤੀ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਸਾਂਝ ਪਾਈ ਹੈ। ਲੰਦਨ ਵਿੱਚ ਮੇਅਰ, ਮੈਜਿਸਟ੍ਰੇਟ, ਲੀਡਰ ਵਰਗੇ ਉੱਚ ਅਹੁਦਿਆਂ ਉਤੇ ਕੰਮ ਕਰਕੇ ਮਾਣ-ਸਨਮਾਨ ਖੱਟਿਆ ਹੈ। ਦੁਨੀਆ ਦੇ ਦਰਜਨਾਂ ਖੇਤਰਾਂ ਵਿੱਚ ਉਨਾਂ ਨੇ ਸਫ਼ਰ ਕੀਤੇ ਹਨ।

ਉਹ ਉੱਚ ਕੋਟੀ ਦਾ ਪੰਜਾਬੀ ਲੇਖਕ ਹੈ। ਸਾਲ 1980 ਵਿੱਚ ਉਸਨੇ ਵਿਸ਼ਵ ਪੰਜਾਬੀ ਲੇਖਕ ਕਾਨਫਰੰਸ ਬਰਤਾਨੀਆ ਵਿੱਚ ਆਪਣੇ ਸਾਥੀ ਲੇਖਕਾਂ ਦੀ ਸਹਾਇਤਾ ਨਾਲ ਆਯੋਜਿਤ ਕਰਵਾਈ, ਜਿਸ ਨਾਲ ਵਿਸ਼ਵ ਦੇ ਪੰਜਾਬੀ ਲੇਖਕਾਂ ਨੂੰ ਸਾਂਝਾ ਪਲੇਟਫਾਰਮ ਮਿਲਿਆ। ਉਸਨੇ ਵਤਨੋਂ ਦੂਰ, ਪਰਦੇਸ ਨਾਮਾ, ਸਾਊਥਾਲ ਦਾ ਸੂਰਜ, ਜੇਰੂਸੱਲਮ ਹਾਲੇ ਦੂਰ ਹੈ, ਵਲਾਇਤੋਂ ਨਿਕ-ਸੁਕ ਕਿਤਾਬਾਂ ਲਿਖਕੇ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਵੱਖਰੀ ਪਛਾਣ ਬਣਾਈ ਹੋਈ



ਹੈ। ਉਸ ਨੂੰ ਬੁੱਲੇਸ਼ਾਹ ਇਨਾਮ-ਏਸ਼ੀਅਨ ਲੇਖਕ ਸਭਾ ਡੈਨਮਾਰਕ ਵਲੋਂ 1998 ਵਿੱਚ, ਪੰਜਾਬੀਅਤ ਦਾ ਮਾਣ ਸਨਮਾਨ-ਪੰਜਾਬੀ ਕੌਂਸਲ ਆਫ ਆਸਟ੍ਰੇਲੀਆ ਵਲੋਂ 2009 ਵਿੱਚ ਅਤੇ ਪੰਜਾਬੀ ਸਾਹਿਬ ਸਭਾ ਦਿੱਲੀ ਵਲੋਂ 2014 ਵਿੱਚ ਸਨਮਾਣ ਮਿਲਿਆ। ਸਾਲ 2018 ਵਿੱਚ ਬਰਤਾਨੀਆ ਦੀ ਮਲਿਕਾ ਨੇ ਸਥਾਨਕ ਸਰਕਾਰ ਵਿੱਚ ਸੇਵਾਵਾਂ ਬਦਲੇ ਆਪ ਨੂੰ 'ਆਰਡਰ ਆਫ਼ ਦੀ ਬ੍ਰਿਟਿਸ਼ ਐਮਪਾਇਰ' (ਓ.ਬੀ.ਈ.) ਦੇ ਖਿਤਾਬ ਨਾਲ ਨਿਵਾਜਿਆ।

ਰਣਜੀਤ ਧੀਰ ਪੰਜਾਬੀ ਲੇਖਕ ਹੈ। ਸਮਾਜ ਸੇਵਕ ਹੈ। ਸਿਆਸਤਦਾਨ ਹੈ। ਰਣਜੀਤ ਧੀਰ ਦੇ ਵਿਚਾਰਾਂ ਵਿੱਚ ਸਪਸ਼ਟਤਾ ਉਸਦੀ ਸਖਸ਼ੀਅਤ ਨੂੰ ਨਿਖਾਰਦੀ ਹੈ। ਉਹ ਬਰਤਾਨੀਆ ਵਿਚ ਆਪਣੀ ਪਤਨੀ ਹਰਭਜਨ ਕੌਰ, ਜੋ ਬਰਤਾਨੀਆ ਵਿਚ ਮੇਅਰ ਵੀ ਚੁਣੇ ਗਏ, ਨਾਲ ਯੂ.ਕੇ. 'ਚ ਵਸਦਾ ਹੈ।

## ਡਾ. ਤੇਜਦੀਪ ਸਿੰਘ ਰਤਨ

ਗੁਰੂ ਕੀ ਨਗਰੀ ਤੇ ਸਿੱਖੀ ਦੇ ਕੇਂਦਰ ਅੰਮ੍ਰਿਤਸਰ ਦੀ ਕੋਟ ਬਾਬਾ ਦੀਪ ਸਿੰਘ ਦਾ ਜੰਮਪਲ ਡਾ. ਤੇਜਦੀਪ ਸਿੰਘ ਰਤਨ ਇਸ ਸਮੇਂ ਅਮਰੀਕਾ ਦੀ ਫੌਜ ਵਿਚ ਲੈਫਟੀਨੈਂਟ ਕਰਨਲ ਦੇ ਅਹੁਦੇ ਦੀ ਸੇਵਾ ਨਿਭਾ ਰਿਹਾ ਹੈ। ਸਾਲ 1995 ਵਿੱਚ 12ਵੀਂ ਜਮਾਤ ਪਾਸ ਕਰਕੇ ਅਮਰੀਕਾ ਦੇ ਓਹਾਇਹੋ ਸੂਬੇ ਦੇ ਡੇਟਨ ਸ਼ਹਿਰ ਜਿਸ ਨੂੰ ਹਵਾਈ ਜਹਾਜ਼ਾਂ ਦਾ ਜਨਮਦਾਤਾ ਸ਼ਹਿਰ ਕਿਹਾ ਜਾਂਦਾ ਹੈ, ਦੀ ਰਾਇਟ ਸਟੇਟ ਯੂਨੀਵਰਸਿਟੀ ਵਿੱਚ ਅਗਲੇਰੀ ਪੜ੍ਹਾਈ ਲਈ ਦਾਖਲਾ ਲਿਆ। ਉਸਦਾ ਤਾਇਆ ਡਾ. ਕੁਲਦੀਪ ਸਿੰਘ ਰਤਨ ਇਸ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਵਜੋਂ ਸੇਵਾ ਨਿਭਾ ਰਹੇ ਸਨ। ਉਸ ਦੇ ਪਿਤਾ ਅੰਮ੍ਰਿਤਸਰ ਸਰਕਾਰੀ ਮੈਡੀਕਲ ਕਾਲਜ ਵਿੱਚ ਮੈਡੀਸਨ ਵਿਭਾਗ ਦੇ ਪ੍ਰੋਫ਼ੈਸਰ ਵਜੋਂ ਰਿਟਾਇਰ ਹੋਏ। ਰਾਈਟ ਸਟੇਟ ਯੂਨੀਵਰਸਿਟੀ ਤੋਂ 2001 ਵਿੱਚ ਬਾਇਓ ਮੈਡੀਕਲ ਇੰਜਨੀਰਿੰਗ ਵਿੱਚ ਗਰੈਜੂਏਸ਼ਨ ਕਰਨ ਉਪਰੰਤ ਐਮ.ਬੀ.ਏ ਤੇ ਫਿਰ 2009 ਵਿੱਚ ਨਿਊਯਾਰਕ ਯੂਨੀਵਰਸਿਟੀ ਤੋਂ ਦੰਦਾ ਦੇ ਡਾਕਟਰ ਦੀ ਡਿਗਰੀ ਪ੍ਰਾਪਤ ਕੀਤੀ।

ਇਸੇ ਡਿਗਰੀ ਕਰਨ ਦੌਰਾਨ ਉਹ ਅਮਰੀਕੀ ਫੌਜ ਵਿੱਚ ਭਰਤੀ ਹੋ ਗਿਆ ਪਰ ਜਦ ਡਿਗਰੀ ਕਰਨ ਤੋਂ ਬਾਅਦ ਫੌਜ ਦੀ ਨੌਕਰੀ ਸ਼ੁਰੂ ਕਰਨ ਲੱਗੇ ਤਾਂ ਉਸ ਨੂੰ ਫੌਜ ਦੇ ਸਬੰਧਤ ਅਧਿਕਾਰੀ ਨੇ ਫੌਜ ਦੇ ਨਿਯਮਾਂ ਅਨੁਸਾਰ ਕੇਸ਼ ਕਟਾ ਕੇ ਅਤੇ ਬਿਨਾਂ ਦਸਤਾਰ ਤੋਂ ਹਾਜ਼ਰ ਹੋਣ ਲਈ ਕਿਹਾ। ਉਸਨੂੰ 1998 ਵਿੱਚ ਵੀ ਆਪਣੀ ਪੜ੍ਹਾਈ ਦੌਰਾਨ ਫੌਜ ਵਿੱਚ ਭਰਤੀ ਹੋਣ ਦਾ ਮੌਕਾ ਮਿਲਿਆ ਸੀ ਪਰ ਉਸ ਨੂੰ ਕਿਹਾ ਗਿਆ ਸੀ ਕਿ ਉਹ ਸਿੱਖੀ ਸਰੂਪ ਵਿੱਚ ਭਰਤੀ ਨਹੀਂ ਹੋ ਸਕਦਾ, ਕਿਉਂਕਿ 1980 ਦੇ ਦਹਾਕੇ ਵਿੱਚ ਅਮਰੀਕੀ ਫੌਜ ਨੇ ਦਾੜ੍ਹੀ ਰੱਖਣ ਤੋਂ ਇਲਾਵਾ ਸਿਰ ਉੱਕਰ ਕੋਈ ਵੀ ਚੀਜ਼ ਪਹਿਨਣ ਤੇ ਪਾਬੰਦੀ ਲਾ ਦਿੱਤੀ ਸੀ। ਉਸ ਸਮੇਂ ਫੌਜ ਵਿੱਚ ਸੇਵਾ ਨਿਭਾ ਰਹੇ ਕਰਨਲ ਡਾ. ਅਰਜਿੰਦਰਪਾਲ ਸਿੰਘ ਸੇਖੋਂ ਅਤੇ ਕਰਨਲ ਡਾ. ਜੀ.ਬੀ. ਸਿੰਘ ਨੂੰ ਇਸ ਪਾਬੰਦੀ ਤੋਂ ਰਾਹਤ ਦੇ ਦਿੱਤੀ ਗਈ ਸੀ। ਤੇਜਦੀਪ ਨੇ ਡਾ. ਕਮਲਜੀਤ ਸਿੰਘ ਕਲਸੀ ਸਣੇ ਇਸ ਪਾਬੰਦੀ ਨੂੰ ਹਟਾਉਣ ਲਈ ਸਿੱਖ ਕੋਲੀਸ਼ਨ ਦੀ ਸਹਾਇਤਾ ਨਾਲ ਸੰਘਰਸ਼ ਕੀਤਾ ਤੇ ਅੰਤ ਵਿੱਚ ਉਹਨਾਂ ਨੂੰ ਸਿੱਖੀ ਸਰੂਪ ਵਿੱਚ ਰਹਿ ਕੇ ਸੇਵਾ ਨਿਭਾਉਣ ਦੀ ਆਗਿਆ ਮਿਲ ਗਈ। ਇਸ ਉਪਰੰਤ ਹੁਣ ਵੱਡੀ ਗਿਣਤੀ ਵਿੱਚ ਸਿੱਖ ਹੁਣ ਅਮਰੀਕੀ ਫੌਜ ਵਿੱਚ ਆਪਣੇ ਧਾਰਮਿਕ ਚਿੰਨ ਰੱਖ ਕੇ ਸੇਵਾ ਨਿਭਾ ਰਹੇ ਹਨ।

ਉਹ ਦੰਦਾਂ ਦੇ ਡਾਕਟਰ ਦੀ ਪੜ੍ਹਾਈ ਖਤਮ ਕਰਨ ਤੋਂ ਬਾਅਦ 22 ਮਾਰਚ 2010 ਵਿੱਚ ਬਤੌਰ ਕੈਪਟਨ ਰੈਂਕ ਡੈਂਟਲ ਕਾਰਪਸ ਵਿੱਚ ਭਰਤੀ ਹੋਇਆ। ਤਕਰੀਬਨ 25 ਸਾਲ ਬਾਅਦ ਦਸਤਾਰਧਾਰੀ ਤੇ ਸਿੱਖੀ ਸਰੂਪ ਵਿੱਚ ਟਰੇਨਿੰਗ ਪੂਰੀ ਕਰਨ ਵਾਲਾ ਉਹ ਪਹਿਲਾ ਸਿੱਖ ਫੌਜੀ ਬਣ ਕੇ ਇਕ ਨਵਾਂ ਇਤਿਹਾਸ ਸਿਰਜਿਆ ਅਤੇ ਕੌਮ ਦਾ ਨਾਮ ਰੋਸ਼ਨ ਕੀਤਾ। ਉਸ ਦੀ ਟ੍ਰੇਨਿੰਗ ਖਤਮ ਹੋਣ ਦੀ ਰਸਮ ਨੂੰ ਸੀ ਐਨ ਐਨ, ਨਿਊਯਾਰਕ ਟਾਇਮਜ਼, ਤੇ ਭਾਰਤ ਸਮੇਤ ਵਿਸ਼ਵ ਭਰ ਦੇ ਮੀਡੀਆ ਨੇ ਦਿਖਾਇਆ। ਸੀ.ਐਨ.ਐਨ ਨੇ ਉਸ ਨੂੰ 'ਦਿਨ ਦਾ ਸਭ ਤੋਂ ਦਿਲਚਸਪ ਵਿਅਕਤੀ' ਦਾ ਨਾਮ ਵੀ ਦਿੱਤਾ। ਉਸ ਨੇ ਟਰੇਨਿੰਗ ਦੌਰਾਨ ਦਾੜ੍ਹੀ ਉੱਪਰ ਮਾਸਕ ਪਾ ਕੇ ਲੜਾਈ ਵਿੱਚ ਜ਼ਹਿਰੀਲੀ ਗੈਸਾਂ ਵਿੱਚ ਫਸੇ ਫੌਜੀਆਂ ਵਲੋਂ ਸਫਤਾਪੂਰਵਕ ਬਾਹਰ ਆ ਕੇ ਇਹ ਦਰਸਾ ਦਿੱਤਾ ਕਿ ਸਿੱਖ ਦੀ ਦਸਤਾਰ ਅਤੇ ਕੇਸ਼ ਇਸ ਵਿੱਚ ਰੁਕਾਵਟ ਨਹੀਂ ਪਾਉਂਦੇ। ਇਸ ਨੂੰ ਦੇਖਕੇ ਉਸ ਦੇ ਕਈ ਅਫਸਰਾਂ ਨੇ ਫਿਰ ਫੌਜ ਨੂੰ ਦੱਸਿਆ ਕਿ ਇਸ ਨਾਲ ਕੋਈ ਸਮੱਸਿਆ ਨਹੀਂ ਹੈ। ਬਤੌਰ ਦੰਦਾਂ ਦੇ ਡਾਕਟਰ ਉਸ ਨੇ ਅਫ਼ਗਾਨਿਸਤਾਨ ਵਿੱਚ ਲੜਾਈ ਵਾਲੇ ਖੇਤਰ ਵਿੱਚ ਸੇਵਾ ਕੀਤੀ ਅਤੇ



ਫੌਜ ਤੋਂ ਸਨਮਾਨ ਵੀ ਹਾਸਲ ਕੀਤੇ।

ਰਾਈਟ ਸਟੇਟ ਯੂਨੀਵਰਸਿਟੀ ਵਿੱਚ ਪੜ੍ਹਾਈ ਦੌਰਾਨ ਵੀ ਉਸ ਨੇ ਆਪਣੇ ਭੂਆ ਦੇ ਲੜਕੇ ਸਮੀਪ ਸਿੰਘ ਗੁਮਟਾਲਾ ਤੇ ਹੋਰਨਾਂ ਨਾਲ ਮਿਲ ਕੇ 11 ਸਤੰਬਰ 2011 (9/11) ਦੇ ਹਮਲੇ ਤੋਂ ਬਾਅਦ ਸਿੱਖਾਂ ਦੀ ਵਿਸ਼ੇਸ਼ ਪਛਾਣ ਲਈ ਅਮਰੀਕਨਾਂ ਨੂੰ ਜਾਗਰੂਕ ਕਰਨ ਲਈ ਕਈ ਪ੍ਰੋਗਰਾਮ ਕੀਤੇ। 2003 ਵਿੱਚ ਉਹ ਏਸ਼ੀਅਨ ਸਟੂਡੈਂਟ ਐਸੋਸੀਏਸ਼ਨ ਦਾ ਪ੍ਰੈਜੀਡੈਂਟ ਵੀ ਚੁਣਿਆ ਗਿਆ। ਫਿਰ ਇਹਨਾਂ ਦੋਨਾਂ ਨੇ ਸਿੱਖ ਸਟੂਡੈਂਟ ਐਸੋਸੀਏਸ਼ਨ ਦੀ ਵੀ ਸ਼ੁਰੂਆਤ ਕੀਤੀ ਅਤੇ ਏਸ਼ੀਅਨ ਹਿਸਪੈਨਿਕ ਨੇਟਿਵ ਅਮੈਰੀਕਨ ਸੈਂਟਰ ਦੀ ਸਹਾਇਤਾ ਨਾਲ ਅਮਰੀਕਾ ਦੀ ਯੂਨੀਵਰਸਿਟੀ ਵਿੱਚ ਪਹਿਲੀ ਵਾਰ ਵਿਸਾਖੀ ਦੇ ਮੌਕੇ 'ਤੇ ਸਿੱਖ ਸਭਿਆਚਾਰਕ ਪ੍ਰਦਰਸ਼ਨੀ ਲਗਾਈ, ਅਮਰੀਕੀ ਅਤੇ ਹੋਰਨਾਂ ਮੁਲਕਾਂ ਦੇ ਵਿਅਕਤੀਆਂ 'ਤੇ ਦਸਤਾਰਾਂ ਵੀ ਸਜਾਈਆਂ ਜਾਂਦੀਆਂ। ਉਨਾਂ 2005 ਤੱਕ ਆਪਣੀ ਪੜ੍ਹਾਈ ਖਤਮ ਹੋਣ ਤੱਕ ਇਸ ਨੂੰ ਜਾਰੀ ਰੱਖਿਆ। ਅੱਜ ਕੱਲ ਉਹ ਕੈਲੀਫੋਰਨੀਆ ਵਿੱਚ ਆਪਣਾ ਦੰਦਾਂ ਦਾ ਇਕ ਕਲੀਨਿਕ ਵੀ ਚਲਾ ਰਿਹਾ ਹੈ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਈਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇਨਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

ਅੰਮ੍ਰਿਤਸਰ ਟਾਈਮਜ਼
AMRITSAR TIMES
14 ਅਪ੍ਰੈਲ 2022 ਤੋਂ 20 ਅਪ੍ਰੈਲ 2022

## ਝਾਕੀਆਂ ਦਾ ਖਤਰਨਾਕ ਰੁਝਾਨ

ਪਰਦੇ 'ਤੇ ਬੋਲਦੀਆਂ ਤਸਵੀਰਾਂ ਨੂੰ ਆਏ ਬੇਸ਼ੱਕ ਬਹੁਤਾ ਜ਼ਿਆਦਾ ਸਮਾਂ ਨਹੀਂ ਹੋਇਆ ਪਰ ਇਸ ਵਿੱਚ ਆ ਰਹੇ ਬਦਲਾਅ ਜੇ ਵੇਖੇ ਜਾਣ ਤਾਂ ਉਹਨਾਂ ਦੀ ਰਫਤਾਰ ਬਹੁਤ ਜ਼ਿਆਦਾ ਹੈ। ਬਦਲਾਅ ਸਿਰਫ ਅੰਦਰੂਨੀ ਢਾਂਚੇ ਵਿੱਚ ਹੀ ਨਹੀਂ ਸਗੋਂ ਪੇਸ਼ਕਾਰੀ ਦੇ ਦਾਇਰੇ ਵਿੱਚ ਵੀ ਬਹੁਤ ਆ ਗਏ ਹਨ। ਵਕਤ ਦੇ ਗੇੜ 'ਚ ਆਪਣੇ ਆਪ ਤੋਂ ਸਿਆਣਪ ਦੀ ਮਾਨਤਾ ਪ੍ਰਾਪਤ ਬੰਦਾ ਜਿੱਥੇ ਤੱਕ ਜਾ ਸਕਦਾ ਹੈ, ਜਾਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹਨੂੰ ਭਾਵੇਂ ਆਪ ਮੁਹਾਰੇ ਚੱਲ ਰਿਹਾ ਪਾਣੀ ਜਾਣ ਲਵੋ ਜਾ ਕਿਸੇ ਕਮਾਨ ਵਿੱਚੋਂ ਸੋਚ ਸਮਝ ਕੇ ਛੱਡਿਆ ਤੀਰ, ਕਰਨਾ ਦੋਵਾਂ ਨੇ ਨੁਕਸਾਨ ਹੀ ਹੈ। ਸ਼ੌਹਰਤ ਅਤੇ ਕਾਹਲ ਦੀ ਦੌੜ ਵਿੱਚ ਬੰਦਾ ਅਜਿਹਾ ਫਸ ਗਿਆ ਹੈ ਕਿ ਉਹ ਗੁਰੂ ਦੇ ਰਾਹ ਨੂੰ ਵੀ ਆਪਣੀ ਸੌਖ ਤੋਂ ਖਲੋ ਕੇ ਵੇਖਣ ਲੱਗ ਪਿਆ ਹੈ ਅਤੇ ਦਲੀਲਾਂ ਦੀ ਪੰਡ ਵਿੱਚੋਂ ਰੁੱਗ ਭਰ-ਭਰ ਵੰਡ ਰਿਹਾ ਹੈ। ਸਮੇਂ ਨਾਲ ਬਹੁਤ ਕੁਝ ਬਦਲਣਾ ਹੁੰਦਾ ਹੈ, ਇਸ ਵਿੱਚ ਕੋਈ ਦੋ ਰਾਇ ਨਹੀਂ ਪਰ ਗੁਰੂ ਦੀ ਗੱਲ, ਗੁਰੂ ਦਾ ਰਾਹ ਸਦੀਵ ਹੈ, ਇਹ ਸਮੇਂ ਦੀ ਲਪੇਟ ਵਿੱਚ ਨਹੀਂ ਆ ਸਕਦਾ। ਸਾਡੀ ਰਵਾਇਤ ਸਾਖੀ ਦੀ ਹੈ, ਝਾਕੀ ਦੀ ਨਹੀਂ। ਤਸਵੀਰਾਂ ਤੋਂ ਸ਼ੁਰੂ ਹੋਇਆ ਸਫ਼ਰ ਗੁਰੂ ਪਾਤਿਸਾਹ ਅਤੇ ਉਹਨਾਂ ਦੇ ਜੀਵਨ ਨਾਲ ਸਬੰਧਿਤ ਗੁਰਸਿੱਖਾਂ ਨੂੰ ਫ਼ਿਲਮਾਂ ਰਾਹੀਂ ਵਿਖਾਉਣ ਤੱਕ ਪਹੁੰਚ ਗਿਆ ਹੈ। ਅੱਗੇ ਕਿੱਥੇ ਤੱਕ ਜਾਵੇਗਾ, ਸੋਚ ਕੇ ਡਰ ਆਉਂਦਾ ਹੈ।

ਪਿਛਲੇ ਕੁਝ ਵਰਿਆਂ ਤੋਂ ਲਗਾਤਾਰ ਕੁਝ ਵਪਾਰੀ ਬਿਰਤੀ ਦੇ ਲੋਕ ਇਹ ਦੌੜ ਵਿਚ ਪਏ ਹਨ ਕਿ ਅਸੀਂ ਨਵੇਂ ਮਾਧਿਅਮਾਂ ਰਾਹੀਂ ਸਿੱਖੀ ਦਾ ਪ੍ਰਚਾਰ ਕਰਨਾ ਹੈ ਕਿਉਂਕਿ ਅੱਜ ਦੇ ਨਿਆਣੇ, ਸਿੱਖ ਇਤਿਹਾਸ ਤੋਂ ਜਾਣੂ ਨਹੀਂ। ਇਹ ਲੋਕ ਲਗਾਤਾਰ ਗੁਰੂ ਸਾਹਿਬ ਜਾਂ ਉਹਨਾਂ ਦੇ ਜੀਵਨ ਨਾਲ ਸਬੰਧਿਤ ਗੁਰਸਿੱਖਾਂ ਨੂੰ ਫ਼ਿਲਮਾਂ ਰਾਹੀਂ ਵਿਖਾਉਣ ਦਾ ਯਤਨ ਕਰ ਰਹੇ ਹਨ। ਵਿਰੋਧ ਦੇ ਬਾਵਜੂਦ ਇਹ ਸਿਲਸਲਾ ਜਾਰੀ ਹੈ, ਕਦੀ 'ਨਾਨਕ ਸ਼ਾਹ ਫਕੀਰ', ਕਦੀ 'ਦਾਸਤਾਨ ਏ ਮੀਰੀ ਪੀਰੀ' ਅਤੇ ਕਦੀ 'ਮਦਰਹੁੱਡ' ਵਰਗੀਆਂ ਫ਼ਿਲਮਾਂ ਲਗਾਤਾਰ ਬਣ ਰਹੀਆਂ ਹਨ। ਇਸ ਵਾਰ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਫਿਲਮ 'ਮਦਰਹੁੱਡ' ਨੂੰ ਕੋਈ ਪ੍ਰਵਾਨਗੀ ਨਾ ਦੇਣ ਅਤੇ ਫਿਲਮ ਨੂੰ ਰੋਕਣ ਲਈ ਕਹਿਣ ਦੇ ਬਾਵਜੂਦ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਵਿਧਾਇਕਾਂ ਨੂੰ ਇਹ ਫਿਲਮ ਵਿਖਾਈ ਹੈ।

ਸਾਡੀ ਰਵਾਇਤ ਗੁਰ ਇਤਿਹਾਸ ਨੂੰ ਕਥਾ, ਢਾਡੀ ਵਾਰਾਂ ਅਤੇ ਕਵੀਸ਼ਰੀ ਰਾਹੀਂ ਸੁਣਨ ਸੁਣਾਉਣ ਦੀ ਹੈ। ਇਹੀ ਸਿੱਖ ਯਾਦ ਨੂੰ ਤਾਜ਼ਾ ਕਰਨ ਦਾ ਪ੍ਰਵਾਨਿਤ ਤਰੀਕਾਕਾਰ ਹੈ। ਗੁਰੂ ਸਾਹਿਬਾਨ ਨੂੰ ਕਿਸੇ ਆਕਾਰ ਵਿਚ ਨਹੀਂ ਪੇਸ਼ ਕੀਤਾ ਜਾ ਸਕਦਾ। ਮਨੁੱਖੀ ਅੱਖ ਕਿਸੇ ਹੱਦ ਤਕ ਹੀ ਵੇਖ ਸਕਦੀ ਹੈ ਪਰ ਦਿਸਦੇ ਤੋਂ ਪਾਰ ਵੀ ਬਹੁਤ ਕੁਝ ਹੁੰਦਾ ਹੈ, ਮਨੁੱਖ ਆਪਣੇ ਦਿਮਾਗ ਦੇ ਜ਼ੋਰ ਨਾਲ ਆਪਣੀ ਸਿਆਣਪ ਨਾਲ ਜਿੰਨਾ ਉਹ ਗੁਰੂ ਨੂੰ ਸਮਝਦਾ ਹੈ ਫਿਰ ਉਸ ਮੁਤਾਬਿਕ ਗੁਰੂ ਸਾਹਿਬ ਨੂੰ ਪਰਦੇ ਉੱਤੇ ਪੇਸ਼ ਕਰਨ ਲਈ ਯਤਨ ਕਰਦਾ ਹੈ। ਅਣਦਿਸਦੇ ਨੂੰ ਦਿਖਾਉਣ ਦੀ ਭੁੱਲ ਕਰਦਾ ਹੈ, ਇਹ ਭੁੱਲ ਸਿੱਖ ਲਈ ਬੇਹੱਦ ਘਾਤਕ ਹੈ। ਜੋ ਰਿਸ਼ਤਾ ਇਲਹਾਮ ਦਾ ਹੈ ਜਦੋਂ ਉਹ ਪਾਤਿਸਾਹ ਨੂੰ ਇਹ ਤਕਨੀਕੀ ਐਨਕ ਨਾਲ ਵੇਖਣ ਵਿਖਾਉਣ ਦੇ ਜਾਲ ਵਿਚ ਉਲਝੇਗਾ ਉਦੋਂ ਹਿੰਦੂ ਸਿੱਖ ਦਾ ਕੋਈ ਫਰਕ ਨਹੀਂ ਰਹਿਣਾ। ਇਹ ਯਤਨ ਕਰ ਰਹੇ ਲੋਕ ਭਾਵੇਂ ਹਿੰਦੁਸਤਾਨੀ ਮਸ਼ੀਨਰੀ ਨਾਲ ਸਿੱਧੇ ਤੌਰ ਉੱਤੇ ਕੋਈ ਸੰਬੰਧ ਨਾ ਵੀ ਰੱਖਦੇ ਹੋਣ ਪਰ ਉਹ ਜਾਣੇ ਅਣਜਾਣੇ ਵਿਚ ਉਹਨਾਂ ਦੇ ਸੰਦ ਵਜੋਂ ਹੀ ਭੁਗਤ ਰਹੇ ਹਨ। ਵਪਾਰ ਦੀ ਇਸ ਮੰਡੀ ਵਿਚ ਗੁਰਮਤਿ ਦੇ ਫਲਸਫੇ ਨਾਲ ਜੇ ਇਹ ਸਿਧਾਂਤਿਕ ਸਮਝੌਤਾ ਹੋ ਗਿਆ ਤਾਂ ਗੁਰੂ ਨੂੰ ਸਿੱਖ ਤੋਂ ਖੋਹ ਲਿਆ ਜਾਵੇਗਾ। ਫਿਰ ਸਿੱਖ ਦਾ ਹਰ ਇਕ ਵਧਦਾ ਕਦਮ ਇਹ ਸੁਰਤ ਦੇ ਮਾਰਗ ਤੋਂ ਕੋਹਾਂ ਦੀ ਦੂਰੀ ਪਾਉਂਦਾ ਜਾਵੇਗਾ। ਰੂਹਾਨੀ ਚੜਤਲ ਜਿਸ ਅਮਲ ਦੀ ਕਸਰਤ ਵਿੱਚੋ ਉਪਜਦੀ ਹੈ ਇਹ ਰਾਹ ਬਿਲਕੁਲ ਉਸਦੇ ਉਲਟ ਜਾਂਦਾ ਹੈ। ਇਹ ਤੁਰਦੇ ਫਿਰਦੇ ਬੁੱਤ ਤਕਨੀਕੀ ਬੁੱਤ ਹਨ, ਸ਼ਬਦ ਗੁਰੂ ਦੇ ਪੁਜਾਰੀ ਦਾ ਇਸ ਬੁੱਤਪ੍ਰਸਤੀ ਦਾ ਸ਼ਿਕਾਰ ਹੋਣਾ ਆਤਮਿਕ ਮੌਤ ਹੋਵੇਗੀ।

ਪ੍ਰੋ.ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ ਕਿ "ਖ਼ਾਲਸੇ ਨੂੰ ਗੁਰੂ ਸਾਹਿਬਾਨ ਜਾਂ ਉਨਾਂ ਦੇ ਜੀਵਨ ਨਾਲ ਸਬੰਧਤ ਕਿਸੇ ਵੀ ਗੁਰਸਿੱਖ ਦੇ ਕਿਸੇ ਵੀ ਰੂਪ ਜਾਂ ਅਮਲ ਨੂੰ ਵਿੰਗੇ-ਟੇਢੇ ਢੰਗ ਨਾਲ ਨਾਟਕ ਵਿਚ ਬਦਲ ਕੇ ਰੰਗਮੰਚ ਉੱਤੇ ਖੇਡਣਾ ਨਹੀਂ ਚਾਹੀਦਾ ਅਤੇ ਨਾ ਹੀ ਗੁਰੂ ਸਾਹਿਬਾਨ ਦੀ ਕੋਈ ਤਸਵੀਰ ਬਣਾਉਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਗੁਰੂ ਸਾਹਿਬਾਨ ਦੇ ਦੈਵੀ ਰੂਪਾਂ ਦੀ ਅਨੰਤਤਾ ਕਮਜ਼ੋਰ ਦੁਨਿਆਵੀ ਸਾਂਚਿਆਂ ਵਿਚ ਸੁੰਗੜ ਕੇ ਰਹਿ ਜਾਵੇਗੀ ਅਤੇ ਸਾਂਝੇ ਸਿੱਖ ਅਨੁਭਵ ਵਿਚੋਂ ਗੁਰੂਆਂ ਦੀ ਮਹਾਨਤਾ ਦੇ ਬੇਨਜ਼ੀਰ ਸੁਪਨੇ ਸਦਾ ਲਈ ਅਲੋਪ ਹੋ ਜਾਣਗੇ ਜਾਂ ਕਮਜ਼ੋਰ ਪੈ ਜਾਣਗੇ। ਗੁਰੂਆਂ ਅਤੇ ਗੁਰ-ਲਿਵ ਦੇ ਨੇੜੇ ਦੇ ਸਿੱਖ ਇਤਿਹਾਸ ਉੱਤੇ ਪਲਣ ਵਾਲੀ ਖ਼ਾਲਸਾ ਸਾਈਕੀ (ਮਾਨਸਿਕਤਾ) ਨੂੰ ਕਿਸੇ ਪ੍ਰਕਾਰ ਦੀ ਵੀ ਨਾਟਕੀ ਪ੍ਰਦਰਸ਼ਨੀ ਪਹਿਲਾਂ ਬੇਰਸ ਅਤੇ ਆਲਸੀ ਬਣਾਏਗੀ, ਫੇਰ ਥਕਾਵੇਗੀ ਅਤੇ ਅੰਤ ਵਿਚ ਠੰਡਾ ਯੁੱਖ ਕਰ ਦੇਵੇਗੀ।"

ਜਿੰਨਾਂ ਸਮਾਂ ਅਸੀਂ ਆਪਣੇ ਮੂਲ ਨੂੰ ਮਹਿਸੂਸ ਨਹੀਂ ਕਰਦੇ ਉਨਾਂ ਸਮਾਂ ਭੁਲੇਖਿਆਂ ਅਤੇ ਖੱਜਲ ਖੁਆਰੀਆਂ ਤੋਂ ਬਿਨਾਂ ਕੁਝ ਨੀ ਖੱਟਿਆ ਜਾ ਸਕਦਾ। ਸਹੇ ਲੰਘ ਰਹੇ ਹਨ ਅਤੇ ਪਹੇ ਬਣਦੇ ਜਾ ਰਹੇ ਹਨ , ਇਹ ਜ਼ਿੰਮੇਵਾਰੀ ਹੁਣ ਸਾਡੀ ਹੈ ਕਿ ਕਿਵੇਂ ਸਹੇ ਅਤੇ ਪਹੇ ਦਾ ਹੱਲ ਲੱਭਣਾ ਹੈ। ਬੋਲਦੀਆਂ ਤਸਵੀਰਾਂ ਦੇ ਗਾਹਕ ਬਹੁਤ ਹਨ, ਅਤੇ ਬਹੁਤੇ ਇਹਨੂੰ ਜਿਸ ਪੱਖ ਤੋਂ ਵੇਖਦੇ ਹਨ ਉਹਨਾਂ ਕੋਲ ਇਹਦੀ ਗਹਿਰਾਈ 'ਚ ਜਾਣ ਦਾ ਨਾ ਤੇ ਸਮਾਂ ਹੈ ਨਾ ਹੀ ਦਿਲਚਸਪੀ। ਇਹ ਵੱਡਾ ਫਾਇਦਾ ਇਸ ਕਿੱਤੇ ਦੇ ਵਪਾਰੀ ਨੂੰ ਹੈ ਜਿਸ ਦੀ ਮਿਹਰਬਾਨੀ ਨਾਲ ਉਹ ਦਿਨ ਪਰ ਦਿਨ ਆਪਣੀ ਰਫਤਾਰ ਤੇਜ ਕਰ ਰਿਹਾ ਹੈ। ਜੇਕਰ ਇਸ ਝਾਕੀਆਂ ਦੇ ਵਰਤਾਰੇ ਦੀ ਸਹੀ ਸਮਝ ਬਣਾਉਣ ਵਿੱਚ ਅਸੀਂ ਕਾਮਯਾਬ ਨਾ ਹੋਏ ਅਤੇ ਸਾਡੇ ਹੁੰਗਾਰੇ ਲੈਣ ਵਿੱਚ ਇਹ ਝਾਕੀਆਂ ਕਾਮਯਾਬ ਹੋ ਗਈਆਂ ਤਾਂ ਅਸੀਂ ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਬਹੁਤ ਡੂੰਘੇ ਖੂਹ ਵਿੱਚ ਸੁੱਟਣ ਦੇ ਜਿੰਮੇਵਾਰ ਹੋਵਾਂਗੇ ਅਤੇ ਬਣ ਰਿਹਾ ਇਤਿਹਾਸ ਸਾਨੂੰ ਕਟਹਿਰੇ ਵਿੱਚ ਖੜਾ ਕਰੇਗਾ।

## ਡਰ-ਸਹਿਮ ਦੇ ਦੌਰ 'ਚੋਂ ਲੰਘ ਰਿਹਾ 'ਨਿਊ ਇੰਡੀਆ'



ਗੁਰਮੀਤ ਸਿੰਘ ਪਲਾਹੀ
9815802070

ਨਵੇਂ ਭਾਰਤ ਦੀ ਉਸਾਰੀ ਹੋ ਰਹੀ ਹੈ। ਸੱਤ ਵਰੇ ਬੀਤ ਗਏ ਹਨ। ਇਹ ਸੱਤ ਵਰੇ, ਅਜ਼ਾਦੀ ਦੇ ਸੱਤਰ ਵਰਿਆਂ 'ਤੇ ਭਾਰੂ ਪੈ ਰਹੇ ਹਨ। ਉਹ ਭਾਰਤ ਜਿਹੜਾ ਧਰਮ ਨਿਰਪੱਖ ਸੀ, ਲੋਕਤੰਤਰੀ ਕਦਰਾਂ-ਕੀਮਤਾਂ ਲਈ ਵਿਸ਼ਵ ਭਰ ਵਿਚ ਜਾਣਿਆਂ ਜਾਂਦਾ ਸੀ, ਅੱਜ ਇੱਕ ਵਿਸ਼ੇਸ਼ ਧਰਮ ਅਤੇ ਡਿਕਟੇਟਰਾਨਾ ਵਿਵਹਾਰ, ਲਈ ਜਾਣਿਆ-ਪਛਾਣਿਆ ਜਾਣ ਲੱਗ ਪਿਆ ਹੈ। ਪੁਰਾਣਾ ਭਾਰਤ ਸਮੇਟਿਆ ਜਾ ਰਿਹਾ ਹੈ, 'ਨਵਾਂ ਹਿੰਦੋਸਤਾਨ' ਲਿਆਂਦਾ ਜਾ ਰਿਹਾ ਹੈ, ਇੱਕ ਧਰਮ, ਇੱਕ ਬੋਲੀ, ਇੱਕ ਰਾਸ਼ਟਰ। ਭਾਰਤੀ ਸੰਘੀ ਢਾਂਚਾ ਸਮੇਟਣ ਲਈ ਯੋਜਨਾ ਉਲੀਕੀ ਗਈ ਹੈ।

ਅਜੀਬ ਦੌਰ ਵਿਚੋਂ ਲੰਘ ਰਿਹਾ ਹੈ ਆਪਣਾ ਦੇਸ਼। ਅਜੀਬ ਦੌਰ ਹੈ ਕਿ ਜਿਨਾਂ ਹਾਕਮਾਂ ਦਾ ਕੰਮ ਹੈ ਰਾਜ ਪ੍ਰਬੰਧ ਚਲਾਉਣਾ, ਲੋਕਾਂ ਦੇ ਭਲੇ ਹਿੱਤ ਸਕੀਮਾਂ ਬਨਾਉਣਾ, ਲੋਕਾਂ ਦੇ ਜਾਨ-ਮਾਲ ਦੀ ਰਾਖੀ ਕਰਨਾ, ਉਨਾਂ ਨੂੰ ਸੁੱਖ-ਸੁਵਿਧਾਵਾਂ ਦੇਣਾ, ਉਹ ਇਸ ਗੱਲ 'ਤੇ ਉਲਝੇ ਪਏ ਹਨ ਕਿ ਸਾਨੂੰ ਕੀ ਖਾਣਾ ਚਾਹੀਦਾ ਹੈ, ਕੀ ਪੀਣਾ ਚਾਹੀਦਾ ਹੈ, ਕੀ ਪਹਿਨਣਾ ਚਾਹੀਦਾ ਹੈ, ਸ਼ਾਦੀ, ਵਿਆਹ ਕਿਸ ਨਾਲ ਅਤੇ ਕਿਸ ਢੰਗ ਨਾਲ ਕਰਨੀ ਚਾਹੀਦੀ ਹੈ, ਪਿਆਰ ਕਰਨਾ ਚਾਹੀਦਾ ਹੈ ਜਾਂ ਨਹੀਂ, ਕਿਸ ਨਾਲ ਕਰਨਾ ਚਾਹੀਦਾ ਹੈ ? ਇਨਾਂ ਚੀਜ਼ਾਂ ਦੇ ਅਧਾਰ ਤੇ ਅੱਜ ਕੱਲ ਸਾਡੇ ਸਾਸ਼ਕ 'ਪ੍ਰਮਾਣ ਪੱਤਰ' ਦੇ ਰਹੇ ਹਨ। ਵੇਖੋ ਅਜੀਬ ਗੱਲ, ਬਿਹਾਰ ਦੇ ਮੁੱਖ ਮੰਤਰੀ ਨੇ ਪਿਛਲੇ ਹਫ਼ਤੇ ਫ਼ੈਸਲਾ ਸੁਣਾਇਆ ਕਿ ਜਿਹੜੇ ਲੋਕ ਸ਼ਰਾਬ ਪੀਂਦੇ ਹਨ, ਉਨਾਂ ਨੂੰ ਭਾਰਤੀ ਨਹੀਂ ਕਿਹਾ ਜਾ ਸਕਦਾ। ਦੱਖਣੀ ਦਿੱਲੀ ਦੇ ਇੱਕ ਮਾਮੂਲੀ ਜਿਹੇ ਅਫ਼ਸਰ ਨੇ ਇਹ ਤਹਿ ਕਰ ਦਿੱਤਾ ਕਿ ਨਵਰਾਤਰਿਆਂ ਵਿੱਚ ਮੀਟ-ਮੁਰਗਾ ਵੇਚਣ ਵਾਲੀਆਂ ਦੁਕਾਨਾਂ ਬੰਦ ਰਹਿਣਗੀਆਂ। ਹਿੰਦੂਆਂ ਦੀ ਧਾਰਮਿਕ ਭਾਵਨਾਵਾਂ ਦਾ ਸਨਮਾਨ ਕਰਨ ਲਈ। ਇਸ ਫ਼ੈਸਲੇ ਬਾਰੇ ਹਾਲੇ ਚਰਚਾ ਹੀ ਹੋ ਰਹੀ ਸੀ ਕਿ ਭਾਰਤੀ ਜਨਤਾ ਪਾਰਟੀ ਦੇ ਇੱਕ ਸੰਸਦ ਮੈਂਬਰ ਨੇ ਕਿਹਾ ਕਿ ਇਸ ਫ਼ੈਸਲੇ ਨੂੰ ਪੂਰੇ ਦੇਸ਼ 'ਚ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਕੀ ਇਨਾਂ ਲੋਕਾਂ ਨੂੰ ਪੁਛਿਆ ਨਹੀਂ ਜਾਣਾ ਚਾਹੀਦਾ ਕਿ ਉਹ ਕੌਣ ਨੇ ਇਹੋ ਜਿਹਾ ਫ਼ੈਸਲਾ ਲਾਗੂ ਕਰਨ ਵਾਲੇ। ਪ੍ਰੰਤੂ ਮਾਹੌਲ ਕੁਝ ਇਹੋ ਜਿਹਾ ਬਣ ਚੁੱਕਾ ਹੈ ਨੀਊ ਇੰਡੀਆ ਵਿੱਚ ਕਿ ਲੋਕ ਡਰ ਦੇ ਮਾਰੇ ਇਸ ਤਰਾਂ ਦੇ ਸਵਾਲ ਹੀ ਨਹੀਂ ਪੁੱਛਦੇ। ਜਾਣਦੇ ਹਨ ਕਿ ਉਲਟੇ-ਸਿੱਧੇ ਸਵਾਲ ਪੁੱਛਣ ਵਾਲਿਆਂ ਦਾ ਕੀ ਹਸ਼ਰ ਹੁੰਦਾ ਹੈ ? ਉਹ ਜਾਣਦੇ ਹਨ ਕਿ ਈਡੀ, ਸੀਬੀਆਈ, ਕਿਵੇਂ ਅੱਧੀ ਰਾਤ ਉਨਾਂ ਦੇ ਘਰ 'ਤੇ ਪੁੱਜ ਜਾਂਦੀ ਹੈ ਅਤੇ ਫਿਰ ਕਿਵੇਂ ਉਨਾਂ ਦੀ ਸ਼ਾਮਤ ਆ ਜਾਂਦੀ ਹੈ। ਪਿਛਲੇ ਹਫ਼ਤੇ ਦੋ ਪੱਤਰਕਾਰਾਂ ਨੂੰ ਵਿਦੇਸ਼ ਜਾਣ ਤੋਂ ਉਦੋਂ ਰੋਕਿਆ ਗਿਆ, ਜਦੋਂ ਉਹ ਜਹਾਜ਼ੇ ਚੜਨ ਵਾਲੇ ਸਨ। ਦੋਨਾਂ ਨੇ ਮੋਦੀ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕੀਤਾ ਸੀ। ਦੇਸ਼ ਦੇ ਵੱਖੋ-ਵੱਖਰੇ ਭਾਗਾਂ 'ਚ ਦਰਜ਼ਨਾਂ ਪੱਤਰਕਾਰ, ਬੁੱਧੀਜੀਵੀ, ਹਕੂਮਤ ਉਤੇ ਉਠਾਏ ਤਿੱਖੇ ਸਵਾਲਾਂ ਕਾਰਨ, ਭਾਰਤੀ ਜੇਲਾਂ 'ਚ ਬੰਦ ਹਨ, ਮਹੀਨਿਆਂਬੱਧੀ ਉਨਾਂ ਦੀਆਂ ਜਮਾਨਤਾਂ ਨਹੀਂ ਹੋ ਰਹੀਆਂ। ਵਿਰੋਧੀਆਂ ਦੀ ਆਵਾਜ਼ ਦਬਾਉਣ ਦੇ ਮਾਮਲੇ 'ਚ ਦੇਸ਼ ਦੀ ਹਾਕਮ ਧਿਰ ਪੂਰੀ ਤਰਾਂ ਬਦਨਾਮ ਹੈ। ਸਾਲ 2020 ਵਿੱਚ 67 ਪੱਤਰਕਾਰ ਗ੍ਰਿਫ਼ਤਾਰ ਕੀਤੇ ਗਏ, 200 ਨੂੰ ਜਿਸਮਾਨੀ ਹਮਲੇ ਸਹਿਣੇ ਪਏ। ਹਾਲਾਂਕਿ ਭਾਰਤ ਲੋਕਤੰਤਰ ਹੈ ਅਤੇ ਦੇਸ਼ ਦੀ ਨਵੀਂ ਬਣੀ ਹਕੂਮਤ ਦਾ 2014 ਵਿਚ ਇਹ ਕਹਿਣਾ ਸੀ ਕਿ ਹਰੇਕ ਨੂੰ ਦੇਸ਼ 'ਚ ਆਪਣੇ ਵਿਚਾਰ ਪੇਸ਼ ਕਰਨ ਦੀ ਸੰਪੂਰਨ ਆਜ਼ਾਦੀ ਹੈ। ਪਰ ਇਹਨਾ ਦਿਨਾਂ ਵਿਚ ਵਰਲਡ ਪ੍ਰੈਸ ਫਰੀਡਮ ਇੰਡੈਕਸ ਅਨੁਸਾਰ ਵਿਸ਼ਵ ਦੇ 180 ਦੇਸ਼ਾਂ ਵਿਚੋਂ ਪ੍ਰੈੱਸ ਅਜ਼ਾਦੀ ਵਿਚ 142ਵਾਂ ਨੰਬਰ ਹੈ। ਭੀਮ ਕੋਰਾਗਾਓ ਦੀ ਘਟਨਾ ਕਿਸ ਤੋਂ ਲੁਕੀ ਛੁਪੀ ਹੋਈ ਹੈ, ਜਿਸ ਵਿੱਚ ਸੁਧਾਰ ਭਾਰਦਵਾਜ, ਬਾਰਬਰਾ ਰਾਓ, ਗੌਤਮ ਨਵਲੱਖਾ ਅਤੇ ਅਨੰਦ ਤੇਲਤੁੰਬੜੇ ਵਰਗੇ ਦੇਸ਼ ਦੇ ਪ੍ਰਸਿੱਧ ਵਕੀਲ, ਬੁੱਧੀਜੀਵੀਆਂ ਉਤੇ ਮੁਕੱਦਮੇ ਇਸ ਕਰਕੇ ਚਲਾਏ ਜਾ ਰਹੇ ਹਨ ਕਿ ਉਹ ਸਰਕਾਰ ਦੀਆਂ ਨੀਤੀਆਂ ਦੇ ਵਿਰੋਧੀ ਹਨ। ਦੇਸ਼ ਵਿਚ ਕਿਸਾਨ ਅੰਦੋਲਨ ਦੀਆਂ ਘਟਨਾਵਾਂ ਨੂੰ ਕਿਵੇਂ ਅੱਖੋਂ-ਪਰੋਖੇ ਕੀਤਾ ਜਾ ਸਕਦਾ ਹੈ, ਜਿਥੇ ਸੰਘਰਸ਼ ਕਰਨ ਵਾਲੇ ਕਿਸਾਨਾਂ ਤੇ ਉਨਾਂ ਦੇ ਹਮਾਇਤੀਆਂ ਨੂੰ ਪਰਜੀਵੀ ਹੋਰ ਕਿਸੇ ਨੇ ਨਹੀਂ, ਸਗੋਂ ਦੇਸ਼ ਦੇ ਪ੍ਰਧਾਨ ਮੰਤਰੀ ਵਲੋਂ ਆਖਿਆ ਗਿਆ। ਕੀ ਇਹ ਵਿਚਾਰਾਂ ਤੇ ਵਿਚਰਣ ਦੀ ਅਜ਼ਾਦੀ ਉਤੇ ਕੋਝਾ ਹਮਲਾ ਨਹੀਂ ਸੀ ?

ਦੇਸ਼ ਦੇ ਡਰ-ਸਹਿਮ ਦੇ ਮਾਹੌਲ ਵਿੱਚ, ਭਾਵੇਂ ਡਰ-ਡਰਕੇ ਹੀ ਸਹੀ ਕੀ ਇਹ ਪੁੱਛਿਆ ਜਾਣਾ ਨਹੀਂ ਬਣਦਾ ਕਿ ਕੋਵਿਡ ਦੇ ਦਿਨਾਂ 'ਚ ਗੰਗਾ ਨਦੀ ਵਿਚ ਲਾਵਾਰਿਸ ਲਾਸ਼ਾਂ ਕਿਉਂ ਤੈਰ ਰਹੀਆਂ ਸਨ ? ਕਿਉਂ ਉਹਨਾ ਨੂੰ ਸੰਸਕਾਰ ਲਈ ਕਿਧਰੇ ਥਾਂ ਨਹੀਂ ਮਿਲੀ ? ਸਕੂਲ-ਹਸਪਤਾਲ ਬੇਹਾਲ ਕਿਉਂ ਹਨ ? ਮਹਿੰਗਾਈ ਇੰਨੀ ਕਿਉਂ ਵਧ ਰਹੀ ਹੈ। ਡੀਜ਼ਲ, ਪੈਟਰੋਲ, ਘਰੇਲੂ ਗੈਸ ਦੇ ਭਾਅ ਇੰਨੇ ਕਿਉਂ ਵਧ ਰਹੇ ਹਨ ਕਿ ਆਮ ਆਦਮੀ ਦੀ ਪਹੁੰਚ ਤੋਂ ਦੂਰ ਕਿਉਂ ਹੋ ਰਹੇ ਹਨ ?

ਸਰਕਾਰ ਪਿਛਲੇ ਅੱਠ ਸਾਲਾਂ ਵਿੱਚ ਪੈਟਰੋਲ-ਡੀਜ਼ਲ ਉਤੇ ਸਾਢੇ ਛੱਬੀ ਹਜ਼ਾਰ ਕਰੋੜ ਤੋਂ ਵੀ ਜਿਆਦਾ ਜਨਤਾ ਤੋਂ ਟੈਕਸ ਦੇ ਰੂਪ 'ਚ ਵਸੂਲ ਚੁੱਕੀ ਹੈ। ਅੱਜ ਜਦੋਂ ਜਨਤਾ ਸੰਕਟ ਵਿੱਚ ਹੈ ਤੇਲ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ ਤਾਂ ਸਰਕਾਰ ਦੀ ਦਰਿਆਦਿਲੀ ਵਿਖਾਉਣ ਦੀ ਵਾਰੀ ਹੈ, ਪਰ ਸਰਕਾਰ ਚੁੱਪ ਹੈ।

ਗਰਮੀਆਂ ਵਿਚ ਰੋਜ਼ਾਨਾ ਵਰਤੋਂ 'ਚ ਆਉਣ ਵਾਲੇ ਨਿੰਬੂ 300 ਰੁਪਏ ਕਿਲੋ ਕਿਵੇਂ ਵਿਕ ਰਹੇ ਹਨ ? ਸਵਾਲ ਤਾਂ ਇਹ ਬਣਦਾ ਹੈ ਕਿ ਲੋਕਾਂ ਦੀ ਨਿੱਜੀ ਜ਼ਿੰਦਗੀ 'ਚ ਇਹ ਅਫ਼ਸਰ, ਸਿਆਸਤਦਾਨ ਇੰਨਾ ਦਖ਼ਲ ਕਿਉਂ ਦੇ ਰਹੇ ਹਨ, ਜਦਕਿ ਉਹਨਾ ਦਾ ਕੰਮ ਤਾਂ ਪ੍ਰਸ਼ਾਸਨਿਕ ਹੈ। ਉਹ ਆਪਣੀਆਂ ਅਸਫਲਤਾਵਾਂ ਨੂੰ ਛੁਪਾਉਣ ਲਈ ਆਖਿਰ ਲੋਕਾਂ ਦਾ ਧਿਆਨ ਹੋਰ ਪਾਸੇ ਕਿਉਂ ਖਿੱਚਦੇ ਰਹੇ ਹਨ ?

ਪਿਛਲੇ ਦੋ ਸਾਲ ਸਕੂਲ ਬੰਦ ਰਹੇ। ਕੋਵਿਡ-19 ਨੇ ਸਭ ਤੋਂ ਵੱਧ ਅਸਰ ਸਕੂਲ ਸਿੱਖਿਆ ਉਤੇ ਪਾਇਆ। ਸਮੱਸਿਆ ਵੱਡੀ ਇਹ ਹੈ ਕਿ ਦੋ ਸਾਲਾਂ ਬਾਅਦ ਲੱਖਾਂ ਬੱਚੇ ਵਾਪਿਸ ਸਕੂਲ ਆਏ ਹਨ, ਜਿਹੜੇ ਦੋ ਸਾਲ ਔਸਤਨ ਸਿੱਖਿਆ ਪ੍ਰਬੰਧ ਤੋਂ ਕੋਰੇ ਰਹੇ। ਇੱਕ ਅਦਾਜ਼ੇ ਅਨੁਸਾਰ ਭਾਰਤ ਦੇ 60 ਫ਼ੀਸਦੀ ਬੱਚੇ ਇਹੋ ਜਿਹੇ ਸਨ ਜਿਹੜੇ ਮਾਪਿਆਂ ਕੋਲ ਸਮਾਰਟ ਫੋਨ ਨਾ ਹੋਣ ਕਾਰਨ ਪੜਾਈ ਨਹੀਂ ਕਰ ਸਕੇ। ਇਨਾਂ ਵਿੱਚ ਲੱਖਾਂ ਦੀ ਤਦਾਦ 'ਚ ਕੁਝ ਬੱਚੇ ਇਹੋ ਜਿਹੇ ਹੋ ਚੁੱਕੇ ਹਨ ਜੋ ਸਧਾਰਨ ਅੱਖਰ ਗਿਆਨ ਵੀ ਨਹੀਂ ਰੱਖਦੇ।

ਕੋਰੋਨਾ ਨੇ ਜੇਕਰ ਸਿਖਾਇਆ ਹੁੰਦਾ ਕਿ ਸਿਹਤ ਸੇਵਾਵਾਂ ਦੇਸ਼ ਦੀ ਗੰਭੀਰ ਸਮੱਸਿਆਵਾਂ 'ਚੋਂ ਇੱਕ ਹੈ ਤਾਂ ਕੁਝ ਯਤਨ ਹੁੰਦੇ ਪਰ ਦੇਸ਼ ਦੇ ਹਾਕਮਾਂ ਇੰਨੇ ਭੈੜੇ ਹਾਲਤਾਂ ਤੋਂ ਕੁਝ ਨਹੀਂ ਸਿੱਖਿਆ। ਅੱਜ ਵੀ 1445 ਭਾਰਤੀਆਂ ਪਿਛੇ ਇੱਕ ਡਾਕਟਰ ਹੈ, ਜਦਕਿ ਵਿਸ਼ਵ ਸਿਹਤ ਸੰਗਠਨ ਅਨੁਸਾਰ 1000 ਵਿਅਕਤੀ ਪਿਛੇ ਇੱਕ ਡਾਕਟਰ ਹੋਣਾ ਚਾਹੀਦਾ ਹੈ। ਮੈਡੀਕਲ ਕਾਲਜਾਂ ਦੀ ਇੰਨੀ ਕਮੀ ਹੈ ਅਤੇ ਇਨਾਂ 'ਚ ਪੜਾਈ ਇੰਨੀ ਮਹਿੰਗੀ ਹੈ ਕਿ ਸਧਾਰਨ ਪਰਿਵਾਰਾਂ ਵਿਚ ਕੋਈ ਡਾਕਟਰ ਨਹੀਂ ਬਣ ਸਕਦਾ। ਮੱਧ ਵਰਗੀ ਪਰਿਵਾਰ ਪੜਾਈ ਲਈ ਆਪਣੇ ਬੱਚਿਆਂ ਨੂੰ ਸਸਤੀਆਂ ਫ਼ੀਸਾਂ ਖ਼ਾਤਰ ਯੂਕਰੈਨ ਵਰਗੇ ਮੁਲਕਾਂ 'ਚ ਭੇਜਦੇ ਹਨ।

ਬਜਾਏ ਇਸਦੇ ਕਿ ਦੇਸ਼ ਦੀਆਂ ਗੰਭੀਰ ਸਮੱਸਿਆਵਾਂ, ਗਰੀਬੀ, ਬੇਰੁਜ਼ਗਾਰੀ, ਸਿੱਖਿਆ, ਸਿਹਤ, ਵਾਤਾਵਰਨ ਨੂੰ ਮੁੱਖ ਰੱਖਕੇ ਯੋਜਨਾਵਾਂ ਬਨਣ ਪਰ ਦੇਸ਼ ਵਿਚ ਧਰਮ ਆਧਾਰਿਤ, ਜਾਤੀ ਆਧਾਰਿਤ, ਰਾਜਨੀਤੀ ਦੀਆਂ ਜੜਾਂ ਡੂੰਘੀਆਂ ਕੀਤੀਆਂ ਜਾ ਰਹੀਆਂ ਹਨ। ਧਰਮ, ਜਾਤ ਆਧਾਰਿਤ ਵੋਟਾਂ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਇਥੋਂ ਤੱਕ ਕਿ ਧਰਮਾਂ ਨੂੰ ਅੱਗੇ ਰੱਖਕੇ ਨੀਤੀਆਂ ਘੜੀਆਂ ਜਾ ਰਹੀਆਂ ਹਨ। ਇਹ ਕਿਸ ਕਿਸਮ ਦਾ 'ਨਵਾਂ ਭਾਰਤ ਨਿਰਮਾਣ' ਹੈ ?

ਮੌਜੂਦਾ ਹਾਕਮਾਂ ਵਲੋਂ 'ਹਿੰਦੂ ਅਲਪ ਸੰਖਿਅਕ' ਦਾਅ ਚਲਿਆ ਜਾ ਰਿਹਾ ਹੈ ਇਹ ਦਾਅ ਸਿਆਸਤ ਦੇ ਪੂਰੇ ਸਮੀਕਰਨ ਬਦਲ ਸਕਦਾ ਹੈ। ਦੇਸ਼ ਵਿੱਚ ਕੁਲ 775 ਜ਼ਿਲੇ ਹਨ। ਸਾਲ 2011 ਵਿੱਚ ਜਨਗਨਣਾ ਸਮੇਂ 640 ਜ਼ਿਲੇ ਸਨ। ਜ਼ਿਲਾਵਾਰ ਸਰਵੇਖਣ ਅਨੁਸਾਰ ਦੇਸ਼ ਵਿਚ 102 ਜ਼ਿਲਿਆਂ 'ਚ ਹਿੰਦੂ ਅਬਾਦੀ ਦੂਜੇ ਧਰਮਾਂ ਤੋਂ ਘੱਟ ਹੈ। 537 ਜ਼ਿਲਿਆਂ 'ਚ ਹਿੰਦੂਆਂ ਦੀ ਅਬਾਦੀ ਜ਼ਿਆਦਾ ਹੈ, 37 ਜ਼ਿਲਿਆਂ 'ਚ ਇਸਾਈ ਅਬਾਦੀ ਹੈ, 6 ਜ਼ਿਲਿਆਂ ਵਿਚ ਬੋਲੀ ਅਤੇ 10 ਜ਼ਿਲਿਆਂ 'ਚ ਸਿੱਖ ਅਬਾਦੀ ਜ਼ਿਆਦਾ ਹੈ। ਕੁਲ ਮਿਲਾ ਕੇ 15 ਰਾਜਾਂ ਅਤੇ ਕੇਂਦਰ ਸ਼ਾਸ਼ਿਤ ਜ਼ਿਲਿਆਂ ਵਿਚ ਹਿੰਦੂ ਅਬਾਦੀ ਜ਼ਿਆਦਾ ਅਤੇ 7 ਰਾਜਾਂ ਵਿੱਚ ਹਿੰਦੂ ਅਬਾਦੀ ਘੱਟ ਹੈ। ਇਨਾਂ ਵਿੱਚ ਪੰਜਾਬ 38.49 ਫ਼ੀਸਦੀ, ਜੰਮੂ ਕਸ਼ਮੀਰ 28.44 ਫ਼ੀਸਦੀ, ਮੇਘਾਲਿਆ 11.53 ਫ਼ੀਸਦੀ, ਨਾਗਾਲੈਂਡ 29.04 ਫ਼ੀਸਦੀ, ਮਿਜ਼ੋਰਮ 2.75 ਫ਼ੀਸਦੀ, ਕਲਸ਼ਦੀਪ 2.77 ਫ਼ੀਸਦੀ ਹਿੰਦੂ ਅਬਾਦੀ ਹੈ। ਦੇਸ਼ ਵਿੱਚ ਘੱਟਗਿਣਤੀਆਂ ਨੂੰ ਸਿੱਖਿਆ ਤੋਂ ਲੈ ਕੇ ਘਰ ਬਨਾਉਣ ਤੱਕ ਕਈ ਆਰਥਿਕ ਲਾਭ ਮਿਲਦੇ ਹਨ। ਕੇਂਦਰ ਸਰਕਾਰ ਦੇਸ਼ ਵਿੱਚ ਉਨਾਂ ਰਾਜਾਂ ਵਿਚ ਹਿੰਦੂਆਂ ਨੂੰ ਅਲਪ ਸੰਖਿਅਕ ਘੋਸ਼ਿਤ ਕਰ ਸਕਦੀ ਹੈ, ਜਿੱਥੇ ਉਨਾਂ ਦੀ ਅਬਾਦੀ ਘੱਟ ਹੈ। ਇਸ ਸਬੰਧੀ ਕੇਂਦਰ ਸਰਕਾਰ ਸੁਪਰੀਮ ਕੋਰਟ ਵਿੱਚ ਬਿਆਨ ਦਰਜ ਕਰਵਾ ਚੁੱਕੀ ਹੈ। ਇਹ ਇੱਕ ਵੱਡਾ ਦਾਅ ਹੋਏਗਾ ਵੋਟ ਵਟੋਰਨ ਲਈ, ਜੋ ਕਈ ਅਰਥਾਂ ਵਿੱਚ ਪੂਰਾ ਸਿਆਸੀ ਸਮੀਕਰਨ ਬਦਲ ਸਕਦਾ ਹੈ। ਅਸਾਮ ਦੇ ਭਾਜਪਾ ਮੁੱਖ ਮੰਤਰੀ ਨੇ ਬਿਆਨ ਦਿੱਤਾ ਹੈ ਕਿ ਕੌਣ ਘੱਟਗਿਣਤੀ ਵਿਚ ਹੈ, ਇਸਦਾ ਫ਼ੈਸਲਾ ਜ਼ਿਲਾ ਪੱਧਰ 'ਤੇ ਕੀਤਾ ਜਾਵੇਗਾ। ਜੇਕਰ ਅਸਾਮ ਮਾਡਲ ਦੇਸ਼ ਭਰ ਵਿਚ ਲਾਗੂ ਹੋਏਗਾ ਤਾਂ ਇਹ ਹਿੰਦੂਤਵ ਏਜੰਡਾ ਲਾਗੂ ਕਰਨ ਦਾ ਵੱਡਾ ਦਾਅ ਹੋਏਗਾ। ਕਿਸੇ ਜ਼ਿਲੇ ਜਾਂ ਸੂਬੇ ਵਿੱਚ ਘੋਸ਼ਿਤ ਘੱਟਗਿਣਤੀ ਨੂੰ ਸੁਵਿਧਾਵਾਂ ਦੇ ਦਾਇਰੇ ਤੋਂ ਬਾਹਰ ਕੀਤਾ ਜਾਏਗਾ ਤਾਂ ਉਨਾਂ ਨੂੰ ਦਿੱਕਤ ਹੋਏਗੀ। ਯੂ.ਪੀ. ਦੇ ਰਾਮਪੁਰ, ਬਿਹਾਰ ਦੇ ਕਿਸਾਨ ਗੰਜ, ਕੇਰਲ ਦੇ ਅਲਾਪੁਰਮ ਅਤੇ ਪੱਛਮੀ ਬੰਗਾਲ ਦੇ ਤਿੰਨ ਜ਼ਿਲਿਆਂ ਅਤੇ ਜੰਮੂ-ਕਸ਼ਮੀਰ ਦੇ 18 ਜ਼ਿਲਿਆਂ ਵਿਚ ਮੁਸਲਿਮ ਅਬਾਦੀ ਜ਼ਿਆਦਾ ਹੈ।

ਜੰਮੂ-ਕਸ਼ਮੀਰ ਵਿੱਚ 370 ਧਾਰਾ ਖ਼ਤਮ ਕਰਕੇ ਅਤੇ ਸੂਬੇ ਦਾ ਦਰਜਾ ਵਾਪਸ ਲੈ ਕੇ ਕਸ਼ਮੀਰੀਆਂ ਨੂੰ ਪਹਿਲਾਂ ਹੀ ਨਾਰਾਜ਼ ਕੀਤਾ ਜਾ ਚੁੱਕਾ ਹੈ। ਇਸੇ ਤਰਾਂ ਪੰਜਾਬ ਤੋਂ ਚੰਡੀਗੜ ਖੋਹਣ, ਭਾਖੜਾ ਡੈਮ ਪ੍ਰਬੰਧਨ ਵਿਚ ਹਿੱਸਾ ਖ਼ਤਮ ਕਰਨ ਦਾ ਬੰਨ ਛੁਬ ਪਹਿਲਾਂ ਹੀ ਜਾਰੀ ਹੈ। ਰਾਜਾਂ ਦੇ ਅਧਿਕਾਰ ਖੋਹਣ ਦਾ ਮਨਸੂਬਾ ਅਤੇ ਸੰਵਿਧਾਨ ਨੂੰ ਤੋੜ ਮਰੋੜ ਕੇ ਰਾਜਾਂ ਦੀਆਂ ਸ਼ਕਤੀਆਂ ਖੋਹਣ ਦਾ ਯਤਨ 'ਨਿਊ ਇੰਡੀਆ' ਦੀ ਨੀਂਹ ਜਾਪਦਾ ਹੈ।

ਸਿਟੀਜ਼ਨਸ਼ਿਪ ਸੋਧ ਐਕਟ ਅਤੇ ਨਾਗਰਿਕਤਾ ਰਜਿਸਟਰ, ਲਵ ਜਿਹਾਦ ਜਿਹੇ ਬਿੱਲ, ਐਕਟ ਧਰਮ, ਜਾਤ, ਬਰਾਦਰੀ ਉਤੇ ਵੰਡਣ ਅਤੇ ਹਿੰਦੂਤਵ ਅਜੰਡਾ ਲਾਗੂ ਕਰਨ ਵਜੋਂ ਵਿਸ਼ਵ ਭਰ ਵਿੱਚ ਵੇਖੇ ਗਏ ਅਤੇ ਭਾਰਤੀ ਲੋਕਤੰਤਰ ਦੀ ਸਾਖ ਉਤੇ ਇੱਕ ਧੱਬਾ ਸਾਬਤ ਹੋਏ ਹਨ।

ਵੋਟਾਂ ਵਿੱਚ ਧਰਮ ਅਧਾਰਤ ਵੰਡ ਭਾਰਤ ਦੇ ਮੱਥੇ ਉਤੇ ਕਲੰਕ ਸਾਬਤ ਹੋ ਰਹੀ ਹੈ। ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਆਪਸੀ ਨਫ਼ਰਤ ਫੈਲਾਉਣ ਦਾ ਯਤਨ, ਫਿਰਕੂ ਫਸਾਦਾਂ ਦਾ ਕਾਰਨ ਹੈ। ਦੇਸ਼ ਦੇ ਕਈ ਭਾਗਾਂ ਵਿੱਚ ਗਊ ਹੱਤਿਆਂ ਦੇ ਨਾ ਉਤੇ ਇੱਕ ਫਿਰਕੇ ਦੇ ਲੋਕਾਂ ਦਾ ਕਤਲ ਕਈ ਸਵਾਲ ਖੜੇ ਕਰਦਾ ਹੈ। ਕੀ ਦੇਸ਼ ਦੀ ਅਜ਼ਾਦੀ ਦਾ ਸੁਪਨਾ ਲੈਣ ਵਾਲਿਆਂ ਕਦੇ ਇਸ ਕਿਸਮ ਦੇ ਨਿਊ ਇੰਡੀਆ' ਦਾ ਸੁਪਨਾ ਲਿਆ ਹੋਏਗਾ ? ਗਰੀਬੀ ਅੱਜ ਦੇਸ਼ ਦੀਆਂ ਜੜਾਂ ਵਿਚ ਬੈਠ ਚੁੱਕੀ ਹੈ। ਦਿੱਤੀਆਂ ਸਰਕਾਰੀ ਖੁਰਾਕੀ ਰਿਆਇਤਾਂ ਗਰੀਬ ਵਰਗ ਦਾ ਕੁਝ ਸੁਆਰ ਨਹੀਂ ਸਕਦੀਆਂ ਸਗੋਂ ਉਹਨਾ ਦੇ ਜੀਵਨ ਪੱਧਰ ਨੂੰ ਸੁਧਾਰਨ ਲਈ ਧਰਮ ਅਧਾਰਤ ਰਾਜਨੀਤੀ ਨਹੀਂ, ਸਰਬ ਭਲਾਈ ਹਿੱਤ ਨੀਤੀਆਂ ਦੀ ਲੋੜ ਹੈ।

ਬਾਕੀ ਸਫ਼ਾ 35 'ਤੇ

# ‘ਕਸ਼ਮੀਰ ਫ਼ਾਈਲਜ਼ ਬਨਾਮ ਪੰਜਾਬ ਫ਼ਾਈਲਜ਼’ AND THEY OCCUPIED ME

**ਬਿੱਟੂ ਅਰਪਿੰਦਰ ਸਿੰਘ**
**ਫਰੈਂਕਫਰਟ ਜਰਮਨੀ**

ਹੁਕਮਰਾਨ ਧਿਰ ਜਦੋਂ ਵੀ ਕਿਸੇ ਗੁਲਾਮ ਨੂੰ ਹਲਾਲ ਕਰਦੀ ਹੈ ਤਾਂ ਪਹਿਲਾਂ ਉਸ ਨੂੰ ਅੱਤਵਾਦੀ, ਦਹਿਸ਼ਤਗਰਦ, ਦੇਸ਼ਧ੍ਰੋਹੀ, ਦੰਗਾ ਫ਼ਸਾਦੀ ਜ਼ਰਾਇਮ ਪੇਸ਼ਾ ਜਾਂ ਗੈਂਗਸਟਰ ਦੇ ਨਾਂ ਨਾਲ ਪ੍ਰਚਾਰਦੀ ਹੈ। ਅਜਿਹਾ ਬਿਰਤਾਂਤ ਸਰਮਾਏਦਾਰ ਤਾਕਤਾਂ ਨੇ ਮੁਸਲਮਾਨਾਂ ਨੂੰ ਹਲਾਲ ਕਰਨ ਲਈ ਸਿਰਜਿਆ ਕਿ ਜੇਹਾਦੀਆਂ ਤੋਂ ਸੰਸਾਰ ਦੀ ਸ਼ਾਂਤੀ ਨੂੰ ਖ਼ਤਰਾ ਹੈ।

ਹਿੰਦੁਸਤਾਨ ਵਿੱਚ ਵੀ ਇਹੋ ਜਿਹੇ ਨੈਰੇਟਿਵ ਘੱਟਗਿਣਤੀਆਂ ਨੂੰ ਕੁਚਲਣ ਤੇ ਬਹੁਗਿਣਤੀ ਨੂੰ ਖੁਸ਼ ਕਰਨ ਲਈ ਸਮੇਂ ਸਮੇਂ ਤੇ ਹਕੂਮਤਾਂ ਘੜਦੀਆਂ ਰਹਿੰਦੀਆਂ ਹਨ। ਹਕੂਮਤ ਤੇ ਮੀਡੀਆ ਕਦੋਂ ਕਿਸੇ ਸੰਤ ਨੂੰ ਖ਼ੂੰਖਾਰ ਅਤਿਵਾਦੀ ਤੇ ਕਿਸੇ ਬਦਚਲਣ ਜਿੱਦੀ ਸੁਭਾਅ ਦੀ ਤ੍ਰੀਮਤ ਨੂੰ ਦੁਰਗਾ ਬਣਾ ਦੇਵੇ ਇਹ ਆਮ ਜਿਹੀ ਗੱਲ ਹੈ। ਹੋਰ ਤੇ ਹੋਰ ਇਸ ਮਾਨਸਿਕਤਾ ਦੇ ਲੋਕ ਤੇ ਚਹੁੰ ਵੇਦਾਂ ਦੇ ਗਿਆਤਾ ਤੇ ਸ਼ਿਵ ਦੇ ਅਨਿਨ ਭਗਤ ਰਾਵਣ ਨੂੰ ਬਦੀ ਦਾ ਦੇਵਤਾ ਬਣਾ ਦਿੰਦੇ ਹਨ ਤੇ ਪੂਰੀ ‘ਲੰਕਾ ਫ਼ਾਈਲਜ਼’ ਭਾਵ ਰਮਾਇਣ ਲੋਕਾਂ ਵਿਚ ਪਰੋਸ ਦਿੰਦੇ ਹਨ, ਬੜੇ ਸ਼ਾਤਰ ਤਰੀਕੇ ਨਾਲ। ਅਜਿਹੀ ਬਿਰਤੀ ਵਾਲੇ ਆਮ ਲੋਕਾਂ ਦੀ ਮਾਨਸਿਕਤਾ ਉੱਤੇ ਸਿੱਧਾ ਪ੍ਰਭਾਵ ਪਾਉਂਦੇ ਹਨ।

‘ਕਸ਼ਮੀਰ ਫ਼ਾਈਲਜ਼’ ਵੀ ਅਜਿਹੀ ਮਾਨਸਿਕਤਾ ਦੀ ਉੱਪਜ ਹੈ। ਕਦੇ ਵੀ ਕਿਸੇ ਨੇ ਇਸਦਾ ਦੂਸਰਾ ਪੱਖ ਦਰਸਾਉਣ ਦੀ ਕੋਸ਼ਿਸ਼ ਨਹੀਂ ਕਰਨੀ ਕਿ ਜੋ ਸੰਤਾਪ ਮੁਸਲਿਮ ਭਾਈਚਾਰਾ ਭੁਗਤ ਰਿਹਾ ਹੈ, ਉਸ ਦਾ ਦੋਸ਼ੀ ਕੌਣ ਹੈ? ਆਟੇ ਦੀਆਂ ਗਊਆਂ ਦੀ ਕਸਮਾਂ ਤੋੜਨ ਵਾਲਿਆਂ ਲਈ ਸ਼ਿਮਲਾ ਸਮਝੌਤਾ ਤੇ ਜਨੇਵਾ ਸੰਧੀਆਂ ਕੋਈ ਮਾਇਨੇ ਨਹੀਂ ਰੱਖਦੀਆਂ। ਇਹ ਲੋਕ ਕਦੇ ਵੀ ਕਸ਼ਮੀਰ ਵਿਚ ਹੋ ਰਹੇ ਜਬਰ ਜਿਨਾਹਾਂ ਤੇ ਫ਼ਿਲਮ ਨਹੀਂ ਬਣਾਉਣਗੇ। ਚਿੱਟੀ ਸਿੰਘਾਪੁਰਾ ਵਿੱਚ ਹੋਏ 38 ਸਿੱਖਾਂ ਦੇ ਕਤਲਾਂ ਦੀ ਤੇ ਇਨਕੁਆਰੀ ਤੱਕ ਰੋਕ ਦਿੱਤੀ ਜਾਂਦੀ ਹੈ। ਹਿਲੇਰੀ ਕਲਿੰਟਨ ਤੇ ਬੁੱਝ ਜਾਂਦੀ ਹੈ ਤੇ ਲਿਖਦੀ ਹੈ ਕਿ ਕਾਸ਼ ਅਸੀਂ ਇਹ ਹਿੰਦੁਸਤਾਨੀ ਦੌਰਾ ਨਾ ਕਰਦੇ ਤੇ ਤਿੰਨ ਦਰਜਨ ਤੇ ਵੱਧ ਜਾਨਾਂ ਬਚ ਜਾਂਦੀਆਂ, ਪਰ ਅਖੌਤੀ ਲੋਕ-ਤੰਤਰ ਲਈ ਗੁਲਾਮ ਬੱਲੀ ਦੇ ਬੱਕਰਿਆਂ ਵਾਂਗ ਹਨ।

47 ਮਗਰੋਂ ਹੋਏ ਤਮਾਮ ਦੰਗਿਆਂ ਤੇ ਫਿਲਮਾਂ ਤਾਂ ਕੀ ਬਣਾਉਣੀਆਂ ਸਨ ਜਾਂਚਾਂ ਤੱਕ ਕਰਾਉਣੀਆਂ ਵਾਜਬ ਨਹੀਂ ਸਮਝੀਆਂ ਹੁਕਮਰਾਨਾਂ ਨੇ। ਕਸ਼ਮੀਰ ਫ਼ਾਈਲਜ਼ ਵਾਂਗ ਹੀ ਇਕ ਇੰਦਰਾ ’ਤੇ ਵੀ ਫ਼ਿਲਮ ਬਣ ਰਹੀ ਹੈ, ਜਿਸ ਵਿੱਚ ਇਕ ਕੱਟੜਵਾਦੀ ਕੰਗਨਾ ਦੁਰਗਾ ਦਾ ਰੋਲ ਕਰ ਰਹੀ ਹੈ। ਜੋ ਸੁਨੇਹਾ ਸਿੱਖਾਂ ਬਾਰੇ ਦੁਨੀਆਂ ਵਿਚ ਜਾਣਾ ਉਹ ਵੀ ਪਤਾ ਹੈ। ਪਰ ਕਿਸੇ ਨੇ ‘ਵਿੱਡੋ ਕਲੋਨੀ’ ਫ਼ਿਲਮ ਨਹੀਂ ਬਣਾਉਣੀ ਕਿ ਕਿਸ ਤਰਾਂ ਸਿੱਖਾਂ ਦੀ ਨਸਲਕੁਸ਼ੀ ਹੁਕਮਰਾਨਾਂ ਦੀ ਸ਼ਹਿ ’ਤੇ ਬਹੁਗਿਣਤੀ ਭੀੜ ਨੇ ਕੀਤੀ। ਗੁਜਰਾਤ ਵਿੱਚ ਬੀਬੀਆਂ ਦੇ ਪੇਟ ਚੀਰ ਕੇ ਬੱਚੇ ਕਤਲ ਕਰਨ ਵਾਲੇ, ਕੁਕਰਮ ਕਰਨ ਤੇ







ਹੁਕਮ ਦੇਣ ਵਾਲਿਆਂ ’ਤੇ ਮਜਾਲ ਫ਼ਿਲਮ ਬਣਜੇ। ਕਿਉਂਕਿ ਦੈਂਤ ਅਹਿੰਸਾਵਾਦੀ ਗਾਂਧੀ ਦੇ ਮੁਲਕ ਦੇ ਬਾਸ਼ਿੰਦੇ ਹਨ। ਮੌਬ ਲਿੰਚਿੰਗ ਤੇ ਦੰਗੇ ਹਿੰਦੋਸਤਾਨ ਦੇ ਹਰ ਸ਼ਹਿਰ ਦੀ ਕਹਾਣੀ ਹੈ ਅਤੇ ਇਨਾਂ ਦੰਗਾਈਆਂ ਨੂੰ ਤਿਆਰ ਕਰਦੇ ਹਨ ਕਸ਼ਮੀਰ ਫ਼ਾਈਲਜ਼ ਵਰਗੇ ਫ਼ਿਲਮ ਮੇਕਰ, ਮੀਡੀਆ ਤੇ ਟੈਕਸ ਫ੍ਰੀ ਦਾ ਹੋਕਾ ਦੇਣ ਵਾਲੀ ਸਰਕਾਰ।

ਇਲੈਕਟ੍ਰਾਨਿਕ ਮੀਡੀਏ ਦਾ ਯੁੱਗ ਹੈ ਤੇ ਜਦੋਂ ਲੋਕ ਕਸ਼ਮੀਰ ਫ਼ਾਈਲਜ਼ ਜਾਂ ਇੰਦਰਾ ਵਰਗੀਆਂ ਤੇ ਬਣੀਆਂ ਫਿਲਮਾਂ ਵੇਖਦੇ ਹਨ ਤਾਂ ਹੁੰਦਾ ਕੀ ਹੈ? ਜਿੱਥੇ ਬਹੁਗਿਣਤੀ ਦੀ ਘੱਟਗਿਣਤੀਆਂ ਪ੍ਰਤੀ ਨਫ਼ਰਤ ਪਰਪੱਕ ਹੁੰਦੀ ਹੈ, ਉੱਥੇ ਪੀੜਤ ਧਿਰ ਦਾ ਵੀ ਇਕ ਹਿੱਸਾ ਆਪਣੇ ਆਪ ਨੂੰ ਕਿਤੇ ਨਾ ਕਿਤੇ ਦੋਸ਼ੀ ਮੰਨ ਬਹਿੰਦਾ ਹੈ ਕਿ ਜੇ ਏਦਾਂ ਨਾ ਹੁੰਦਾ ਤਾਂ ਐਦਾਂ ਵੀ ਨਾ ਹੁੰਦਾ। ਲੋਕ ਏਡੀ ਦੂਰ ਤੱਕ ਸੋਚਦੇ ਹੀ ਨਹੀਂ ਕਿ ਜੋ ਲੋਕ ਚਕਰਾਤਾ ਦੀਆਂ ਪਹਾੜੀਆਂ ਵਿਚ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਬਣਾ ਫ਼ੌਜੀ ਮਸ਼ਕਾਂ ਕਈ ਚਿਰ ਪਹਿਲਾਂ ਤੋਂ ਕਰ ਰਹੇ ਹਨ ਇਹ ਹੱਲਾ ਉਨਾਂ ਨੇ ਕਰਨਾ ਹੀ ਸੀ।

ਹੁਣ ਆਉਂਦੇ ਹਾਂ ਆਪਣਿਆਂ ਵਾਲੇ ਪਾਸੇ। ਬਿਨਾਂ ਸ਼ੱਕ ਸਾਡੇ ਕਈ ਸੁਹਿਰਦ ਸੱਜਣਾਂ ਲੇਖਕਾਂ ਵਿਦਵਾਨਾਂ ਨੇ ਬੜਾ ਕੁਝ ਸਾਡੇ ਪੱਖ ਦਾ ਲਿਖਿਆ ਵੀ ਹੈ। ਇਹ ਵੀ ਇਕ ਕੌੜਾ ਸੱਚ ਹੈ ਕਿ ਸਿੱਖ ਕੌਮ ਵਿੱਚ ਕੁਝ ਅਖੌਤੀ ਬੁੱਧੀਜੀਵੀਆਂ ਤੇ ਨਿਕੰਮੇ ਸਕਾਲਰਾਂ ਦਾ ਜੱਥਾ ਵੀ ਸਰਗਰਮ ਹੈ ਜੋ ਕੌਮ ਦੀ ਊਰਜਾ ਊਲ ਜਲੂਲ ਵਿਸ਼ਿਆਂ ’ਤੇ ਨਸ਼ਟ ਕਰਨ ਨੂੰ ਆਪਣਾ ਧਰਮ ਸਮਝਦਾ ਹੈ। ਇਹ ਲੋਕ ਕੋਈ ਨਾਂ ਕੋਈ ਲਿਖਤ ਆਏ ਦਿਨ ਪੰਥ ਦੇ ਵਿਹੜੇ ਸੁੱਟ ਕੇ ਪੁਆੜਾ ਪਾਉਣ ਦੀ ਤਾਕ ਵਿਚ ਰਹਿੰਦੇ ਹਨ ਪਰ ਇਨਾਂ ਦੀ ਵਾਹ ਕੋਈ ਨਹੀਂ ਜਾਂਦੀ। ਸੋਸ਼ਲ ਮੀਡੀਏ ਦਾ ਯੁੱਗ ਹੋਣ ਕਰਕੇ ਫਿਟਕਾਂ ਨਾਲ ਹੀ ਸਾਰ ਲੈਂਦੇ ਹਨ।

ਹੁਣ ਗੱਲ ਸੋਸ਼ਲ ਮੀਡੀਏ ਦੀ ਚੱਲੀ ਹੈ ਤੇ ਹਰ ਕੋਈ ਪੜਨ ਦੀ ਬਜਾਏ ਚੱਲ ਚਿੱਤਰ ਵੇਖਣਾ ਪਸੰਦ ਕਰਦਾ ਹੈ। ਵੈਸੇ ਵੀ ਪੰਜਾਬੀਆਂ ਵਿਚ ਪੜਨ ਦਾ ਉਹ ਰੁਝਾਨ ਨਹੀਂ ਜੋ ਹੋਰਨਾਂ ਕੌਮਾਂ ਵਿਚ ਹੈ। ਬੜੇ ਸੱਜਣਾਂ ਨੇ ਫਿਲਮਾਂ ਰਾਹੀਂ ਵੀ ਬੜਾ ਕੁਝ ਦਿਖਾਉਣ ਦਾ ਯਤਨ ਕੀਤਾ ਪਰ ਹਕੂਮਤ ਦੇ ਸੈਂਸਰ ਦੀ ਕੈਂਚੀ ਅੱਗੇ ਮਜਬੂਰ ਬਣ ਕੇ ਰਹਿ ਜਾਂਦੇ ਹਨ। ਕਈ ਵੀਰਾਂ ਨੇ ਵੈਬ ਸੀਰੀਜ ਵੀ ਬਣਾਏ ਤੇ 47 ਵੇਲੇ ਦੇ ਕਈ ਪੱਖ ਉਜਾਗਰ ਕੀਤੇ ਜੋ ਸਾਨੂੰ ਤੇ ਸਾਡੀਆਂ ਪੀੜੀਆਂ ਨੂੰ ਪਤਾ ਹੀ ਨਹੀਂ ਸਨ। ਅਜਿਹਾ ਹੀ ਇਕ ਉਪਰਾਲਾ ਵੀਰ ਸੁਰਿੰਦਰ ਸਿੰਘ ਟਾਕਿੰਗ ਪੰਜਾਬ ਵਾਲਾ ਕਰ ਰਿਹਾ ਹੈ ਅਮਰੀਕਾ ਵਿੱਚ ਬੈਠ ਕੇ ਜਿੱਥੇ ਸੱਚ ਬੋਲਣ ’ਤੇ ਕੋਈ ਪਾਬੰਧੀ ਨਹੀਂ ਏ ‘ਦਾ ਪੰਜਾਬ ਫ਼ਾਈਲਜ਼’ ਜਾਂ ਐਂਡ ‘ਦੇਅ ਓਕਯੂਪਾਈਡ ਮੀ’ ਇਹ ਸੁਧਾ ਸੱਚ ਹੈ ਜੋ ਸਾਡੀਆਂ ਪੀੜੀਆਂ ਨੂੰ ਪਤਾ ਲੱਗਣਾ ਚਹੀਦਾ ਹੈ। ਇਹ ਇਤਿਹਾਸਕ ਟੀ ਵੀ ਸੀਰੀਅਲ ਬੜੇ ਸ਼ੱਕ ਦੂਰ ਕਰੇਗਾ। ਇਹ ਇਕ ਪਵਿੱਤਰ ਕਾਰਜ ਹੈ। ਅਜਿਹੇ ਕਾਰਜ ਹੋਰ ਵੀ ਵੀਰਾਂ ਨੂੰ ਕਰਨੇ ਚਹੀਦੇ ਹਨ ਤਾਂ ਜੋ ਸੱਚ ਸਪਸ਼ਟ ਹੋ ਸਕੇ। ਕਸ਼ਮੀਰ ਫ਼ਾਈਲਜ਼ ਤੇ ਇੰਦਰਾ ਵਰਗੀਆਂ ਫਿਲਮਾਂ ਜਾਂ ਭਵਿੱਖ ਵਿੱਚ ਵਰਤਾਏ ਜਾਣ ਵਾਲੇ ਕੂੜ ਦਾ ਤੋੜ ਸਾਡੇ ਕੋਲ ਮੌਜੂਦ ਹੋਣਾ ਚਾਹੀਦਾ।

ਮਨ ਨੂੰ ਸਕੂਨ ਦੇਣ ਵਾਲੀ ਗੱਲ ਹੈ ਕਿ ਸੰਯੁਕਤ ਰਾਸ਼ਟਰ ਦੀ ਅਹਿਮ ਸੰਸਥਾ ਯੂਨੈਸਕੋ ਸੈਂਟਰ ਫਾਰ ਪੀਸ ਨੇ ਜੂਨ 1984 ਦੇ ਵਿਸ਼ੇ ’ਤੇ ਬਣੇ ਟੀਵੀ ਲੜੀਵਾਰ ‘ਐਂਡ ਦੇਅ ਓਕੂਪਾਈਡ ਮੀ’ ਦਾ ਪੰਜਾਬ ਫਾਈਲਜ਼’ ਨੂੰ ਆਪਣਾ ਲਿਖਤੀ ਸਮਰਥਨ ਦਿੱਤਾ ਹੈ। ਯੂਨੈਸਕੋ ਸੈਂਟਰ ਫਾਰ ਪੀਸ ਦੇ ਅਧਿਕਾਰੀ ਗੀ ਜੋਕਿਨ ਨੇ ਕਿਹਾ ਕਿ ਭਾਰਤ ਵਿਚ ਸਿੱਖਾਂ ’ਤੇ ਹੋਈਆਂ ਵਧੀਕੀਆਂ ਨੂੰ ਉਜਾਗਰ ਕਰਨਾ ਇੱਕ ਮਾਅਰਕੇ ਦਾ ਕੰਮ ਹੈ।

ਇਸ ਕਾਰਜ ਲਈ ਵੀਰ ਸੁਰਿੰਦਰ ਸਿੰਘ ਵਧਾਈ ਦਾ ਪਾਤਰ ਹੈ। ਹੋਰ ਵੀ ਪੰਥ ਦਰਦੀਆਂ ਨੂੰ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਸਾਡੀਆਂ ਆਉਣ ਵਾਲ਼ੀਆਂ ਨਸਲਾਂ ਪਾਤਸ਼ਾਹੀ ਦਾਅਵੇ ਦੀ ਗੱਲ ਨੂੰ ਕਿਤੇ ਵਿਸਾਰ ਨਾ ਦੇਣ। ਸੋ ਸਾਡਾ ਸਾਰੇ ਸੋਸ਼ਲ ਮੀਡੀਆ ਵਰਤਣ ਵਾਲਿਆਂ ਦਾ ਇਹ ਫਰਜ਼ ਬਣਦਾ ਕਿ ਆਪਾਂ ਜ਼ਿੰਮੇਵਾਰੀ ਸਮਝਦੇ ਹੋਏ ਹਰ ਚੰਗੀ ਚੀਜ਼ ਨੂੰ ਸ਼ੇਅਰ ਵੀ ਕਰਿਆ ਕਰੀਏ ਤੇ ਪੰਥਕ ਮੁੱਦਿਆਂ ’ਤੇ ਵੱਧ ਤੋਂ ਵੱਧ ਲਿਖਿਆ ਬੋਲਿਆ ਵੀ ਕਰੀਏ। ਜਿਹੜੇ ਸਿੱਖ ਵੀਰ ਇਲੈਕਟ੍ਰਾਨਿਕ ਮੀਡੀਏ ਦਾ ਗਿਆਨ ਰੱਖਦੇ ਹਨ ਵੱਧ ਤੋਂ ਵੱਧ ਪੰਥਕ ਮੁੱਦਿਆਂ ਤੇ ਕੰਮ ਕਰਨ ਖ਼ਾਸ ਕਰ ਵਿਦੇਸ਼ੀ ਸਿੱਖ ਜਿੱਥੇ ਸਾਨੂੰ ਸੱਚ ਬੋਲਣ ਤੇ ਕੋਈ ਬੈਨ ਨਹੀਂ। ਇਹੋ ਹੀ ਸਮੇਂ ਦੀ ਲੋੜ ਹੈ ਵਰਨਾ ਹਕੂਮਤ ਵੱਲੋਂ ਅਤਿਵਾਦੀ ਵੀ ਕਹਾਵਾਂਗੇ ਤੇ ਕੁੱਟ ਵੀ ਖਾਵਾਂਗੇ। ਯਕੀਨ ਕਰਿਓ ਸਾਨੂੰ ਸਾਰਿਆਂ ਨੂੰ ਦੀਪ ਸਿੱਧੂ ਵਾਂਗ ਨੰਗੇਧੜ ਖੰਡੇ ਦੀ ਧਾਰ ’ਤੇ ਨੱਚਣਾ ਪੈਣਾ ਤਾਂ ਹੀ ਰੀਅਲ ਹੀਰੋ ਅਸਲ ਲੋਕ ਨਾਇਕ ਅਖਵਾਵਾਂਗੇ ਵਰਨਾ ਮੌਤ ਤੇ ਸੁਨਿਸ਼ਚਿਤ ਹੈ ਤੇ ਇਕ ਦਿਨ ਆਉਣੀ ਹੀ ਹੈ। ਆਪਣੀ ਜ਼ਿੰਦਗੀ ਨੂੰ ਕੌਮ ਦੇ ਲੇਖੇ ਲਾਉਣ ਦੇ ਲਈ ਅਸੀਂ ਵੀ ਵੀਰ ਸੁਰਿੰਦਰ ਸਿੰਘ ਟਾਕਿੰਗ ਪੰਜਾਬ ਵਾਂਗ ਕੋਈ ਇਤਿਹਾਸਕ ਕਾਰਜ ਕਰੀਏ ਤੇ ਕਰਨ ਵਾਲਿਆਂ ਦਾ ਸਾਥ ਵੀ ਦੇਈਏ ਤਾਂ ਜੋ ਸਾਡੀ ਕੌਮ ਦੀ ਸੂਰਬੀਰਤਾ ਅਤੇ ਵਿਲੱਖਣਤਾ ਸਦੈਵ ਸਮੇਂ ਦੇ ਲਈ ਕਾਇਮ ਰਹਿ ਸਕੇ। ਜੇਕਰ ਅਸੀਂ ਅੱਜ ਨਾ ਸੰਭਾਲਿਆ ਤਾਂ ਆਉਣ ਵਾਲਾ ਸਮਾਂ ਸਾਡੇ ਉੱਤੇ ਇੰਨਾ ਜ਼ਿਆਦਾ ਭਾਰੀ ਹੋਵੇਗਾ ਕਿ ਅਸੀਂ ਇਸ ਨੂੰ ਝੱਲਣ ਦੀ ਬਜਾਏ ਇਸ ਦੇ ਵਿੱਚ ਹੀ ਸਮੋਆ ਜਾਵਾਂਗੇ ਤੇ ਸਾਡੀਆਂ ਆਉਣ ਵਾਲੀਆਂ ਕਰੂੰਬਲਾਂ ਹਿੰਦੂ ਰਾਸ਼ਟਰ ਦਾ ਹੀ ਹਿੱਸਾ ਬਣ ਜਾਣਗੀਆਂ।



# ਗੁਰੂ ਬਿੰਬ ਦੀ ਫ਼ਿਲਮੀ ਪੇਸ਼ਕਾਰੀ ਸਿੱਖ ਲਈ ਮਾਨਸਿਕ ਜ਼ਖਮ ਹੈ

## ਸਿੱਖ ਕੌਮ ਨੂੰ ਸਰੀਰਕ ਤੌਰ ਉੱਤੇ ਖਤਮ ਕਰਨ ਲਈ ਬਹੁਤ ਤਰੀਕੇ ਅਪਣਾਏ ਗਏ



**ਮਲਕੀਤ ਸਿੰਘ 'ਭਵਾਨੀਗੜ੍ਹ'**

ਪਿਛਲੇ ਕੁਝ ਵਰਿਆਂ ਤੋਂ ਲਗਾਤਾਰ ਕੁਝ ਵਪਾਰੀ ਵਿਰਤੀ ਦੇ ਲੋਕ ਇਹ ਦੌੜ ਵਿਚ ਪਏ ਹਨ ਕਿ ਅਸੀਂ ਨਵੇਂ ਮਾਧਿਅਮਾਂ ਰਾਹੀਂ ਸਿੱਖੀ ਦਾ ਪ੍ਰਚਾਰ ਕਰਨਾ ਹੈ ਕਿਉਂਕਿ ਅੱਜ ਦੇ ਨਿਆਣੇ ਸਿੱਖ ਇਤਿਹਾਸ ਤੋਂ ਜਾਣੂ ਨਹੀਂ। ਉਨਾਂ ਮੁਤਾਬਿਕ ਇਹ ਸਭ ਤੋਂ ਵਧੀਆ ਤਰੀਕਾ ਹੈ ਜੋ ਸਿੱਖੀ ਨੂੰ ਪ੍ਰਫੁੱਲਤ ਕਰੇਗਾ ਅਤੇ ਆਉਣ ਵਾਲੀ ਜਵਾਨੀ ਨੂੰ ਸਿੱਖੀ ਦੇ ਰਾਹ ਉੱਤੇ ਲੈ ਆਵੇਗਾ। ਉਨਾਂ ਦੀ ਦਲੀਲ ਸੁਨਣ ਨੂੰ ਚੰਗੀ ਲੱਗ ਸਕਦੀ ਹੈ, ਬਹੁਤਿਆਂ ਨੂੰ ਲੱਗ ਵੀ ਰਹੀ ਹੈ ਅਤੇ ਉਹਨਾਂ ਦੀ ਭਾਵਨਾਂ ਨੂੰ ਵੀ ਇਕੋ ਸੱਟੇ ਨਹੀਂ ਨਕਾਰਿਆ ਜਾ ਸਕਦਾ ਪਰ ਸਿੱਖੀ ਸਿਧਾਂਤ ਨਾਲ ਕੋਈ ਸਮਝੌਤਾ ਕਿਸੇ ਦੀ ਨਿੱਜੀ ਭਾਵਨਾ ਕਰਕੇ ਕਦੀ ਵੀ ਨਹੀਂ ਹੋ ਸਕਦਾ। ਇਥੇ ਅਣਜਾਣ ਅਤੇ ਬੇਈਮਾਨ ਵਿਚਲਾ ਅੰਤਰ ਹੁਣ ਲੁਕਿਆ ਨਹੀਂ ਰਹਿ ਗਿਆ ਕਿਉਕਿ ਇਹ ਕੋਈ ਪਹਿਲਾ ਹੇਲਾ ਨਹੀਂ ਹੈ, ਇਸ ਤੋਂ ਪਹਿਲਾਂ ਕਿੰਨੀਆਂ ਹੋਰ ਫ਼ਿਲਮਾਂ ਦਾ ਵਿਰੋਧ ਹੋਇਆ, ਵਿਰੋਧ ਕਰਨ ਦੇ ਲਗਭਗ ਸਭ ਕਾਰਨ ਸਪੱਸ਼ਟ ਸਭ ਦੇ ਸਾਹਮਣੇ ਆਏ ਪਰ ਉਸ ਦੇ ਬਾਵਜੂਦ ਇਹ ਕੰਮ ਜ਼ੋਰ ਸ਼ੋਰ ਨਾਲ ਜਾਰੀ ਹੈ ਤਾਂ ਇਹ ਧੁੰਦ ਹੁਣ ਸਾਫ ਹੈ ਕਿ ਇਹ ਲੋਕ ਵਪਾਰੀ, ਬੇਈਮਾਨ, ਸਾਜਿਸ਼ੀ ਅਤੇ ਜਿੱਦੀ ਹੀ ਹਨ, ਸਿੱਖੀ ਦੇ ਪ੍ਰਚਾਰਕ ਨਹੀਂ।

ਸਿੱਖੀ ਦਾ ਪ੍ਰਚਾਰ ਸਾਡੇ ਕਿਰਦਾਰ ਕਰਦੇ ਆਏ ਹਨ ਅਤੇ ਅੱਗੇ ਵੀ ਇਹੀ ਕਰਨਗੇ। ਗੁਰੂ ਬਿੰਬ ਦੀ ਫ਼ਿਲਮੀ ਪੇਸ਼ਕਾਰੀ ਸਿੱਖੀ ਸਿਧਾਂਤਾਂ ਦੀ ਘੋਰ ਉਲੰਘਣਾ ਹੈ। ਇਕ ਵੱਡੀ ਦਲੀਲ ਇਹਨਾਂ ਲੋਕਾਂ ਦੀ ਪਹਿਲਾਂ ਇਕਾ ਦੁਕਾ ਆ ਚੁਕੀਆਂ ਅਤੇ ਪ੍ਰਵਾਨ ਹੋ ਚੁਕੀਆਂ ਫ਼ਿਲਮਾਂ (ਪ੍ਰਵਾਨ ਸਿੱਖ ਨੁਕਤਾ ਨਜ਼ਰ ਤੋਂ ਨਹੀਂ ਬਲਕਿ ਬਾਕੀ ਹਿੱਸੇ ਵੱਲੋਂ) ਅਤੇ ਗੁਰੂ ਸਾਹਿਬ ਦੀਆਂ ਤਸਵੀਰਾਂ ਦੀ ਹੁੰਦੀ ਹੈ, ਇਹ ਬਹੁਤ ਹੀ ਕੱਚੀ ਦਲੀਲ ਹੈ, ਜੇ ਪਹਿਲਾਂ ਕੋਈ ਸਹਾ ਲੰਘ ਗਿਆ ਤਾਂ ਇਹਦਾ ਇਹ ਮਤਲਬ ਇਹ ਨਹੀਂ ਕਿ ਪਹਾ ਬਣਨ ਨੂੰ ਪ੍ਰਵਾਨਗੀ ਮਿਲ ਗਈ।

ਸਾਡੀ ਰਵਾਇਤ ਗੁਰੂ ਇਤਿਹਾਸ ਨੂੰ ਕਥਾ, ਢਾਡੀ ਵਾਰਾਂ ਅਤੇ ਕਵੀਸ਼ਰੀ ਰਾਹੀਂ ਸੁਨਣ ਸੁਣਾਉਣ ਦੀ ਹੈ। ਇਹੀ ਸਿੱਖ ਯਾਦ ਨੂੰ ਤਾਜ਼ਾ ਕਰਨ ਦਾ ਪ੍ਰਵਾਨਿਤ ਤਰੀਕਾਕਾਰ ਹੈ। ਗੁਰੂ ਸਾਹਿਬਾਨ ਨੂੰ ਕਿਸੇ ਆਕਾਰ ਵਿਚ ਨਹੀਂ ਪੇਸ਼ ਕੀਤਾ ਜਾ ਸਕਦਾ। ਬੱਚਿਆਂ ਨੂੰ ਸਿੱਖ ਬਣਾਉਣ ਦੀ ਕਾਹਲੀ ਤੋਂ ਪਹਿਲਾਂ ਸਾਡਾ ਸਿੱਖ ਹੋਣਾ ਲਾਜ਼ਮੀ ਹੈ, ਜੋ ਬੀਜਣ ਜਾ ਰਹੇ ਹਾਂ ਜਦ ਉਸ ਦਾ ਪਤਾ ਨਹੀਂ ਫਿਰ ਜੋ ਵੱਢਣ ਦਾ ਦਾਅਵਾ ਹੈ ਉਹ ਮਹਿਜ ਸੁਪਨਾ ਹੀ ਤਾਂ ਹੈ, ਇਥੇ ਸੁਪਨੇ ਨਹੀਂ ਚੱਲਦੇ ਸ਼ਰਧਾ, ਪਿਆਰ ਅਤੇ ਸਮਰਪਣ ਚੱਲਦਾ ਹੈ। ਟੋਟਰੂ (ਕਾਰਟੂਨ) ਰਾਹੀਂ ਜੋ ਦਿਖਾਇਆ ਜਾਣਾ ਹੈ ਓਹਦੀ ਤੁਲਨਾ ਨਿਆਣਿਆਂ ਨੇ ਦੂਸਰੇ ਟੋਟਰੂਆਂ ਨਾਲ ਕਰਨੀ ਹੈ ਜਿਹੜੇ ਆਪਣੀ ਮੌਤ ਦੇ ਡਰਾਮੇ ਵੇਲੇ ਕੁਝ ਬਨਾਉਟੀ ਸ਼ਕਤੀਆਂ ਦੀ ਵਰਤੋਂ ਕਰਕੇ ਬਚ ਜਾਂਦੇ ਹਨ, 'ਤੇਰਾ ਭਾਣਾ ਮੀਠਾ ਲਾਗੈ' ਸਮਝਾਉਣਾ ਕਿਸੇ ਤਕਨੀਕ ਦੇ ਵਸ ਦਾ ਰੋਗ ਨਹੀਂ ਹੈ। ਫੁੱਲ ਦੀ ਮਹਿਕ ਮਹਿਸੂਸ ਹੀ ਕੀਤੀ ਜਾ ਸਕਦੀ ਹੈ ਦਿਖਾਈ ਨਹੀਂ ਜਾ ਸਕਦੀ। ਤਸਵੀਰ ਦੀ ਪ੍ਰਵਾਨਗੀ ਤੋਂ ਬਾਅਦ ਇਹ ਅਗਲਾ ਕਦਮ ਹੈ, ਜੇਕਰ ਇਹਦੇ ਚ ਅਸੀਂ ਢਿੱਲੇ ਪੈ ਗਏ ਤਾਂ ਇਸ ਤੋਂ ਬਾਅਦ ਗਲੀ ਗਲੀ ਗੁਰੂ ਸਾਹਿਬ ਦਾ ਕਿਰਦਾਰ ਨਿਭਾਉਣ ਵਾਲੇ ਅਦਾਕਾਰ ਵੇਖਣ ਨੂੰ ਮਿਲਿਆ ਕਰਨਗੇ। ਹਿੰਦੂਆਂ ਵਾਂਙ ਝਾਕੀਆਂ ਅਤੇ ਸਟੇਜਾਂ ਉੱਤੇ ਨਾਟਕ ਖੇਡੇ ਜਾਇਆ ਕਰਨਗੇ। ਗੁਰੂ ਪ੍ਰਤੀ ਸਤਿਕਾਰ ਦਾ ਤਾਂ ਪਤਾ ਨਹੀਂ ਪਰ ਪਿਆਰ ਖਤਮ ਹੋ ਜਾਣਾ ਹੈ। ਗੁਰੂ ਬਿੰਬ ਦੀ ਫ਼ਿਲਮੀ ਪੇਸ਼ਕਾਰੀ ਸਿੱਖਾਂ ਲਈ ਇਕ ਮਾਨਸਿਕ ਜ਼ਖਮ ਹੈ, ਇਹਦੇ ਨਤੀਜੇ ਬਹੁਤ ਘਾਤਕ ਸਾਬਿਤ ਹੋਣਗੇ। ਜਿਹੜੇ ਲੋਕ ਪ੍ਰਚਾਰ ਦਾ ਢੋਲ ਗਲ ਵਿਚ ਪਾ ਕੇ ਇਸ ਪਾਸੇ ਲੱਗੇ ਹਨ ਅਤੇ ਕਹਿੰਦੇ ਹਨ ਕਿ ਇਹਦੇ ਨਾਲ ਸਿੱਖੀ ਵਧੇਗੀ ਉਹ ਲੋਕ ਉਹਨਾਂ ਵਰਗੇ ਹਨ ਜਿਹੜੇ ਗਲ ਫਾਹਾ (ਆਤਿਮ ਹੱਤਿਆ) ਲੈਂਦੇ ਹੋਏ ਆਪਣੀ ਉਮਰ ਲੰਬੀ ਹੋ ਜਾਣ ਦਾ ਦਾਅਵਾ ਕਰ ਰਹੇ ਹੋਣ।

ਮਨੁੱਖੀ ਅੱਖ ਕਿਸੇ ਹੱਦ ਤਕ ਹੀ ਵੇਖ ਸਕਦੀ ਹੈ ਪਰ ਦਿਸਦੇ ਤੋਂ ਪਾਰ ਵੀ ਬਹੁਤ ਕੁਝ ਹੁੰਦਾ ਹੈ, ਮਨੁੱਖ ਆਪਣੇ ਦਿਮਾਗ ਦੇ ਜ਼ੋਰ ਨਾਲ ਆਪਣੀ ਸਿਆਣਪ ਨਾਲ ਜਿੰਨਾ ਉਹ ਗੁਰੂ ਨੂੰ ਸਮਝਦਾ ਹੈ ਫਿਰ ਉਸ ਮੁਤਾਬਿਕ ਗੁਰੂ ਸਾਹਿਬ ਨੂੰ ਪਰਦੇ ਉੱਤੇ ਪੇਸ਼ ਕਰਨ ਲਈ ਯਤਨ ਕਰਦਾ ਹੈ। ਅਣਦਿਸਦੇ ਨੂੰ ਦਿਖਾਉਣ ਦੀ ਭੁੱਲ ਕਰਦਾ ਹੈ, ਇਹ ਭੁੱਲ ਸਿੱਖ ਲਈ ਬੇਹੱਦ ਘਾਤਕ ਹੈ। ਜੋ ਰਿਸ਼ਤਾ ਇਲਹਾਮ ਦਾ ਹੈ ਜਦੋਂ ਉਹ ਪਾਤਸ਼ਾਹ ਨੂੰ ਇਹ ਤਕਨੀਕੀ ਐਨਕ ਨਾਲ ਵੇਖਣ ਵਿਖਾਉਣ ਦੇ ਜਾਲ ਵਿਚ ਉਲਝੇਗਾ ਉਦੋਂ ਹਿੰਦੂ ਸਿੱਖ ਦਾ ਕੋਈ ਫਰਕ ਨਹੀਂ ਰਹਿਣਾ। ਇਹ ਯਤਨ ਕਰ ਰਹੇ ਲੋਕ ਭਾਵੇਂ ਹਿੰਦੁਸਤਾਨੀ




ਮਸ਼ੀਨਰੀ ਨਾਲ ਸਿੱਧੇ ਤੌਰ ਉੱਤੇ ਕੋਈ ਸੰਬੰਧ ਨਾ ਵੀ ਰੱਖਦੇ ਹੋਣ ਪਰ ਉਹ ਜਾਣੇ ਅਣਜਾਣੇ ਵਿਚ ਉਨਾਂ ਦੇ ਸੰਦ ਵਜੋਂ ਹੀ ਭੁਗਤ ਰਹੇ ਹਨ। ਵਪਾਰ ਦੀ ਇਸ ਮੰਡੀ ਵਿਚ ਗੁਰਮਤਿ ਦੇ ਫਲਸਫੇ ਨਾਲ ਜੇ ਇਹ ਸਿਧਾਂਤਿਕ ਸਮਝੌਤਾ ਹੋ ਗਿਆ ਤਾਂ ਗੁਰੂ ਨੂੰ ਸਿੱਖ ਤੋਂ ਖੋ ਲਿਆ ਜਾਵੇਗਾ। ਫਿਰ ਸਿੱਖ ਦਾ ਹਰ ਇਕ ਵਧਦਾ ਕਦਮ ਇਹ ਸੁਰਤ ਦੇ ਮਾਰਗ ਤੋਂ ਕੋਹਾਂ ਦੀ ਦੂਰੀ ਪਾਉਂਦਾ ਜਾਵੇਗਾ। ਰੂਹਾਨੀ ਚੜ੍ਹਤਲ ਜਿਸ ਅਮਲ ਦੀ ਕਸਰਤ ਵਿੱਚੋ ਉਪਜਦੀ ਹੈ ਇਹ ਰਾਹ ਬਿਲਕੁਲ ਉਸਦੇ ਉਲਟ ਜਾਂਦਾ ਹੈ। ਇਹ ਤੁਰਦੇ ਫਿਰਦੇ ਬੁੱਤ ਤਕਨੀਕੀ ਬੁੱਤ ਹਨ, ਸ਼ਬਦ ਗੁਰੂ ਦੇ ਪੁਜਾਰੀ ਦਾ ਇਸ ਬੁੱਤਪ੍ਰਸਤੀ ਦਾ ਸ਼ਿਕਾਰ ਹੋਣਾ ਆਤਮਿਕ ਮੌਤ ਹੋਵੇਗੀ।

ਸਿੱਖ ਕੌਮ ਨੂੰ ਸਰੀਰਕ ਤੌਰ ਉੱਤੇ ਖਤਮ ਕਰਨ ਲਈ ਬਹੁਤ ਤਰੀਕੇ ਅਪਣਾਏ ਗਏ ਪਰ ਸਿੱਖ ਦੂਣੇ ਹੋ ਹੋ ਅੱਗੇ ਆਉਂਦੇ ਰਹੇ। 35 ਵਰੇ ਪਹਿਲਾਂ ਵੀ ਤੀਜਾ ਘੱਲੂਘਾਰਾ ਅਤੇ ਸਿੱਖ ਨਸਲਕੁਸ਼ੀ ਦਾ ਸਾਹਮਣਾ ਸਿੱਖ ਕੌਮ ਨੇ ਕੀਤਾ ਪਰ ਉਸ ਤੋਂ ਬਾਅਦ ਸਿੱਖਾਂ ਨੂੰ ਮਾਨਸਿਕ ਤੌਰ ਉੱਤੇ ਬ੍ਰਾਹਮਣੀ ਸੋਚ ਦਾ ਧਾਰਨੀ ਬਣਾਉਣ ਲਈ ਹਿੰਦੁਸਤਾਨ ਦਾ ਬ੍ਰਾਹਮਣ ਪੱਬਾਂ ਭਾਰ ਹੈ। ਸ਼ਰੀਰਕ ਜ਼ਖਮ ਦੇਣ ਦਾ ਤਜ਼ਰਬਾ ਕਰਨ ਤੋਂ ਬਾਅਦ ਮਾਨਸਿਕ ਜ਼ਖਮ ਅਤੇ ਰੂਹਾਨੀ ਤੌਰ ਉੱਤੇ ਕਮਜ਼ੋਰ ਕਰਨ ਦੀ ਕਵਾਇਤ ਵਿੱਢੀ ਹੋਈ ਹੈ। ਗੁਰੂ ਬਿੰਬ ਦੀ ਫਿਲਮੀ ਪੇਸ਼ਕਾਰੀ ਵੀ ਸਿਧੇ ਜਾ ਅਸਿੱਧੇ ਤਰੀਕੇ ਇਸ ਦਾ ਹੀ ਅੰਗ ਹੈ। ਫਿਲਮ 'ਦਾਸਤਾਨ ਏ ਮੀਰੀ ਪੀਰੀ' ਨੂੰ ਇਕ ਹੋਰ ਥਾਂ ਖੜ ਕੇ ਵੀ ਵੇਖਣਾ ਬਣਦਾ ਹੈ। ਪਹਿਲਾਂ ਇਹ ਫਿਲਮ ਜਾਰੀ ਕਰਨ ਦੀ ਤਰੀਕ 2 ਨਵੰਬਰ ਰੱਖੀ ਗਈ ਸੀ ਜੋ ਸਿੱਖ ਕਤਲੇਆਮ ਦੇ ਦਿਨ ਹਨ, ਫਿਰ ਇਹ ਦਿਨ ਬਦਲ ਕੇ 5 ਜੂਨ ਕਰ ਦਿੱਤਾ ਗਿਆ ਜਾਣੀ ਤੀਜੇ ਘੱਲੂਘਾਰੇ ਦੇ ਦਿਨਾਂ ਵਿੱਚ ਜਾਰੀ ਕਰਨ ਦੀ ਤਰੀਕ ਰੱਖੀ ਜੋ ਸਿੱਖ ਯਾਦ ਵਿੱਚ ਇਕ ਖਾਸ ਥਾਂ ਹੈ। ਇਨਾਂ ਦਿਨਾਂ ਵਿਚ ਇਹ ਫਿਲਮ ਜਾਰੀ ਹੈ। ਇਹ ਸਵਾਲ ਦਾ ਜਵਾਬ ਅਜੇ ਸਮੇਂ ਦੇ ਗਰਭ ਵਿੱਚ ਹੈ, ਕੁਝ ਵੀ ਕਹਿਣਾ ਹਾਲੇ ਕਾਹਲ ਹੋਵੇਗੀ। ਜੇਕਰ ਇਹਦੇ ਪਿੱਛੇ ਵੀ ਕੋਈ ਸਦੀਆਂ ਪੁਰਾਣਾ ਵੈਰ ਪਰਦਾ ਕਰਕੇ ਬੈਠਾ ਹੈ ਤਾਂ ਉਹ ਵੀ ਜਦੋਂ ਹਵਾ ਚੱਲੀ ਤੇ ਨੰਗਾ ਹੋ ਹੀ ਜਾਵੇਗਾ।

ਨਾਨਕ ਸ਼ਾਹ ਫਕੀਰ ਫਿਲਮ ਤੋਂ ਸਿੱਖਾਂ ਦਾ ਅਹਿਮ ਹਿੱਸਾ ਇਹਨਾਂ ਪੇਸ਼ਕਾਰੀਆਂ ਦੇ ਵਿਰੋਧ ਵਿਚ ਆ ਗਿਆ ਹੈ ਅਤੇ ਉਸ ਫਿਲਮ ਨੂੰ ਰੁਕਵਾਉਣ ਲਈ ਵੀ ਕਾਮਯਾਬ ਰਹਿਆ ਭਾਵੇਂ ਕਿ ਫਿਲਮ ਦਾ ਕਰਤਾ ਧਰਤਾ ਸਿੱਖਾਂ ਦੀ ਸਿਰਮੌਰ ਸੰਸਥਾ ਅਤੇ ਹੋਰ ਵੀ ਕਈ ਨੰਬਰਦਾਰਾਂ ਦੇ ਥਾਪੜੇ ਨਾਲ ਮੈਦਾਨ ਵਿਚ ਆਇਆ ਸੀ ਪਰ ਸ਼ਾਇਦ ਉਹ ਇਹ ਭੁੱਲ ਗਿਆ ਸੀ ਕਿ ਬਰਾਤ ਜਿੰਨੀ ਮਰਜੀ ਵੱਡੀ ਹੋਵੇ ਪਰ ਪਿੰਡ ਤੋਂ ਵੱਡੀ ਨੀ ਹੁੰਦੀ। ਹੁਣ ਜਿਹੜੇ ਲੋਕ ਫਿਲਮ 'ਦਾਸਤਾਨ ਏ ਮੀਰੀ ਪੀਰੀ' ਜਾਰੀ ਕਰਨ ਦੀ ਦੌੜ ਵਿੱਚ ਹਨ ਉਨਾਂ ਨੂੰ ਵੀ ਪਹਿਲਾਂ ਹੀ ਪਤਾ ਸੀ ਕਿ ਸਿੱਖਾਂ ਨੇ ਇਸ ਫਿਲਮ ਦਾ ਵਿਰੋਧ ਕਰਨਾ ਹੈ ਫਿਰ ਵੀ ਉਹ ਇਹ ਕੰਮ ਕਰਨ ਜਾ ਰਹੇ ਹਨ, ਇਸ ਤੋਂ ਇਹ ਵੀ ਪਤਾ ਚਲਦਾ ਹੈ ਕਿ ਉਹ ਜੋ ਵੀ ਕਰ ਰਹੇ ਹਨ ਕਿਸੇ ਅਣਜਾਣਪੁਣੇ ਵਿਚ ਨਹੀਂ ਕਰ ਰਹੇ ਨਾ ਹੀ ਕਿਸੇ ਭੋਲੇਪਣ ਵਿਚ ਕਰ ਰਹੇ ਹਨ ਅਤੇ ਨਾ ਹੀ ਕਿਸੇ ਸ਼ਰਧਾ ਵਿੱਚੋਂ ਕਰ ਰਹੇ ਹਨ। ਇਹ ਲੋਕ ਸ਼ੁਕਰ ਮਨਾਉਣ ਅਤੇ ਯਾਦ ਰੱਖਣ ਕਿ ਸਿੱਖ ਇਹ ਵਿਰੋਧ ਬਹੁਤ ਹੀ ਲਿਹਾਜ ਨਾਲ ਕਰ ਰਹੇ ਹਨ, ਇਨਾਂ ਨੂੰ ਪਹਿਲੇ ਗੁਰੂ ਨਾਨਕ ਤੋਂ ਦਸਵੇਂ ਗੁਰੂ ਨਾਨਕ ਤਕ ਦਾ ਇਤਿਹਾਸ ਦੇਖ ਲੈਣਾ ਚਾਹੀਦਾ ਹੈ ਅਤੇ ਅਰਦਾਸ ਕਰਕੇ ਭੁੱਲ ਬਖਸ਼ਾ ਲੈਣੀ ਚਾਹੀਦੀ ਹੈ।

# ਆਪਣੀ ਜ਼ਿੰਦਗੀ ਨੂੰ ਆਨੰਦਮਈ ਬਣਾਓ

**ਕੈਲਾਸ਼ ਚੰਦਰ ਸ਼ਰਮਾ**

ਅਜੋਕੇ ਸਮੇਂ ਵਿੱਚ ਲਗਭਗ ਹਰ ਚਿਹਰਾ ਉਦਾਸ, ਗਮਗੀਨ ਅਤੇ ਚਿੰਤਤ ਦਿਖਾਈ ਦਿੰਦਾ ਹੈ ਕਿਉਂਕਿ ਮਨੁੱਖ ਕਾਹਲ ਨਾਲ ਦੌੜ ਰਿਹਾ ਹੈ, ਕਦੇ ਸਫਲਤਾ ਪਿੱਛੇ ਤੇ ਕਦੇ ਆਪਣੀਆਂ ਲਾਲਸਾਵਾਂ ਪਿੱਛੇ। ਰੁਪਏ-ਪੈਸੇ, ਜ਼ਮੀਨ-ਜਾਇਦਾਦ ਅਤੇ ਹੋਰ ਪਦਾਰਥਵਾਦੀ ਵਸਤਾਂ ਲਈ ਮਨੁੱਖ ਪਾਗਲ ਹੋਇਆ ਫਿਰਦਾ ਹੈ। ਇਨਸਾਨ ਦੇ ਚਰਿੱਤਰ ਦਾ ਭੂਗੋਲ ਹੀ ਵਿਗੜ ਗਿਆ ਹੈ। ਦੂਸ਼ਿਤ ਵਿਚਾਰਾਂ ਨੇ ਜੀਵਨ ਨੂੰ ਇੰਨਾ ਪ੍ਰਦੂਸ਼ਿਤ ਕਰ ਦਿੱਤਾ ਹੈ ਕਿ ਰਵਾਇਤਾਂ ਚਰਮਰਾ ਰਹੀਆਂ ਹਨ ਅਤੇ ਆਦਰਸ਼ਾਂ ਦੇ ਮਾਨਕ ਬਦਲਣ ਲੱਗੇ ਹਨ, ਜਿਸ ਕਾਰਨ ਵਰਤਮਾਨ ਤੇ ਭਵਿੱਖ, ਦੋਵੇਂ ਵਿਗੜਦੇ ਜਾ ਰਹੇ ਹਨ। ਮਨੁੱਖ ਦਾ ਸਕੂਨ ਖਤਮ ਹੁੰਦਾ ਜਾ ਰਿਹਾ ਹੈ ਜਿਸ ਨਾਲ ਸਮਾਜ ਦਾ ਵਿਹੜਾ ਹਫੜਾ-ਦਫੜੀ ਦਾ ਸ਼ਿਕਾਰ ਹੋ ਗਿਆ ਹੈ। ਇਸਦੇ ਸਿੱਟੇ ਵਜੋਂ ਲੋਕ ਬੇਚੈਨੀ ਭਰੀ ਜ਼ਿੰਦਗੀ ਬਤੀਤ ਕਰ ਰਹੇ ਹਨ। ਇੱਥੋਂ ਤਕ ਕਿ ਕਈ ਆਪਣਾ ਮਾਨਸਿਕ ਸੰਤੁਲਨ ਹੀ ਗੁਆ ਬੈਠਦੇ ਹਨ। ਕਈ ਲੋਕ ਤਣਾਅ ਕਾਰਨ ਮਾਮੂਲੀ ਪ੍ਰੇਸ਼ਾਨ ਰਹਿੰਦੇ ਹਨ ਜਦੋਂ ਕਿ ਕਈ ਇਸ ਸਦਕਾ ਹੁੱਸੜੇ ਨੀਂਦ ਹੀ ਗੁਆ ਬੈਠਦੇ ਹਨ ਅਤੇ ਲਹੂ ਦੇ ਵਧਦੇ ਦਬਾਅ ਦਾ ਰੋਗ ਸਹੇੜ ਲੈਂਦੇ ਹਨ।

ਇਸ ਭੱਜ-ਦੌੜ ਦੀ ਜ਼ਿੰਦਗੀ ਕਾਰਨ ਸੁਖ ਮਿਲਣ ਦੀ ਥਾਂ ਦੁੱਖ ਜ਼ਿਆਦਾ ਮਿਲ ਰਹੇ ਹਨ। ਅਸੀਂ ਜ਼ਿੰਦਗੀ ਦੇ ਅਸਲੀ ਰਸ ਦੇ ਸਵਾਦ ਤੋਂ ਵਾਂਝੇ ਹੋ ਰਹੇ ਹਾਂ। ਮਨੁੱਖ ਤਮਾਮ ਦੁੱਖ-ਤਕਲੀਫਾਂ ਨੂੰ ਆਪਣੇ ਸਿਰ ਲਈ ਬੈਠਾ ਇਨਾਂ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਜ਼ਿੰਦਗੀ ਵਿੱਚ ਰਚ ਚੁੱਕੇ ਦੁੱਖ ਅਸਾਨੀ ਨਾਲ ਉਸ ਦਾ ਖਹਿੜਾ ਨਹੀਂ ਛੱਡਦੇ, ਜਿਸ ਕਾਰਨ ਉਸ ਦੀ ਮੁਸਕਰਾਹਟ ਕਿਤੇ ਗੁੰਮ ਹੋ ਗਈ ਹੈ। ਸਾਨੂੰ ਸਮਝਣਾ ਚਾਹੀਦਾ ਹੈ ਕਿ ਜ਼ਿੰਦਗੀ ਬਿਹਤਰ ਹੁੰਦੀ ਹੈ ਜਦੋਂ ਅਸੀਂ ਖੁਸ਼ ਹੁੰਦੇ ਹਾਂ ਅਤੇ ਬਿਹਤਰੀਨ ਉਸ ਵੇਲੇ ਹੁੰਦੀ ਹੈ ਜਦੋਂ ਲੋਕ ਸਾਡੇ ਕਾਰਨ ਖੁਸ਼ ਹੁੰਦੇ ਹਨ। ਜ਼ਿੰਦਗੀ ਵਿੱਚ ਆਏ ਤਮਾਮ ਦੁੱਖਾਂ ਦੀਆਂ ਕੰਡਿਆਲੀਆਂ ਝਾੜੀਆਂ ਤੋਂ ਛੁਟਕਾਰਾ ਪਾਉਣ ਅਤੇ ਜ਼ਿੰਦਗੀ ਨੂੰ ਬਹਾਰਾਂ ਨਾਲ ਗੁਜ਼ਾਰਨ ਦੀ ਇੱਕੋ-ਇੱਕ ਅਨਮੋਲ ਦਵਾਈ ਹੈ ਸਹਿਜਤਾ। ਜੀਵਨ ਦੀ ਮਾਣ-ਮਰਿਆਦਾ ਅਤੇ ਸਿਹਤਮੰਦ ਜੀਵਨ ਲਈ ਸਹਿਜਤਾ ਹਰ ਕਿਸੇ ਲਈ ਬੇਹੱਦ ਜ਼ਰੂਰੀ ਹੈ। ਜੀਵਨ ਵਿੱਚ ਆਏ ਸੰਕਟਾਂ ਵੇਲੇ ਸਹਿਜਤਾ ਹੀ ਵੱਡਾ ਸਹਾਰਾ ਹੁੰਦੀ ਹੈ। ਇਸਦਾ ਪੱਲਾ ਫੜ ਕੇ ਹੀ ਮੁਸੀਬਤਾਂ ਨੂੰ ਘੱਟ ਕੀਤਾ ਜਾ ਸਕਦਾ ਹੈ। ਸਹਿਜਤਾ ਨਾਲ ਕੀਤੇ ਕੰਮਾਂ ਵਿੱਚੋਂ ਕੇਵਲ



ਸਫਲਤਾਵਾਂ ਹੀ ਉਪਜਦੀਆਂ ਹਨ। ਸਹਿਜਤਾ ਕਦੇ ਵੀ ਜ਼ਿੰਦਗੀ ਵਿੱਚ ਕਾਹਲ ਪੈਦਾ ਨਹੀਂ ਹੋਣ ਦਿੰਦੀ। ਕਾਹਲ ਨਾਲ ਚੱਲਣ ਵਾਲੇ ਲੋਕ ਅਕਸਰ ਡਿਗਦੇ-ਢਹਿੰਦੇ ਰਹਿੰਦੇ ਹਨ ਪਰ ਸਹਿਜ ਵਿੱਚ ਰਹਿ ਕੇ ਬਹੁਤੇ ਲੋਕ ਸਮੱਸਿਆਵਾਂ ਦਾ ਹੱਲ ਆਸਾਨੀ ਨਾਲ ਕੱਢ ਲੈਂਦੇ ਹਨ, ਜਿਸਦੇ ਸਿੱਟੇ ਵਜੋਂ ਉਨਾਂ ਦੀ ਜ਼ਿੰਦਗੀ ਬਹੁਤ ਖੂਬਸੂਰਤ ਹੋ ਜਾਂਦੀ ਹੈ। ਸਹਿਜ ਵਿੱਚ ਜ਼ਿੰਦਗੀ ਬਤੀਤ ਕਰਨ ਵਾਲੇ ਵਿਅਕਤੀ ਦੀ ਚੇਤਨਾ ਵਿੱਚੋਂ ਸਿਧਾਂਤਾਂ ਦੀ ਉਤਪਤੀ ਹੁੰਦੀ ਹੈ ਅਤੇ ਅਸੀਂ ਜ਼ਿੰਦਗੀ ਦੇ ਹਰ ਪਲ ਦੀ ਇੱਜ਼ਤ ਕਰਨ ਲੱਗਦੇ ਹਾਂ, ਭਾਵੇਂ ਉਹ ਸੁਖ ਭਰੇ ਹੋਣ ਜਾਂ ਦੁੱਖ ਭਰੇ। ਇਸ ਨਾਲ ਜੀਵਨ ਵਿੱਚ ਆਨੰਦ ਦੀ ਨਵੀਂ ਕਿਰਨ ਚਮਕਣ ਲਗਦੀ ਹੈ। ਬਦਕਿਸਮਤੀ ਇਹ ਹੈ ਕਿ ਅਜੋਕੇ ਮਨੁੱਖ ਨੇ ਸਹਿਜਤਾ ਨੂੰ ਆਪਣੇ ਤੋਂ ਕੋਹਾਂ ਦੂਰ ਕਰ ਲਿਆ ਹੈ, ਜਿਸ ਕਾਰਨ ਸਮਾਜ ਬੇਹੂਦੇ ਮੁਕਾਮ ਹਾਸਲ ਕਰਨ ਦੀ ਰਾਹ 'ਤੇ ਤੁਰ ਪਿਆ ਹੈ। ਵਿਅਕਤੀ ਕੇਵਲ ਜ਼ਿੰਦਗੀ ਬਤੀਤ ਕਰ ਰਹੇ ਹਨ, ਇਸਦਾ ਆਨੰਦ ਨਹੀਂ ਮਾਣ ਰਹੇ। ਸਹਿਜਤਾ ਵਿੱਚ ਰਹਿਣ ਨਾਲ ਚਰਿੱਤਰ ਵਿੱਚ ਨਿਖਾਰ ਆਉਂਦਾ ਹੈ। ਜਿਨਾਂ ਵਿੱਚ ਸਹਿਜਤਾ ਦੀ ਤਪੱਸਿਆ ਹੁੰਦੀ ਹੈ, ਉਹ ਸਦਾ ਸੰਸਾਰ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਸਹਿਜਤਾ ਦੀ ਤੋਰ ਤੁਰਦਿਆਂ ਕਿਸੇ ਨਾਲ ਵੀ ਨਫਰਤ ਦੇ ਬੋਲ ਨਹੀਂ ਬੋਲੇ ਜਾਂਦੇ ਪਰ ਅਜੋਕੇ ਦੌਰ ਦੀ ਜ਼ਿੰਦਗੀ ਵਿੱਚੋਂ ਸਹਿਜਤਾ ਕਿਰਦੀ ਜਾ ਰਹੀ ਹੈ।

ਅੱਜ-ਕੱਲ ਮਨੁੱਖ ਨਿਰਾਸ਼ਾ ਦੀ ਘੁਟਨ ਤੋਂ ਬਹੁਤ ਜ਼ਿਆਦਾ ਪੀੜਿਤ ਹੈ। ਜੋ ਵਿਅਕਤੀ ਇਸ ਘੁਟਨ ਨੂੰ ਸਹਿਣ ਨਹੀਂ ਕਰ ਸਕਦੇ ਉਹ ਅੰਦਰੋਂ-ਅੰਦਰੀਂ ਸੜਦੇ ਰਹਿੰਦੇ ਹਨ। ਇਸ ਤੋਂ ਛੁਟਕਾਰੇ ਦਾ ਸੁੰਦਰ ਉਪਾਅ ਵੀ ਸਹਿਜਤਾ ਅਤੇ ਸਰਲਤਾ ਹੀ ਹੈ। ਜਿਹੜੇ ਇਨਸਾਨ ਨਿਰਾਸ਼ਾ ਦਾ ਪੱਲਾ ਫੜੀ ਰੱਖਦੇ ਹਨ, ਉਹ ਇੱਕ ਦਿਨ ਅਜਿਹੀ ਉਦਾਸੀ ਕਾਰਨ ਹੀ ਆਪਣੀ ਜ਼ਿੰਦਗੀ ਖਤਮ ਕਰ ਲੈਂਦੇ ਹਨ ਅਤੇ ਪਰਿਵਾਰ ਲਈ ਲਾਹਨਤ ਹੀ ਖੱਟਦੇ ਹਨ। ਇਸ ਲਈ ਆਪਣੇ ਆਲੇ-ਦੁਆਲੇ ਦੇ ਲੋਕਾਂ ਪ੍ਰਤੀ ਸਹਿਜਤਾ ਅਤੇ ਸਰਲਤਾ ਦਾ ਵਿਵਹਾਰ ਰੱਖੋ। ਜੋ ਵਿਅਕਤੀ ਸਹਿਜਤਾ ਦੇ ਮਹੱਤਵ ਨੂੰ ਸਮਝ ਜਾਂਦੇ ਹਨ, ਉਨਾਂ ਨੂੰ ਕਦੇ ਵੀ ਘੁਟਨ ਨਹੀਂ ਹੁੰਦੀ।

ਜਜ਼ਬਾਤ ਹਰ ਬੰਦੇ ਕੋਲ ਹੁੰਦੇ ਹਨ ਪਰ ਉਨਾਂ ਨੂੰ ਦਰਸਾਉਣ ਦਾ ਤਰੀਕਾ ਹਰ ਕਿਸੇ ਦਾ ਵੱਖੋ-ਵੱਖਰਾ ਹੁੰਦਾ ਹੈ। ਕਈਆਂ ਦਾ ਆਪਣੇ ਜਜ਼ਬਾਤਾਂ 'ਤੇ ਕੰਟਰੋਲ ਨਹੀਂ ਹੁੰਦਾ ਅਤੇ ਕਈ ਉਨਾਂ ਨੂੰ ਲੁਕਾਉਣਾ ਬਾਖੂਬੀ ਜਾਣਦੇ ਹਨ। ਸਹਿਜਤਾ ਦੀ ਜ਼ਿੰਦਗੀ ਜਿਊਣ ਵਾਲੇ ਬਾਖੂਬੀ ਸਿੱਖ ਜਾਂਦੇ ਹਨ ਕਿ ਕਿਹੜੀ ਗੱਲ ਕਿਸ ਵਕਤ ਕਰਨੀ ਹੈ। ਇਸ ਤਰਾਂ ਉਹ ਵਾਧੂ ਦੀਆਂ ਪ੍ਰੇਸ਼ਾਨੀਆਂ ਤੋਂ ਬਚ ਜਾਂਦੇ ਹਨ। ਸਹਿਜਤਾ ਇੱਕ ਹਾਂ-ਪੱਖੀ ਦ੍ਰਿਸ਼ਟੀਕੋਣ ਹੈ। ਇਸਦੇ ਅਭਿਆਸ ਨਾਲ ਤੁਸੀਂ ਕਿਰਿਆ-ਪ੍ਰਤੀਕਿਰਿਆ ਦੇ ਮਾੜੇ ਚੱਕਰ ਵਿੱਚ ਫਸਣ ਤੋਂ ਬਚੇ ਰਹਿ ਸਕਦੇ ਹੋ। ਅਮਨਪਸੰਦ ਅਤੇ ਭਾਈਚਾਰੇ ਲਈ ਜੀਵਨ ਵਿੱਚ ਸਹਿਜਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਇਹ ਸਹਿਜਤਾ ਹੀ ਹੈ ਜੋ ਸਾਨੂੰ ਤਣਾਅ ਅਤੇ ਕ੍ਰੋਧ ਤੋਂ ਬਚਾਉਂਦੀ ਹੈ, ਹੰਕਾਰ ਦੇ ਸ਼ਿਕੰਜੇ ਤੋਂ ਮੁਕਤ ਰੱਖਦੀ ਹੈ।

ਇਨਸਾਨ ਨੂੰ ਜ਼ਿੰਦਗੀ ਸਹਿਜਤਾ ਨਾਲ ਹੀ ਗੁਜ਼ਾਰਨੀ ਚਾਹੀਦੀ ਹੈ ਕਿਉਂਕਿ ਇਸ ਨਾਲ ਸਿਹਤਮੰਦ ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਸਹਿਜ ਰਹਿਣ ਨਾਲ ਸਰੀਰ ਵਿੱਚ ਬਲਬੁੱਧੀ ਦਾ ਵਿਕਾਸ ਹੁੰਦਾ ਹੈ, ਮਨ ਪ੍ਰਸੰਨ ਹੁੰਦਾ ਹੈ ਅਤੇ ਸ਼ਾਂਤ ਬਣਿਆ ਰਹਿੰਦਾ ਹੈ। ਸਹਿਜ ਵਿਅਕਤੀ ਦੀ ਆਤਮ-ਸ਼ਕਤੀ ਇੰਨੀ ਮਜ਼ਬੂਤ ਹੋ ਜਾਂਦੀ ਹੈ ਕਿ ਉਹ ਕਿਸੇ ਵੀ ਸੰਕਟ ਤੋਂ ਨਹੀਂ ਡਰਦਾ। ਉਸ ਦਾ ਜੀਵਨ ਸੁਗੰਧੀਆਂ ਨਾਲ ਭਰ ਜਾਂਦਾ ਹੈ। ਕ੍ਰੋਧ, ਹੰਕਾਰ ਅਤੇ ਕਾਮ ਦੀ ਥਾਂ ਧੀਰਜ, ਖਿਮਾ ਤੇ ਮਰਿਆਦਾ ਬੰਦੇ ਅੰਦਰ ਆਪਣਾ ਟਿਕਾਣਾ ਬਣਾ ਲੈਂਦੇ ਹਨ, ਜਿਸ ਨਾਲ ਜੀਵਨ ਆਨੰਦ ਅਤੇ ਸੁਗੰਧ ਨਾਲ ਭਰ ਜਾਂਦਾ ਹੈ। ਜੋ ਵਿਅਕਤੀ ਸਹਿਜ-ਰਹਿਤ ਜੀਵਨ ਗੁਜ਼ਾਰਦੇ ਹਨ, ਉਨਾਂ ਦੇ ਸਰੀਰ ਵਿੱਚੋਂ ਸ਼ਕਤੀ ਬਾਹਰ ਹੋ ਜਾਂਦੀ ਹੈ ਅਤੇ ਉਹ ਉਥਲ-ਪੁਥਲ ਵਾਲਾ ਜੀਵਨ ਹੀ ਗੁਜ਼ਾਰਦੇ ਹਨ। ਨਿਰੋਗੀ ਕਾਇਆ ਦਾ ਸੁਪਨਾ ਅਜਿਹੇ ਲੋਕਾਂ ਲਈ ਕੇਵਲ ਸੁਪਨਾ ਹੀ ਬਣ ਕੇ ਰਹਿ ਜਾਂਦਾ ਹੈ।

ਸਹਿਜਤਾ ਮਨੁੱਖੀ ਜੀਵਨ ਦਾ ਸ਼ਿੰਗਾਰ ਹੈ। ਇਸ ਲਈ ਆਓ, ਦੁੱਖਾਂ ਨਾਲ ਆਢਾ ਲਾ ਕੇ ਵੀ ਜ਼ਿੰਦਗੀ ਨੂੰ ਸਹਿਜਤਾ ਦੀ ਪਗਡੰਡੀ 'ਤੇ ਤੋਰਦਿਆਂ, ਬਹਾਰਾਂ ਵਰਗਾ ਜੀਵਨ ਗੁਜ਼ਾਰੀਏ ਅਤੇ ਨਿਰੰਤਰ ਚਿੰਤਨ ਦੁਆਰਾ ਆਪਣੇ ਮਨ ਦੀਆਂ ਸੁੰਦਰ ਪਰਤਾਂ ਵਿੱਚੋਂ ਮਨੋਰੰਜਨ ਦੇ ਸੁਰੀਲੇ ਕਣ ਲੱਭ ਕੇ ਆਪਣੀ ਜ਼ਿੰਦਗੀ ਨੂੰ ਆਨੰਦਮਈ ਬਣਾਈਏ।

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS Love's AMBEST

## FUEL CARDS
NO CREDIT - NO PROBLEM
BEST CUSTOMER SERVICE

QUIKQ wex




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

ROAD SQUAD connect

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE: BAYS. EXPERTISE. SOLUTIONS.

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035




# ਧਿਆਨ ਮੈਡੀਟੇਸ਼ਨ ਅਤੇ ਇਸ ਦੇ ਲਾਭ



**ਜਸਪ੍ਰੀਤ ਸਿੰਘ ਮਾਂਗਟ**
**ਮੋ. 9915220486**

ਦੋਸਤੋ, ਅੱਜ ਅਸੀਂ ਗੱਲ ਕਰਨ ਜਾ ਰਹੇ ਹਾਂ ਇੱਕ ਅਜਿਹੇ ਵਿਸ਼ੇ ਬਾਰੇ ਜਿਸ ਬਾਰੇ ਸਾਨੂੰ ਘੱਟ ਹੀ ਪਤਾ ਹੈ, ਉਸੇ ਵਿਸ਼ੇ ਦਾ ਨਾਮ ਹੈ ਮੈਡੀਟੇਸ਼ਨ। ਜਿਸ ਨੂੰ ਪੰਜਾਬੀ ਵਿੱਚ ਆਪਾਂ ਧਿਆਨ ਕਹਿ ਸਕਦੇ ਹਾਂ। ਧਿਆਨ ਹੀ ਇੱਕ ਅਜਿਹੀ ਵਿਧੀ ਹੈ ਜਿਸ ਰਾਹੀਂ ਅਸੀਂ ਆਤਮਾ ਨੂੰ ਪ੍ਰਮਾਤਮਾ ਨਾਲ ਮਿਲਵਾ ਸਕਦੇ ਹਾਂ। ਜੇ ਗੱਲ ਕਰੀਏ ਤਾਂ ਧਿਆਨ ਦਾ ਪਿਛੋਕੜ ਕਾਫੀ ਪੁਰਾਣਾ ਹੈ। ਇਹ ਵਿਧੀ ਸਾਡੇ ਰਿਸ਼ੀਆਂ ਮੁਨੀਆ ਦੇ ਸਮੇਂ ਤੋਂ ਹੀ ਚੱਲੀ ਆ ਰਹੀ ਹੈ। ਆਓ ਜਾਣਦੇ ਹਾਂ ਕਿ ਧਿਆਨ ਅਸਲ ਵਿੱਚ ਕੀ ਹੈ। ਇਸਦੇ ਕਰਨ ਦੀ ਵਿਧੀ ਅਤੇ ਇਸ ਦੇ ਲਾਭ ਬਾਰੇ।

ਧਿਆਨ ਕੀ ਹੈ- ਧਿਆਨ ਦਾ ਅਰਥ ਹੈ ਆਪਣੇ ਆਪ ਦੀ ਪਛਾਣ ਕਰਨਾ। ਕਈ ਧਿਆਨ ਕਰਨ ਵਾਲੇ ਕਹਿੰਦੇ ਹਨ। ਧਿਆਨ ਕਰਨਾ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਨਾਲ ਆਤਮਾ ਨੂੰ ਪ੍ਰਮਾਤਮਾ ਨਾਲ ਜੋੜਿਆ ਜਾ ਸਕਦਾ ਹੈ, ਅਤੇ ਕਈ ਧਿਆਨ ਯੋਗੀ ਮੰਨ ਰਹਿਣ ਨੂੰ ਹੀ ਧਿਆਨ ਦਾ ਨਾਮ ਦਿੰਦੇ ਹਨ। ਕੁੱਲ ਮਿਲਾ ਕੇ ਧਿਆਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਨਾਲ ਜੁੜ ਕੇ ਵਿਅਕਤੀ ਬਾਹਰੀ ਵਿਸ਼ੇ ਵਿਕਾਰਾਂ ਤੋਂ ਦੂਰ ਹੋ ਕੇ ਆਪਣੇ ਆਪ ਦੀ ਪਛਾਣ ਕਰਦਾ ਹੈ।

ਧਿਆਨ ਕਰਨ ਦੀ ਵਿਧੀ- ਧਿਆਨ ਕਰਨ ਦਾ ਢੁੱਕਵਾਂ ਸਮਾਂ ਸਵੇਰੇ 4-6 ਵਜੇ ਤੱਕ ਦਾ ਹੁੰਦਾ ਹੈ ਕਿਉਂਕਿ ਉਸ ਸਮੇਂ ਸ਼ਾਂਤੀ ਦਾ ਮਾਹੌਲ ਹੁੰਦਾ ਹੈ ਅਤੇ ਅਸੀਂ ਬਿਨਾਂ ਕਿਸੇ ਵਿਘਨ ਤੇ ਧਿਆਨ ਕਰ ਸਕਦੇ ਹਾਂ। ਧਿਆਨ ਕਰਨ ਲਈ ਇਕਾਂਤ ਜਗਾ ਵਿੱਚ ਬੈਠਣਾ ਚਾਹੀਦਾ ਹੈ ਅਤੇ ਹੋ ਸਕੇ ਤਾਂ ਵਿਸ਼ੇ ਕੱਪੜੇ ਪਾ ਕੇ ਬੈਠਣਾ ਚਾਹੀਦਾ ਹੈ। ਅੱਖਾਂ ਨੂੰ ਬੰਦ ਕਰਕੇ ਆਪਣਾ ਧਿਆਨ ਕੇਵਲ ਸੁਆਸਾਂ ਤੇ ਕੇਂਦਰਿਤ ਕੀਤਾ ਜਾਵੇ, ਸੁਆਸ ਅੰਦਰ ਜਾ ਰਿਹਾ ਹੈ ਅਤੇ ਬਾਹਰ ਆ ਰਿਹਾ ਹੈ। ਸੁਆਸ ਪ੍ਰਕਿਰਿਆ ਦੀ ਗਤੀ ਬਿਲਕੁਲ ਹੌਲੀ ਹੋਣੀ ਚਾਹੀਦੀ ਹੈ, ਧਿਆਨ ਕਰਨ ਦਾ ਸਮਾਂ 20 ਮਿੰਟ ਤੋਂ ਲੈ ਕੇ 2 ਘੰਟੇ ਤੱਕ ਆਪਣੀ ਸੁਵਿਧਾ ਅਨੁਸਾਰ ਵਧਾਇਆ ਜਾ ਸਕਦਾ ਹੈ।



ਧਿਆਨ ਕਰਨ ਦੇ ਫਾਇਦੇ : ਧਿਆਨ ਕਰਨ ਦੇ ਬਹੁਤ ਸਾਰੇ ਫਾਇਦੇ ਹਨ ਅਤੇ ਕਈ ਵਿਗਿਆਨੀ ਇਸ ਦੇ ਉਪਰ ਆਪਣੀ ਖੋਜ ਕਰ ਰਹੇ ਹਨ। ਅਸੀਂ ਅੱਜ-ਕੱਲ ਦੇਖ ਰਹੇ ਹਾਂ ਕਿ ਦੌੜ ਭੱਜ ਵਾਲੀ ਜਿੰਦਗੀ ਵਿੱਚ ਲੋਕ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਖੋਜ ਕਰਨ ਤੋਂ ਪਤਾ ਲੱਗਾ ਹੈ ਕਿ ਧਿਆਨ ਕਰਨ ਨਾਲ ਡੋਪਾਮਾਇਨ ਅਤੇ ਸੀਰੋਟੋਨੀਨ ਨਾਮਕ ਕੈਮੀਕਲ ਸਾਡੇ ਸਰੀਰ ਵਿੱਚੋਂ ਪੈਦਾ ਹੁੰਦੇ ਹਨ ਜੋ ਕਿ ਸਾਨੂੰ ਡਿਪਰੈਸ਼ਨ ਤੋਂ ਛੁਟਕਾਰਾ ਦਿਵਾਉਂਦੇ ਹਨ। ਧਿਆਨ ਕਰਨ ਨਾਲ ਸਰੀਰ ਵਿਚੋਂ ਆਕਸੀਜਨ ਦੀ ਘਾਟ ਪੂਰੀ ਹੁੰਦੀ ਹੈ ਅਤੇ ਕਈ ਗੰਭੀਰ ਬਿਮਾਰੀਆਂ ਤੋਂ ਸਾਨੂੰ ਛੁਟਕਾਰਾ ਮਿਲਦਾ ਹੈ। ਧਿਆਨ ਕਰਨ ਨਾਲ ਮਾਨਸੀਕ ਇਕਾਗਰਤਾ ਵਧਦੀ ਹੈ ਅਤੇ ਮਨ ਦੇ ਵਿੱਚ ਆਉਣ ਵਾਲੇ ਬੁਰੇ ਵਿਚਾਰਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਧਿਆਨ ਕਰਨ ਦੀ ਲੋਕਪ੍ਰਿਅਤਾ ਦਿਨੋ-ਦਿਨ ਵਧਦੀ ਜਾ ਰਹੀ ਹੈ, ਵੱਖੋ ਵੱਖਰੀਆਂ ਸੰਸਥਾਵਾਂ ਜਿਵੇਂ ਕਿ ਉਸੇ ਧਿਆਨ ਕੇਂਦਰ ਬ੍ਰਹਮਾ ਕੁਮਾਰੀ ਧਿਆਨ ਕੇਂਦਰ ਵੀ ਕਾਫੀ ਉੱਚ ਪੱਧਰ ਤੇ ਮੈਡੀਟੇਸ਼ਨ (ਧਿਆਨ) ਕਲਾਸਾਂ ਲਗਾ ਰਹੇ ਹਨ ਅਤੇ ਧਿਆਨ ਕਰਨ ਦੀ ਵਿਧੀ ਨਾਲ ਮਿਲਣ ਵਾਲੇ ਮਾਨਸਿਕ ਅਤੇ ਸਰੀਰਕ ਲਾਭ ਦਾ ਪ੍ਰਚਾਰ ਕਰ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਧਿਆਨ ਕਰਨ ਦੀ ਵਿਧੀ ਦੀ ਲੋਕਪ੍ਰਿਅਤਾ ਹੋਰ ਵੀ ਵਧੇਗੀ ਇਸ ਲਈ ਸਾਨੂੰ ਸਮਾਂ ਕੱਢ ਕੇ ਧਿਆਨ ਕਰਨ ਦੀ ਪ੍ਰਕਿਰਿਆ ਨੂੰ ਅਪਨਾਉਣਾ ਚਾਹੀਦਾ ਹੈ ਅਤੇ ਇੱਕ ਤੰਦਰੁਸਤ ਅਤੇ ਤਣਾਓ ਰਹਿਤ ਜੀਵਨ ਬਤੀਤ ਕਰਨਾ ਚਾਹੀਦਾ ਹੈ।

# ਡੱਬਾਬੰਦ ਜੂਸ ਸਿਹਤ ਲਈ ਖਤਰਨਾਕ

ਰੋਗ ਦੂਰ ਕਰਨ ਲਈ ਤਾਜ਼ੇ ਫਲਾਂ ਦੇ ਰਸ ਦਾ ਬਹੁਤ ਮਹੱਤਵ ਹੈ। ਜੇਕਰ ਗਾਜਰ ਨੂੰ ਛਿੱਲ ਕੇ ਜਾਂ ਕੱਦੂਕਸ਼ ਕਰ ਕੇ ਰੱਖ ਦਿੱਤਾ ਜਾਵੇ ਤਾਂ ਲਗਭਗ 20-25 ਮਿੰਟ ਵਿਚ ਹੀ ਉਸ ਵਿਚ ਮੌਜੂਦਾ ਬਹੁਤੇ ਵਿਟਾਮਿਨ 'ਏ' ਹਵਾ ਵਿਚ ਉੱਡ ਜਾਂਦੇ ਹਨ।

ਇਸੇ ਤਰਾਂ ਨਿੰਬੂ, ਸੰਗਤਰਾ, ਮੌਸੰਮੀ ਆਦਿ ਖੱਟੇ-ਮਿੱਠੇ ਫਲ ਵਿਟਾਮਿਨ 'ਸੀ' ਦੇ ਸਰੋਤ ਹਨ ਪਰ ਜੇਕਰ ਇਕ ਮਹੀਨੇ ਤੱਕ ਉਨਾਂ ਦਾ ਸੰਗ੍ਰਹਿ ਕਰਕੇ ਛੱਡ ਦਿੱਤਾ ਜਾਵੇ ਤਾਂ ਉਸ ਵਿਚ ਵਿਟਾਮਿਨ 'ਸੀ' ਦਾ ਲਗਭਗ 40 ਫ਼ੀਸਦੀ ਹਿੱਸਾ ਨਸ਼ਟ ਹੋ ਜਾਂਦਾ ਹੈ।

ਤਿਆਰ ਹੋਣ ਤੋਂ ਬਾਅਦ ਜੂਸ ਤੁਰੰਤ ਹੀ ਪੀ ਲੈਣਾ ਚਾਹੀਦਾ ਹੈ। ਕੁਝ ਸਮਾਂ ਰੱਖ ਦੇਣ ਨਾਲ ਉਸ ਦੇ ਮੁੱਲਵਾਨ ਤੱਤ ਨਸ਼ਟ ਹੋ ਜਾਂਦੇ ਹਨ। ਇਸੇ ਤਰਾਂ ਦਿਨ ਭਰ ਲਈ ਵਰਤੋਂ ਵਿਚ ਲਿਆਂਦੇ ਜਾਣ ਵਾਲੇ ਜੂਸ ਇਕ ਵਾਰ ਵਿਚ ਹੀ ਕੱਢ ਕੇ ਰੱਖ ਦੇਣਾ ਵੀ ਠੀਕ ਨਹੀਂ ਹੈ। ਜਦੋਂ ਵੀ ਜੂਸ ਪੀਣਾ ਹੋਵੇ, ਉਸੇ ਸਮੇਂ ਜੂਸ ਤਾਜ਼ਾ ਕੱਢਣਾ ਚਾਹੀਦਾ ਹੈ। ਇਕ ਪ੍ਰਸਿੱਧ ਡਾਕਟਰ ਅਨੁਸਾਰ ਚੈਰੀ, ਸੇਬ, ਬੀਟ, ਲਸਣ, ਮਟਰ, ਪਾਲਕ, ਗਾਜਰ, ਪੱਤਾ ਗੋਭੀ, ਫੁੱਲ ਗੋਭੀ, ਪਿਆਜ਼ ਅਤੇ ਟਮਾਟਰ ਦੇ ਜੂਸ ਸਿਹਤ ਦੀ ਅਰੋਗਤਾ ਨੂੰ ਬਣਾਈ ਰੱਖਦੇ ਹਨ। ਜੂਸ ਨੂੰ ਇਕੋ ਸਾਹ ਵਿਚ ਹੀ ਗਟਾਗਟ ਕਰ ਕੇ ਨਹੀਂ ਪੀਣਾ ਚਾਹੀਦਾ ਸਗੋਂ ਚਮਚ ਨਾਲ ਜਾਂ ਹੌਲੀ-ਹੌਲੀ ਘੁੱਟ-ਘੁੱਟ ਕਰ ਕੇ ਪੀਣਾ ਚਾਹੀਦਾ ਹੈ। ਇਸ ਤਰਾਂ ਕਰਨ ਨਾਲ ਜੂਸ ਦੇ ਨਾਲ ਲਾਰ ਵੀ ਮਿਲ ਜਾਂਦੀ ਹੈ। ਲਾਰ ਵਿਚ ਸ਼ਾਮਿਲ ਕੁਝ ਪਾਚਕ ਰਸ ਦੀ ਸ਼ੱਕਰ ਨੂੰ ਹਜ਼ਮ ਕਰਨ ਵਿਚ ਸਹਾਈ ਹੁੰਦੇ ਹਨ।

ਅਰੋਗ ਅਤੇ ਰੋਗ ਮੁਕਤੀ ਲਈ ਪੀਤੇ ਜਾਣ ਵਾਲੇ ਜੂਸਾਂ ਵਿਚ ਸਵਾਦ ਜਾਂ ਇੱਛਾ ਮੁਤਾਬਕ ਕਦੀ ਵੀ ਮਿਸ਼ਰੀ, ਚੀਨੀ, ਕਾਲੀ ਮਿਰਚ ਜਾਂ ਨਮਕ ਨਹੀਂ ਪਾਉਣਾ ਚਾਹੀਦਾ। ਕਿਸੇ ਇਕ ਅੱਧ ਸਾਗ-ਸਬਜ਼ੀ ਦੇ ਜੂਸ ਜੇ ਉਹ ਸਵਾਦ ਨਾ ਲੱਗੇ ਤਾਂ ਕਿਸੇ ਹੋਰ ਫਲ (ਨਿੰਬੂ, ਸੰਗਤਰਾ ਆਦਿ) ਦੇ ਨਾਲ ਉਸ ਨੂੰ ਮਿਲਾਇਆ ਜਾ ਸਕਦਾ ਹੈ। ਜੂਸ ਦਾ ਪੂਰਾ-ਪੂਰਾ ਲਾਭ ਲੈਣ ਦੇ ਇਛੁਕ ਲੋਕਾਂ ਲਈ ਡੱਬਾ ਬੰਦ ਕੀਤੇ ਹੋਏ ਤਿਆਰ ਜੂਸ ਵਿਅਰਥ ਹਨ ਕਿਉਂਕਿ ਇਨਾਂ ਜੂਸਾਂ ਵਿਚ ਕੀਤੀ ਗਈ ਪ੍ਰਕਿਰਿਆ ਅਤੇ ਇਨਾਂ ਦੇ ਭੰਡਾਰ ਕਾਰਨ ਉਨਾਂ ਦੇ ਸਾਰੇ ਤੱਤ ਨਸ਼ਟ ਹੋ ਜਾਂਦੇ ਹਨ। ਤਾਜ਼ੇ ਫਲਾਂ ਤੋਂ ਕੱਢਿਆ ਗਿਆ ਜੂਸ ਵੀ ਭੰਡਾਰ ਕਰਨ ਨਾਲ ਆਪਣੇ ਤੱਤਾਂ ਨੂੰ ਗਵਾ ਦਿੰਦਾ ਹੈ। ਇਸ ਲਈ ਸਾਨੂੰ ਇਸ ਤਰਾਂ ਦੇ ਜੂਸਾਂ ਨੂੰ ਤਾਜ਼ਾ ਸਮਝਣ ਦੀ ਭੁੱਲ ਨਹੀਂ ਕਰਨੀ ਚਾਹੀਦੀ।

ਤਿਆਰ ਕੀਤੇ ਹੋਏ ਬਹੁਤੇ ਜੂਸਾਂ ਵਿਚ ਚੀਨੀ, ਨਮਕ ਅਤੇ ਵੱਖ-ਵੱਖ ਤਰਾਂ ਦੇ ਹੋਰ ਰਸਾਇਣ ਮਿਲਾਏ ਹੁੰਦੇ ਹਨ। ਨਤੀਜੇ ਵਜੋਂ ਜੂਸ ਦਾ ਮੂਲ ਰੰਗ, ਸਵਾਦ, ਖ਼ੁਸ਼ਬੂ ਸੁਰੱਖਿਅਤ ਰਹਿੰਦੇ ਹਨ ਅਤੇ ਉਹ ਵਿਗੜਦੇ ਨਹੀਂ। ਜਦੋਂ ਇਨਾਂ ਵਿਚ ਵੱਖ-ਵੱਖ ਐਸਿਡ ਵਰਤੇ ਜਾਂਦੇ ਹਨ ਤਾਂ ਇਹ ਸਿਹਤ ਲਈ ਹਾਨੀਕਾਰਕ ਹੁੰਦੇ ਹਨ।

ਸਿਰਫ ਦੋ ਉਦਾਹਰਣਾਂ ਰਾਹੀਂ ਸਾਨੂੰ ਇਹ ਜਾਣਕਾਰੀ ਵੀ ਮਿਲ ਜਾਵੇਗੀ ਕਿ ਵਿਟਾਮਿਨ ਵਧਾਉਣ ਦੀ ਦ੍ਰਿਸ਼ਟੀ ਤੋਂ ਤਾਜ਼ਾ ਜੂਸ ਤਿਆਰ, ਮਿਲਣ ਵਾਲੇ ਜੂਸ ਤੋਂ ਬਹੁਤ ਜ਼ਿਆਦਾ ਵੱਖ ਹਨ। ਗਾਜਰ ਦੇ ਤਾਜ਼ਾ ਕੱਢੇ ਹੋਏ ਜੂਸ ਵਿਚ ਵਿਟਾਮਿਨ 8 ਮਿ.ਗ੍ਰਾ. ਹੁੰਦੇ ਹਨ ਜਦ ਕਿ ਉਸ ਤੋਂ ਤਿਆਰ ਕੀਤੇ ਜੂਸ ਵਿਚ ਇਹੀ ਵਿਟਾਮਿਨ ਸਿਰਫ 2 ਮਿ. ਗ੍ਰਾਮ ਰਹਿ ਜਾਂਦੇ ਹਨ।

ਡੱਬਿਆਂ ਅਤੇ ਬੋਤਲਾਂ ਵਿਚ ਪੈਕ ਕੀਤੇ ਹੋਏ ਜੂਸਾਂ ਦਾ ਸੇਵਨ ਕਰਨ ਨਾਲ ਉਨਾਂ ਵਿਚ ਮੌਜੂਦ ਰਸਾਇਣਾਂ ਕਾਰਨ ਅੰਤੜੀਆਂ ਦੇ ਰੋਗ, ਦੰਦਾਂ ਦੀ ਸੜਨ, ਕੈਂਸਰ ਆਦਿ ਰੋਗ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਇਸ ਲਈ ਹਮੇਸ਼ਾ ਰੁੱਤ ਅਨੁਸਾਰ ਸੌਖਿਆਂ ਮਿਲਣ ਵਾਲੇ ਫਲ ਜਾਂ ਸਬਜ਼ੀਆਂ ਦਾ ਤਾਜ਼ਾ ਜੂਸ ਕੱਢ ਕੇ ਪੀਤਾ ਜਾਵੇ ਤਾਂ ਉਹ ਬਹੁਤ ਲਾਭਕਾਰੀ ਹੁੰਦਾ ਹੈ।

ਵਾਰ-ਵਾਰ ਹੋਣ ਵਾਲਾ ਸਿਰਦਰਦ ਖਤਰਨਾਕ

ਆਧੁਨਿਕ ਜੀਵਨ ਸ਼ੈਲੀ ਭੱਜ-ਦੌੜ ਵਾਲੀ ਹੈ। ਇਸੇ ਭੱਜ-ਦੌੜ ਵਿਚ ਤਣਾਅ ਦਾ ਵਧ ਜਾਣਾ ਇਕ ਆਮ ਸਮੱਸਿਆ ਹੈ। ਤਣਾਅ ਨਾਲ ਸਿਰ ਦਰਦ ਹੋਣਾ ਵੀ ਆਮ ਗੱਲ ਹੈ ਪਰ ਲਗਾਤਾਰ ਸਿਰ ਦਰਦ ਹੋਣਾ ਠੀਕ ਨਹੀਂ ਹੁੰਦਾ। ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਜੇਕਰ ਤੁਸੀਂ ਵੀ ਲਗਾਤਾਰ ਸਿਰ ਦਰਦ ਦੀ ਸਮੱਸਿਆ ਨਾਲ ਜੂਝ ਰਹੇ ਹੋ ਤਾਂ ਡਾਕਟਰ ਨਾਲ ਸਲਾਹ ਜ਼ਰੂਰ ਕਰੋ ਅਤੇ ਸਮੱਸਿਆ ਦਾ ਹੱਲ ਕਰਨ ਦੀ ਕੋਸ਼ਿਸ਼ ਕਰੋ। ਕਾਰਨ : ਸਿਰ ਦਰਦ ਕਿਸੇ ਇਕ ਕਾਰਨ ਕਰਕੇ ਨਹੀਂ ਹੁੰਦਾ। ਇਸ ਦੇ ਅਨੇਕ ਕਾਰਨ ਹੁੰਦੇ ਹਨ। ਜਿਵੇਂ ਦਿਮਾਗ਼ 'ਤੇ ਕੰਮ ਦਾ ਬੋਝ, ਤਣਾਅ, ਧੁੱਪ ਵਿਚ ਜ਼ਿਆਦਾ ਦੇਰ ਬਾਹਰ ਰਹਿਣਾ, ਮੌਸਮ ਵਿਚ ਬਦਲਾਅ, ਨੱਕ ਬੰਦ ਹੋਣਾ, ਸਰਦੀ ਜ਼ੁਕਾਮ ਦਾ ਹੋਣਾ, ਵਾਇਰਲ ਬੁਖ਼ਾਰ ਹੋਣਾ, ਥਕਾਨ ਹੋਣ 'ਤੇ, ਅੱਖਾਂ ਦੀ ਨਜ਼ਰ ਕਮਜ਼ੋਰ ਹੋਣ 'ਤੇ, ਖਾਣ-ਪੀਣ ਠੀਕ ਨਾ ਹੋਣ 'ਤੇ, ਨੀਂਦ ਪੂਰੀ ਨਾ ਹੋਣ 'ਤੇ ਅਕਸਰ ਸਿਰ ਦਰਦ ਦੀ ਸ਼ਿਕਾਇਤ ਹੋਣ ਲਗਦੀ ਹੈ। ਜੇਕਰ ਕਾਰਨ ਸਮਝ ਵਿਚ ਆ ਜਾਵੇ ਤਾਂ ਪਹਿਲਾਂ ਉਨਾਂ ਕਾਰਨਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੋ। ਫਿਰ ਵੀ ਸਿਰ ਦਰਦ ਹੁੰਦਾ ਰਹੇ ਤਾਂ ਡਾਕਟਰ ਦੀ ਸਲਾਹ ਲਓ। ਜਿਨਾਂ ਲੋਕਾਂ ਨੂੰ ਮਾਈਗ੍ਰੇਨ ਦੀ ਦਰਦ ਹੁੰਦੀ ਹੈ, ਉਹ ਗੰਭੀਰ ਵੀ ਹੋ ਸਕਦੀ ਹੈ। ਇਸ ਨਾਲ ਦਿਮਾਗ਼ ਦੀਆਂ ਨਾੜੀਆਂ ਪ੍ਰਭਾਵਿਤ ਹੁੰਦੀਆਂ ਹਨ ਅਤੇ ਕੇਂਦਰੀ ਤੰਤ੍ਰਿਕਾ ਤੰਤਰ ਦੀ ਸਾਧਾਰਨ ਪ੍ਰਕਿਰਿਆ ਵਿਚ ਰੁਕਾਵਟ ਪੈਂਦੀ ਹੈ ਜੋ ਖ਼ਤਰਨਾਕ ਹੋ ਸਕਦੀ ਹੈ।

ਡਾਕਟਰ ਦੇ ਕੋਲ ਕਦੋਂ ਜਾਓ :

- ਸਿਰ 'ਤੇ ਕਿਸੇ ਵੀ ਤਰਾਂ ਦੀ ਸੱਟ ਲਗਣ 'ਤੇ ਜਦੋਂ ਸਿਰ ਦਰਦ ਹੁੰਦਾ ਹੈ ਤਾਂ ਸਾਨੂੰ ਹਲਕੇ ਵਿਚ ਨਹੀਂ ਲੈਣਾ ਚਾਹੀਦਾ ਤੇ ਡਾਕਟਰ ਨੂੰ ਦਿਖਾਉਣਾ ਚਾਹੀਦਾ ਹੈ। ਕਦੀ-ਕਦੀ ਸੱਟ ਨਾਲ ਦਿਮਾਗ਼ 'ਤੇ ਜ਼ਖ਼ਮ ਵੀ ਹੋ ਸਕਦੇ ਹਨ।

-ਕਦੀ-ਕਦੀ ਸਿਰ ਦਰਦ ਦੇ ਨਾਲ ਚੱਕਰਾਂ ਦਾ ਆਉਣਾ, ਧੁੰਦਲਾ ਦਿਖਾਈ ਦੇਣਾ, ਸੰਤੁਲਨ ਵਿਗੜਨਾ, ਪੈਰਾਂ ਦਾ ਆਕੜ ਜਾਣਾ, ਬੋਲਣ ਵਿਚ ਮੁਸ਼ਕਿਲ ਹੋਵੇ ਤਾਂ ਡਾਕਟਰ ਨੂੰ ਤੁਰੰਤ ਮਿਲੋ। ਇਹ ਬ੍ਰੇਨ ਸਟ੍ਰੋਕ ਦਾ ਸੰਕੇਤ ਵੀ ਹੋ ਸਕਦਾ ਹੈ।

-ਵਾਰ-ਵਾਰ ਸਿਰ ਦਰਦ ਹੋਣ 'ਤੇ ਨਿਊਰੋਲਾਜਿਸਟ ਨਾਲ ਜ਼ਰੂਰ ਸੰਪਰਕ ਕਰੋ ਕਿਉਂਕਿ ਵਾਰ-ਵਾਰ ਤੇਜ਼ ਸਿਰ ਦਰਦ ਹੋਣਾ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਡਾਕਟਰ ਸੀਟੀ ਸਕੈਨ ਜਾਂ ਐਮ ਆਰ ਆਈ ਕਰਵਾ ਕੇ ਸਥਿਤੀ ਜਾਂਚ ਸਕਦੇ ਹਨ।

-ਉਲਟੀ ਦੇ ਨਾਲ ਹੋਣ ਵਾਲਾ ਸਿਰ ਦਰਦ ਮਾਈਗ੍ਰੇਨ ਹੋ ਸਕਦਾ ਹੈ। ਇਸ ਦਾ ਇਲਾਜ ਕਰਵਾਉਣਾ ਜ਼ਰੂਰੀ ਹੁੰਦਾ ਹੈ। ਮਾਈਗ੍ਰੇਨ ਨਾਲ ਦਿਮਾਗ਼ ਦੇ ਅੰਦਰ ਵੱਡੀ ਗੜਬੜੀ ਵੀ ਹੋ ਸਕਦੀ ਹੈ। ਲਗਾਤਾਰ ਜਾਂ ਵਾਰ-ਵਾਰ ਸਿਰ ਦਰਦ ਦੀ ਸਮੱਸਿਆ ਨੂੰ ਅਣਦੇਖਿਆ ਨਾ ਕਰੋ, ਨਾ ਹੀ ਖ਼ੁਦ ਪੇਨਕਿਲਰ ਲੈ ਕੇ ਆਪਣਾ ਇਲਾਜ ਖ਼ੁਦ ਕਰਨ ਦੀ ਕੋਸ਼ਿਸ਼ ਕਰੋ। ਇਹ ਨੁਕਸਾਨਦੇਹ ਹੋ ਸਕਦਾ ਹੈ।

## ਕੋਲੈਸਟ੍ਰੋਲ ਨੂੰ ਕਾਬੂ ਵਿੱਚ ਰਖਦੀਆਂ ਹਨ ਇਹ ਸਬਜ਼ੀਆਂ

ਕੋਲੈਸਟ੍ਰੋਲ ਖੂਨ ਵਿੱਚ ਇੱਕ ਕਿਸਮ ਦੀ ਚਰਬੀ ਹੈ, ਜੋ ਸਰੀਰ ਦੁਆਰਾ ਕੁਦਰਤੀ ਤੌਰ 'ਤੇ ਪੈਦਾ ਹੁੰਦੀ ਹੈ। ਇਹ ਕੁਝ ਭੋਜਨਾਂ ਵਿੱਚ ਵੀ ਪਾਇਆ ਜਾਂਦਾ ਹੈ। ਸਰੀਰ ਨੂੰ ਸਹੀ ਢੰਗ ਨਾਲ ਕੰਮ ਕਰਨ ਲਈ ਕੁਝ ਕੋਲੇਸਟ੍ਰੋਲ ਦੀ ਲੋੜ ਹੁੰਦੀ ਹੈ। ਕੋਲੈਸਟ੍ਰੋਲ ਦੀਆਂ ਦੋ ਕਿਸਮਾਂ ਹਨ। **HDL** (ਚੰਗਾ ਕੋਲੇਸਟ੍ਰੋਲ) ਤੇ **LDL**, ਖਰਾਬ ਕੋਲੈਸਟ੍ਰੋਲ ਖੂਨ ਦੇ ਪ੍ਰਵਾਹ ਨੂੰ ਰੋਕਦਾ ਹੈ। ਸਰੀਰ ਵਿੱਚ ਇਸ ਦਾ ਜ਼ਿਆਦਾ ਪੱਧਰ ਦਿਲ ਨਾਲ ਜੁੜੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਦਿਲ ਨੂੰ ਸਿਹਤਮੰਦ ਰੱਖਣ ਤੇ ਕੋਲੈਸਟ੍ਰੋਲ ਨੂੰ ਕੰਟਰੋਲ 'ਚ ਰੱਖਣ ਲਈ ਖਾਣ-ਪੀਣ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਅੱਜ ਅਸੀਂ ਤੁਹਾਨੂੰ ਕੁਝ ਸਬਜ਼ੀਆਂ ਬਾਰੇ ਦੱਸਣ ਜਾ ਰਹੇ ਹਾਂ। ਜਿਸ ਨੂੰ ਤੁਸੀਂ ਆਪਣੀ ਡਾਈਟ ਵਿਚ ਸ਼ਾਮਲ ਕਰਕੇ ਕੋਲੈਸਟ੍ਰਾਲ ਨੂੰ ਕੰਟਰੋਲ ਕਰ ਸਕਦੇ ਹੋ। ਭਿੰਡੀ ਖਾਣਾ ਹਰ ਕੋਈ ਪਸੰਦ ਕਰਦਾ ਹੈ। ਇਹ ਘੱਟ ਕੈਲੋਰੀ ਵਾਲੀ ਸਬਜ਼ੀ ਹੈ। ਇਸ ਵਿਚ ਪਾਏ ਜਾਣ ਵਾਲੇ ਤੱਤ ਕੋਲੈਸਟ੍ਰਾਲ ਨੂੰ ਘੱਟ ਕਰਨ 'ਚ ਮਦਦਗਾਰ ਹੁੰਦੇ ਹਨ। ਬ੍ਰੋਕਲੀ ਸਿਹਤ ਲਈ ਫਾਇਦੇਮੰਦ ਹੁੰਦੀ ਹੈ। ਇਹ ਗੋਭੀ ਵਰਗਾ ਲੱਗਦਾ ਹੈ। ਬ੍ਰੋਕਲੀ ਵਿੱਚ ਫਾਈਬਰ, ਪ੍ਰੋਟੀਨ, ਕੈਲਸ਼ੀਅਮ, ਆਇਰਨ, ਜ਼ਿੰਕ, ਸੇਲੇਨਿਅਮ, ਵਿਟਾਮਿਨ ਏ, ਪੋਲੀਫੇਨੌਲ ਅਤੇ ਗਲੂਕੋਸਾਈਡ ਅਤੇ ਹੋਰ ਬਹੁਤ ਸਾਰੇ ਪੋਸ਼ਕ ਤੱਤ ਹੁੰਦੇ ਹਨ। ਇਸ ਦੇ ਸੇਵਨ ਨਾਲ ਪਾਚਨ ਅਤੇ ਕੋਲੈਸਟ੍ਰਾਲ ਕੰਟਰੋਲ ਵਿਚ ਰਹਿੰਦਾ ਹੈ। ਪਿਆਜ਼ ਦਾ ਸੇਵਨ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਸ ਦਾ ਰਸ ਵਾਲਾਂ ਨੂੰ ਸੰਘਣਾ ਅਤੇ ਮਜ਼ਬੂਤ ਬਣਾਉਂਦਾ ਹੈ। ਇਹ ਖਰਾਬ ਕੋਲੈਸਟ੍ਰੋਲ ਨੂੰ ਘੱਟ ਕਰਦਾ ਹੈ।

ਵਿਟਾਮਿਨ-ਸੀ ਦੀ ਕਮੀ ਨਾਲ ਕਈ ਬੀਮਾਰੀਆਂ ਦਾ ਖਤਰਾ ਵਧ ਜਾਂਦਾ ਹੈ, ਇਸ ਤਰਾਂ ਕਰੋ ਕਮੀ ਨੂੰ ਪੂਰਾ। ਲਸਣ ਵਿੱਚ ਐਂਟੀ-ਹਾਈਪਰਲਿਪੀਡਮੀਆ ਗੁਣ ਹੁੰਦੇ ਹਨ। ਇਹ ਖਰਾਬ ਕੋਲੈਸਟ੍ਰੋਲ ਦੇ ਪੱਧਰ ਨੂੰ ਘੱਟ ਕਰਨ ਵਿਚ ਮਦਦ ਕਰਦਾ ਹੈ। ਲਸਣ ਨੂੰ ਭੋਜਨ 'ਚ ਸ਼ਾਮਲ ਕਰਨ ਨਾਲ ਕੋਲੈਸਟ੍ਰੋਲ ਨੂੰ ਕੰਟਰੋਲ ਵਿਚ ਰੱਖਿਆ ਜਾ ਸਕਦਾ।

## ਵਿਟਾਮਿਨ-ਸੀ ਦੀ ਕਮੀ ਨਾਲ ਲਗਦੇ ਹਨ ਕਈ ਰੋਗ

ਵਿਟਾਮਿਨ-ਸੀ ਦੀ ਕਮੀ : ਮਹਾਂਮਾਰੀ ਦੇ ਇਸ ਸਮੇਂ ਵਿੱਚ ਇਮਿਊਨਿਟੀ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਗਈ ਹੈ। ਵਿਟਾਮਿਨ-ਸੀ ਜਿਸ ਨੂੰ ਐਸਕੋਰਬਿਕ ਐਸਿਡ ਵੀ ਕਿਹਾ ਜਾਂਦਾ ਹੈ, ਇੱਕ ਜ਼ਰੂਰੀ ਸੂਖਮ ਪੌਸ਼ਟਿਕ ਤੱਤ ਹੈ ਅਤੇ ਇਹ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਣ ਅਤੇ ਕਈ ਲਾਗਾਂ ਅਤੇ ਇੱਥੋਂ ਤੱਕ ਕਿ ਪੁਰਾਣੀਆਂ ਬਿਮਾਰੀਆਂ ਤੋਂ ਬਚਾਉਣ ਲਈ ਮਹੱਤਵਪੂਰਨ ਹੈ।

ਇਹ ਪੌਸ਼ਟਿਕ ਤੱਤ ਦਿਲ ਦੀ ਬਿਮਾਰੀ ਜਾਂ ਬਲੱਡ ਪ੍ਰੈਸ਼ਰ ਤੋਂ ਪੀੜਤ ਲੋਕਾਂ ਨੂੰ ਵੀ ਲਾਭ ਪਹੁੰਚਾ ਸਕਦਾ ਹੈ। ਵਿਟਾਮਿਨ-ਸੀ ਅੰਤ ਦੇ ਅੰਗਾਂ ਦੇ ਨੁਕਸਾਨ ਤੋਂ ਬਚਾਉਂਦਾ ਹੈ ਅਤੇ ਨਾੜੀ ਦੇ ਐਂਡੋਥੈਲਿਅਲ ਫੰਕਸ਼ਨ ਵਿੱਚ ਸੁਧਾਰ ਕਰ ਸਕਦਾ ਹੈ, ਜੋ ਅਧਿਐਨਾਂ ਅਨੁਸਾਰ ਖੂਨ ਦੇ ਥੱਕੇ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ।

**ਸਾਨੂੰ ਕਿੰਨਾ ਵਿਟਾਮਿਨ-ਸੀ ਚਾਹੀਦਾ ਹੈ ਅਤੇ ਜੇਕਰ ਅਸੀਂ ਬਹੁਤ ਜ਼ਿਆਦਾ ਖਾ ਲੈਂਦੇ ਹਾਂ ਤਾਂ ਕੀ ਹੁੰਦਾ ਹੈ ?**

ਨੈਸ਼ਨਲ ਹੈਲਥ ਸਰਵਿਸ, ਯੂ.ਕੇ. ਅਨੁਸਾਰ, 19 ਤੋਂ 64 ਸਾਲ ਦੀ ਉਮਰ ਦੇ ਬਾਲਗਾਂ ਨੂੰ ਇੱਕ ਦਿਨ ਵਿੱਚ 40 ਮਿਲੀਗ੍ਰਾਮ ਵਿਟਾਮਿਨ ਸੀ ਦੀ ਲੋੜ ਹੁੰਦੀ ਹੈ ਕਿਉਂਕਿ ਇਸਨੂੰ ਸਰੀਰ ਵਿੱਚ ਸਟੋਰ ਨਹੀਂ ਕੀਤਾ ਜਾ ਸਕਦਾ ਹੈ, ਤੁਹਾਨੂੰ ਇਸ ਨੂੰ ਹਰ ਰੋਜ਼ ਆਪਣੀ ਖੁਰਾਕ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਹਾਲਾਂਕਿ, ਪੇਟ ਦਰਦ, ਦਸਤ ਜਾਂ ਪੇਟ ਫੁੱਲਣ ਵਰਗੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਬਹੁਤ ਜ਼ਿਆਦਾ ਵਿਟਾਮਿਨ ਸੀ ਨਹੀਂ ਲੈਣਾ ਚਾਹੀਦਾ। ਵਿਟਾਮਿਨ ਸੀ ਦੀ ਕਮੀ ਦਾ ਪਤਾ ਕਿਵੇਂ ਲਗਾਇਆ ਜਾਵੇ ?

ਵਿਟਾਮਿਨ ਸੀ ਦੀ ਕਮੀ ਦੇ ਆਮ ਲੱਛਣਾਂ ਵਿੱਚ ਸ਼ਾਮਲ ਹਨ ਮਸੂੜਿਆਂ ਵਿੱਚੋਂ ਖੂਨ ਵਗਣਾ, ਮਾਸਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ, ਅਨੀਮੀਆ, ਅਤੇ ਜ਼ਖ਼ਮ ਦਾ ਹੌਲੀ ਹੋਣਾ। ਵਿਟਾਮਿਨ-ਸੀ ਨਾਲ ਭਰਪੂਰ ਖੁਰਾਕ ਦੇ ਨਾਲ ਸਪਲੀਮੈਂਟ ਲੈ ਕੇ ਸਰੀਰ ਵਿੱਚ ਇਸ ਦੇ ਪੱਧਰ ਨੂੰ ਵਧਾਇਆ ਜਾ ਸਕਦਾ ਹੈ। ਬਜ਼ੁਰਗਾਂ ਵਿੱਚ ਵਿਟਾਮਿਨ-ਸੀ ਦੀ ਕਮੀ ਆਮ ਗੱਲ ਹੈ। ਇਸ ਤੋਂ ਇਲਾਵਾ ਪ੍ਰਦੂਸ਼ਣ ਜਾਂ ਪ੍ਰਦੂਸ਼ਕਾਂ ਦੇ ਸੰਪਰਕ ਵਿੱਚ ਆਉਣਾ ਅਤੇ ਤੰਬਾਕੂ ਦੀ ਜ਼ਿਆਦਾ ਵਰਤੋਂ ਵੀ ਇਸ ਦੀ ਕਮੀ ਦਾ ਕਾਰਨ ਬਣ ਸਕਦੀ ਹੈ। ਸੰਤਰੇ ਨੂੰ ਵਿਟਾਮਿਨ ਸੀ ਦੇ ਵਧੀਆ ਸਰੋਤ ਵਜੋਂ ਜਾਣਿਆ ਜਾਂਦਾ ਹੈ। ਹਾਲਾਂਕਿ ਇਸ ਤੋਂ ਇਲਾਵਾ ਕੀਵੀ, ਸਟ੍ਰਾਬੇਰੀ, ਬਰੋਕਲੀ, ਟਮਾਟਰ, ਫੁੱਲਗੋਭੀ ਅਤੇ ਲਾਲ ਮਿਰਚ ਵਿਚ ਵੀ ਵਿਟਾਮਿਨ-ਸੀ ਭਰਪੂਰ ਮਾਤਰਾ ਵਿਚ ਪਾਇਆ ਜਾਂਦਾ ਹੈ।

# ਅਮਿਤ ਸ਼ਾਹ ਨੇ ਫਿਰ ਇਕ ਰਾਸ਼ਟਰ-ਇਕ ਭਾਸ਼ਾ ਦਾ ਭਗਵਾਂ ਰਾਗ ਅਲਾਪਿਆ

**ਦਰਪਣ ਝੂਠ ਨਹੀਂ ਬੋਲਦਾ**

ਭਾਜਪਾ ਅਤੇ ਉਸ ਦੀ ਸਰਕਾਰ ਆਪਣੇ ਵੰਡਪਾਊ ਸਿਆਸੀ ਏਜੰਡੇ ਨੂੰ ਧਰਮ ਅਤੇ ਜਾਤ-ਪਾਤ ਦੇ ਨਾਲ-ਨਾਲ ਹੁਣ ਭਾਸ਼ਾਈ ਆਧਾਰ 'ਤੇ ਵੀ ਅੱਗੇ ਵਧਾਉਣਾ ਚਾਹੁੰਦੀ ਹੈ। ਉਸ ਦੇ ਇਸ ਇਰਾਦੇ ਦੀ ਝਲਕ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਉਸ ਬਿਆਨ ਤੋਂ ਮਿਲਦੀ ਹੈ, ਜੋ ਉਨਾਂ ਨੇ 8 ਅਪ੍ਰੈਲ ਨੂੰ ਸੰਸਦੀ ਰਾਜ ਭਾਸ਼ਾ ਕਮੇਟੀ ਦੀ ਬੈਠਕ ਵਿਚ ਦਿੱਤਾ ਹੈ। ਉਨਾਂ ਨੇ ਕਿਹਾ ਕਿ ਹਿੰਦੀ ਨੂੰ ਹੁਣ ਦੇਸ਼ ਦੀ ਏਕਤਾ ਦਾ ਇਕ ਮਹੱਤਵਪੂਰਨ ਆਧਾਰ ਬਣਾਉਣ ਦਾ ਸਮਾਂ ਆ ਗਿਆ ਹੈ, ਇਸ ਲਈ ਵੱਖ-ਵੱਖ ਸੂਬਿਆਂ ਦੇ ਲੋਕਾਂ ਨੂੰ ਅੰਗਰੇਜ਼ੀ ਦੀ ਬਜਾਏ ਹਿੰਦੀ ਵਿਚ ਗੱਲ ਕਰਨੀ ਚਾਹੀਦੀ ਹੈ। ਸ਼ਾਹ ਨੇ 2019 ਵਿਚ ਵੀ ਹਿੰਦੀ ਦਿਵਸ ਦੇ ਮੌਕੇ 'ਤੇ 'ਇਕ ਰਾਸ਼ਟਰ, ਇਕ ਭਾਸ਼ਾ' ਦੀ ਗੱਲ ਕਰਦਿਆਂ ਕਿਹਾ ਸੀ ਕਿ ਪੂਰੇ ਦੇਸ਼ ਦੇ ਲਈ ਇਕ ਭਾਸ਼ਾ ਹੋਣੀ ਬਹੁਤ ਜ਼ਰੂਰੀ ਹੈ। ਹੁਣ ਇਹੀ ਗੱਲ ਮੁੜ ਦੁਹਰਾ ਕੇ ਉਨਾਂ ਨੇ ਗ਼ੈਰ ਹਿੰਦੀ ਭਾਸ਼ੀ ਸੂਬਿਆਂ ਨੂੰ ਹਿੰਦੀ ਸਿੱਖਣ ਦੀ ਨਸੀਹਤ ਦਿੱਤੀ ਹੈ, ਪਰ ਸ਼ਾਹ ਅਤੇ ਉਨਾਂ ਦੀ ਪਾਰਟੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸੂਬਿਆਂ ਦਾ ਪੁਨਰਗਠਨ ਭਾਸ਼ਾਈ ਆਧਾਰ 'ਤੇ ਹੀ ਹੋਇਆ ਸੀ। ਦੱਖਣ ਦੇ ਰਾਜਾਂ ਵਿਚ ਹਿੰਦੀ ਥੋਪਣ ਦੀਆਂ ਕੋਸ਼ਿਸ਼ਾਂ ਦਾ 1960 ਦੇ ਦਹਾਕੇ ਵਿਚ ਵੀ ਭਾਰੀ ਵਿਰੋਧ ਹੋ ਚੁੱਕਾ ਹੈ ਅਤੇ ਅਮਿਤ ਸ਼ਾਹ ਦੇ ਤਾਜ਼ਾ ਬਿਆਨ 'ਤੇ ਵੀ ਪੱਛਮੀ ਬੰਗਾਲ, ਤਾਮਿਲਨਾਡੂ ਅਤੇ ਕਰਨਾਟਕ ਵਲੋਂ ਤਿੱਖੀਆਂ ਪ੍ਰਤੀਕਿਰਿਆਵਾਂ ਪ੍ਰਗਟਾਉਂਦਿਆਂ ਕਿਹਾ ਗਿਆ ਹੈ ਕਿ ਹਿੰਦੀ ਥੋਪਣ ਦੀ ਇਹ ਕੋਸ਼ਿਸ਼ ਦੇਸ਼ ਦੀ ਅਖੰਡਤਾ ਅਤੇ ਬਹੁਲਵਾਦ ਖ਼ਿਲਾਫ਼ ਹੈ। ਕਹਿਣ ਦੀ ਜ਼ਰੂਰਤ ਨਹੀਂ ਕਿ 'ਇਕ ਰਾਸ਼ਟਰ, ਇਕ ਭਾਸ਼ਾ' ਦਾ ਫਤੂਰ ਦੇਸ਼ ਲਈ ਆਤਮਘਾਤੀ ਸਾਬਤ ਹੋ ਸਕਦਾ ਹੈ।

### ਮੋਦੀ ਸਰਕਾਰ ਪੱਤਰਕਾਰਾਂ ਤੇ ਮਨੁੱਖੀ ਅਧਿਕਾਰ ਸੰਸਥਾ ਦੇ ਆਗੂਆਂ ਬਾਰੇ ਸਖਤ

ਬੀਤੇ ਦਿਨੀਂ ਕੌਮਾਂਤਰੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਕੰਮ ਕਰਨ ਵਾਲੀ ਸੰਸਥਾ ਐਮਨੈਸਟੀ ਇੰਟਰਨੈਸ਼ਨਲ ਦੇ ਭਾਰਤ ਵਿਚ ਸਾਬਕਾ ਮੁਖੀ ਅਕਾਰ ਪਟੇਲ ਨੂੰ ਬੰਗਲੂਰੂ ਹਵਾਈ ਅੱਡੇ ਤੋਂ ਅਮਰੀਕਾ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਕੁਝ ਦਿਨ ਪਹਿਲਾਂ ਪੱਤਰਕਾਰ ਰਾਣਾ ਅਯੂਬ ਨੂੰ ਲੰਡਨ ਜਾਣ ਤੋਂ ਰੋਕਿਆ ਗਿਆ ਸੀ। ਰਾਣਾ ਦੇ ਮਾਮਲੇ ਦੀ ਸੁਣਵਾਈ ਦੌਰਾਨ ਦਿੱਲੀ ਹਾਈਕੋਰਟ ਨੇ ਕਿਹਾ ਕਿ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੁਆਰਾ ਦਿੱਤਾ ਗਿਆ ਨਿਰਦੇਸ਼ ਵਾਜਬ ਨਹੀਂ ਸੀ ਕਿਉਂਕਿ ਰਾਣਾ ਅਯੂਬ ਨੇ ਈਡੀ ਦੁਆਰਾ ਉਸ ਵਿਰੁੱਧ ਦਰਜ ਕੀਤੇ ਗਏ ਕੇਸ ਵਿਚ ਤਫ਼ਤੀਸ਼ ਏਜੰਸੀ ਨਾਲ ਪੂਰਾ ਸਹਿਯੋਗ ਦਿੱਤਾ ਸੀ। ਅਦਾਲਤ ਨੇ ਇਸ ਨੂੰ ਰਾਣਾ ਅਯੂਬ ਦੇ ਮਨੁੱਖੀ ਅਧਿਕਾਰਾਂ ਜਿਸ ਵਿਚ ਉਸ ਦੇ ਵਿਦੇਸ਼ ਜਾਣ ਅਤੇ ਵਿਚਾਰਾਂ ਦੀ ਆਜ਼ਾਦੀ ਦੇ ਅਧਿਕਾਰ ਸ਼ਾਮਿਲ ਹਨ, ਦੀ ਉਲੰਘਣਾ ਦੱਸਿਆ।

ਅਕਾਰ ਪਟੇਲ ਅਨੁਸਾਰ ਕੇਂਦਰੀ ਜਾਂਚ ਬਿਊਰੋ ਦੇ ਇਕ ਅਧਿਕਾਰੀ ਨੇ ਉਸ ਨੂੰ ਦੱਸਿਆ ਕਿ ਕੇਂਦਰ ਸਰਕਾਰ ਦੇ ਐਮਨੈਸਟੀ ਇੰਟਰਨੈਸ਼ਨਲ ਵਿਰੁੱਧ ਫਾਈਲ ਕੀਤੇ ਕੇਸ ਕਾਰਨ ਉਸ ਨੂੰ ਵਿਦੇਸ਼ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਸੂਰਤ ਦੀ ਇਕ ਅਦਾਲਤ ਨੇ ਪਟੇਲ ਨੂੰ ਅਮਰੀਕਾ ਜਾਣ ਦੀ ਇਜਾਜ਼ਤ ਦੇ ਦਿੱਤੀ ਸੀ ਪਰ ਸੀਬੀਆਈ ਨੇ ਇਕ ਹੋਰ ਕੇਸ ਦੇ ਹਵਾਲੇ ਨਾਲ ਉਸ ਨੂੰ ਵਿਦੇਸ਼ ਜਾਣ ਤੋਂ ਰੋਕਿਆ ਹੈ। ਹੁਣ ਦਿੱਲੀ ਦੀ ਵਿਸ਼ੇਸ਼ ਅਦਾਲਤ ਨੇ ਅਕਾਰ ਪਟੇਲ ਨੂੰ ਅਗੇਤੀ ਆਗਿਆ ਤੋਂ ਬਗੈਰ ਮੁਲਕ ਨਾ ਛੱਡਣ ਲਈ ਹੁਕਮ ਸੁਣਾ ਦਿੱਤਾ ਹੈ ਅਤੇ ਉਸ ਫੈਸਲੇ ਉਤੇ ਰੋਕ ਲਗਾ ਦਿੱਤੀ ਹੈ ਜਿਸ ਵਿਚ ਸੀਬੀਆਈ ਨੂੰ ਲੁੱਕ ਆਊਟ ਸਰਕੂਲਰ ਵਾਪਸ ਲੈਣ ਬਾਰੇ ਕਿਹਾ ਗਿਆ ਸੀ। ਪਟੇਲ ਨੇ ਮਿਸ਼ੀਗਨ, ਬਰਕਲੇ ਅਤੇ ਨਿਊਯਾਰਕ ਦੀਆਂ ਯੂਨੀਵਰਸਿਟੀਆਂ ਵਿਚ ਭਾਸ਼ਨ ਦੇਣੇ ਸਨ/ਹਨ।

ਐਮਨੈਸਟੀ ਇੰਟਰਨੈਸ਼ਨਲ ਸੰਸਥਾ ਨੇ ਭਾਰਤ ਵਿਚ 1966 ਵਿਚ ਕੰਮ ਸ਼ੁਰੂ ਕੀਤਾ। 2016 ਵਿਚ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਨੇ ਬੰਗਲੂਰੂ ਵਿਚ ਹੋਏ ਸਮਾਗਮ ਤੋਂ ਬਾਅਦ ਇਸ ਦੇ ਦੇਸ਼-ਵਿਰੋਧੀ ਹੋਣ ਬਾਰੇ ਕੇਸ ਦਰਜ ਕਰਾਇਆ। 2019 ਵਿਚ ਸੀਬੀਆਈ ਨੇ ਸੰਸਥਾ ਦੇ ਦਫ਼ਤਰਾਂ 'ਤੇ ਛਾਪੇ ਮਾਰੇ ਤੇ ਵਿਦੇਸ਼ੀ ਧਨ ਪ੍ਰਾਪਤ ਕਰਨ ਨਾਲ ਸਬੰਧਿਤ ਕਾਨੂੰਨ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤੇ। ਸੰਸਥਾ ਨੇ ਸਤੰਬਰ 2020 ਵਿਚ ਭਾਰਤ ਵਿਚ ਆਪਣੇ ਦਫ਼ਤਰ ਬੰਦ ਕਰ ਦਿੱਤੇ। ਉਸ ਸਮੇਂ ਅਕਾਰ ਪਟੇਲ ਇਸ ਦਾ ਮੁਖੀ ਸੀ। ਪਟੇਲ ਪੱਤਰਕਾਰ ਅਤੇ ਕਾਲਮ-ਨਵੀਸ ਹੈ ਜੋ ਅੰਗਰੇਜ਼ੀ ਅਤੇ ਗੁਜਰਾਤੀ ਵਿਚ ਲਿਖਦਾ ਹੈ। ਉਸ ਦੀ ਕਿਤਾਬ 'ਸਾਡਾ ਹਿੰਦੂ ਰਾਸ਼ਟਰ: ਇਹ ਕੀ ਹੈ/ਅਸੀਂ ਇੱਥੇ ਕਿਵੇਂ ਪਹੁੰਚੇ' ਚਰਚਾ ਦਾ ਵਿਸ਼ਾ ਰਹੀ ਹੈ। ਪਿਛਲੇ ਕੁਝ ਵਰਿਆਂ ਦੌਰਾਨ ਪੱਤਰਕਾਰਾਂ 'ਤੇ ਹਮਲੇ ਤੇਜ਼ ਹੋਏ ਹਨ ਅਤੇ ਪਾਬੰਦੀਆਂ ਵਧੀਆਂ ਹਨ। ਜੰਮੂ ਕਸ਼ਮੀਰ ਵਿਚ ਪੱਤਰਕਾਰਾਂ ਨੂੰ ਵੱਡੀਆਂ ਪਾਬੰਦੀਆਂ ਦਾ ਸਾਹਮਣਾ ਕਰਨਾ ਪਿਆ ਹੈ। ਇਉਂ ਲੱਗਦਾ ਹੈ ਜਿਵੇਂ ਮੋਦੀ ਸਰਕਾਰ ਦੀ ਆਲੋਚਨਾ ਕਰਨ ਵਾਲਾ ਹਰ ਪੱਤਰਕਾਰ ਸਰਕਾਰਾਂ ਦੇ ਨਿਸ਼ਾਨੇ 'ਤੇ ਹੋਵੇ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਨੂੰ ਇਸ ਨਕਾਰਾਤਮਕ ਧਾਰਨਾ ਕਿ ਉਨਾਂ ਦੀ ਆਲੋਚਨਾ, ਦੇਸ਼ ਦਾ ਵਿਰੋਧ ਜਾਂ ਦੇਸ਼ਧ੍ਰੋਹ ਹੈ, ਦੇ ਭਰਮ ਤੋਂ ਮੁਕਤ ਹੋਣਾ ਚਾਹੀਦਾ ਜਿਸ ਕਾਰਣ ਲੋਕ ਅਜਾਦੀ ਤੇ ਜਮਹੂਰੀਅਤ ਗੁਆਚ ਰਹੀ ਹੈ।

### ਸੱਤਰ ਗੈਂਗਸਟਰਾਂ ਦੀ ਪੰਜਾਬ ਉਪਰ ਦਹਿਸ਼ਤ ਤੇ ਆਪ ਸਰਕਾਰ

ਸੂਬੇ ਵਿਚ ਲਗਾਤਾਰ ਵਧ ਰਹੀਆਂ ਅਪਰਾਧਿਕ ਵਾਰਦਾਤਾਂ ਕਾਰਨ ਲੋਕਾਂ ਅੰਦਰ ਦਹਿਸ਼ਤ ਦਾ ਮਾਹੌਲ ਹੈ। ਪਿਛਲੇ ਕੁਝ ਦਿਨਾਂ ਅੰਦਰ ਹੀ ਦੋ ਦਰਜਨ ਦੇ ਕਰੀਬ ਹੋਈਆਂ ਕਤਲਾਂ ਦੀਆਂ ਵਾਰਦਾਤਾਂ ਨੇ ਸੂਬੇ ਦੀ ਅਮਨ-ਕਾਨੂੰਨ ਵਿਵਸਥਾ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸ਼ਰੇਆਮ ਖੇਡ ਮੇਲਿਆਂ ਤੇ ਹਾਈਵੇਜ਼ 'ਤੇ ਗੋਲ਼ੀਆਂ ਚਲਾਉਣ ਤੇ ਕਤਲ ਕਰਨ ਦੀਆਂ ਘਟਨਾਵਾਂ ਬੀਤੇ ਦੋ ਹਫ਼ਤਿਆਂ ਵਿਚ ਸਾਹਮਣੇ ਆਈਆਂ ਹਨ। ਪਿਛਲੇ ਮਹੀਨੇ ਜਲੰਧਰ ਨੇੜਲੇ ਪਿੰਡ ਨੰਗਲ ਅੰਬੀਆਂ ਦੇ ਅੰਤਰ ਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਸਿੰਘ ਨੂੰ ਕਬੱਡੀ ਟੂਰਨਾਮੈਂਟ ਦੌਰਾਨ ਹੀ ਸ਼ਰੇਆਮ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ। ਹਾਲਾਂਕਿ ਸੂਬੇ ਵਿਚ ਨਵੀਂ ਬਣੀ ਆਪ ਪਾਰਟੀ ਦੀ ਸਰਕਾਰ ਨੇ ਬੀਤੇ ਦਿਨੀਂ ਹੀ ਐਂਟੀ ਗੈਂਗਸਟਰ ਟਾਸਕ ਫੋਰਸ ਦੇ ਗਠਨ ਦਾ ਐਲਾਨ ਕੀਤਾ ਸੀ ਤੇ ਉਸੇ ਰਾਤ ਹੀ ਸ਼ਾਹੀ ਸ਼ਹਿਰ



ਪਟਿਆਲਾ ਵਿਚ ਗੈਂਗਸਟਰਾਂ ਨੇ ਜਿੱਥੇ ਕਬੱਡੀ ਖਿਡਾਰੀ ਧਰਮਿੰਦਰ ਸਿੰਘ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਕੇ ਇਕ ਤਰਾਂ ਨਾਲ ਨਵੀਂ ਟਾਸਕ ਫੋਰਸ ਨੂੰ ਚੁਣੌਤੀ ਦੇ ਦਿੱਤੀ ਹੈ। ਅਪਰਾਧਿਕ ਅਨਸਰਾਂ ਦੇ ਹੌਸਲੇ ਇਸ ਕਦਰ ਵਧ ਚੁੱਕੇ ਹਨ ਕਿ ਆਮ ਵਿਅਕਤੀ ਅੱਜ ਆਪਣੇ ਘਰ ਅੰਦਰ ਵੀ ਸੁਰੱਖਿਅਤ ਨਹੀਂ ਰਿਹਾ ਤੇ ਸੂਬੇ ਅੰਦਰ ਕਿਸੇ ਨੂੰ ਗੋਲੀ ਮਾਰਨੀ ਤਾਂ ਆਮ ਗੱਲ ਹੋ ਗਈ ਹੈ। ਕੁਝ ਦਿਨ ਪਹਿਲਾਂ ਮੋਗਾ ਵਿਚ ਇਕ ਗੈਂਗਸਟਰ ਹਰਜੀਤ ਸਿੰਘ ਪਿੰਟਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸੇ ਤਰਾਂ ਫਿਰੋਜ਼ਪੁਰ ਵਿਖੇ ਵੀ ਇਕ ਨੌਜਵਾਨ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਜਦਕਿ ਗੁਰਦਾਸਪੁਰ ਵਿਚ ਜ਼ਮੀਨੀ ਵਿਵਾਦ ਨੂੰ ਲੈ ਕੇ ਚਾਰ ਵਿਅਕਤੀਆਂ ਦੀ ਗੋਲੀਆਂ ਮਾਰ ਕੇ ਕੀਤੀਆਂ ਹੱਤਿਆਵਾਂ ਨਾਲ ਇਕ ਵਾਰ ਸੂਬੇ ਵਿਚ ਦਹਿਸ਼ਤ ਦਾ ਮਾਹੌਲ ਹੈ। ਇਸ ਤੋਂ ਇਲਾਵਾ ਫਗਵਾੜਾ ਵਿਚ ਮੋਟਰ ਸਾਈਕਲ 'ਤੇ ਜਾ ਰਹੇ 'ਆਪ' ਆਗੂ 'ਤੇ ਕੁਝ ਨੌਜਵਾਨਾਂ ਨੇ ਗੋਲੀਆਂ ਚਲਾ ਕੇ ਉਸ ਨੂੰ ਜ਼ਖਮੀ ਕਰ ਦਿੱਤਾ। ਖੇਮਕਰਨ ਵਿਚ ਵਾਲੀਬਾਲ ਖੇਡ ਰਹੇ ਨੌਜਵਾਨਾਂ 'ਤੇ ਵੀ ਕੁਝ ਵਿਅਕਤੀਆਂ ਵਲੋਂ ਗੋਲੀਆਂ ਚਲਾਉਣ ਦੀ ਘਟਨਾ ਨੇ ਸੂਬੇ ਦੀ ਅਮਨ ਕਾਨੂੰਨ ਵਿਵਸਥਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਅਜਿਹੀਆਂ ਵਾਰਦਾਤਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਅਪਰਾਧਿਕ ਅਨਸਰਾਂ ਅੰਦਰ ਕਾਨੂੰਨ ਦਾ ਕੋਈ ਡਰ ਖੌਫ ਨਹੀਂ ਹੈ। ਓਧਰ ਸੂਬੇ ਦੀ ਅਮਨ ਕਾਨੂੰਨ ਵਿਵਸਥਾ ਨੂੰ ਲੈ ਕੇ ਸੂਬੇ ਦੀ ਸਿਆਸਤ ਵੀ ਗਰਮਾ ਗਈ ਹੈ ਤੇ ਵਿਰੋਧੀ ਪਾਰਟੀਆਂ ਵਲੋਂ ਇਸ ਮੁੱਦੇ 'ਤੇ ਸੂਬੇ ਦੀ ਆਪ ਸਰਕਾਰ ਨੂੰ ਘੇਰਿਆ ਜਾ ਰਿਹਾ ਹੈ। ਪਿਛਲੀ ਸਰਕਾਰ ਵੇਲੇ ਕਾਨੂੰਨ ਤੇ ਵਿਵਸਥਾ ਨੂੰ ਕਾਇਮ ਰੱਖਣ ਅਤੇ ਗੈਂਗਸਟਰਾਂ ਨੂੰ ਨੱਥ ਪਾਉਣ ਲਈ ਬਕਾਇਦਾ ਮੁਹਿੰਮ ਚਲਾਈ ਗਈ ਸੀ ਤੇ ਮੁਕਾਬਲਿਆਂ ਵਿਚ ਕਈ ਗੈਂਗਸਟਰ ਮਾਰ ਦਿਤੇ ਸਨ ਪਰ ਅਜੇ ਵੀ ਪੰਜਾਬ ਵਿਚ ਲਗਭਗ 70 ਗੈਂਗ ਸਰਗਰਮ ਹਨ।ਨਵੀਂ ਆਪ ਸਰਕਾਰ ਵਲੋਂ ਐਂਟੀ ਗੈਂਗਸਟਰ ਸੈੱਲ ਨੂੰ ਵਾਧੂ ਫੋਰਸ ਉਪਲਬਧ ਕਰਵਾਉਣ ਦੀ ਗੱਲ ਕੀਤੀ ਗਈ ਹੈ। ਮੁੱਖ ਮੰਤਰੀ ਭਗਵੰਤ



ਮਾਨ ਨੇ ਸੂਬੇ ਦੇ ਸਾਰੇ ਐੱਸਐੱਸਪੀ ਅਤੇ ਪੁਲੀਸ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰਦਿਆਂ ਸੂਬੇ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਰਕਾਰ ਰੱਖਣ ਦੇ ਹੁਕਮ ਦਿੱਤੇ। ਮਾਨ ਨੇ ਪੱਤਰ ਵਿੱਚ ਸਪੱਸ਼ਟ ਕੀਤਾ ਕਿ ਸੂਬੇ ਵਿੱਚੋਂ ਗੈਂਗਸਟਰਵਾਦ ਦੇ ਖਾਤਮੇ ਲਈ ਗੈਂਗਸਟਰ ਵਿਰੋਧੀ ਟਾਸਕ ਫੋਰਸ ਦਾ ਗਠਨ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਵੀਂ ਗਠਿਤ ਐਂਟੀ ਗੈਂਗਸਟਰ ਟਾਸਕ ਫੋਰਸ ਦੇ ਮੁਖੀ ਵਜੋਂ ਵਧੀਕ ਡੀਜੀਪੀ ਪ੍ਰਮੋਦ ਬਾਨ ਦੀ ਨਿਯੁਕਤੀ ਕੀਤੀ ਗਈ ਹੈ। ਲੁਧਿਆਣਾ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਇਸ ਟਾਸਕ ਫੋਰਸ ਵਿੱਚ ਡੀਆਈਜੀ ਅਤੇ ਗੁਰਮੀਤ ਸਿੰਘ ਚੌਹਾਨ ਨੂੰ ਏਆਈਜੀ ਵਜੋਂ ਤਾਇਨਾਤ ਕੀਤਾ ਗਿਆ ਹੈ। ਉਨਾਂ ਕਿਹਾ ਕਿ ਏਜੀਟੀਐੱਫ ਖੁਫੀਆ-ਅਧਾਰਤ ਕਾਰਵਾਈਆਂ 'ਤੇ ਧਿਆਨ ਕੇਂਦਰਿਤ ਕਰੇਗਾ ਅਤੇ ਤਾਲਮੇਲ ਵਾਲੀ ਭੂਮਿਕਾ ਨਿਭਾਏਗਾ। ਮੁੱਖ ਮੰਤਰੀ ਨੇ ਪੁਲਿਸ ਵਿਭਾਗ ਤੋਂ ਪਿਛਲੇ ਕੁਝ ਸਮੇਂ ਵਿੱਚ ਹੋਏ 18/19 ਕਤਲ ਦੀਆਂ ਵਾਰਦਾਤਾਂ ਦੀ ਜਲਦੀ ਜਾਂਚ ਮੁਕੰਮਲ ਕਰਨ ਦਾ ਹੁਕਮ ਦਿਤਾ ਹੈ। ਜੇ ਅਪਰਾਧ 'ਤੇ ਕਾਬੂ ਪਾਉਣਾ ਹੈ ਤਾਂ ਸੂਬਾ ਸਰਕਾਰ ਨੂੰ ਤੁਰੰਤ ਇਸ ਦਿਸ਼ਾ ਵਿਚ ਕਦਮ ਚੁੱਕਣਾ ਹੋਵੇਗਾ। ਪਰ ਝੂਠੇ ਪੁਲਿਸ ਮੁਕਾਬਲਿਆਂ ਤੋਂ ਮੁਕਤ ਹੋਣਾ ਪਵੇਗਾ।

### ਹਰਿਆਣਾ ਵਿਚ ਪੰਜਾਬੀ ਦੀਆਂ ਉਡਾਈਆਂ ਜਾ ਰਹੀਆਂ ਧੱਜੀਆਂ

ਹਰਿਆਣਾ ਜੋ 1966 ਵਿਚ ਵਜੂਦ ਵਿਚ ਆਇਆ ਉੱਥੇ ਅਜੇ ਪੰਜਾਬੀ ਭਾਸ਼ਾ ਲਾਗੂ ਨਹੀਂ ਕੀਤੀ ਗਈ, ਜਦੋਂ ਕਿ ਕਈ ਸਾਲ ਪਹਿਲਾਂ ਜਦੋਂ ਭੁਪਿੰਦਰ ਸਿੰਘ ਹੁੱਡਾ ਦੀ ਕਾਂਗਰਸ ਪਾਰਟੀ ਦੀ ਸਰਕਾਰ ਸੀ, ਨੇ ਇਸ ਭਾਸ਼ਾ ਨੂੰ ਰਾਜ ਸਰਕਾਰ ਦੀ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਗਿਆ। ਭਾਵੇਂ ਸਿਵਲ ਸਕੱਤਰੇਤ ਵਿਚ ਮੰਤਰੀਆਂ ਤੇ ਸਰਕਾਰੀ ਅਧਿਕਾਰੀਆਂ ਦੀਆਂ ਨਾਂ ਦੀਆਂ ਪਲੇਟਾਂ 'ਤੇ ਨਾਂ ਲਿਖ ਦਿੱਤੇ ਗਏ ਪਰ ਕੋਈ ਵੀ ਮੰਤਰੀ ਜਾਂ ਅਧਿਕਾਰੀ ਪੰਜਾਬੀ ਦੀ ਪ੍ਰਵਾਹ ਤੱਕ ਨਹੀਂ ਕਰਦਾ। ਹਾਲਾਂਕਿ ਆਮ ਬੋਲ-ਚਾਲ ਵਿਚ ਇਸੇ ਪੰਜਾਬੀ ਨੂੰ ਵਰਤਿਆ ਜਾਂਦਾ ਹੈ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਆਪ ਪਾਕਿਸਤਾਨ ਵਿਚਲੇ ਪੰਜਾਬ ਦੇ ਝੰਗ ਦੇ ਵਾਸੀ ਹਨ। ਵਿਧਾਨ ਸਭਾ ਦੀ ਕਾਰਵਾਈ ਵੀ ਆਮ ਤੌਰ 'ਤੇ ਹਿੰਦੀ ਵਿਚ ਹੁੰਦੀ ਹੈ।ਕਈ ਮੰਤਰੀ ਬੋਲਚਾਲ ਵਿਚ ਪੰਜਾਬੀ ਨੂੰ ਪਹਿਲ ਦਿੰਦੇ ਹਨ। ਦਿਲਚਸਪ ਤੇ ਵਰਨਣਯੋਗ ਗੱਲ ਇਹ ਹੈ ਕਿ ਹਰਿਆਣਾ ਦੇ ਪੰਜਾਬੀ ਵੀ ਚੁੱਪ ਕਰ ਕੇ ਤਮਾਸ਼ਾਈ ਬਣੇ ਬੈਠੇ ਹਨ। ਕੋਈ ਵੀ ਪੰਜਾਬੀ ਦੀ ਗੱਲ ਤਕ ਨਹੀਂ ਕਰਦਾ ਪਰ ਦਿਲਚਸਪ ਗੱਲ ਇਹ ਹੈ ਕਿ ਕਾਂਗਰਸ ਵਿਧਾਇਕ ਦਲ ਦੇ ਡਿਪਟੀ ਲੀਡਰ ਇਕਤਾਫ ਅਹਿਮਦ ਬੋਲਣ ਚਾਲਣ ਤੋਂ ਇਲਾਵਾ ਪੰਜਾਬੀ ਗੁਰਮੁਖੀ ਲਿੱਪੀ ਵਿਚ ਕੰਮ ਕਰ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਦੁਖਦਾਈ ਗੱਲ ਇਹ ਹੈ ਕਿ ਹਰਿਆਣਾ ਦਾ ਕੋਈ ਵੀ ਪੰਜਾਬੀ ਲੀਡਰ ਆਵਾਜ਼ ਤੱਕ ਨਹੀਂ ਚੁੱਕ ਰਿਹਾ। ਪੰਜਾਬ ਦੀ ਅਕਾਲੀ ਲੀਡਰਸ਼ਿਪ ਵੀ ਅਮਲੀ ਤੌਰ 'ਤੇ ਚੁੱਪ ਵੱਟੀਂ ਬੈਠੀ ਹੈ। ਪੰਜਾਬ ਦੇ ਨਵੇਂ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਪੰਜਾਬੀ ਲਾਗੂ ਕਰਨ ਲਈ ਦਿਲਚਸਪੀ ਰੱਖਦੇ ਹਨ ਪਰ ਉਨਾਂ ਨੇ ਵੀ ਇਸ 'ਤੇ ਫ਼ਿਲਹਾਲ ਕੋਈ ਟਿੱਪਣੀ ਨਹੀਂ ਕੀਤੀ।

ਇੱਥੇ
ਇਸ਼ਤਿਹਾਰ
ਲਗਾਉਣ ਲਈ
ਕਾਲ ਕਰੋ:
510-240-5949
Email:asrtimes@gmail.com

# ਸਿਰੜ ਤੇ ਸਹਿਣਸ਼ੀਲਤਾ ਦਾ ਪੁਜਾਰੀ ਕਵੀ ਜਗਜੀਤ ਸਿੰਘ ਝੱਤਰਾ



**ਤਸਵਿੰਦਰ ਸਿੰਘ ਬੜੈਚ**
ਮੋਬਾ-7527931887

ਮਨੁੱਖੀ ਜੀਵਨ ਕਠਿਨਾਈਆਂ, ਤਕਲੀਫਾਂ, ਕਸ਼ਟਾਂ, ਮੁਸ਼ਕਲਾਂ ਤੇ ਕੰਡਿਆਂ ਭਰਿਆ ਰਾਹ ਹੈ। ਜਿੰਦਾ ਦਿਲ ਜ਼ਿੰਦਗੀ ਦਾ ਨਾਮ ਹੈ। ਹਮੇਸ਼ਾ ਜ਼ਿੰਦਗੀ ਵਿੱਚ ਰਸਤੇ ਵਿੰਗੇ-ਟੇਡੇ ਹੁੰਦੇ ਹਨ। ਵਫਾਦਾਰੀ ਨੇਕ-ਨੀਅਤ, ਨਿਸ਼ਠਾ, ਦ੍ਰਿੜਤਾ, ਨਿਰਪੱਖਤਾ, ਕਰਤੱਵ, ਪਰਾਇਣਤਾਂ ਅਤੇ ਜਜ਼ਬੇ ਭਰਿਆ ਜੀਵਨ ਆਦਰਸ਼ ਆਪੇ ਹੀ ਮੁਸ਼ਕਲਾਂ ਪਰੇ ਕਰਕੇ ਰਾਹ ਨੂੰ ਰੋਸ਼ਨ ਬਣਾਉਂਦਾ ਹੈ। ਹਮੇਸ਼ਾ ਜੀਵਨ ਹਾਂ ਪੱਖੀ ਜਿਉਣਾ ਹੀ ਜਿਉਂਦੀ ਜ਼ਿੰਦਗੀ ਹੈ। ਇਸੇ ਤਰਾਂ ਹੀ ਮੈਂ ਇਕ ਮਿਹਨਤੀ ਤੇ ਦ੍ਰਿੜ ਇਰਾਦੇ ਦੇ ਮਾਲਕ, ਕਲਮ ਦੇ ਧਨੀ ਜਗਜੀਤ ਸਿੰਘ ਝੱਤਰਾ ਬਾਰੇ ਕਾਗਜ਼ ਦੀ ਹਿੱਕ ਦੇ ਉੱਪਰ ਉਲੀਕਣ ਲੱਗਾ ਹਾਂ।

ਕਵੀ ਜਗਜੀਤ ਸਿੰਘ ਦਾ ਜਨਮ 14-8-1953 ਨੂੰ ਪਿੰਡ ਝੱਤਰਾ ਵਿਖੇ ਪਿਤਾ ਸ. ਹਰੀ ਸਿੰਘ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਹੋਇਆ। ਆਪ ਦੇ ਘਰ ਵਿਚ ਗਰੀਬੀ ਹੱਦੋਂ ਵੱਧ ਸੀ। ਜਗਜੀਤ ਸਿੰਘ ਆਪਣੇ ਛੇ ਭੈਣ-ਭਰਾਵਾਂ ਵਿਚੋਂ ਸਭ ਤੋਂ ਵੱਡੇ ਸਨ। ਛੋਟੇ ਹੁੰਦੇ ਹੀ ਆਪ ਅਮੀਰ ਬੁੱਧੀ ਦੇ ਮਾਲਕ ਸਨ। ਪੜਨ-ਲਿਖਣ ਤੇ ਨਾਲ ਗਾਉਣ ਦਾ ਵੀ ਸ਼ੌਂਕ ਸੀ। ਸਕੂਲੀ ਬਾਲ ਸਭਾ ਵਿਚ ਆਪ ਹਿੱਸਾ ਲੈਂਦੇ ਸਨ। ਆਪ ਨੇ ਪ੍ਰਾਇਮਰੀ ਸਿੱਖਿਆ ਪਿੰਡ ਦੇ ਗੁਰਦੁਆਰਾ ਸਾਹਿਬ 'ਚ ਬਣੇ ਸਕੂਲ ਤੋਂ ਪ੍ਰਾਪਤ ਕੀਤੀ। ਅਧਿਆਪਕ ਰਾਜ ਕੁਮਾਰ ਨੇ ਜਗਜੀਤ ਸਿੰਘ ਨੂੰ ਚੰਗੀ ਸਿੱਧੀ ਸੇਧ ਦਿੱਤੀ ਅਤੇ ਪ੍ਰਾਇਮਰੀ ਕਲਾਸਾਂ ਵਿਚ ਪਹਿਲੇ ਨੰਬਰ 'ਤੇ ਜਗਜੀਤ ਸਿੰਘ ਆਉਂਦਾ ਰਿਹਾ। ਮੈਟ੍ਰਿਕ ਦੀ ਪ੍ਰੀਖਿਆ ਗੌਰਮਿੰਟ



ਹਾਈ ਸਕੂਲ ਜੀਰਾ ਤੋਂ ਪਾਸ ਕੀਤੀ। ਘਰ ਪੈਸੇ ਨਾ ਹੋਣ ਕਰਕੇ ਮੈਟ੍ਰਿਕ ਬਹੁਤ ਔਖੇ ਵਕਤਾਂ ਨਾਲ ਪਾਸ ਕੀਤੀ। ਸਕੂਲੋਂ ਆ ਕੇ ਘਰ ਵੀ ਆਪਣੇ ਪਿਤਾ ਜੀ ਨਾਲ ਘਰ ਦੇ ਕੰਮਾਂ ਵਿਚ ਹੱਥ ਵਟਾਉਣਾ ਪੈਂਦਾ ਸੀ। ਜਗਜੀਤ ਸਿੰਘ ਦੇ ਦੱਸਣ ਮੁਤਾਬਿਕ ਉਨਾਂ ਦੇ ਪਿਤਾ ਜੀ ਬੜੇ ਮਿਹਨਤੀ ਤੇ ਸਾਹਸੀ ਵਿਅਕਤੀ ਸੀ। ਜਗਜੀਤ ਸਿੰਘ ਨੂੰ ਕਿਹਾ ਕਰਦੇ ਸਨ ਕਿ ਦਿਲ ਲਾ ਕੇ ਪੜੋ, ਜਿੰਨਾ ਮਰਜੀ ਪੜ ਲਉ।

ਜਗਜੀਤ ਸਿੰਘ ਨੇ ਗਿਆਨੀ ਦੀ ਪ੍ਰੀਖਿਆ ਵੀ ਪਾਸ ਕੀਤੀ। ਕਾਫੀ ਨੰਬਰ ਲੈ ਕੇ ਕਾਲਜ ਵਿਚ ਨਾਮ ਬਣਾਇਆ। ਅਧਿਆਪਕ ਦੀ ਨੌਕਰੀ ਵਾਸਤੇ ਕੋਸ਼ਿਸ ਕੀਤੀ ਪਰ ਮਿਹਨਤ ਸਫ਼ਲ ਨਾ ਹੋਈ। ਇੰਟਰਵਿਊ ਦੀ ਚਿੱਠੀ ਲੇਟ ਮਿਲਣ ਕਾਰਨ ਅਧਿਆਪਕ ਦੀ ਨੌਕਰੀ ਤੋਂ ਵਾਂਝੇ ਰਹਿ ਗਏ। ਪਰ ਦਿਲ ਨਾ ਛੱਡਿਆ ਅਤੇ ਪਿਤਾ ਜੀ ਦੇ ਕਹਿਣ 'ਤੇ ਟਰੱਕ ਦੀ ਜਾਂਚ ਸਿੱਖਣ ਲਈ ਜਗਜੀਤ ਸਿੰਘ ਆਪਣੇ ਮਾਮਿਆਂ ਕੋਲ ਚਲਾ ਗਿਆ, ਕਿਉਂਕਿ




ਰੋਜ਼ੀ ਰੋਟੀ ਦੀ ਭਾਲ ਸੀ ਪਰ ਜਗਜੀਤ ਨੂੰ ਇਹ ਕੰਮ ਰਾਸ ਨਾ ਆਇਆ। ਉਸ ਨੂੰ ਇਹ ਕੰਮ ਚੰਗਾ ਨਾ ਲੱਗਾ ਅਤੇ ਉਹ ਵਾਪਸ ਆਪਣੇ ਪਿੰਡ ਆ ਗਿਆ ਅਤੇ ਘਰ ਦੇ ਕੰਮਾਂ ਵਿਚ ਜੁੱਟ ਗਿਆ, ਪਰ ਪੜਨ ਦੇ ਸ਼ੌਂਕ ਕਰਕੇ ਪ੍ਰਾਈਵੇਟ ਪੜਾਈ ਕਰਨ ਲੱਗ ਪਿਆ। ਸਹਿਜੇ-ਸਹਿਜੇ ਬੀ ਐਸ ਸੀ ਦੀ ਪ੍ਰੀਖਿਆ ਪਾਸ ਕਰ ਲਈ। ਸੱਚੇ ਦਿਲੋਂ ਕਿਰਤ ਦਿਹਾੜੀ, ਮਜ਼ਦੂਰੀ ਕਰਦਾ ਗਿਆ। ਕੁੱਝ ਪੋਸਟਾਂ ਏਰੀਜ਼ ਐਗਰੋ ਵਿੱਚ ਅਖਬਾਰ ਟ੍ਰਿਬਿਊਨ ਵਿਚ ਆਈਆਂ ਅਤੇ ਅਪਲਾਈ ਕੀਤਾ ਤੇ ਸਿਲੈਕਟ ਹੋ ਗਿਆ।

ਪਰ ਲਿਖਣਾ ਨਾ ਛੱਡਿਆ, ਸਾਰੇ ਅਖਬਾਰਾਂ, ਮੈਗਜ਼ੀਨਾਂ ਵਿਚ ਆਪਦੀਆਂ ਰਚਨਾਵਾਂ ਛਪਦੀਆਂ ਰਹੀਆਂ, ਪਰ ਆਰਥਿਕ ਦਿਸ਼ਾ ਠੀਕ ਨਾ ਹੋਣ ਕਾਰਨ ਕੋਈ ਕਿਤਾਬ ਨਾ ਛਪਵਾ ਸਕਿਆ। ਆਪ ਦਾ ਵਿਆਹ ਗੁਰਮੀਤ ਕੌਰ ਨਾਲ ਹੋਇਆ। ਆਪ ਦੇ ਘਰ ਚਾਰ ਬੱਚਿਆਂ ਨੇ ਜਨਮ ਲਿਆ ਤੇ ਪਹਿਲ: ਲੜਕੀ ਸਰਬਜੀਤ ਕੌਰ ਨੇ ਜਨਮ ਲਿਆ ਤੇ ਫੇਰ ਲੜਕੇ ਕੁਲਦੀਪ ਸਿੰਘ ਨੇ, ਲੜਕੇ ਤੋਂ ਪਿੱਛੋਂ ਛੋਟੀਆਂ ਦੋ ਲੜਕੀਆਂ ਚਰਨਜੀਤ ਕੌਰ ਤੇ ਰਣਜੀਤ ਕੌਰ ਨੇ ਜਨਮ ਲਿਆ। ਸਾਰੇ ਬੱਚੇ ਵਿਆਹੇ ਹੋਏ ਹਨ। ਲੜਕੀਆਂ ਆਪੋ-ਆਪਣੇ ਘਰ ਸੁਖੀ ਵਸ ਰਹੀਆਂ ਹਨ। ਲੜਕੇ ਕੁਲਦੀਪ ਸਿੰਘ ਦਾ ਵਿਆਹ ਤਲਵੀਰ ਕੌਰ ਨਾਲ ਹੋਇਆ ਹੈ। ਤਲਵੀਰ ਕੌਰ ਬਹੁਤ ਹੀ ਹੋਣਹਾਰ ਤੇ ਸਿਆਣੀ ਲੜਕੀ ਹੈ। ਅੱਗੇ ਕਵੀ ਦੇ ਦੋ ਪੋਤਰੇ ਗੁਰਚੈਨ ਸਿੰਘ ਤੇ ਸੁਖਚੈਨ ਸਿੰਘ ਹਨ, ਦੋਨੋਂ ਹੀ ਵਧੀਆ ਪੜੇ ਲਿਖੇ ਹਨ।

ਏਨੇ ਰੁਝੇਵਿਆਂ ਦੇ ਬਾਵਜੂਦ ਵੀ ਜਗਜੀਤ ਸਿੰਘ ਨੇ ਪੜਨਾ ਲਿਖਣਾ ਨਹੀਂ ਛੱਡਿਆ ਹੈ। ਪਿੰਡ 'ਚ ਪੰਜਾਬੀ ਸਾਹਿਤ ਸਭਾ ਝੱਤਰਾ ਦਾ ਗਠਨ ਕੀਤਾ ਹੈ। ਕਵੀ ਜਗਜੀਤ ਸਿੰਘ ਸਭਾ ਦੇ ਪ੍ਰਧਾਨ ਦੇ ਤੌਰ 'ਤੇ ਸੇਵਾ ਕਰ ਰਹੇ ਹਨ। ਹਰ ਸਭਾ ਵਾਲੇ ਦਿਨ ਲੋੜਮੰਦਾਂ ਦੀ ਜਰੂਰੀ ਵਸਤੂਆਂ ਦੀ ਲੋੜ ਪੂਰੀ ਕਰ ਰਹੇ ਹਨ। ਪਿੰਡ ਦੇ ਪਤਵੰਤੇ ਸੱਜਣ ਪੰਜਾਬੀ ਸਾਹਿਤ ਸਭਾ ਝੱਤਰਾ ਦੀ ਮਾਇਕ ਮੱਦਦ ਕਰ ਰਹੇ ਹਨ। ਜਗਜੀਤ ਸਿੰਘ ਝੱਤਰਾ ਚਿੱਕੜ 'ਚ ਉੱਗਿਆ ਕਮਲ ਦੇ ਫੁੱਲ ਦੀ ਨਿਆਈਂ ਹਨ। ਜਗਜੀਤ ਸਿੰਘ ਅੱਜ ਕੱਲ ਆਪਣੀ ਸਰਵਿਸ ਪੂਰੀ ਕਰਕੇ ਪਿੰਡ ਦੇ ਸਮਾਜਿਕ ਕਾਰਜਾਂ 'ਚ ਪਹਿਲ ਦੇ ਆਧਾਰ ਤੇ ਹਿੱਸਾ ਲੈਂਦੇ ਹਨ। ਥੋੜੀ-ਥੋੜੀ ਮਾਇਆ ਇਕੱਠੀ ਕਰਕੇ ਲੋਕਾਂ, ਜੋ ਲੋੜਵੰਦ ਹਨ, ਦੀ ਸੇਵਾ ਕਰ ਰਹੇ ਹਨ। ਪ੍ਰਮਾਤਮਾ ਇਨਾਂ ਨੂੰ ਹਮੇਸ਼ਾ ਚੜਦੀ ਕਲਾ ਵਿਚ ਰੱਖੇ।

# ਭਲਵਾਨ ਅਦਾਕਾਰ ਪ੍ਰਦੁਮਣ ਸਿੰਘ ਰੰਧਾਵਾ

**ਮਨਦੀਪ ਸਿੰਘ ਸਿੱਧੂ**

ਪੰਜ ਫੁੱਟ ਅੱਠ ਇੰਚ ਲੰਮੇ ਗੱਭਰੂ ਪ੍ਰਦੁਮਣ ਸਿੰਘ ਰੰਧਾਵਾ ਦੀ ਪੈਦਾਇਸ਼ 12 ਅਪ੍ਰੈਲ 1945 ਨੂੰ ਪਿੰਡ ਧਰਮੂਚੱਕ, ਜ਼ਿਲਾ ਅੰਮ੍ਰਿਤਸਰ ਵਿਖੇ ਵਿਸ਼ਵ ਪ੍ਰਸਿੱਧ ਭਲਵਾਨ ਦਾਰਾ ਸਿੰਘ ਤੇ ਮਾਤਾ ਬਚਨ ਕੌਰ ਦੇ ਘਰ ਹੋਈ। ਉਸ ਵੇਲੇ ਦਾਰਾ ਸਿੰਘ 17 ਸਾਲਾਂ ਦੇ ਮੁੱਛ ਫੁੱਟ ਗੱਭਰੂ ਸਨ। ਉਹ ਆਪਣੇ ਜੇਠੇ ਪੁੱਤਰ ਪ੍ਰਦੁਮਣ ਨੂੰ 'ਪੰਮੇ' ਦੇ ਨਾਮ ਨਾਲ ਮੁਖ਼ਾਤਿਬ ਹੁੰਦੇ ਸਨ। ਪ੍ਰਦੁਮਣ ਨੇ ਦਸਵੀਂ ਤੱਕ ਤਾਲੀਮ ਸੰਤ ਸਿੰਘ ਸੁੱਖਾ ਸਿੰਘ ਹਾਈ ਸਕੂਲ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਫਿਰ ਉਹ ਆਪਣੇ ਪਿਤਾ ਤੇ ਚਾਚਾ ਸਰਦਾਰਾ ਸਿੰਘ ਰੰਧਾਵਾ (ਅਦਾਕਾਰ ਭਲਵਾਨ) ਦੇ ਨਕਸ਼-ਏ-ਕਦਮ 'ਤੇ ਚੱਲਦਿਆਂ ਕੁਸ਼ਤੀ ਅਖਾੜਿਆਂ ਦੀ ਦੁਨੀਆ ਤੋਂ ਬਾਅਦ ਮੁਕੰਮਲ ਤੌਰ 'ਤੇ ਫ਼ਿਲਮਾਂ ਨੂੰ ਸਮਰਪਿਤ ਹੋ ਗਏ।

ਪ੍ਰਦੁਮਨ ਨੇ 16 ਸਾਲ ਤੋਂ ਲੈ ਕੇ 20 ਸਾਲ ਦੀ ਉਮਰ ਤੱਕ ਅੰਮ੍ਰਿਤਸਰ, ਜਲੰਧਰ, ਫਗਵਾੜਾ, ਲੁਧਿਆਣਾ, ਛਿੰਝ ਬੱਬੇਹਾਲੀ ਤੇ ਕਲਾਨੌਰ ਵਿਖੇ ਇੰਡੀਅਨ ਸਟਾਇਲ ਕੁਸ਼ਤੀ ਲੜੀ। ਕੁਸ਼ਤੀ ਵਿੱਚ ਉਸ ਦੇ ਉਸਤਾਦ ਮਿਹਰਦੀਨ ਬਾਣੀਆ ਸਨ, ਜਿਨਾਂ ਨੂੰ ਲੋਕ ਅਦਬ ਨਾਲ ਫ਼ਕੀਰ ਬਾਣੀਆ (ਅੰਮ੍ਰਿਤਸਰ) ਵੀ ਕਹਿੰਦੇ ਸਨ। ਆਪਣੇ ਪਿਤਾ ਜੀ ਦੀ ਸ਼ਖ਼ਸੀਅਤ ਦਾ ਵੀ ਉਸ 'ਤੇ ਬੜਾ ਪ੍ਰਭਾਵ ਸੀ। ਉਹ ਦੇਸੀ ਇੰਡੀਅਨ ਸਟਾਇਲ ਕੁਸ਼ਤੀ ਵਿਚ ਚੈਂਪੀਅਨ ਬਣਨਾ ਚਾਹੁੰਦਾ ਸੀ, ਪਰ ਬਣ ਉਹ ਅਦਾਕਾਰ ਗਿਆ। ਸ਼ੌਂਕ ਵਜੋਂ ਉਸ ਨੇ ਛੋਟੀਆਂ ਕਹਾਣੀਆਂ ਵੀ ਲਿਖੀਆਂ ਜੋ 'ਪ੍ਰੀਤਲੜੀ' ਰਸਾਲੇ ਤੇ 'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪਦੀਆਂ ਰਹੀਆਂ। 1962 ਵਿੱਚ ਉਸ ਦਾ ਪੰਜਾਬੀ ਨਾਵਲ 'ਸੌਗੰਧ' ਵੀ ਪ੍ਰਕਾਸ਼ਿਤ ਹੋਇਆ ਸੀ।

ਪ੍ਰਦੁਮਣ ਸਿੰਘ ਦਾ ਫ਼ਿਲਮਾਂ ਵਿੱਚ ਆਉਣ ਦਾ ਸਬੱਬ ਵੀ ਬੜਾ ਖ਼ੂਬਸੂਰਤ ਸੀ। ਜਦੋਂ 1965 ਵਿੱਚ ਭਾਰਤ-ਪਾਕਿਸਤਾਨ ਵਿੱਚ ਯੁੱਧ ਛਿੜਿਆ ਤਾਂ ਉਹ ਆਪਣੇ ਪਿੰਡ ਧਰਮੂਚੱਕ ਰਹਿ ਰਿਹਾ ਸੀ। ਇੱਕ ਦਿਨ ਉਸ ਦੇ ਪਿਤਾ ਜੀ ਨੇ ਉਸ ਨੂੰ ਬੰਬੇ ਸੱਦ ਲਿਆ। ਉੱਥੋਂ ਦੀ ਫ਼ਿਲਮੀ ਫ਼ਿਜ਼ਾ ਦੇ ਜਾਦੂ ਨੇ ਉਸ ਨੂੰ ਛੇਤੀ ਹੀ ਆਪਣੇ ਕਲਾਵੇ ਵਿੱਚ ਲੈ ਲਿਆ। 1968 ਵਿੱਚ ਇੱਕ ਦਿਨ ਉਨਾਂ ਦੇ ਘਰ ਕੋਈ ਪਾਰਟੀ ਸੀ, ਜਿਸ ਵਿੱਚ ਵਕਤ ਦੇ ਮਸ਼ਹੂਰ ਤੇ ਮਾਰੂਫ਼ ਫ਼ਨਕਾਰ ਰਾਜ ਕਪੂਰ, ਅਜੀਤ, ਰਾਮਾਨੰਦ ਸਾਗਰ, ਰਜਿੰਦਰ ਕੁਮਾਰ, ਧਰਮਿੰਦਰ, ਅਜੀਤ ਸਿੰਘ ਦਿਓਲ, ਮਾਲਾ ਸਿਨਹਾ ਆਦਿ ਪਹੁੰਚੇ ਹੋਏ ਸਨ। ਉਨਾਂ ਨੂੰ ਘਰ ਲਿਆਉਣ ਤੇ ਛੱਡਣ ਦੀ ਜ਼ਿੰਮੇਵਾਰੀ ਪ੍ਰਦੁਮਣ ਦੀ ਸੀ। ਜਦੋਂ ਉਹ ਰਾਮਾਨੰਦ ਸਾਗਰ (ਲਾਹੌਰ) ਨੂੰ ਉਨਾਂ ਦੀ ਕਾਰ ਤੱਕ ਛੱਡਣ ਬਾਹਰ ਆਇਆ ਤਾਂ ਉਨਾਂ ਨੇ ਉਸ ਦੀ ਸ਼ਖ਼ਸੀਅਤ ਤੋਂ ਮੁਤਾਸਿਰ ਹੁੰਦਿਆਂ ਉਸ ਨੂੰ ਫ਼ਿਲਮਾਂ ਵਿੱਚ ਕੰਮ ਕਰਨ ਲਈ ਪ੍ਰੇਰਿਆ।

ਜਦੋਂ ਰਾਮਾਨੰਦ ਸਾਗਰ ਨੇ ਆਪਣੇ ਫ਼ਿਲਮਸਾਜ਼ ਅਦਾਰੇ ਸਾਗਰ ਆਰਟ ਇੰਟਰਨੈਸ਼ਨਲ, ਬੰਬੇ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ 'ਚ ਰੰਗੀਨ ਜਾਸੂਸੀ ਫ਼ਿਲਮ 'ਆਂਖੇਂ' (1964) ਸ਼ੁਰੂ ਕੀਤੀ ਤਾਂ ਪ੍ਰਦੁਮਣ ਸਿੰਘ ਰੰਧਾਵਾ ਨੂੰ ਪ੍ਰਦੁਮਨ ਦੇ ਨਾਮ ਨਾਲ ਨਵੇਂ ਚਿਹਰੇ ਵਜੋਂ ਮੁਤਆਰਿਫ਼ ਕਰਵਾਇਆ। ਪ੍ਰਦੁਮਨ ਨੇ ਫ਼ਿਲਮ ਵਿੱਚ 'ਅਕਰਮ' ਨਾਮੀ ਦੇਸ਼ ਵਿਰੋਧੀ ਭੂਮਿਕਾ ਨਿਭਾਈ। ਇਸ ਫ਼ਿਲਮ ਨੂੰ 1969 ਵਿੱਚ ਹੋਏ 16ਵੇਂ ਫ਼ਿਲਮਫੇਅਰ ਐਵਾਰਡ ਦੌਰਾਨ 7 ਪੁਰਸਕਾਰਾਂ ਨਾਲ ਸਰਫ਼ਰਾਜ਼ ਕੀਤਾ ਗਿਆ। ਬਿਹਤਰੀਨ ਫ਼ਿਲਮ, ਕਹਾਣੀ ਤੇ ਹਿਦਾਇਤਕਾਰੀ ਲਈ ਰਾਮਾਨੰਦ ਸਾਗਰ, ਸੰਗੀਤਕਾਰ ਵਜੋਂ ਰਵੀ, ਨ਼ਗਮਾਨਿਗਾਰੀ ਲਈ ਸਾਹਿਰ ਲੁਧਿਆਣਵੀ, ਗੁਲੂਕਾਰਾ ਵਜੋਂ ਲਤਾ ਮੰਗੇਸ਼ਕਰ ਅਤੇ ਉਮਦਾ ਸਿਨਮੈਟੋਗ੍ਰਾਫ਼ੀ ਲਈ ਜੀ. ਸਿੰਘ ਦਾ ਇੰਤਖ਼ਾਬ ਕੀਤਾ ਗਿਆ ਸੀ।

ਇਸ ਫ਼ਿਲਮ ਦੀ ਕਾਮਯਾਬੀ ਤੋਂ ਬਾਅਦ ਪ੍ਰਦੁਮਣ ਸਿੰਘ ਦੀ ਮਰਕਜ਼ੀ ਕਿਰਦਾਰ ਵਾਲੀ ਦੂਜੀ ਫ਼ਿਲਮ ਜਸਬੀਰ ਤੇ ਜਾਨਕੀ ਦੇ ਫ਼ਿਲਮਸਾਜ਼ ਅਦਾਰੇ ਜੇ. ਜੇ. ਫ਼ਿਲਮਜ਼, ਬੰਬੇ ਦੀ ਚਰਨਦਾਸ ਸ਼ੋਖ਼ ਨਿਰਦੇਸ਼ਿਤ 'ਬੰਦਿਸ਼' (1969) ਸੀ। ਇਸ ਬਲੈਕ ਐਂਡ ਵਾਈਟ ਫ਼ਿਲਮ ਵਿੱਚ ਹਿਦਾਇਤਕਾਰ ਸ਼ੋਖ਼ ਨੇ ਪ੍ਰਦੁਮਣ ਨੂੰ ਸ਼ਲਿੰਦਰ ਦੇ ਨਵੇਂ ਨਾਮ ਨਾਲ ਇੱਕ ਵਾਰ ਫਿਰ ਬੜੇ ਫ਼ਖ਼ਰ ਨਾਲ ਪੇਸ਼ ਕੀਤਾ। ਸ਼ਲਿੰਦਰ ਨੇ ਫ਼ਿਲਮ ਵਿੱਚ ਸੀਆਈਡੀ. ਇੰਸਪੈਕਟਰ 'ਆਨੰਦ' ਦਾ ਸ਼ਾਨਦਾਰ ਪਾਰਟ ਅਦਾ ਕੀਤਾ ਜੋ ਗੱਦਾਰਾਂ ਦੇ ਭਾਰਤ ਵਿਰੋਧੀ ਤਮਾਮ ਮਨਸੂਬੇ ਫੇਲ ਕਰਦਾ ਹੈ। ਫ਼ਿਲਮ 'ਚ ਸ਼ਲਿੰਦਰ ਦੇ ਹਮਰਾਹ ਹੀਰੋਇਨ ਦਾ ਪਾਤਰ ਪੰਜਾਬਣ ਮੁਟਿਆਰ ਸੋਨੀਆ ਸਾਹਨੀ (ਸ਼ਬਨਮ) ਨੇ ਨਿਭਾਇਆ ਸੀ। ਕਹਾਣੀ ਚਰਨਦਾਸ ਸ਼ੋਖ਼, ਮੰਜ਼ਰਨਾਮਾ ਸੁਭਾਸ਼ ਬੱਬਰ, ਸੰਗੀਤ ਊਸ਼ਾ ਖੰਨਾ ਤੇ ਗੀਤ ਅਕਮਲ ਹੈਦਰਾਬਾਦੀ ਨੇ ਤਹਿਰੀਰ ਕੀਤੇ। ਫ਼ਿਲਮ 'ਚ ਸ਼ਲਿੰਦਰ (ਨਾਲ ਸੋਨੀਆ ਸਾਹਨੀ) 'ਤੇ ਫ਼ਿਲਮਾਏ 'ਜਾਈਏ-ਜਾਈਏ ਹਜ਼ੂਰ ਆਪਕੋ ਕਿਸ ਨੇ ਰੋਕਾ ਹੈ' (ਮੁਹੰਮਦ ਰਫ਼ੀ, ਕ੍ਰਿਸ਼ਨਾ ਕੱਲੇ) ਤੋਂ ਇਲਾਵਾ ਰੂਮਾਨੀ ਗੀਤ 'ਅਭੀ ਤੋ ਰਾਤ ਬਾਕੀ ਹੈ ਯਹ ਢਲ ਜਾਏ ਤੋ ਸੋ ਜਾਨਾ' (ਮੁਹੰਮਦ ਰਫ਼ੀ) ਬੇਹੱਦ ਮਕਬੂਲ ਹੋਇਆ। ਇਸ ਫ਼ਿਲਮ ਵਿੱਚ ਪਹਿਲੀ ਵਾਰ ਅੰਮ੍ਰਿਤਸਰ ਦਾ ਇੱਕ ਹੋਰ ਨੌਜਵਾਨ ਜਸਪਾਲ ਸਿੰਘ ਬਤੌਰ ਪਸ-ਏ-ਪਰਦਾ ਗੁਲੂਕਾਰ ਜਸਪਾਲ ਫੋਕੇਲਾ ਦੇ ਨਾਮ ਨਾਲ ਪੇਸ਼ ਕੀਤਾ ਗਿਆ। ਉਸ ਦਾ ਗਾਇਆ ਤੇ ਮਜ਼ਾਹੀਆ ਅਦਾਕਾਰ ਬ੍ਰਹਮਚਾਰੀ ਉੱਤੇ ਫ਼ਿਲਮਾਇਆ ਗੀਤ 'ਦੇਖੋ ਲੋਗੋ ਯੇ ਕੈਸਾ ਜ਼ਮਾਨਾ' ਗੀਤ ਵੀ ਬੜਾ ਪਸੰਦ ਕੀਤਾ ਗਿਆ।

ਬਤੌਰ ਫ਼ਿਲਮਸਾਜ਼ ਪ੍ਰਦੁਮਣ ਸਿੰਘ (ਨਾਲ ਸੌਦਾਗਰ ਸਿੰਘ ਭਲਵਾਨ ਅਦਾਕਾਰ) ਦੀ ਪਹਿਲੀ ਰੰਗੀਨ ਹਿੰਦੀ ਫ਼ਿਲਮ ਆਪਣੇ ਫ਼ਿਲਮਸਾਜ਼ ਅਦਾਰੇ ਦੀਦਾਰ ਮੂਵੀਜ਼, ਬੰਬੇ ਦੀ ਓਮ ਪਤਵਾਰ ਨਿਰਦੇਸ਼ਿਤ 'ਨਸੀਹਤ' (1967) ਸੀ। ਫ਼ਿਲਮ ਵਿੱਚ ਪ੍ਰਦੁਮਣ ਦੇ ਪਿਤਾ ਦਾਰਾ ਸਿੰਘ ਨੇ 'ਮੋਹਨ ਤੇ 'ਇੰਸਪੈਕਟਰ ਨਰੇਸ਼' (ਡਬਲ ਰੋਲ/ਨਾਲ ਅਦਾਕਾਰਾ ਰਾਜਸ਼੍ਰੀ, ਸਾਊਥ) ਦਾ ਅਤੇ ਚਾਚੇ ਸਰਦਾਰਾ ਸਿੰਘ ਰੰਧਾਵਾ ਨੇ 'ਡਿਟੈਕਟਿਵ' ਦਾ ਪਾਰਟ ਅਦਾ ਕੀਤਾ। ਮੁਕਾਲਮੇ ਬੀ. ਆਰ. ਇਸ਼ਾਰਾ, ਮੰਜ਼ਰਨਾਮਾ ਓਮ ਪਤਵਾਰ, ਸੰਗੀਤ ਓ. ਪੀ. ਨਈਅਰ, ਗੀਤ ਐੱਸ. ਐੱਚ.



ਬਿਹਾਰੀ ਤੇ ਹਜ਼ਰਤ ਅਜ਼ੀਜ਼ ਕਸ਼ਮੀਰੀ ਨੇ ਤਹਿਰੀਰ ਕੀਤੇ ਸਨ।

ਵਰਿੰਦਰ ਸਿਨਹਾ ਦੇ ਫ਼ਿਲਮਸਾਜ਼ ਅਦਾਰੇ ਪ੍ਰਗਤੀ ਚਿੱਤਰ ਇੰਟਰਨੈਸ਼ਨਲ, ਮਦਰਾਸ ਦੀ ਵਰਿੰਦਰ ਸਿਨਹਾ ਨਿਰਦੇਸ਼ਿਤ ਫ਼ਿਲਮ 'ਗੰਗਾ ਤੇਰਾ ਪਾਨੀ ਅੰਮ੍ਰਿਤ' (1971) ਵਿਚ ਪ੍ਰਦੁਮਣ ਨੇ ਡਾਕੂ 'ਬੱਲੂ' ਦਾ ਤੇ ਸ਼ੱਤਰੂਘਣ ਸਿਨਹਾ ਨੇ ਉਸ ਦੇ ਦੋਸਤ 'ਲਾਲ ਸਿੰਘ' ਦਾ ਕਿਰਦਾਰ ਅਦਾ ਕੀਤਾ। ਦੋਵਾਂ ਦੋਸਤਾਂ 'ਤੇ ਫ਼ਿਲਮਾਇਆ ਪੰਜਾਬੀ ਤਰਜ਼ ਦਾ ਗੀਤ 'ਹਮੇਂ ਯਾਰੀ ਸੇ ਗ਼ਰਜ਼ ਯਾਰ ਜੋ ਭੀ ਕਰੇ' (ਮੰਨਾ ਡੇਅ, ਮਹਿੰਦਰ ਕਪੂਰ) ਵੀ ਪਸੰਦ ਕੀਤਾ ਗਿਆ। ਫ਼ਿਲਮ 'ਚ ਹੀਰੋ ਦਾ ਪਾਰਟ ਨਵੀਨ ਨਿਸ਼ਚਲ (ਦਿਨੇਸ਼) ਤੇ ਹੀਰੋਇਨ ਦੇ ਰੋਲ ਵਿੱਚ ਯੋਗਿਤਾ ਬਾਲੀ (ਮੰਜੂ) ਮੌਜੂਦ ਸੀ। ਕਹਾਣੀ ਵਰਿੰਦਰ ਸਿਨਹਾ, ਗੀਤ ਸਾਹਿਰ ਲੁਧਿਆਣਵੀ ਤੇ ਤਰਜ਼ਾਂ ਰਵੀ ਨੇ ਤਿਆਰ ਕੀਤੀਆਂ ਸਨ।

ਪ੍ਰਦੁਮਣ ਨੇ ਸਿਰਫ਼ 2 ਪੰਜਾਬੀ ਫ਼ਿਲਮਾਂ ਵਿੱਚ ਅਦਾਕਾਰੀ ਕੀਤੀ। ਜਦੋਂ ਦਾਰਾ ਸਿੰਘ ਨੇ ਆਪਣੇ ਫ਼ਿਲਮਸਾਜ਼ ਅਦਾਰੇ ਦਾਰਾ ਪ੍ਰੋਡਕਸ਼ਨਜ਼, ਬੰਬੇ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ 'ਚ ਭਗਤੀ ਪ੍ਰਧਾਨ ਪੰਜਾਬੀ ਫ਼ਿਲਮ 'ਭਗਤ ਧੰਨਾ ਜੱਟ' (1973) ਬਣਾਈ ਤਾਂ ਆਪਣੇ ਪੁੱਤਰ ਪ੍ਰਦੁਮਣ ਸਿੰਘ ਨੂੰ ਵੀ ਲਿਆ। ਪ੍ਰਦੁਮਣ ਨੇ ਫ਼ਿਲਮ 'ਚ ਪਿੰਡ ਦੇ ਇੱਕ ਜਵਾਨ ਦਾ ਛੋਟਾ ਜਿਹਾ ਰੋਲ ਕੀਤਾ ਜਦੋਂਕਿ ਪਿਤਾ ਦਾਰਾ ਸਿੰਘ ਨੇ 'ਭਗਤ ਧੰਨਾ ਜੱਟ' ਦਾ ਟਾਈਟਲ ਰੋਲ ਅਦਾ ਕੀਤਾ ਸੀ। 11 ਅਕਤੂਬਰ 1974 ਨੂੰ ਨੰਦਨ ਸਿਨਮਾ, ਅੰਮ੍ਰਿਤਸਰ ਵਿਖੇ ਰਿਲੀਜ਼ ਇਹ ਫ਼ਿਲਮ ਹਿੰਦੀ ਵਿੱਚ 'ਕਿਸਾਨ ਔਰ ਭਗਵਾਨ' (1974) ਦੇ ਸਿਰਲੇਖ ਹੇਠ ਨੁਮਾਇਸ਼ ਹੋਈ। ਦਾਰਾ ਸਿੰਘ ਦੇ ਹੀ ਫ਼ਿਲਮਸਾਜ਼ ਅਦਾਰੇ ਦਾਰਾ ਪ੍ਰੋਡਕਸ਼ਨਜ਼, ਬੰਬੇ ਦੀ ਹੀ ਦਾਰਾ ਸਿੰਘ ਨਿਰਦੇਸ਼ਿਤ ਧਾਰਮਿਕ ਪੰਜਾਬੀ ਫ਼ਿਲਮ 'ਸਵਾ ਲਾਖ ਸੇ ਏਕ ਲੜਾਊਂ' (1976) ਵਿਚ ਪ੍ਰਦੁਮਣ ਸਿੰਘ ਨੇ 'ਮੁਣਸ਼ਾ ਸਿੰਘ' ਦਾ ਕਿਰਦਾਰ ਤੇ ਪਿਤਾ ਦਾਰਾ ਸਿੰਘ ਨੇ 'ਕਰਤਾਰ ਸਿੰਘ' ਦਾ ਪਾਰਟ ਨਿਭਾਇਆ। ਕਹਾਣੀ, ਮੰਜ਼ਰਨਾਮਾ ਤੇ ਮੁਕਾਲਮੇ ਦਾਰਾ ਸਿੰਘ, ਗੀਤ ਤੇ ਸੰਗੀਤ ਪ੍ਰੇਮ ਧਵਨ ਨੇ ਤਰਤੀਬ ਕੀਤਾ। ਅਜੀਤ ਸਿੰਘ ਮੌਜੀ ਦੇ ਢਾਡੀ ਜੱਥੇ ਦੁਆਰਾ ਗਾਈ ਗਈ ਪੁਰਜ਼ੋਸ਼ ਵਾਰ 'ਸਾਕੇ ਹੋਣਗੇ ਵਿੱਚ ਦਰਬਾਰ ਪਾਣੀ ਭਰ ਦੇ' ਪ੍ਰਦੁਮਣ ਤੇ ਇਸੇ ਜੱਥੇ 'ਤੇ ਫ਼ਿਲਮਾਈ ਗਈ ਸੀ। ਇਹ ਫ਼ਿਲਮ ਗਿਆਨੀ ਭਜਨ ਸਿੰਘ ਦੇ ਨਾਵਲ 'ਗਗਨ ਦਮਾਮਾ ਬਾਜਿਓ' 'ਤੇ ਆਧਾਰਿਤ ਸੀ। 24 ਸਤੰਬਰ 1976 ਨੂੰ ਸਵਰਨ ਸਿਨਮਾ, ਹੁਸ਼ਿਆਰਪੁਰ ਵਿਖੇ ਪਰਦਾਪੇਸ਼ ਹੋਈ ਇਸ ਫ਼ਿਲਮ ਦੇ ਈਪੀ. ਰਿਕਾਰਡ 'ਰਾਜ ਕਰੇਗਾ ਖ਼ਾਲਸਾ' ਦੇ ਨਾਮ ਹੇਠ ਜਾਰੀ ਹੋਏ ਸਨ।

17 ਫਰਵਰੀ 1972 ਵਿੱਚ ਪ੍ਰਦੁਮਣ ਸਿੰਘ ਰੰਧਾਵਾ ਦਾ ਵਿਆਹ ਪੰਜਾਬਣ ਮੁਟਿਆਰ ਨਰਿੰਦਰ ਕੌਰ ਨਾਲ ਅੰਮ੍ਰਿਤਸਰ ਵਿਖੇ ਹੋਇਆ। ਉਨਾਂ ਦੀ ਇੱਕ ਧੀ ਹਰਪ੍ਰੀਤ ਕੌਰ ਰੰਧਾਵਾ ਤੇ ਉਸ ਤੋਂ ਛੋਟੇ ਭਰਾ ਅਜੈ ਸਿੰਘ ਰੰਧਾਵਾ ਤੇ ਵਿਜੈ ਸਿੰਘ ਰੰਧਾਵਾ ਹਨ। ਧੀ ਹਰਪ੍ਰੀਤ ਕੌਰ ਰੰਧਾਵਾ ਸਰੀ (ਕੈਨੇਡਾ) ਵਿਆਹੀ ਹੋਈ ਹੈ। ਪ੍ਰਦੁਮਣ ਦੀ ਦੂਜੀ ਮਾਂ ਦਾ ਨਾਮ ਬੀਬੀ ਸੁਰਜੀਤ ਕੌਰ (ਮਰਹੂਮ) ਹੈ। ਉਸ ਦੇ 2 ਪੁੱਤਰ ਵਰਿੰਦਰ ਸਿੰਘ ਰੰਧਾਵਾ ਉਰਫ਼ ਵਿੰਦੂ ਦਾਰਾ ਸਿੰਘ (ਅਦਾਕਾਰ) ਤੇ ਅਮਰੀਕ ਸਿੰਘ ਰੰਧਾਵਾ (ਅਦਾਕਾਰ) ਪ੍ਰਦੁਮਣ ਦੇ ਛੋਟੇ ਭਰਾ ਹਨ।

1973 ਵਿੱਚ ਫ਼ਿਲਮਾਂ ਤੋਂ ਮੁਕੰਮਲ ਕਿਨਾਰਾਕਸ਼ੀ ਕਰਦਿਆਂ ਉਹ ਉੱਤਰ ਪ੍ਰਦੇਸ਼ ਦੇ ਸ਼ਹਿਰ ਮੇਰਠ ਆਣ ਵਸੇ। ਇੱਥੇ ਉਹ ਕਾਰੋਬਾਰ ਦੇ ਨਾਲ-ਨਾਲ ਆਪਣੇ ਪਰਿਵਾਰ ਨਾਲ ਖ਼ੁਸ਼ਹਾਲ ਜ਼ਿੰਦਗੀ ਬਸਰ ਕਰ ਰਹੇ ਹਨ। ਉਹ ਪੰਜਾਬੀ ਜ਼ੁਬਾਨ ਵਿੱਚ ਸ਼ਾਇਰੀ ਵੀ ਕਰਦੇ ਹਨ। ਪ੍ਰਦੁਮਣ ਨੇ ਦੱਸਿਆ ਕਿ ਛੇਤੀ ਹੀ ਉਹ ਆਪਣਾ ਕਾਵਿ ਸੰਗ੍ਰਹਿ ਛਪਵਾ ਰਹੇ ਹਨ।

## ਪਹਿਲੀ ਸ਼ਤਾਬਦੀ

# ਜੇਲ ਵਿਚੋਂ ਭਾਈ ਰਣਧੀਰ ਸਿੰਘ ਦੀ ਖ਼ਤੋ-ਕਿਤਾਬਤ

**ਜੈਤੇਗ ਸਿੰਘ ਅਨੰਤ**

ਭਾਈ ਸਾਹਿਬ ਭਾਈ ਰਣਧੀਰ ਸਿੰਘ ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀਆਂ ਵਿੱਚੋਂ ਇੱਕ ਸਨ। ਪੰਜਾਬ ਦੀ ਗ਼ਦਰ ਲਹਿਰ ਦੇ ਮਹਾਨ ਨਾਇਕ ਤੇ ਅਖੰਡ ਕੀਰਤਨ ਟਕਸਾਲ ਦੇ ਵੀ ਜਨਮਦਾਤਾ ਸਨ। ਉਹ ਬਹੁਪੱਖੀ ਪ੍ਰਤਿਭਾ ਦੇ ਮਾਲਕ, ਨਾਮ ਬਾਣੀ ਦੇ ਰਸੀਆ, ਗਿਆਨ ਦੇ ਭੰਡਾਰ, ਗੁਰਮਤਿ ਮਾਰਗ ਦੇ ਪਾਂਧੀ, ਸਿਦਕ ਸਿਰੜ ਦੀ ਮੂਰਤ, ਕਥਨੀ ਤੇ ਕਰਨੀ ਦੇ ਸੂਰੇ ਸਨ। ਉਨਾਂ ਦੀ ਜ਼ਿੰਦਗੀ ਦਾ ਹਰ ਪੱਖ ਬਹੁਤ ਖ਼ੂਬਸੂਰਤ ਤੇ ਪ੍ਰੇਰਨਾਦਾਇਕ ਸੀ। ਉਨਾਂ ਸਾਰੀ ਜ਼ਿੰਦਗੀ ਬਾਣੀ ਤੇ ਬਾਣੇ, ਗੁਰੂ ਗ੍ਰੰਥ ਤੇ ਗੁਰੂ ਪੰਥ, ਸੰਗਤ ਤੇ ਪੰਗਤ ਤੇ ਨਾਮ ਅਭਿਆਸ ਦੇ ਸਿਧਾਂਤ 'ਤੇ ਖਰੇ ਉਤਰਨ ਵਾਲੇ ਪੱਕੇ ਸਿੱਖ ਵਜੋਂ ਬਿਤਾਈ।

ਉਹ 7 ਜੁਲਾਈ 1878 ਨੂੰ ਪਿਤਾ ਸ. ਨੱਥਾ ਅਤੇ ਮਾਤਾ ਪੰਜਾਬ ਕੌਰ ਦੇ ਘਰ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ ਵਿਖੇ ਪੈਦਾ ਹੋਏ। ਸਿੱਖੀ ਵਿਰਾਸਤ ਵਿੱਚ ਮਿਲੀ। ਜ਼ਿੰਦਗੀ ਦਾ ਮੁੱਖ ਸਿਧਾਂਤ ਕੀਰਤਨ ਤੇ ਚਿੰਤਨ ਸਨ। ਉਹ ਨੌਜਵਾਨ ਵਰਗ ਲਈ ਮਾਰਗ ਦਰਸ਼ਕ ਸਨ। ਮਾਲਵਾ ਖਾਲਸਾ ਸਕੂਲ 18 ਨਵੰਬਰ 1908 ਨੂੰ ਸ਼ੁਰੂ ਹੋਇਆ। ਸੰਨ 1909 ਤੋਂ ਲੈ ਕੇ 1914 ਤੱਕ ਭਾਈ ਰਣਧੀਰ ਸਿੰਘ ਸਕੂਲ ਦੇ ਬੋਰਡਿੰਗ ਹਾਊਸ ਵਿਚ ਕੀਰਤਨ ਕਰਿਆ ਕਰਦੇ ਸਨ। ਇਸ ਸਕੂਲ ਦੀ ਇੱਕ ਭੁਜੰਗੀ ਸਭਾ ਬਣੀ ਹੋਈ ਸੀ ਜਿਸ ਦੇ ਸਕੱਤਰ ਨਾਹਰ ਸਿੰਘ ਗੁਜਰਵਾਲ ਸਨ। ਸਾਰੇ ਵਿਦਿਆਰਥੀ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਅੰਮ੍ਰਿਤਧਾਰੀ ਹੋ ਗਏ ਸਨ। ਇੱਥੋਂ ਹੀ ਗਿਆਨੀ ਨਾਹਰ ਸਿੰਘ, ਭਾਈ ਰਣਧੀਰ ਸਿੰਘ ਦੀ ਅੱਖ ਦਾ ਤਾਰਾ ਬਣ ਗਿਆ। ਉਹ ਭਾਈ ਸਾਹਿਬ ਵੱਲੋਂ ਹਰ ਇਕੱਠ ਤੇ ਮੀਟਿੰਗ ਵਿਚ ਜਾਣਾ ਆਪਣਾ ਸੁਭਾਗ ਸਮਝਦਾ ਸੀ।

ਤੀਹ ਮਈ 1914 ਨੂੰ ਗੁਰਦੁਆਰਾ ਰਕਾਬਗੰਜ ਦਿੱਲੀ ਦੀ ਦੀਵਾਰ ਸਬੰਧੀ ਲੰਡਾ ਬਾਜ਼ਾਰ ਲਾਹੌਰ ਵਿਖੇ ਵਿਸ਼ੇਸ਼ ਦੀਵਾਨ ਲੱਗਿਆ। ਉਸ ਵਿੱਚ ਭਾਈ ਸਾਹਿਬ ਵਿਸ਼ੇਸ਼ ਤੌਰ 'ਤੇ ਪੁੱਜੇ ਸਨ। ਇਸ ਦੀਵਾਨ ਵਿੱਚ ਭਾਈ ਸਾਹਿਬ ਦੇ ਨਜ਼ਦੀਕੀ ਹੈੱਡਮਾਸਟਰ ਧਰਮ ਸਿੰਘ, ਪ੍ਰਿੰਸੀਪਲ ਇਕਬਾਲ ਸਿੰਘ, ਭਾਈ ਸੁੰਦਰ ਸਿੰਘ ਘੁਮਾਣ ਤੇ ਗਿਆਨੀ ਨਾਹਰ ਸਿੰਘ ਗੁਜਰਵਾਲ ਨੇ ਵੀ ਆਪਣੀ ਹਾਜ਼ਰੀ ਲੁਆਈ।

ਫਿਰੋਜ਼ਪੁਰ ਛਾਉਣੀ ਗ਼ਦਰ ਐਕਸ਼ਨ ਤੋਂ ਪਹਿਲਾਂ ਮਾਲਵੇ ਇਲਾਕੇ ਵਿੱਚ ਗਦਰੀਆਂ ਦਾ ਭਰਵਾਂ ਇਕੱਠ 14 ਫਰਵਰੀ 1915 ਨੂੰ ਪਿੰਡ ਗੁਜਰਵਾਲ ਹੋਇਆ। ਜਿੱਥੇ ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਉੱਤਮ ਸਿੰਘ ਹਾਂਸ, ਭਾਈ ਰਣਧੀਰ ਸਿੰਘ, ਭਾਈ ਹਰਨਾਮ ਸਿੰਘ ਗੁਜਰਵਾਲ, ਭਾਈ ਮੁਲਤਾਨ ਸਿੰਘ ਨਾਰੰਗਵਾਲ ਤੇ ਗਿਆਨੀ ਨਾਹਰ ਸਿੰਘ ਗੁਜਰਵਾਲ ਇਸ ਇਕੱਠ ਵਿਚ ਸ਼ਾਮਲ ਹੋਏ ਜਿਸ ਵਿਚ ਫਿਰੋਜ਼ਪੁਰ ਐਕਸ਼ਨ ਪਲਾਨ 'ਤੇ ਵਿਚਾਰਾਂ ਕੀਤੀਆਂ। ਇਹ ਇਕ ਇਤਿਹਾਸਕ ਭਰਵੀਂ ਇਕੱਤਰਤਾ ਸੀ।

19 ਫਰਵਰੀ 1915 ਨੂੰ ਗ਼ਦਰ ਲਹਿਰ ਦੀ ਸ਼ਮੂਲੀਅਤ ਤੇ ਫਿਰੋਜ਼ਪੁਰ ਛਾਉਣੀ ਵਿਖੇ ਕਬਜ਼ਾ ਕਰਨ ਦੀ ਯੋਜਨਾ ਸੀ। ਗਿਆਨੀ ਨਾਹਰ ਸਿੰਘ ਗੁਜਰਵਾਲ ਤੇ ਮਾਲਵਾ ਖਾਲਸਾ ਸਕੂਲ ਦੀ ਭੁਜੰਗੀ ਸਭਾ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਪਰ ਇਹ ਐਕਸ਼ਨ ਅਸਫਲ ਹੋਣ ਕਰਕੇ ਫੜੋ ਫੜੀ ਦਾ ਦੌਰ ਸ਼ੁਰੂ ਹੋ ਗਿਆ। ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ 9 ਮਈ 1915 ਨੂੰ ਨਾਭੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸੇ ਤਰਾਂ ਗਿਆਨੀ ਨਾਹਰ ਸਿੰਘ ਗੁਜਰਵਾਲ ਨੂੰ 25 ਜੂਨ 1915 ਨੂੰ ਗ੍ਰਿਫ਼ਤਾਰ ਕਰ ਲਿਆ। 27 ਜੂਨ 1915 ਨੂੰ ਇਨਾਂ ਸਾਰਿਆਂ ਨੂੰ ਰੇਲ ਗੱਡੀ ਰਾਹੀਂ ਲਾਹੌਰ ਲਿਜਾਇਆ ਗਿਆ। 29 ਅਕਤੂਬਰ 1915 ਨੂੰ ਇਨਾਂ ਸਾਰੇ ਕੈਦੀਆਂ 'ਤੇ ਮੁਕੱਦਮਾ ਸ਼ੁਰੂ ਹੋਇਆ ਜਿਸ ਦਾ ਫੈਸਲਾ 30 ਮਾਰਚ 1916 ਨੂੰ ਲਾਹੌਰ ਵਿਖੇ ਜੇਲ ਅੰਦਰ ਹੀ ਤਿੰਨ ਜੱਜਾਂ ਦੀ ਅਦਾਲਤ ਨੇ ਕੀਤਾ। ਉਨਾਂ ਸਾਰਿਆਂ ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਧਰ ਲਿਆ। ਭਾਈ ਸਾਹਿਬ ਨੂੰ ਉਮਰ ਕੈਦ, ਕਾਲੇ ਪਾਣੀ ਦੀ ਸਜ਼ਾ ਤੇ ਜਾਇਦਾਦ ਜ਼ਬਤ ਦਾ ਹੁਕਮ ਹੋਇਆ। ਗਿਆਨੀ ਨਾਹਰ ਸਿੰਘ ਦੀ ਉਮਰ ਛੋਟੀ ਹੋਣ ਕਾਰਨ ਸਜ਼ਾ ਘਟਾ ਕੇ 5 ਸਾਲ ਸਖ਼ਤ ਕੈਦ ਕਰ ਦਿੱਤੀ। ਗਿਆਨੀ ਨਾਹਰ ਸਿੰਘ 4 ਅਪਰੈਲ ਨੂੰ ਮਿੰਟਗੁਮਰੀ ਜੇਲ ਭੇਜ ਦਿੱਤੇ ਜਿੱਥੋਂ ਉਹ 15 ਅਪਰੈਲ 1919 ਨੂੰ ਰਿਹਾਅ ਹੋ ਕੇ ਪਿੰਡ ਗੁਜਰਵਾਲ ਆ ਗਏ।

ਭਾਈ ਸਾਹਿਬ ਰਣਧੀਰ ਸਿੰਘ 4 ਅਪਰੈਲ 1916 ਤੋਂ ਅੱਧ ਜੁਲਾਈ 1916 ਤੱਕ ਮੁਲਤਾਨ ਜੇਲ, 16 ਜੁਲਾਈ 1916 ਤੋਂ ਅਕਤੂਬਰ 1921 ਤੱਕ ਹਜ਼ਾਰੀ ਬਾਗ਼ ਜੇਲ ਵਿਚ ਫਰੰਗੀ ਸਰਕਾਰ ਦੀਆਂ ਸਖ਼ਤੀਆਂ ਦੇ ਉਤਾਰ ਚੜਾਅ ਨੂੰ ਗੁਰੂ ਦੇ ਭਾਣੇ ਵਿਚ ਰਹਿ ਕੇ ਜਰਦੇ ਰਹੇ। ਐਪਰ ਅਕਤੂਬਰ 1921 ਵਿਚ ਆਂਧਰਾ ਪ੍ਰਦੇਸ਼ ਦੀ ਰਾਜਮੁੰਦਰੀ ਜੇਲ ਵਿਚ ਆ ਗਏ।

ਰਾਜਮੁੰਦਰੀ ਜੇਲ ਜਿੱਥੋਂ ਚਿੱਠੀਆਂ ਦਾ ਆਗਾਜ਼ ਹੋਇਆ:

ਆਂਧਰਾ ਪ੍ਰਦੇਸ਼ ਵਿਚ ਸਥਿਤ ਰਾਜਮੁੰਦਰੀ ਜੇਲ ਨੂੰ ਦੇਸ਼ ਦੀ ਪੰਜਵੀਂ ਵੱਡੀ ਜੇਲ ਮੰਨਿਆ ਜਾਂਦਾ ਹੈ। ਇਸ ਨੂੰ 1602 ਵਿੱਚ ਡੱਚਾਂ ਨੇ ਰਾਜਮੁੰਦਰੀ ਅੰਦਰ ਵਿਸ਼ਾਲ ਕਿਲੇ ਦੇ ਰੂਪ ਵਿੱਚ ਸਥਾਪਿਤ ਕੀਤਾ। ਬ੍ਰਿਟਿਸ਼ ਸਰਕਾਰ ਦਾ ਰਾਜ ਹੋ ਜਾਣ ਨਾਲ 1864 ਵਿੱਚ ਇਹ ਕਿਲਾ ਜੇਲ ਵਿੱਚ ਬਦਲ ਦਿੱਤਾ ਗਿਆ ਜਿਸ ਨੇ 1870 ਵਿਚ ਕੇਂਦਰੀ ਜੇਲ ਦਾ ਰੂਪ ਅਖ਼ਤਿਆਰ ਕਰ ਲਿਆ। ਭਾਈ ਸਾਹਿਬ ਰਣਧੀਰ ਸਿੰਘ ਅਕਤੂਬਰ 1921 ਵਿਚ ਰਾਜਮੁੰਦਰੀ ਜੇਲ ਵਿਚ ਪੁੱਜੇ। ਇਸ ਜੇਲ ਵਿਚ ਹੀ ਭਾਈ ਸਾਹਿਬ ਨੇ ਗੁਰਮਤਿ ਬਿਬੇਕ ਪੁਸਤਕ ਦੀ ਰਚਨਾ ਕੀਤੀ। ਇਸੇ ਜੇਲ ਤੋਂ ਹੀ 'ਜੇਲ ਚਿੱਠੀਆਂ' ਭਾਵ ਚਿੱਠੀ ਪੱਤਰ ਦੀ ਸ਼ੁਰੂਆਤ ਕੀਤੀ ਗਈ।

ਸੰਨ 1922 ਵਿੱਚ ਭਾਵ ਸੌ ਸਾਲ ਪਹਿਲਾਂ ਰਾਜਮੁੰਦਰੀ ਜੇਲ 'ਚੋਂ ਭਾਈ ਸਾਹਿਬ ਨੇ ਪਹਿਲੀ ਚਿੱਠੀ 19 ਮਾਰਚ 1922



ਨੂੰ ਆਪਣੇ ਅਤਿ ਪਿਆਰੇ ਸਨੇਹੀ ਗਿਆਨੀ ਨਾਹਰ ਸਿੰਘ ਗੁਜਰਵਾਲ ਨੂੰ ਲਿਖੀ। ਦੂਜੀ ਚਿੱਠੀ 24 ਮਾਰਚ 1922 ਤੇ ਤੀਜੀ ਚਿੱਠੀ 30 ਮਾਰਚ 1922 ਨੂੰ ਲਿਖੀ। ਇੱਕ ਮਹੀਨੇ ਵਿੱਚ ਤਿੰਨ ਚਿੱਠੀਆਂ ਲਿਖੀਆਂ ਜੋ ਵੱਖੋ-ਵੱਖ ਦੋ ਲਫ਼ਾਫ਼ਿਆਂ ਵਿੱਚ ਗੁਜਰਵਾਲ ਪੁੱਜੀਆਂ। ਜਿਨਾਂ ਨੇ ਵੀ ਇਹ ਚਿੱਠੀਆਂ ਸੁਣੀਆਂ ਜਾਂ ਪੜੀਆਂ ਹਨ, ਉਹ ਅਸ਼ ਅਸ਼ ਕਰ ਉੱਠੇ ਕਿਉਂਕਿ ਇਨਾਂ ਵਿੱਚ ਕੁਝ ਖ਼ਾਸ ਖ਼ੂਬੀਆਂ ਸਨ।

1. ਉੱਚ ਆਤਮਿਕ ਰੰਗਾਂ ਦੇ ਪੇਖੀ ਪਰਖੀ ਹੋਈ ਆਪ ਬੀਤੀ ਵਾਰਤਾ ਹੈ ਜੋ ਨਾਮ ਬਾਣੀ ਦੇ ਪ੍ਰਤਾਪ ਨੂੰ ਦ੍ਰਿੜਾਉਂਦੀ ਤੇ ਗੁਰਮਤਿ ਪਰ ਸ਼ਰਧਾ ਭਾਵਨਾ ਵਧਾਉਂਦੀ ਹੈ।
2. ਗੁਰਮਤਿ ਦੀਆਂ ਗੁਣੀਆਂ ਰਮਜ਼ਾਂ ਤੇ ਨਾਮ ਸਿਮਰਨ ਦੀ ਐਸੀ ਰਸਦਾਇਕ ਅਚਰਜ ਵਿਆਖਿਆ ਹੈ ਜੋ ਬਿਨਾਂ ਨਾਮ ਬਾਣੀ ਦੇ ਰਸ-ਲੀਨ ਤੋਂ ਸਫੁਰਨ ਹੋਣੀ ਅਸੰਭਵ ਹੈ।
3. ਸਿੱਖ ਇਤਿਹਾਸ ਦੇ ਨੁਕਤਾ ਨਿਗਾਹ ਨਾਲ ਇਹ ਦੁਰਲੱਭ ਦਸਤਾਵੇਜ਼ ਹੈ। ਸ਼ਾਇਦ ਹੀ ਇਸ ਤਰਾਂ ਦੀਆਂ ਤਜ਼ਰਬੇ ਵਿੱਚ ਆਈਆਂ ਉੱਚ ਆਤਮਿਕ ਗੱਲਾਂ ਕਿਸੇ ਨੇ ਇਉਂ ਰਸ-ਭਿੰਨੀ ਵਾਕ ਰਚਨਾ ਵਿਚ ਲਿਖੀਆਂ ਹੋਣਗੀਆਂ। ਖਿਆਲ ਕੀਤਾ ਜਾਂਦਾ ਹੈ ਨਾ ਸਿੱਖਾਂ ਵਿਚ ਕਿਸੇ ਨੇ ਤੇ ਨਾ ਕਿਸੇ ਹੋਰ ਨੇ ਅਜਿਹੀ ਰਚਨਾ ਅੱਜ ਤੀਕ ਰਚੀ ਹੈ।

ਮੁੱਕਦੀ ਗੱਲ ਇਹ ਹੈ ਕਿ ਇਨਾਂ ਚਿੱਠੀਆਂ ਦਾ ਇਹ ਮਜ਼ਮੂਨ ਧਾਰਮਿਕ, ਇਤਿਹਾਸਕ ਤੇ ਸਾਹਿਤਕ ਨੁਕਤਾ ਖ਼ਿਆਲ ਨਾਲ ਇੱਕ ਦੁਰਲੱਭ ਚੀਜ਼ ਹੈ ਜੋ ਭਾਈ ਸਾਹਿਬ ਨੂੰ ਅਨੁਭਵ ਰਾਹੀਂ ਫੁਰਿਆ ਅਤੇ ਕਲਮ ਰਾਹੀਂ ਪ੍ਰਗਟ ਹੋਇਆ। ਇਨਾਂ ਵਿੱਚ ਦੱਸਿਆ ਗਿਆ ਹੈ ਕਿ ਨਾਮ ਦੀ ਖੋਜ ਤੇ ਪ੍ਰਾਪਤੀ ਤੋਂ ਬਾਅਦ ਜੋਤ ਸਰੂਪੀ ਦਰਸ਼ਨ ਕਿਵੇਂ ਹੋਏ। ਇਸ ਤਰਾਂ ਦੀਆਂ ਹੋਰ ਭੀ ਕਈ ਗੁਰਮਤਿ ਦੇ ਉੱਚ ਭਾਵ ਦੀਆਂ ਗੱਲਾਂ ਹਨ।

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਕੁੱਲ 25 ਇਤਿਹਾਸਕ ਚਿੱਠੀਆਂ ਲਿਖੀਆਂ ਜਿਸ ਦਾ ਮੁੱਢ ਰਾਜਮੁੰਦਰੀ ਜੇਲ ਵਿੱਚੋਂ ਬੱਝਿਆ। ਇਹ ਆਪ ਦੀ ਕਰਮ ਭੂਮੀ ਸੀ। ਇਹ ਸਾਰੀਆਂ ਚਿੱਠੀਆਂ ਭਾਈ ਸਾਹਿਬ ਨੇ ਆਪਣੇ ਇੱਕ ਅਜਿਹੇ ਮਿੱਤਰ ਨੂੰ ਲਿਖੀਆਂ ਸਨ ਜੋ ਰਾਜਸੀ ਕੈਦੀ ਦੇ ਤੌਰ 'ਤੇ ਖ਼ੁਦ ਲਾਹੌਰ ਸਾਜ਼ਿਸ਼ ਕੇਸ ਤਹਿਤ ਕੈਦ ਕੱਟ ਕੇ ਆਪਣੇ ਪਿੰਡ ਆ ਗਿਆ ਸੀ। ਇਹ ਕੋਈ ਹੋਰ ਨਹੀਂ ਬਲਕਿ ਨਾਹਰ ਸਿੰਘ ਗੁਜਰਵਾਲ ਸੀ। ਉਨਾਂ ਨਾਲ ਜੀਵਨ ਦੇ ਬਿਖੜੇ ਰਾਹਾਂ 'ਤੇ ਤੁਰਨ ਵਾਲੇ ਗਿਆਨੀ ਨਾਹਰ ਸਿੰਘ ਗੁਜਰਵਾਲ ਨੇ ਆਪਣੀ ਸੰਪਾਦਨਾ ਹੇਠ ਹੀ ਜੇਲ ਚਿੱਠੀਆਂ ਦਾ ਮਹਾਨ ਕਾਰਜ ਕੀਤਾ।

ਇਨਾਂ ਚਿੱਠੀਆਂ ਦਾ ਆਦਾਨ ਪ੍ਰਦਾਨ ਗੁਪਤ ਢੰਗ ਨਾਲ ਚਲਦਾ ਗਿਆ। ਪੁਲੀਸ ਨੂੰ ਇਸ ਗੱਲ ਦੀ ਸੂਹ ਲੱਗ ਗਈ ਤੇ ਉਹ ਚਿੱਠੀਆਂ ਦੀ ਤਲਾਸ਼ ਕਰਨ ਲਈ ਸਰਗਰਮ ਰਹੀ। ਗਿਆਨੀ ਨਾਹਰ ਸਿੰਘ ਦੇ ਪਿੰਡ ਇੱਕ ਸੂਹੀਆ (ਜਾਸੂਸ) ਉਨਾਂ ਦੇ ਸਫ਼ਰ ਦੌਰਾਨ ਵੀ ਨਾਲ ਰਹਿੰਦਾ ਰਿਹਾ। ਪੁਲੀਸ ਵਾਲੇ ਅਕਸਰ ਆਪਣੀ ਬੋਲੀ ਵਿੱਚ ਗਿਆਨੀ ਨਾਹਰ ਸਿਘ ਨੂੰ 'ਲੀਡਰਾਂ ਦਾ ਲੈਟਰ ਬਾਕਸ' ਕਿਹਾ ਕਰਦੇ ਸਨ। ਜਦੋਂ ਗਿਆਨੀ ਨਾਹਰ ਸਿੰਘ ਜੀ ਆਪਣੇ ਸਪੁੱਤਰ ਸਰਦੂਲ ਸਿੰਘ ਪਾਸ ਅੰਬਾਲੇ ਵਿਖੇ ਸਨ ਤਾਂ ਪੰਜਾਬ ਵਿੱਚ ਆਏ ਹੜਾਂ ਦੇ ਭੇਟ ਚੜੇ ਘਰ ਦੇ ਸਾਮਾਨ ਸਮੇਤ ਭਾਈ ਸਾਹਿਬ ਦੀਆਂ ਚਿੱਠੀਆਂ ਦਾ ਬੇਸ਼ਕੀਮਤੀ ਖ਼ਜ਼ਾਨਾ ਵੀ ਨਸ਼ਟ ਹੋ ਗਿਆ।

ਗਿਆਨੀ ਨਾਹਰ ਸਿੰਘ ਜੀ ਨੇ ਜੇਲ ਚਿੱਠੀਆਂ ਦਾ ਪਹਿਲਾ ਹਿੱਸਾ 1936, ਦੂਜਾ 1937, ਤੀਜਾ ਹਿੱਸਾ 1938 ਵਿੱਚ ਅਤੇ ਦੂਜੀ ਵਾਰ ਤਿੰਨੇ ਹਿੱਸੇ ਇੱਕੋ ਜਿਲਦ ਵਿੱਚ 1951, ਤੀਜੀ ਵਾਰ ਤਿੰਨੇ ਹਿੱਸੇ 1956 ਵਿੱਚ ਛਾਪੇ। ਇਸੇ ਤਰਾਂ ਵੱਡੀ ਗਿਣਤੀ ਵਿਚ ਇਸ ਦੀ ਪ੍ਰਕਾਸ਼ਨਾ ਹੁੰਦੀ ਰਹੀ। ਇਸ ਨੂੰ ਅਕਤੂਬਰ 2016 ਵਿੱਚ ਡੀ.ਟੀ.ਐਫ. ਪ੍ਰਕਾਸ਼ਨ ਬਰਮਿੰਘਮ, ਇੰਗਲੈਂਡ ਵੱਲੋਂ ਭਾਈ ਮਦਨ ਸਿੰਘ ਨੇ ਵੱਡੀ ਗਿਣਤੀ ਵਿੱਚ ਪ੍ਰਕਾਸ਼ਿਤ ਕੀਤਾ।

**ਸੰਪਰਕ:** +1 778 385-8141 (**ਸਰੀ, ਕੈਨੇਡਾ**

---

# ਸਿਆਨਪ ਕਾਹੂ ਕਾਮਿ ਨ ਆਤ ॥ ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ-34**

**ਸੰਪਾਦਕ: ਸਰਬਜੀਤ ਕੌਰ ਸਰਬ**

ਅੱਜ ਤਕ ਮਨੁੱਖ ਇਸੇ ਹੀ ਗਰਦਿਸ਼ ਵਿੱਚ ਅਤੇ ਇਸੇ ਹੀ ਸ਼ਸ਼ੋਪੰਜ ਵਿੱਚ ਜੀਅ ਰਿਹਾ ਹੈ ਕਿ ਮੈਂ ਕੁਝ ਕਰ ਰਿਹਾ ਹਾਂ ਜੋ ਕੁਝ ਹੋ ਰਿਹਾ ਹੈ ਜਾਂ ਕੁਝ ਕੀਤਾ ਜਾ ਰਿਹਾ ਹੈ ? ਮੈਂ ਕਰਤਾ ਹਾਂ ਜਾਂ ਕੋਈ ਹੋਰ ਕਰਤਾ ਹੈ ? ਵੱਡੇ ਵੱਡੇ ਦਾਰਸ਼ਨਿਕ ਬੜੇ ਬੜੇ ਵਿਚਾਰਕ ਇਸ ਸੰਬੰਧ ਵਿਚ ਆਪਣਾ ਆਪਣਾ ਦਿਮਾਗ ਆਪਣੇ ਆਪਣੇ ਵਿਚਾਰ ਲੜਾਉਂਦੇ ਰਹੇ ਹਨ। ਇਸ ਵਿਚ ਇਸ਼ਵਰੀ ਆਸਥਾ ਰੱਖਣ ਵਾਲੇ ਤੇ ਆਸਥਾ ਨਾ ਰੱਖਣ ਵਾਲੇ ਨਾਸਤਿਕ ਦੋਵੇਂ ਹੀ ਯਤਨਸ਼ੀਲ ਰਹੇ ਹਨ। ਕੋਸ਼ਿਸ਼ ਕਰ ਰਹੇ ਹਨ ਕਿ ਕੋਈ ਕਰਤਾ ਹੈ ਜਾਂ ਅਸੀਂ ਆਪਣੀ ਕਿਰਤ ਦੇ ਆਪ ਕਰਤਾ ਹਾਂ ? ਧਾਰਮਿਕ ਜਗਤ ਵਿੱਚ ਵੀ ਧਾਰਮਿਕ ਪੁਰਸ਼ਾਂ ਦੇ ਦਿਲੋ ਦਿਮਾਗ ਵਿੱਚ ਵੀ ਜਿੱਥੇ ਇਹੋ ਹੀ ਸਵਾਲ ਗਰਦਿਸ਼ ਕਰਦਾ ਰਿਹਾ ਹੈ ਉੱਥੇ ਨਾਸਤਿਕ ਲੋਕਾਂ ਨੇ ਵੀ ਇਸ ਨੂੰ ਗਹਿਰਾਈ ਨਾਲ ਲਿਆ ਹੈ। ਨਾਸਤਿਕ ਖੋਜਦਿਆਂ ਖੋਜਦਿਆਂ ਇੱਥੇ ਤਕ ਪਹੁੰਚਿਆ ਕੀ ਇੱਕ ਸ਼ਕਤੀ ਹੈ ਅਤੇ ਉਸ ਸ਼ਕਤੀ ਨੂੰ ਅਸੀਂ ਆਪਣੇ ਅਨੁਕੂਲ ਕਰ ਸਕਦੇ ਹਾਂ ਜੇ ਆਪਣੇ ਅਨੁਕੂਲ ਕਰ ਲਈਏ ਉਸ ਦੇ ਸੁਭਾਅ ਨੂੰ ਸਮਝ ਲਈਏ ਤਾਂ ਉਹ ਸਾਡੇ ਲਈ ਕਾਬਲੇ ਇਸਤੇਮਾਲ ਹੋ ਸਕਦੀ ਹੈ ਸੁੱਖ ਦਾ ਸਾਧਨ ਹੋ ਸਕਦੀ ਹੈ। ਜਿਵੇਂ ਹਵਾ ਨੂੰ ਆਪਣੇ ਸਰੀਰ ਦੇ ਅਨੁਕੂਲ ਕਰਨਾ ਵਾਤਾਨੁਕੂਲ ਪਾਣੀ ਨੂੰ ਆਪਣੇ ਅਨੁਕੂਲ ਠੰਢਾ ਜਾਂ ਗਰਮ ਕਰ ਲੈਣਾ ਅਤੇ ਇਸ ਤੋਂ ਇਲਾਵਾ ਪੰਜ ਦੀਆਂ ਵਿਕਰੀਆਂ ਹੋਈਆਂ ਸ਼ਕਤੀਆਂ ਜੋ ਚਾਰੇ ਪਾਸੇ ਬਿਖਰੀਆਂ ਹੋਈਆਂ ਹਨ। ਮਨੁੱਖ ਦੀ ਆਦਿ ਕਾਲ ਤੋਂ ਇਹ ਕੋਸ਼ਿਸ਼ ਰਹੀ ਹੈ ਕਿ ਇਨਾਂ ਨੂੰ ਆਪਣੇ ਅਨੁਕੂਲ ਕਰ ਲਈਏ ਤਾਂ ਕਿ ਇਨਾਂ ਤੋਂ ਸੁੱਖ ਲੈ ਸਕੀਏ। ਵਿਗਿਆਨ ਵੀ ਇਸੇ ਹੀ ਵਿਚਾਰਾਂ ਦੀ ਆਧਾਰਸ਼ਿਲਾ ਉੱਤੇ ਖੜਾ ਹੈ ਉਸ ਨੇ ਰੇਲਾਂ ਮੋਟਰਾਂ ਗੱਡੀਆਂ ਹਵਾਈ ਜਹਾਜ਼ ਆਦਿ ਹੋਰ ਕਈ ਕਿਸਮ ਦੇ ਸਾਧਨ ਮੁਹੱਈਆ ਕਰ ਕੇ ਮਨੁੱਖ ਲਈ ਅਨੇਕਾਂ ਤਰਾਂ ਦੀਆਂ ਸਹੂਲਤਾਂ ਮੁਯੱਸਰ ਕੀਤੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਰਹਿ ਗਿਆ ਪਰ ਇੱਥੇ ਵਿਗਿਆਨ ਨੂੰ ਵੀ ਇੱਕ ਭਰਮ ਭੁਲੇਖਾ ਪੈ ਗਿਆ ਕਿ ਕਰਤੇ ਅਸੀਂ ਹਾਂ, ਕੋਈ ਹੋਰ ਕਰਤਾ ਨਹੀਂ ਹੈ। ਇਸ ਵਾਸਤੇ ਵਿਗਿਆਨ ਭਗਵਾਨ ਦੀ ਹੋਂਦ ਤੋਂ ਖਾਲੀ ਹੈ, ਵਿਗਿਆਨ ਭਗਵਾਨ ਅਤੇ ਸ਼ਰਧਾ ਨਹੀਂ ਰੱਖਦਾ, ਵਿਗਿਆਨ ਸੰਤ ਨਹੀਂ ਹੁੰਦਾ ।

ਵਿਗਿਆਨ ਇਹ ਸੋਚ ਹੀ ਨਹੀਂ ਸਕਦਾ ਕੀ ਕਰਤਾ ਕੋਈ ਹੋਰ ਹੈ ਕਿਉਂਕਿ ਉਹ ਆਪਣੀ ਸੋਚਣ ਸ਼ਕਤੀ ਨੂੰ ਲੜਾ ਲੜਾ ਕੇ ਪ੍ਰਕਿਰਤੀ ਦੇ ਬਹੁਤ ਪਹਿਲੂਆਂ ਨੂੰ ਆਪਣੇ ਅਨੁਕੂਲ ਕਰਦਾ ਗਿਆ। ਜਿਵੇਂਕਿ ਗਰਮੀ ਚੱਲ ਰਹੀ ਹੈ ਤਾਂ ਹਵਾ ਨੂੰ ਠੰਢਾ ਕਰ ਲਿਆ, ਸ਼ੀਤ ਲਹਿਰ ਚੱਲ ਰਹੀ ਹੈ ਤਾਂ ਹਵਾ ਨੂੰ ਗਰਮ ਕਰ ਲਿਆ, ਹੀਟਰ ਲਗਾ ਲਿਆ ।

ਇੰਜ ਦੇ ਛੋਟੇ ਛੋਟੇ ਉਪਕਰਨ ਪੈਦਾ ਕਰ ਕੇ ਅਤੇ ਪ੍ਰਕਿਰਤੀ ਦੀਆਂ ਸ਼ਕਤੀਆਂ ਨੂੰ ਆਪਣੀ ਰੁਚੀ ਆਪਣੀਆਂ ਲੋੜਾਂ ਦੇ ਅਨੁਕੂਲ ਕਰਕੇ ਵਿਗਿਆਨ ਭਰਮ ਭੁਲੇਖੇ ਵਿੱਚ ਜੀਅ ਰਿਹਾ ਹੈ, ਅਤੇ ਸੋਚ ਰਿਹਾ ਹੈ ਕਿ ਕਿਸੇ ਦਿਨ ਸਾਰੀਆਂ ਸ਼ਕਤੀਆਂ ਦੇ ਸਾਗਰ ਨੂੰ ਅਸੀਂ ਆਪਣੇ ਅਨੁਕੂਲ ਕਰ ਲਵਾਂਗੇ। ਪੁਰਾਣੇ ਸਮੇਂ ਦੀਆਂ ਲੜਾਈਆਂ ਤੀਰ ਕਮਾਨ,



ਤਲਵਾਰਾਂ, ਨੇਜੇ ਆਦਿ ਵੱਧ ਤੋਂ ਵੱਧ ਮਨੁੱਖ ਦੇ ਹਥਿਆਰ ਸਨ। ਜਦਕਿ ਅੱਜ ਦੇ ਹਥਿਆਰ ਐਟਮ ਬੰਬ, ਹਾਈਡ੍ਰੋਜਨ ਬੰਬ ਐਨ ਵਿਨਾਸ਼ਕਾਰੀ ਹਨ, ਕੀ ਉਨਾਂ ਅੱਗੇ ਤੀਰ ਕਮਾਨ, ਤਲਵਾਰ ਨਾਲ ਬਚਾਅ ਕੀਤਾ ਜਾ ਸਕਦਾ ?

ਅਜਿਹੀ ਬੰਬਾਂ ਦੀ ਪੈਦਾਇਸ਼ ਕਰ ਕੇ ਇਸ ਸੰਸਾਰ ਵਿੱਚ ਮਨੁੱਖ ਦਾ ਨਾਸ਼ ਕਰਨ ਵਾਲੇ ਵੀ ਅਸੀਂ ਹੀ ਹਾਂ। ਇਹ ਕਰਤਾ ਕਰਨ ਵਾਲੇ ਵੀ ਬਣ ਗਏ ਪਰਲੈ ਕਰਨ ਵਾਲੇ ਵੀ ਬਣ ਗਏ। ਜਦ ਇਹ ਤਾਮੀਰ ਕਰਨ ਵਾਲੇ, ਵਿਨਾਸ਼ ਕਰਨ ਵਾਲੇ ਵੀ ਬਣ ਗਏ ਤਾਂ ਪ੍ਰਮਾਤਮਾ ਦੀ ਹੋਂਦ ਲਈ ਤਾਂ ਫਿਰ ਕੋਈ ਥਾਂ ਹੀ ਨਹੀਂ ਹੋਈ। ਇਹੀ ਕਾਰਨ ਹੈ ਕਿ ਸਾਰੇ ਜਗਤ ਦਾ ਵਿਗਿਆਨ ਭਗਵਾਨ ਦੀ ਸ਼ਰਧਾ ਤੋਂ ਖਾਲੀ ਹੈ। ਵਿਗਿਆਨ ਦੇ ਅਧੀਨ ਜਿਊਣ ਵਾਲੀ ਅੱਜ ਦੀ ਇਹ ਮਨੁੱਖਤਾ ਭਗਵਾਨ ਦੀ ਸ਼ਰਧਾ ਤੋਂ ਖਾਲੀ ਹੁੰਦੀ ਜਾ ਰਹੀ ਹੈ, ਈਸ਼ਵਰੀ ਆਸਥਾ ਤੋਂ ਖਾਲੀ ਹੁੰਦੀ ਜਾ ਰਹੀ ਹੈ। ਵਿਗਿਆਨ ਦਾ ਇਹ ਅਹਿਸਾਸ ਲੋਕਾਂ ਦੇ ਦਿਲਾਂ ਵਿੱਚ ਘਰ ਕਰਦਾ ਜਾ ਰਿਹਾ ਹੈ ਕਿ ਕੋਈ ਕਰਤਾ ਨਹੀਂ ਹੈ ਕੋਈ ਹਰਤਾ ਨਹੀਂ ਹੈ ।ਇਹੀ ਕਾਰਨ ਹੈ ਕਿ ਸਾਰੇ ਜਗਤ ਦਾ ਵਿਗਿਆਨ ਭਗਵਾਨ ਦੀ ਸ਼ਰਧਾ ਤੋਂ ਖਾਲੀ ਹੈ। ਵਿਗਿਆਨ ਦੇ ਅਧੀਨ ਜਿਊਣ ਵਾਲੀ ਅੱਜ ਦੀ ਇਹ ਮਨੁੱਖਤਾ ਭਗਵਾਨ ਦੀ ਸ਼ਰਧਾ ਤੋਂ ਖਾਲੀ ਹੁੰਦੀ ਜਾ ਰਹੀ ਹੈ, ਈਸ਼ਵਰੀ ਆਸਥਾ ਤੋਂ ਖਾਲੀ ਹੁੰਦੀ ਜਾ ਰਹੀ ਹੈ। ਅੱਜ ਕੱਲ ਦੇ ਵਿਗਿਆਨ ਦੀ ਇਹ ਗਤੀ ਜੋ ਕੁਝ ਵੀ ਹਾਸਲ ਕਰ ਰਹੀ ਹੈ ਉਹ ਸਾਗਰ ਵਿਚੋਂ ਇਕ ਚਮਚ ਪਾਣੀ ਤੋਂ ਜ਼ਿਆਦਾ ਨਹੀਂ ਹੈ। ਉਸ ਮਹਾਨ ਸੂਰਜ ਵਿੱਚੋਂ ਕੇਵਲ ਇੱਕ ਨਿੱਕੀ ਜਿਹੀ ਇੱਕ ਚਿੰਗਾਰੀ ਹਾਸਲ ਕਰ ਸਕੇ ਹਨ। ਉਹ ਅਕਾਲ ਪੁਰਖ ਪਰਮ ਪਿਤਾ ਪ੍ਰਮਾਤਮਾ ਇਕ ਸਾਗਰ ਹੈ ਜਿਸ ਦੇ ਅੰਦਰ ਉਹ ਸਭ ਕੁਝ ਸਮੋਇਆ ਹੋਇਆ ਹੈ ਮਨੁੱਖ ਜਿਸ ਦੀ ਦਿਨ ਰਾਤ ਕਾਮਨਾ ਕਰਦਾ ਹੈ। ਪਰ ਉਸ ਨੂੰ ਪਾਉਣ ਦੇ ਲਈ ਮਾਨੁਖ ਗਲਤ ਰਸਤੇ ਅਖਤਿਆਰ ਕਰ ਗਈ, ਪਾਪ ਦਾ ਭਾਗੀ ਬਣ ਜਾਂਦਾ ਹੈ।

# VALLEY REAL ESTATE CENTER ਵੱਲੋਂ ਸਮੂਹ ਪੰਜਾਬੀ ਭਾਈਚਾਰੇ ਨੂੰ ✪ ਵਿਸਾਖੀ ਦੇ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ ਹੋਣ ✪

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com

# ‘ਹਮ ਰਾਖਤ ਪਾਤਸ਼ਾਹੀ ਦਾਅਵਾ’

ਭਾਗ - 2



ਗੁਰਪ੍ਰੀਤ ਸਿੰਘ

ਦਲੀਪ ਸਿੰਘ ਹੁਣ ਵੱਡਾ ਹੋ ਗਿਆ ਸੀ। ਉਸਦੇ ਮਨ ਵਿੱਚ ਆਪਣੀ ਮਾਂ ਨੂੰ ਮਿਲਣ ਦੀ ਇੱਛਾ ਪਰਗਟ ਹੋਈ। ਉੱਧਰ ਮਹਾਰਾਣੀ ਜ਼ਿੰਦਾ ਜੋ ਚਿਨੌਰ ਦੇ ਕਿਲੇ 'ਚੋਂ ਨਿਕਲ ਕੇ ਨੇਪਾਲ ਜਾ ਕੇ ਰਹਿ ਰਹੀ ਸੀ। ਉਸਨੇ ਵੀ ਨੇਪਾਲ ਦੇ ਰਾਜੇ ਨੂੰ ਬੇਨਤੀ ਕੀਤੀ ਤੇ ਆਪਣੇ ਪੁੱਤਰ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ। ਨੇਪਾਲ ਦੇ ਰਾਜੇ ਨੇ ਅੰਗਰੇਜ਼ ਸਰਕਾਰ ਨੂੰ ਚਿੱਠੀਆਂ ਲਿਖੀਆਂ ਤੇ ਮਾਂ-ਪੁੱਤ ਦੇ ਮਿਲਾਪ ਲਈ ਬੇਨਤੀ ਕੀਤੀ। ਅੰਗਰੇਜ਼ ਸਰਕਾਰ ਨੇ ਬੇਨਤੀ ਸੁਣ ਲਈ ਪਰ ਉਨ੍ਹਾਂ ਸ਼ਰਤ ਰੱਖੀ ਕਿ ਦਲੀਪ ਸਿੰਘ ਆਪਣੀ ਮਾਂ ਨੂੰ ਕਲਕੱਤੇ ਮਿਲ ਸਕਦਾ ਹੈ। ਅਖੀਰ ਮਹਾਰਾਣੀ ਜ਼ਿੰਦਾ ਤੇ ਉਸਦੇ ਪੁੱਤਰ ਦਲੀਪ ਸਿੰਘ ਦਾ ਮੇਲ ਕਲਕੱਤੇ ਦੀ ਧਰਤੀ 'ਤੇ ਹੋਇਆ। ਮਹਾਰਾਣੀ ਜ਼ਿੰਦਾ ਆਪਣੇ ਪੁੱਤਰ ਦੇ ਵੈਰਾਗ ਵਿਚ ਆਪਣੀ ਅੱਖਾਂ ਦੀ ਰੌਸ਼ਨੀ ਵੀ ਖੋ ਚੁੱਕੀ ਸੀ। ਉਹ ਦਲੀਪ ਸਿੰਘ ਨੂੰ ਸਾਫ ਤਰਾਂ ਦੇਖ ਵੀ ਨਹੀਂ ਸੀ ਸਕਦੀ। ਮਾਂ ਨੇ ਪੁੱਤਰ ਨੂੰ ਸੀਨੇ ਨਾਲ ਲਾਇਆ, ਉਹ ਤਕਰੀਬਨ ਤੇਰਾਂ ਸਾਲਾਂ ਬਾਅਦ ਆਪਣੇ ਪੁੱਤਰ ਨੂੰ ਮਿਲ ਰਹੀ ਸੀ। ਉਹ ਦਲੀਪ ਸਿੰਘ ਦੇ ਸਰੀਰ 'ਤੇ ਹੱਥ ਫੇਰਦੀ, ਉਸਨੂੰ ਪਲੋਸਦੀ ਹੋਈ ਆਪਣਾ ਹੱਥ ਉਸ ਦੇ ਸਿਰ 'ਤੇ ਲੈ ਕੇ ਗਈ ਤਾਂ ਦਿਲੋਂ ਚੀਸ ਨਿਕਲੀ ਉੱਚੀ ਉੱਚੀ ਰੋਣ ਲੱਗੀ, ਕਿਉਂਕਿ ਉਸ ਸਮੇਂ ਦਲੀਪ ਸਿੰਘ ਦੇ ਸਿਰ ਤੇ ਨਾ ਪੱਗ ਸੀ ਤੇ ਵਾਲ ਵੀ ਕੱਟੇ ਹੋਏ ਸਨ। ਰੋਂਦੀ ਹੋਈ ਨੇ ਕਿਹਾ ਪੁੱਤਰ ਤੇਰੇ ਪਿਤਾ ਦਾ ਰਾਜ ਭਾਗ ਚਲਾ ਗਿਆ ਮੈਨੂੰ ਦੁੱਖ ਨਹੀਂ। ਮੇਰੀ ਵੀ ਰਾਣੀ ਤੋਂ ਗੋਲ੍ਹੀਆਂ ਵਾਲੀ ਹਾਲਤ ਹੋ ਗਈ, ਕਿੰਨੇ ਦੁਖ ਝੱਲੇ ਪਰ ਕੋਈ ਗਿਲਾ ਨਹੀਂ ਪਰ ਪੁੱਤ ਆਹ ਜੋ ਤੂੰ ਗੁਰੂ ਦੀ ਮੋਹਰ ਸਿੱਖੀ ਤੋਂ ਹੀ ਪਤਿਤ ਹੋ ਗਿਆ, ਇਸ ਦਾ ਬਹੁਤ ਦੁੱਖ ਲੱਗ ਰਿਹਾ। ਮੈਂ ਤੇਰੇ ਲਈ ਬਹੁਤ ਸੱਧਰਾਂ ਸਜਾਈਆਂ ਸੀ ਦਿਲ ਵਿਚ ਕਿ ਤੂੰ ਆਪਣੇ ਪਿਤਾ ਦਾ ਰਾਜ ਭਾਗ ਸੰਭਾਲੇਂਗਾ, ਤੇਰੇ ਸਿਰ ਤੇ ਸੋਹਣੀ ਦਸਤਾਰ ਨਾਲ ਕਲਗੀ ਸਜੀ ਹੋਇਆ ਕਰੂਗੀ ਮੇਰੇ ਬੱਚੇ। ਦਲੀਪ ਸਿੰਘ ਲਈ ਇਹ ਗੱਲਾਂ ਨਵੀਆਂ ਸਨ ਪਰ ਉਸਦੇ ਦਿਲ ਅਤੇ ਦਿਮਾਗ ਵਿੱਚ ਘਰ ਕਰ ਗਈਆਂ ਸਨ। ਆਪਣੀ ਮਾਂ ਤੋਂ ਉਸਨੂੰ ਸਭ ਪਤਾ ਲੱਗ ਚੁੱਕਿਆ ਸੀ ਕਿ ਕਿਵੇਂ ਅੰਗਰੇਜ਼ਾਂ ਨੇ ਉਸ ਨਾਲ ਧੋਖਾ ਕਰ ਕੇ ਉਸਦਾ ਰਾਜ ਖੋਹਿਆ ਤੇ ਕਿਵੇਂ ਉਸ ਨੂੰ ਉਸਦੀ ਮਾਂ ਤੋਂ ਵੱਖ ਕੀਤਾ। ਮਹਾਰਾਜੇ ਦੇ ਦਿਲ ਦਿਮਾਗ ਵਿਚ ਉਹ ਪਾਤਸ਼ਾਹੀ ਦਾਅਵੇ ਦਾ ਸੰਕਲਪ ਮੁੜ ਤੋਂ ਸੁਰਜੀਤ ਹੋ ਰਿਹਾ ਸੀ, ਜੋ ਅੰਗਰੇਜ਼ ਸੋਚਦੇ ਸਨ ਕਿ ਉਸਦੇ ਦਿਮਾਗ 'ਚੋਂ ਨਿਕਲ ਚੁੱਕਿਆ ਹੈ। ਅੰਗਰੇਜ਼ਾਂ ਦੇ ਵੀਹ ਸਾਲ ਪੜਾਏ ਸਬਕ ਇੱਕ ਮਾਂ ਦੀ ਮਮਤਾ ਅੱਗੇ ਵੀਹ ਮਿੰਟ ਵੀ ਟਿਕ ਨਾ ਸਕੇ। ਦਲੀਪ ਸਿੰਘ ਨੇ ਆਪਣੀ ਮਾਂ ਨੂੰ ਆਪਣੇ ਨਾਲ ਇੰਗਲੈਂਡ ਲਿਜਾਣ ਦੀ ਇੱਛਾ ਜਾਹਿਰ ਕੀਤੀ ਅਤੇ ਅੰਗਰੇਜ਼ਾਂ ਨੇ ਵੀ ਇਜਾਜ਼ਤ ਦੇ ਦਿੱਤੀ। ਦਲੀਪ ਸਿੰਘ ਆਪਣੀ ਮਾਂ ਨੂੰ ਆਪਣੇ ਨਾਲ ਇੰਗਲੈਂਡ ਲੈ ਗਿਆ, ਭਾਵੇਂ ਮਹਾਰਾਣੀ ਜਿੰਦ ਕੌਰ ਉੱਥੇ ਦੋ ਸਾਲਾਂ ਬਾਅਦ ਹੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ ਪਰ ਜਾਂਦੀ ਜਾਂਦੀ ਉਹ ਦਲੀਪ ਸਿੰਘ ਦੇ ਅੰਦਰ ਇੱਕ ਚਿਣਗ ਜਗਾ ਗਈ ਸੀ। ਮਹਾਰਾਣੀ ਜਿੰਦ ਕੌਰ ਜਿੰਨਾ ਸਮਾਂ ਵੀ ਦਲੀਪ ਸਿੰਘ ਕੋਲ ਰਹੀ ਉਸਨੂੰ ਸ਼ੇਰੇ ਪੰਜਾਬ ਦੇ ਰਾਜ ਦੀਆਂ ਗਾਥਾਵਾਂ



ਸੁਣਾਉਂਦੀ, ਉਸਨੂੰ ਦੱਸਦੀ ਕਿ ਉਹ ਸ਼ਹਿਜ਼ਾਦਾ ਨਹੀਂ ਮਹਾਰਾਜਾ ਹੈ। ਉਸਨੂੰ ਉਸਦੇ ਰਾਜ ਬਾਰੇ ਦੱਸਦੀ ਕਿ ਕਿੰਨਾ ਵੱਡਾ ਰਾਜ ਸੀ ਉਸਦਾ ਜੋ ਅੰਗਰੇਜ਼ ਸਰਕਾਰ ਨੇ ਧੋਖੇ ਨਾਲ ਉਸ ਤੋਂ ਖੋਹਿਆ। ਉਹ ਜਾਂਦੀ ਜਾਂਦੀ ਉਸਨੂੰ ਆਪੇ ਦੀ ਪਹਿਚਾਣ ਕਰਵਾ ਗਈ। ਉਸਨੂੰ ਅਹਿਸਾਸ ਕਰਵਾ ਗਈ ਕਿ ਉਹ ਕੌਣ ਹੈ, ਉਹ ਮਹਾਰਾਜਾ ਹੈ ਪੰਜਾਬ ਦਾ। ਉਸਦੇ ਅੰਦਰ ਪਾਤਸ਼ਾਹੀ ਦਾਅਵੇ ਦਾ ਸੰਕਲਪ ਜਗਾ ਗਈ। ਹੁਣ ਦਲੀਪ ਸਿੰਘ ਆਪਣੇ ਰਾਜ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਹੋ ਚੁੱਕਿਆ ਸੀ ਉਹ ਹੁਣ ਅੰਗਰੇਜ਼ ਸਰਕਾਰ



ਤੋਂ ਆਪਣੇ ਨਾਲ ਹੋਈਆਂ ਵਧੀਕੀਆਂ ਦੇ ਸਵਾਲ ਪੁੱਛਣ ਲੱਗ ਗਿਆ ਸੀ। ਉਸਨੂੰ ਹੁਣ ਆਪੇ ਦੀ ਪਹਿਚਾਣ ਹੋ ਚੁੱਕੀ ਸੀ। ਉਹ ਹੁਣ ਪਾਤਸ਼ਾਹੀ ਦਾਅਵੇ ਦੀ ਗੱਲ ਕਰਨ ਲੱਗ ਗਿਆ ਸੀ ਜੋ ਅੰਗਰੇਜ਼ਾਂ ਲਈ ਵੀ ਇੱਕ ਚਿੰਤਾ ਦਾ ਵਿਸ਼ਾ ਬਣ ਗਿਆ ਸੀ।

ਦਲੀਪ ਸਿੰਘ ਨੂੰ ਹੁਣ ਆਪੇ ਦੀ ਪਛਾਣ ਹੋ ਚੁੱਕੀ ਸੀ। ਦਲੀਪ ਸਿੰਘ ਨੂੰ ਅਹਿਸਾਸ ਹੋ ਚੁੱਕਿਆ ਸੀ ਕਿ ਉਸ ਨਾਲ ਬਹੁਤ ਵੱਡਾ ਫ਼ਰੇਬ ਹੋਇਆ ਹੈ, ਧੋਖੇ ਨਾਲ ਬ੍ਰਿਟਿਸ਼ ਸਰਕਾਰ ਨੇ ਉਸਦਾ ਰਾਜ ਉਸ ਤੋਂ ਖੋਹਿਆ ਹੈ। ਉਹ ਆਪਣੇ ਮਨ ਵਿੱਚ ਆਪਣਾ ਰਾਜ ਵਾਪਿਸ ਲੈਣ ਦਾ ਨਿਸ਼ਚਾ ਕਰ ਚੁੱਕਿਆ ਸੀ। ਉਸਦਾ ਇਹ ਨਿਸ਼ਚਾ ਹੋਰ ਦ੍ਰਿੜ ਉਦੋਂ ਹੋਇਆ ਜਦੋਂ ਉਸਦਾ ਰਾਬਤਾ ਠਾਕੁਰ ਸਿੰਘ ਸੰਧਾਵਾਲੀਆ ਸਰਦਾਰ ਨਾਲ ਹੋਇਆ। ਸੰਧਾਵਾਲੀਆ ਸਰਦਾਰ ਸਿੱਖਾਂ ਦੇ ਖੁੱਸੇ ਰਾਜ ਨੂੰ ਪ੍ਰਾਪਤ ਕਰਨ ਲਈ ਸਰਗਰਮ ਸੀ ਤੇ ਇਸੇ ਲਈ ਉਸ ਨੇ ਦਲੀਪ ਸਿੰਘ ਨਾਲ ਕਿਸੇ ਤਰਾਂ ਰਾਬਤਾ ਕਾਇਮ ਕੀਤਾ। ਉਸ ਦੇ ਮਨ ਵਿੱਚ ਹੁਣ ਅੰਗਰੇਜ਼ੀ ਸਰਕਾਰ ਲਈ ਨਫਰਤ ਭਰ ਗਈ ਸੀ। ਉਹ ਹੁਣ ਦਿਨ ਰਾਤ ਇੱਕ ਕਰ ਰਿਹਾ ਸੀ ਆਪਣਾ ਰਾਜ ਵਾਪਿਸ ਪ੍ਰਾਪਤ ਕਰਨ ਲਈ। ਉਹ ਹੁਣ ਆਪਣੇ ਵਤਨ ਪੰਜਾਬ ਆਉਣਾ ਚਾਹੁੰਦਾ ਸੀ, ਜਦੋਂ ਉਸ ਨੇ ਆਪਣੀ ਇਹ ਇੱਛਾ ਅੰਗਰੇਜ਼ੀ ਸਰਕਾਰ ਕੋਲ ਜਾਹਿਰ ਕੀਤੀ ਤਾਂ ਉਨ੍ਹਾਂ ਮਹਾਰਾਜੇ ਨੂੰ ਪੰਜਾਬ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਰੋਸ ਵਜੋਂ ਮਹਾਰਾਜੇ ਨੇ ਅੰਗਰੇਜ਼ੀ ਪੈਨਸ਼ਨ ਲੈਣੀ ਵੀ ਬੰਦ ਕਰ ਦਿੱਤੀ ਸੀ। ਹੁਣ ਉਸਦੇ ਦਿਲ ਦਿਮਾਗ ਵਿਚ ਬੱਸ ਪਾਤਸ਼ਾਹੀ ਦਾਅਵੇ ਦਾ ਸੰਕਲਪ ਹੀ ਦੌੜ ਰਿਹਾ ਸੀ। ਹੁਣ ਉਹ ਆਪਣੇ ਪਿਤਾ ਪੁਰਖੀ ਧਰਮ ਨੂੰ ਵੀ ਅਪਨਾਉਣਾ ਚਾਹੁੰਦਾ ਸੀ ਜਿਸ ਦੀ ਇੱਛਾ ਵੀ ਉਸ ਨੇ ਅੰਗਰੇਜ਼ੀ ਸਰਕਾਰ ਅੱਗੇ ਰੱਖੀ ਕਿ ਉਸਨੂੰ ਅੰਮ੍ਰਿਤ ਛਕਾਉਣ ਲਈ ਉੱਚਿਤ ਪ੍ਰਬੰਧ ਕੀਤੇ ਜਾਣ ਤੇ ਅੰਮ੍ਰਿਤ ਛਕਾਉਣ ਦਾ ਸਾਰਾ ਕੰਮ ਸੰਧਾਵਾਲੀਏ ਸਰਦਾਰ ਦੀ ਦੇਖ ਰੇਖ ਵਿੱਚ ਹੋਵੇ। ਅੰਗਰੇਜ਼ਾਂ ਨੂੰ ਨਾ ਚਾਹੁੰਦੇ ਹੋਏ ਵੀ ਦਲੀਪ ਸਿੰਘ ਦੀ ਗੱਲ ਮੰਨਣੀ ਪਈ। ਅੰਤ 1886 ਈ. ਨੂੰ ਦਲੀਪ ਸਿੰਘ ਨੇ ਠਾਕੁਰ ਸਿੰਘ ਸੰਧਾਵਾਲ੍ਹੀਆ, ਸ. ਰੂੜ ਸਿੰਘ ਤੇ ਹੋਰ ਸਿੰਘਾਂ ਪਾਸੋਂ ਅਦਨ ਨਾਮੀ ਸਥਾਨ 'ਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਹੁਣ ਦਲੀਪ ਸਿੰਘ ਪੈਰਿਸ ਆ ਚੁੱਕਿਆ ਸੀ। ਉਸਨੇ ਪੈਰਿਸ ਵਿੱਚ ਰਹਿੰਦਿਆਂ ਹੀ ਆਪਣੇ ਸੰਘਰਸ਼ ਨੂੰ ਅੱਗੇ ਤੋਰਨ ਦਾ ਫੈਸਲਾ ਕੀਤਾ। ਉਸਨੇ ਰੂਸ ਅਤੇ ਹੋਰਨਾਂ ਦੇਸ਼ਾਂ ਦੇ ਸਰਬਰਾਹਾਂ ਨਾਲ ਵੀ ਰਾਬਤਾ ਕਾਇਮ ਕੀਤਾ। ਉਸਨੇ ਰਾਜ ਪ੍ਰਾਪਤੀ ਲਈ ਰੂਸ ਤੋਂ ਮਦਦ ਲੈਣੀ ਚਾਹੀ, ਉਹ ਰੂਸ ਚਲਾ ਗਿਆ, ਉੱਥੇ ਤਕਰੀਬਨ ਦੋ ਸਾਲ ਰਿਹਾ, ਇਸ ਸਮੇਂ ਦੌਰਾਨ ਉਸ ਨੇ ਪੰਜਾਬ ਵਾਸੀਆਂ ਦੇ ਨਾਮ ਕੁਝ ਚਿੱਠੀਆਂ ਵੀ ਲਿਖੀਆਂ ਤੇ ਮਦਦ ਦੀ ਅਪੀਲ ਵੀ ਕੀਤੀ। ਚਿੱਠੀ ਦੇ ਅੰਤ ਵਿੱਚ ਬੜੇ ਹੀ ਕਰੁਣਾਮਈ ਰਸ ਵਿਚ ਲਿਖਿਆ ‘ਤੁਹਾਡਾ ਆਪਣਾ ਲਹੂ ਤੇ ਮਾਸ’।

ਪਰ ਕਿਸਮਤ ਨੂੰ ਕੁਝ ਹੋਰ ਦੀ ਮਨਜ਼ੂਰ ਸੀ ਭਾਰਤ ਵਿੱਚ ਰਹਿੰਦਿਆਂ ਸੰਧਾਵਾਲੀਏ ਸਰਦਾਰ ਦੀ ਸਿਹਤ ਖਰਾਬ ਹੋਣ ਕਾਰਨ 1887 ਨੂੰ ਮੌਤ ਹੋ ਗਈ ਉੱਧਰ ਰੂਸ ਵਿੱਚ ਦੋ ਸਾਲ ਰਹਿਣ ਦੇ ਬਾਵਜੂਦ ਵੀ ਉਸਦੀ ਰੂਸ ਦੇ ਬਾਦਸ਼ਾਹ ਨਾਲ ਮੁਲਾਕਾਤ ਨਾ ਹੋ ਸੀ। ਕਿਉਂਕਿ ਜਿਸ ਰੂਸੀ ਪੱਤਰਕਾਰ ਨੇ ਦਲੀਪ ਸਿੰਘ ਨੂੰ ਰੂਸ ਦੇ ਬਾਦਸ਼ਾਹ ਨਾਲ ਮਿਲਾਉਣਾ ਸੀ ਉਸ ਦੀ ਵੀ ਮੌਤ ਹੋ ਗਈ ਸੀ। ਹੁਣ ਉਹ ਆਪਣੇ ਆਪ ਨੂੰ ਬਹੁਤ ਇਕੱਲਾ ਮਹਿਸੂਸ ਕਰ ਰਿਹਾ ਸੀ। ਅੰਤ ਨਿਰਾਸ਼ਾ ਵੱਸ ਉਹ ਰੂਸ ਤੋਂ ਪੈਰਿਸ ਲਈ ਰਵਾਨਾ ਹੋਇਆ ਪਰ। ਰਾਸਤੇ ਵਿੱਚ ਕਿਸੇ ਚੋਰ ਨੇ ਉਸ ਤੋਂ ਉਸਦਾ ਪਾਸਪੋਰਟ ਤੇ ਨਗਦੀ ਵੀ ਲੁੱਟ ਲਈ। ਉਹ ਬਿਲਕੁਲ ਹੀ ਟੁੱਟ ਚੁੱਕਿਆ ਸੀ। ਉਸਦੀ ਹਾਲਤ ਬਹੁਤ ਹੀ ਮਾੜੀ ਹੋ ਗਈ ਸੀ, ਆਰਥਿਕ ਪੱਖੋਂ ਵੀ ਅਤੇ ਸਰੀਰਕ ਪੱਖੋਂ ਵੀ। ਕਿਸੇ ਸਮੇਂ ਉਸ ਦਾ ਬਾਪ ਮਹਾਰਾਜਾ ਰਣਜੀਤ ਸਿੰਘ ਏਸ਼ੀਆ ਦੇ ਸਭ ਤੋਂ ਖੁਸ਼ਹਾਲ ਰਾਜ ਦਾ ਮਾਲਿਕ ਸੀ ਤੇ ਉਹ ਵੀ ਉਸੇ ਸਲਤਨਤ ਦਾ ਵਾਰਿਸ ਸੀ। ਬਚਪਨ ਵਿਚ ਜਿਹੜਾ ਦਲੀਪ ਸਿੰਘ ਸਿਰ ਤੋਂ ਪੈਰਾ ਤੱਕ ਕੀਮਤੀ ਪੁਸ਼ਾਕਾਂ ਕੀਮਤੀ ਹੀਰੇ ਜਵਾਹਰਾਤਾਂ ਨਾਲ ਲੱਦਿਆ ਹੁੰਦਾ ਸੀ ਅੱਜ ਉਹ ਬਦਹਾਲੀ ਦੇ ਦਿਨ ਕੱਟ ਰਿਹਾ ਸੀ, ਆਪਣੇ ਰਾਜ ਨੂੰ ਪ੍ਰਾਪਤ ਕਰਨ ਲਈ ਦਰ ਦਰ ਦੀਆਂ ਠੋਕਰਾਂ ਖਾ ਰਿਹਾ ਸੀ।

ਬਾਕੀ ਸਫ਼ਾ 34 'ਤੇ

## ਇਤਿਹਾਸ ਬਾਰੇ ਜਾਣਕਾਰੀ

ਲੜੀ ਨੰਬਰ-1

ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ

ਪ੍ਰਸ਼ਨ-1. ਜਿਸ ਕਾਲ ਬਾਰੇ ਸਾਨੂੰ ਲਿਖਤੀ ਰੂਪ ਵਿੱਚ ਪ੍ਰਮਾਣ ਨਹੀਂ ਮਿਲਦੇ ਉਸਨੂੰ ਕਿਹੜਾ ਕਾਲ ਕਿਹਾ ਜਾਂਦਾ ਹੈ?
(ੳ) ਆਦਿ ਇਤਿਹਾਸ ਕਾਲ (ਅ) ਪਰੰਗ ਇਤਿਹਾਸ ਕਾਲ (ੲ) ਇਤਿਹਾਸ (ਸ) ਉਪਰੋਕਤ ਸਾਰੇ

ਪ੍ਰਸ਼ਨ-2. ਇਤਿਹਾਸ ਸਦਾ ਪਿਤਾਮਾ ਕਿਸਨੂੰ ਕਿਹਾ ਜਾਂਦਾ ਹੈ?
(ੳ) ਅਰਸਤੂ (ਅ) ਮੈਗਸਥਨੀਜ (ੲ) ਕਨਿੰਘਮ (ਸ) ਹੈਰੋਡੋਟਸ

ਪ੍ਰਸ਼ਨ-3. ਵੈਦਿਕ ਕਾਲ ਵਿੱਚ ਭਾਰਤ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਸੀ?
(ੳ) ਇੰਡਸ (ਅ) ਹੋਡੂ (ੲ) ਆਰੀਆਵਰਤ (ਸ) ਭਾਰਤਵਰਸ਼

ਪ੍ਰਸ਼ਨ -4. ਮੱਧਕਾਲ ਵਿੱਚ ਭਾਰਤ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਸੀ?
(ੳ)ਹਿੰਦੁਸਤਾਨ (ਅ) ਹੋਡੂ (ੲ) ਆਰੀਆਵਰਤ (ਸ) ਭਾਰਤਵਰਸ਼

ਪ੍ਰਸ਼ਨ-5. ਈਰਾਨੀਆਂ ਨੇ ਭਾਰਤ ਨੂੰ ਕੀ ਨਾਮ ਦਿੱਤਾ ਸੀ?
(ੳ) ਇੰਡਸ (ਅ) ਹੋਡੂ (ੲ) ਹਿੰਦੂ (ਸ) ਭਾਰਤਵਰਸ਼

ਪ੍ਰਸ਼ਨ -6. ਅੰਗਰੇਜਾਂ ਤੇ ਯੂਰਪੀਅਨਾਂ ਨੇ ਭਾਰਤ ਨੂੰ ਕੀ ਨਾਮ ਦਿੱਤਾ ਸੀ?
(ੳ) ਇੰਡਸ (ਅ) ਇੰਡੀਆ (ੲ) ਆਰੀਆਵਰਤ (ਸ) ਭਾਰਤਵਰਸ਼

ਪ੍ਰਸ਼ਨ-7. ਹੈਰੋਡੋਟਸ ਦੀ ਕਿਤਾਬ ਦਾ ਨਾਂ ਕੀ ਹੈ?



ੳ) ਹਿਸਟੋਰਿਕਾ (ਅ) ਇੰਡੀਕਾ (ੲ) ਪੰਚਤੰਤਰ (ਸ) ਅਰਥ ਸ਼ਾਸਤਰ

ਪ੍ਰਸ਼ਨ-8. ਮੈਗਸਥਨੀਜ ਦੀ ਕਿਤਾਬ ਦਾ ਨਾਂ ਦੱਸੋ?
ੳ) ਹਿਸਟੋਰਿਕਾ (ਅ) ਇੰਡੀਕਾ (ੲ) ਪੰਚਤੰਤਰ (ਸ) ਅਰਥ ਸ਼ਾਸਤਰ

ਪ੍ਰਸ਼ਨ-9. Historia ਸ਼ਬਦ ਕਿਹੜੀ ਭਾਸ਼ਾ ਦਾ ਸ਼ਬਦ ਹੈ?
ੳ) ਪੰਜਾਬੀ (ਅ) ਯੂਨਾਨੀ (ੲ) ਉਰਦੂ (ਸ) ਮਰਾਠੀ

ਪ੍ਰਸ਼ਨ - 10. ਭਾਰਤੀ ਇਤਿਹਾਸ ਨੂੰ ਕਿੰਨੇ ਭਾਗਾਂ ਵਿੱਚ ਵੰਡਿਆਂ ਗਿਆ ਹੈ?
ੳ) ਇੱਕ (ਅ) ਤਿੰਨ (ੲ) ਚਾਰ (ਸ) ਪੰਜ

ਪ੍ਰਸ਼ਨ-11. ਮਹਾਂਭਾਰਤ ਅਤੇ ਪੁਰਾਣਾਂ ਵਿੱਚ ਭਾਰਤ ਨੂੰ ਕੀ ਨਾਮ ਦਿੱਤਾ ਗਿਆ?
(ੳ) ਇੰਡਸ (ਅ) ਹੋਡੂ (ੲ) ਹਿੰਦੂ (ਸ) ਭਾਰਤਵਰਸ਼

ਪ੍ਰਸ਼ਨ-12. ਬਾਈਬਲ ਪਵਿੱਤਰ ਗ੍ਰੰਥ ਵਿੱਚ ਕਿਹੜੇ ਸ਼ਬਦ ਦੀ ਵਰਤੋਂ ਕੀਤੀ ਗਈ ਹੈ?
(ੳ) ਇੰਡਸ (ਅ) ਹੋਡੂ (ੲ) ਹਿੰਦੂ (ਸ) ਭਾਰਤਵਰਸ਼

ਪ੍ਰਸ਼ਨ -13. ਕਿਸ ਭਾਸ਼ਾ ਨੂੰ ਆਧੁਨਿਕ ਭਾਸ਼ਾਵਾਂ ਦੀ ‘ਜਨਨੀ’ ਮੰਨਿਆਂ ਜਾਂਦਾ ਹੈ?
ੳ) ਹਿੰਦੀ (ਅ)ਪੰਜਾਬੀ (ੲ) ਸੰਸਕ੍ਰਿਤ (ਸ) ਪੰਜਾਬੀ

ਪ੍ਰਸ਼ਨ-14. ਖੱਬੇ ਤੋਂ ਸੱਜੇ ਵੱਲ ਕਿਹੜੀ ਲਿਪੀ ਲਿਖੀ ਜਾਂਦੀ ਹੈ?
(ੳ) ਦੇਵਨਗਰੀ (ਅ) ਬ੍ਰਹਮੀ (ੲ) ਖਰੋਸਠੀ (ਸ) ਗੁਰਮੁਖੀ

ਪ੍ਰਸ਼ਨ-15. ਸੱਜੇ ਤੋਂ ਖੱਬੇ ਵੱਲ ਕਿਹੜੀ ਲਿਪੀ ਲਿਖੀ ਜਾਂਦੀ ਹੈ?
(ੳ) ਦੇਵਨਗਰੀ (ਅ) ਬ੍ਰਹਮੀ (ੲ) ਖਰੋਸਠੀ (ਸ) ਗੁਰਮੁਖੀ

**ਉੱਤਰ ਮਾਲਾ** -1. ਅ 2. ਸ 3. ੲ 4. ੳ 5. ੲ 6. ਅ 7. ੳ 8. ਸ 9. ਅ 10. ਅ 11. ਸ 12. ਅ 13. ੲ 14. ਅ 15. ੲ

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

## ਕਿਸ਼ਤ : 23

ਜੱਸਾ ਸਿੰਘ ਨੇ ਪਹਿਲਾਂ ਬੰਧਕਾਂ ਨੂੰ ਨਾਦਿਰ ਸ਼ਾਹ ਤੋਂ ਮੁਕਤ ਕਰਵਾ ਕੇ ਘਰੋ-ਘਰੀ ਪਹੁੰਚਾਇਆ ਸੀ ਤੇ ਹੁਣ ਅਹਿਮਦ ਸ਼ਾਹ ਅਬਦਾਲੀ ਤੋਂ ਮੁਕਤ ਕਰਵਾਇਆ। ਗਲੀਆਂ, ਬਾਜ਼ਾਰਾਂ ਤੇ ਸੱਥਾਂ ਵਿਚ ਏਨੀ ਚਰਚੇ ਹੋਈ ਕਿ ਉਹ ਲੋਕਾਂ ਵਿਚ 'ਬੰਦੀ ਛੋੜ' ਸਰਦਾਰ ਵਜੋਂ ਮਸ਼ਹੂਰ ਹੋ ਗਿਆ।

ਅਹਿਮਦ ਸ਼ਾਹ ਅਬਦਾਲੀ 26 ਅਪ੍ਰੈਲ ਨੂੰ ਲਾਹੌਰ ਪਹੁੰਚਿਆ ਤਾਂ ਉਹ ਬੜਾ ਉਖੜਿਆ ਉਖੜਿਆ ਸੀ। ਖਾਲਸਾ ਸਾਰੇ ਕੈਦੀਆਂ ਨੂੰ ਛੁਡਾ ਕੇ ਲੈ ਗਿਆ ਸੀ ਤੇ ਉਸਦੀ ਸੈਨਾ ਕੁਝ ਵੀ ਨਹੀਂ ਸੀ ਕਰ ਸਕੀ। ਅਬਦਾਲੀ ਨੂੰ ਇਸ ਗੱਲ ਦਾ ਬੜਾ ਗੁੱਸਾ ਸੀ।

'ਇਹ ਸਭ ਕਿੰਜ ਹੋ ਗਿਆ ?' ਉਸਨੇ ਨੂਰੁਦੀਨ ਵਾਮੇਜਈ ਨੂੰ ਬੁਲਾਅ ਕੇ ਪੱਛਿਆ।

'ਜਹਾਂਪਨਾਹ, ਜਦੋਂ ਸਵੇਰੇ ਅਸੀਂ ਅਜੇ ਸੁੱਤੇ ਈ ਹੋਏ ਸਾਂ, ਇਨਾਂ ਲੰਮੇ ਲੰਮੇ ਵਾਲਾਂ ਵਾਲੇ ਵਹਿਸ਼ੀਆਂ ਨੇ ਹਮਲਾ ਕਰ ਦਿੱਤਾ। ਸਾਡੇ ਸਿਪਾਹੀ ਅੱਖਾਂ ਮਲਦੇ ਰਹਿ ਗਏ ਤੇ ਉਹ ਆਪਣਾ ਕੰਮ ਕਰਕੇ ਨੱਠ ਗਏ। "

'ਬੜੀ ਸ਼ਰਮ ਦੀ ਗੱਲ ਏ। ਤੁਹਾਨੂੰ ਤੇ ਸਾਡੇ ਇਨਾਂ ਸਿਪਾਹੀਆਂ ਨੂੰ ਚੂਲੀ ਭਰ ਪਾਣੀ ਵਿਚ ਡੁੱਬ ਮਰਨਾ ਚਾਹੀਦਾ ਏ।' ਅਬਦਾਲੀ ਨੇ ਹਿਰਖ ਪਰੁੱਚੀ ਆਵਾਜ਼ ਵਿਚ ਕਿਹਾ। ਵਾਮੇਜਈ ਕੁਝ ਨਾ ਬੋਲਿਆ। ਉਸਦੀ ਗਰਦਨ ਝੁਕ ਗਈ।

'ਨਤੀਜਾ ਕੀ ਰਿਹਾ ?'

'ਸਾਡੇ ਡੇਢ ਕੁ ਸੌ ਸਿਪਾਹੀ ਮਾਰੇ ਗਏ। ਦਸ ਬਾਰਾਂ ਸਿੱਖ ਵੀ ਮਾਰੇ ਗਏ ਨੇ ਤੇ ਦਸ ਬਾਰਾਂ ਫੜੇ ਗਏ ਨੇ।'

'ਜਿਹੜੇ ਫੜੇ ਗਏ ਨੇ ਉਹ ਕਿੱਥੇ ਨੇ ?'

'ਉਹ ਸਾਡੀ ਕੈਦ ਵਿਚ ਨੇ। ਇਨਾਂ ਨੂੰ ਨਖ਼ਾਸ ਚੌਂਕ ਵਿਚ ਚਰਖੀ 'ਤੇ ਚੜਾ ਕੇ ਮੌਤ ਦੇ ਘਾਟ ਉਤਾਰਿਆ ਜਾਏਗਾ।' ਵਾਮੇਜਈ ਨੇ ਗਰਦਨ ਉੱਚੀ ਕਰਕੇ ਕਿਹਾ।

'ਉਨਾਂ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਜਾਏ।' ਅਬਦਾਲੀ ਨੇ ਹੁਕਮ ਦਿੱਤਾ।

ਸਿੱਖ ਨੌਜਵਾਨਾਂ ਨੂੰ ਅਬਦਾਲੀ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਨਾਂ ਦੇ ਮਨ ਵਿਚ ਕਿਸੇ ਕਿਸਮ ਦਾ ਭੈ ਨਹੀਂ ਸੀ ਤੇ ਚਿਹਰਿਆਂ ਉੱਤੇ ਉਦਾਸੀ ਦਾ ਨਾਂ ਨਿਸ਼ਾਨ ਤਕ ਨਹੀਂ ਸੀ। ਉਹਨਾਂ ਦੇ ਸਿਰ ਉੱਚੇ ਸਨ ਤੇ ਬੁੱਲਾਂ ਉਪਰ ਬਹਾਦਰਾਂ ਵਾਲੀ ਮੁਸਕਾਨ ਸੀ। ਉਨਾਂ ਦਾ ਨੇਤਾ ਬਘੇਲ ਸਿੰਘ ਸਭ ਨਾਲੋਂ ਅੱਗੇ ਖਲੋਤਾ ਸੀ।

'ਗ੍ਰਿਫ਼ਤਾਰ ਕਿੰਜ ਹੋਏ ਓ ?' ਅਬਦਾਲੀ ਨੇ ਉਨਾਂ ਵੱਲ ਦੇਖ ਦੇ ਪੁੱਛਿਆ।

'ਸਾਡੇ ਹਥਿਆਰ ਛੁੱਟ ਗਏ ਸਨ।' ਬਘੇਲ ਸਿੰਘ ਨੇ ਉਤਰ ਦਿੱਤਾ।

'ਹੁਣ ਮੈਂ ਤੁਹਾਡੇ ਨਾਲ ਕੀ ਸਲੂਕ ਕਰਾਂ ?'

'ਸਲੂਕ ਦਾ ਤਾਲੁੱਕ ਇਖ਼ਲਾਕ ਨਾਲ ਹੁੰਦਾ ਏ। ਤੁਹਾਡੇ ਇਖ਼ਲਾਕ ਦੀ ਜੋ ਮੰਗ ਏ, ਉਹੀ ਕਰੋ।'

'ਤੁਹਾਡਾ ਲੋਕਾਂ ਦਾ ਆਪਣਾ ਇਖ਼ਲਾਕ ਕੀ ਏ ?'

'ਖਾਲਸਾ ਗ੍ਰਿਫ਼ਤਾਰ ਕੀਤੇ ਹੋਏ ਸਿਪਾਹੀਆਂ ਨੂੰ ਕਤਲ ਨਹੀਂ ਕਰਦਾ। ਜੇ ਉਹ ਜਖ਼ਮੀ ਹੋਣ ਤਾਂ ਉਨਾਂ ਦੇ ਜਖ਼ਮਾਂ ਉਪਰ ਮਲਮ ਲਾਉਂਦਾ ਹੈ।'

'ਜੇ ਮੈਂ ਤੁਹਾਨੂੰ ਕਤਲ ਨਾ ਕਰਾਂ ਤਾਂ ਤੁਸੀਂ ਮੇਰੀ ਗ਼ੁਲਾਮੀ ਕਬੂਲ ਕਰ ਲਓਗੇ ?'

'ਨਹੀਂ, ਹਰਗਿਜ਼ ਨਹੀਂ। ਗ਼ੁਲਾਮ ਬਣ ਕੇ ਰਹਿਣਾ ਹੁੰਦਾ ਤਾਂ ਅਸੀਂ ਲੜਦੇ ਈ ਕਿਉਂ ?'

'ਲੜਦੇ ਤਾਂ ਤੁਸੀਂ ਲੁੱਟਾਂ ਖੋਹਾਂ ਕਰਨ ਲਈ ਓ।'

'ਗਲਤ। ਕਾਬੁਲ ਦੇ ਬਾਦਸ਼ਾਹ ਗੁਸਤਾਖ਼ੀ ਮੁਆਫ਼। ਲੁੱਟ ਮਾਰ ਕਰਨ ਲਈ ਤਾਂ ਤੁਸੀਂ ਸਾਡੇ ਮੁਲਕ ਉਪਰ ਹਮਲੇ ਕਰਦੇ ਓ। ਅਸੀਂ ਲੋਕ ਤਾਂ ਆਪਣੀ ਆਜ਼ਾਦੀ ਲਈ ਪਹਿਲਾਂ ਮੁਗਲਾਂ ਦੇ ਖ਼ਿਲਾਫ਼ ਲੜਦੇ ਸਾਂ ਤੇ ਹੁਣ ਤੁਹਾਡੇ ਖ਼ਿਲਾਫ਼ ਲੜ ਰਹੇ ਹਾਂ।...ਤੇ ਉਦੋਂ ਤੀਕ ਲੜਦੇ ਰਹਾਂਗੇ ਜਦੋਂ ਤੱਕ ਸਾਡਾ ਮੁਲਕ ਵਿਦੇਸ਼ੀ ਗ਼ੁਲਾਮੀ ਤੋਂ ਆਜ਼ਾਦ ਨਹੀਂ ਹੋ ਜਾਵੇਗਾ।'

'ਜੇ ਤੁਹਾਨੂੰ ਕਤਲ ਕਰ ਦਿੱਤਾ ਜਾਏ, ਫੇਰ ਕਿੰਜ ਲੜੋਗੇ ? ਜਿਉਂਦੇ ਰਹਿਣਾ ਏਂ ਤਾਂ ਕਹੋ, 'ਅਹਿਮਦ ਸ਼ਾਹ ਕਾ ਖਾਲਸਾ, ਅਹਿਮਦ ਸ਼ਾਹ ਕੀ ਫਤਹਿ'।

ਬਘੇਲ ਸਿੰਘ ਕੁਝ ਚਿਰ ਵਿਅੰਗਮਈ ਮੁਸਕਾਨ ਨਾਲ ਅਹਿਮਦ ਸ਼ਾਹ ਵੱਲ ਦੇਖਦਾ ਰਿਹਾ, ਫੇਰ ਬੋਲਿਆ, 'ਸਾਥੋਂ ਪਹਿਲਾਂ ਜਿਹੜੇ ਲੋਕ ਸ਼ਹੀਦ ਹੋਏ ਨੇ ਉਹ ਸਾਡੇ ਲਈ ਮਿਸਾਲ ਨੇ ਤੇ ਅਸੀਂ ਸ਼ਹੀਦ ਹੋ ਕੇ ਆਪਣੇ ਪਿੱਛੇ ਆਉਣ ਵਾਲਿਆਂ ਲਈ ਮਿਸਾਲ ਬਣ ਜਾਵਾਂਗੇ। ਇਹ ਲੜਾਈ ਜਾਰੀ ਰਹੇਗੀ। " ਬਘੇਲ ਸਿੰਘ ਨੇ ਦਰਿੜ ਤੇ ਸਥਿਰ ਆਵਾਜ਼ ਵਿਚ ਉਤਰ ਦਿੱਤਾ ਤੇ ਫੇਰ ਸੱਜੀ ਬਾਂਹ ਉਗਾਸ ਕੇ ਜੈਕਾਰਾ ਛੱਡਿਆ, 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ...'





ਉਸਦੇ ਕੈਦੀ ਸਾਥੀਆਂ ਨੇ ਵੀ ਬਾਹਾਂ ਉਲਾਰ ਕੇ ਇਕ ਸੁਰ ਵਿਚ ਦੁਹਰਾਇਆ, 'ਵਹਿਗੁਰੂ ਕੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।'

'ਇਹ ਲੋਕ ਵਾਕਈ ਬਹਾਦੁਰ ਨੇ।' ਅਬਦਾਲੀ ਨੇ ਵਾਮੇਜਈ ਵੱਲ ਭੌਂ ਕੇ ਕਿਹਾ। ਫੇਰ ਹੁਕਮ ਦਿੱਤਾ, 'ਇਹਨਾਂ ਸਾਰਿਆਂ ਨੂੰ ਰਿਹਾਅ ਕਰ ਦਿੱਤਾ ਜਾਏ। ਇਨਾਂ ਦੇ ਹਥਿਆਰ ਤੇ ਘੋੜੇ ਵੀ ਇਨਾਂ ਨੂੰ ਦੇ ਦਿੱਤੇ ਜਾਣ। ਹੁਣ ਸਾਡੀ ਲੜਾਈ ਇਨਾਂ ਲੋਕਾਂ ਨਾਲ ਹੋਏਗੀ ਤੇ ਹਾਰ ਜਿੱਤ ਦਾ ਫੈਸਲਾ ਮੈਦਾਨੇ-ਜੰਗ ਵਿਚ ਹੋਏਗਾ। ਬਹਾਦੁਰਾਂ ਨਾਲ ਲੜਨ ਵਿਚ ਹੀ ਮਜ਼ਾ ਆਉਂਦਾ ਏ।'

ਵਾਮੇਜਈ ਜਿਵੇਂ ਸਿਲ-ਪੱਥਰ ਹੋ ਗਿਆ ਤੇ ਜਿਹੜੇ ਹੋਰ ਲੋਕ ਖੜੇ ਸੁਣ ਰਹੇ ਸਨ, ਉਹ ਵੀ ਦੰਗ ਰਹਿ ਗਏ। ਪਰ ਬਾਦਸ਼ਾਹ ਦਾ ਹੁਕਮ ਸੀ, ਉਸਦੀ ਤੁਰੰਤ ਤਾਮੀਲ ਹੋਈ।

ਅਬਦਾਲੀ ਨੇ ਉਬੇਦ ਖ਼ਾਂ ਨੂੰ ਲਾਹੌਰ ਦਾ ਹਾਕਮ ਨਿਯੁਕਤ ਕੀਤਾ ਤੇ ਘੁਮੰਡ ਚੰਦ ਕਟੋਚੀਏ ਨੂੰ ਦੁਆਬਾ ਬਿਸਤ-ਜਲੰਧਰ ਦਾ ਫੌਜਦਾਰ ਤੇ ਮੁਗਲਾਨੀ ਬੇਗਮ ਦੇ ਮਾਮੇ ਖਵਾਜ਼ਾ ਮਿਰਜ਼ਾ ਖ਼ਾਂ ਨੂੰ ਚਾਹਾਰ ਮਹਾਲ ਦਾ ਫੌਜਦਾਰ ਥਾਪ ਦਿੱਤਾ। ਫੇਰ ਤੁਰੰਤ ਅਫਗਾਨਿਸਤਾਨ ਵੱਲ ਪਰਤ ਗਿਆ ਕਿਉਂਕਿ ਉੱਥੇ ਬਗਾਵਤ ਹੋਣ ਦਾ ਖ਼ਤਰਾ ਸੀ।

ਅਹਿਮਦ ਸ਼ਾਹ ਅਬਦਾਲੀ ਜਦੋਂ ਵਾਪਸ ਅਫਗਾਨਿਸਤਾਨ ਵੱਲ ਜਾ ਰਿਹਾ ਸੀ, ਸਿੱਖਾਂ ਨੇ ਹਮੇਸ਼ਾ ਵਾਂਗ ਉਸਦਾ ਪਿੱਛਾ ਕੀਤਾ ਤੇ ਜਦੋਂ ਉਹ ਸਿੰਧ ਨਦੀ ਪਾਰ ਕਰ ਰਿਹਾ ਸੀ ਤਾਂ ਉਸਦਾ ਬਹੁਤ ਸਾਰਾ ਸਮਾਨ ਲੁੱਟ ਲਿਆ। ਅਬਦਾਲੀ ਇਸ ਸਥਿਤੀ ਵਿਚ ਨਹੀਂ ਸੀ ਕਿ ਪਲਟ ਕੇ ਸਿੱਖਾਂ ਉਪਰ ਹਮਲਾ ਕਰੇ, ਪਰ ਜਦੋਂ ਸਿੱਖ ਸਿੰਧ ਤੋਂ ਪਰਤ ਰਹੇ ਸਨ ਤਾਂ ਚਾਹਾਰ ਮਹਾਲ ਦੇ ਫੌਜਦਾਰ ਖਵਾਜ਼ਾ ਮਿਰਜ਼ਾ ਖ਼ਾਂ ਨਾਲ ਉਨਾਂ ਦੀ ਟੱਕਰ ਹੋ ਗਈ। ਇਸ ਲੜਾਈ ਵਿਚ ਖਵਾਜ਼ਾ ਮਿਰਜ਼ਾ ਖ਼ਾਂ ਦੀ ਹਾਰ ਹੋਈ ਤੇ ਉਹ ਮਾਰਿਆ ਗਿਆ। ਇਸ ਜਿੱਤ ਦਾ ਸਿਹਰਾ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਚੜਤ ਸਿੰਘ ਸ਼ੁਕਰਚੱਕੀਆ ਦੇ ਸਿਰ ਸੀ।

ਚੜਤ ਸਿੰਘ ਨੇ ਲਾਹੌਰ ਦੇ ਉਤਰ ਵਿਚ ਸਿੰਧ ਸਾਗਰ ਦੁਆਬੇ ਦੇ ਕਾਫੀ ਵੱਡੇ ਹਿੱਸੇ ਉਪਰ ਕਬਜਾ ਕਰ ਲਿਆ ਸੀ ਤੇ ਗੁਜਰਾਂਵਾਲਾ ਵਿਚ ਕਾਫੀ ਮਜ਼ਬੂਤ ਕਿਲਾ ਬਣਾ ਲਿਆ ਸੀ। ਇੰਜ ਉਹ ਦੁਰਾਨੀਆਂ ਦੇ ਰਸਤੇ ਵਿਚ ਰੁਕਾਵਟ ਬਣ ਗਿਆ। ਉਹ ਆਉਂਦੀ-ਜਾਂਦੀ ਅਬਦਾਲੀ ਦੀ ਸੈਨਾ ਉਪਰ ਛਾਪੇ ਮਾਰਦਾ ਸੀ ਤੇ ਜੋ ਕੁਝ ਵੀ ਹੱਥ ਲੱਗਦਾ ਸੀ, ਖੋਹ ਖਾਹ ਕੇ ਗੁਜਰਾਂਵਾਲਾ, ਆਪਣੇ ਕਿਲੇ ਵਿਚ ਚਲਾ ਜਾਂਦਾ ਸੀ।

ਦੁਰਾਨੀ ਨੇ ਕੰਧਾਰ ਪਹੁੰਚ ਕੇ ਉਠ ਰਹੇ ਵਿਰੋਧੀ ਸੁਰ ਨੂੰ ਦਬਾਇਆ ਤੇ ਆਪਣੇ ਪੈਰ ਮਜ਼ਬੂਤ ਕੀਤੇ। ਹਿੰਦੁਸਤਾਨ ਵਿਚੋਂ ਪਰਤਦਿਆਂ ਹੋਇਆਂ ਉਸ ਨੇ ਸਿੱਖਾਂ ਹੱਥੋਂ ਜਿਹੜੀਆਂ ਸੱਟਾ ਖਾਧੀਆਂ ਸਨ, ਉਨਾਂ ਦੇ ਜ਼ਖ਼ਮ ਅਜੇ ਭਰੇ ਵੀ ਨਹੀਂ ਸਨ ਕਿ ਖਵਾਜ਼ਾ ਮਿਰਜ਼ਾ ਖ਼ਾਂ ਦੀ ਮੌਤ ਦੀ ਖ਼ਬਰ ਨੇ ਉਨਾਂ ਉਪਰ ਲੂਣ ਛਿੜਕ ਦਿੱਤਾ। ਉਸਨੇ ਨੂਰੁਦੀਨ ਵਾਮੇਜਈ ਨੂੰ ਬਾਰਾਂ ਹਜ਼ਾਰ ਫੌਜ ਦੇ ਕੇ ਸਿੱਖਾਂ ਦੇ ਵਿਰੁੱਧ ਲੜਨ ਲਈ ਭੇਜਿਆ। ਇੱਧਰ ਚੜਤ ਸਿੰਘ ਵੀ ਤਿਆਰ ਸੀ। ਚਨਾਬ ਕੰਢੇ ਵਜ਼ੀਰਾਬਾਦ ਦੇ ਨੇੜੇ ਜ਼ੋਰਦਾਰ ਲੜਾਈ ਹੋਈ, ਵਾਮੇਜਈ ਸਿੰਘਾਂ ਦੇ ਮੁਕਾਬਲੇ ਅੜ ਨਾ ਸਕਿਆ। ਉਹ ਭੱਜ ਕੇ ਸਿਆਲਕੋਟ ਦੇ ਕਿਲੇ ਵਿਚ ਚਲਾ ਗਿਆ। ਚੜਤ ਸਿੰਘ ਨੇ ਉਸਦਾ ਪਿੱਛਾ ਕੀਤਾ ਤੇ ਕਿਲੇ ਨੂੰ ਜਾ ਘੇਰਿਆ। ਆਸੇ ਪਾਸੇ ਪੂਰੇ ਇਲਾਕੇ ਉਪਰ ਸਿੱਖਾਂ ਦਾ ਕਬਜਾ ਸੀ ਤੇ ਲੋਕਾਂ ਦੀ ਹਮਦਰਦੀ ਵੀ ਉਹਨਾਂ ਦੇ ਨਾਲ ਸੀ। ਚੜਤ ਸਿੰਘ ਨੇ ਘੇਰਾ ਹੌਲੀ ਹੌਲੀ ਤੰਗ ਤੇ ਸਖ਼ਤ ਕਰ ਦਿੱਤਾ। ਕਿਸੇ ਵੀ ਹੀਲੇ ਰਸਦ ਅੰਦਰ ਜਾਣ ਦੀ ਗੁੰਜਾਇਸ਼ ਨਹੀਂ ਛੱਡੀ। ਕਿਲੇ ਅੰਦਰ ਭੁੱਖਮਰੀ ਫੈਲਦਿਆਂ ਦੇਖ ਕੇ ਵਾਮੇਜਈ ਘਬਰਾ ਗਿਆ ਤੇ ਇਕ ਰਾਤ ਹਨੇਰੇ ਦਾ ਲਾਹਾ ਲੈਂਦਿਆਂ ਆਪਣੀ ਜਾਨ ਬਚਾਅ ਕੇ ਉੱਥੋਂ ਭੱਜ ਗਿਆ। ਜਦੋਂ ਸੈਨਾਪਤੀ ਹੀ ਨਹੀਂ ਰਿਹਾ, ਸੈਨਾ ਨੇ ਹਥਿਆਰ ਸੁੱਟ ਦਿੱਤੇ।

ਗੁਰੂਘਰ ਦੀ ਰੀਤ ਅਨੁਸਾਰ ਚੜਤ ਸਿੰਘ ਨੇ ਹਾਰੇ ਹੋਏ ਸੈਨਕਾਂ ਨਾਲ ਨਰਮੀ ਦਾ ਵਿਹਾਰ ਕੀਤਾ। ਉਸਨੇ ਐਲਾਨ ਕਰ ਦਿੱਤਾ, 'ਸਿਪਾਹੀ ਆਪਣੇ ਆਪਣੇ ਹਥਿਆਰ ਰੱਖ ਦੇਣ ਤੇ ਬਿਨਾਂ ਰੋਕ ਟੋਕ ਚਲੇ ਜਾਣ। ਖਾਲਸਾ ਨਾ ਉਨਾਂ ਨੂੰ ਗ੍ਰਿਫ਼ਤਾਰ ਕਰੇਗਾ ਤੇ ਨਾ ਹੀ ਉਹਨਾਂ ਦਾ ਪਿੱਛਾ ਕਰੇਗਾ।'

ਜਿਨਾਂ ਅਫ਼ਸਰਾਂ ਤੇ ਸਿਪਾਹੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਉਨਾਂ ਨੂੰ ਵੀ ਨੂਰੁਦੀਨ ਵਾਮੇਜਈ ਕੋਲ ਪਹੁੰਚਾ ਦਿੱਤਾ ਗਿਆ। ਉਸ ਪਿੱਛੋਂ ਚੜਤ ਸਿੰਘ ਵਾਪਸ ਗੁਜਰਾਂਵਾਲਾ ਆ ਗਿਆ।

ਲਾਹੌਰ ਦੇ ਹਾਕਮ ਖਵਾਜ਼ਾ ਉਬੇਦ ਖ਼ਾਂ ਨੂੰ ਜਦੋਂ ਵਾਮੇਜਈ ਦੀ ਹਾਰ ਦੀ ਖ਼ਬਰ ਮਿਲੀ ਤਾਂ ਉਹ ਖਿਝ ਗਿਆ। ਉਸਨੇ ਸੋਚਿਆ ਕਿ ਇਹ ਹਾਰ ਲਾਹੌਰ ਹਕੂਮਤ ਦੀ ਹਾਰ ਹੈ। ਅਹਿਮਦ ਸ਼ਾਹ ਅਬਦਾਲੀ ਨੂੰ ਜਦੋਂ ਇਸ ਦਾ ਪਤਾ ਲੱਗੇਗਾ, ਉਹ ਬੜਾ ਨਾਰਾਜ਼ ਹੋਏਗਾ। ਗੁੱਸੇ ਤੇ ਭੈ ਸਦਕਾ ਬੋਖ਼ਲਾ ਕੇ ਉਸਨੇ ਸਿੱਖਾਂ ਉਤੇ ਚੜਾਈ ਕਰ ਦਿੱਤੀ ਤੇ ਗੁਜਰਾਂਵਾਲਾ ਨੂੰ ਜਾ ਘੇਰਿਆ। ਅੱਗੋਂ ਚੜਤ ਸਿੰਘ ਵੀ ਤਿਆਰ ਸੀ। ਮੋਰਚੇ ਲੱਗ ਗਏ। ਉਬੇਦ ਖ਼ਾਂ ਨੇ ਆਪਣੀ ਪੂਰੀ ਸ਼ਕਤੀ ਲੜਾਈ ਵਿਚ ਝੋਂਕ ਦਿੱਤੀ ਸੀ।

ਜੱਸਾ ਸਿੰਘ ਆਹਲੂਵਾਲੀਆ ਨੂੰ ਖ਼ਬਰ ਮਿਲੀ ਉਬੇਦ ਖ਼ਾਂ ਨੇ ਗੁੱਜਰਾਂਵਾਲਾ ਉੱਤੇ ਚੜਾਈ ਕਰ ਦਿੱਤੀ ਹੈ। ਗੁੱਜਰਾਂਵਾਲਾ ਸ਼ੁਕਰਚੱਕੀਆ ਮਿਸਲ ਦੀਆਂ ਸਰਗਰਮੀਆਂ ਦਾ ਧੁਰਾ ਸੀ। ਉਸਦਾ ਆਪਣਾ ਇਕ ਭੂਗੋਲਿਕ ਮਹਤੱਵ ਵੀ ਸੀ ਕਿਉਂਕਿ ਉਹ ਲਾਹੌਰ ਤੋਂ ਰਾਵਲਪਿੰਡੀ, ਪੇਸ਼ਾਵਰ, ਜਲਾਲਾਬਾਦ ਤੇ ਕਾਬੁਲ ਜਾਣ ਵਾਲੀ ਸ਼ਾਹ ਰਾਹ (ਮੁੱਖ ਸੜਕ) ਉੱਤੇ ਸਥਿਤ ਸੀ। ਕਾਬੁਲ ਤੋਂ ਲਾਹੌਰ ਤੇ ਲਾਹੌਰ ਤੋਂ ਕਾਬੁਲ ਆਉਂਦਿਆਂ-ਜਾਂਦਿਆਂ ਕਿਸੇ ਵੀ ਆਦਮੀ, ਕਬੀਲੇ ਜਾਂ ਹਮਲਾਵਰ ਨੂੰ ਗੁਜਰਾਂਵਾਲਾ ਵਿਚੋਂ ਲੰਘਣਾ ਪੈਂਦਾ ਸੀ। ਇਸ ਤੋਂ ਕੰਨੀਂ ਕੱਟ ਕੇ ਨਿਕਲ ਜਾਣਾ ਸੰਭਵ ਨਹੀਂ ਸੀ। ਅਬਦਾਲੀ ਜਦੋਂ ਹਮਲਾ ਕਰਦਾ ਸੀ ਤਾਂ ਬਿਨਾਂ ਕਿਸੇ ਅੱੜਿਕੇ ਦੇ ਸਿੱਧਾ ਲਾਹੌਰ ਜਾ ਪਹੁੰਚਦਾ ਹੁੰਦਾ ਸੀ। ਪਰ ਹੁਣ ਗੁੱਜਰਾਂਵਾਲਾ ਉਸਦੇ ਰਾਹ ਦੀ ਰੁਕਾਵਟ ਬਣ ਗਿਆ ਸੀ। ਗੁੱਜਰਾਂਵਾਲਾ ਖਾਲਸੇ ਦੀ ਨਵੀਂ ਵਧ ਰਹੀ ਸ਼ਕਤੀ ਦਾ ਪ੍ਰਤੀਕ ਸੀ। ਜਿਸ ਤਰਾਂ ਅੰਮ੍ਰਿਤਸਰ ਵਿਚ ਰਾਮ ਰੌਣੀ ਕਿਲੇ ਦਾ ਨਿਰਮਾਣ ਇਕ ਇਤਿਹਾਸਕ ਘਟਨਾ ਮੰਨੀ ਜਾਂਦੀ ਸੀ, ਗੁੱਜਰਾਂਵਾਲਾ ਕਿਲਾ ਵੀ ਇਕ ਇਤਿਹਾਸਕ ਘਟਨਾ ਹੀ ਮੰਨੀ ਗਈ। ਹੁਣ ਉਸਦੀ ਰੱਖਿਆ ਉਪਰ ਹੀ ਖਾਲਸੇ ਦਾ ਭਵਿੱਖ ਨਿਰਭਰ ਕਰਦਾ ਸੀ।

ਇਸ ਲਈ ਜੱਸਾ ਸਿੰਘ ਨੇ ਚੜਤ ਸਿੰਘ ਦੀ ਮਦਦ ਲਈ ਜਾਣ ਦਾ ਫੈਸਲਾ ਕਰ ਲਿਆ। ਜਿਸ ਤਰਾਂ ਉਬੇਦ ਖ਼ਾਂ ਨੇ ਆਪਣੀ ਪੂਰੀ ਸ਼ਕਤੀ ਲਾ ਦਿੱਤੀ ਸੀ, ਉਸੇ ਤਰਾਂ ਜੱਸਾ ਸਿੰਘ ਨੇ ਦਲ-ਖਾਲਸਾ ਦੀ ਪੂਰੀ ਸ਼ਕਤੀ ਇਕੱਤਰ ਕਰ ਲਈ। ਜੈ ਸਿੰਘ ਕਨਈਆ, ਹੀਰਾ ਸਿੰਘ ਭੰਗੀ, ਲਹਿਣਾ ਸਿੰਘ, ਸੋਭਾ ਸਿੰਘ, ਗੁਜਰ ਸਿੰਘ ਆਦਿ ਸਰਦਾਰਾਂ ਨੂੰ ਨਾਲ ਲੈ ਕੇ ਜੱਸਾ ਸਿੰਘ ਆ ਪਹੁੰਚਿਆ। ਖਾਲਸੇ ਨੇ ਗੁਜਰਾਂਵਾਲਾ ਤੋਂ ਚਾਰ ਕੋਹ ਦੇ ਫਾਸਲੇ ਉੱਤੇ ਡੇਰੇ ਲਾ ਲਏ। ਹੁਣ ਤਕ ਚੜਤ ਸਿੰਘ ਇਕੱਲਾ ਉਬੇਦ ਖ਼ਾਂ ਦਾ ਮੁਕਾਬਲਾ ਕਰ ਰਿਹਾ ਸੀ। ਕਿਲੇ ਵਿਚ ਰਸਦ ਤੇ ਚਾਰਾ ਪਹਿਲਾਂ ਹੀ ਇਕੱਠਾ ਕਰ ਲਿਆ ਗਿਆ ਸੀ। ਨੂਰੁਦੀਨ ਵਾਮੇਜਈ ਤੋਂ ਖੋਹੇ ਹੋਏ ਹਥਿਆਰ ਵੀ ਕਾਫੀ ਗਿਣਤੀ ਵਿਚ ਸਨ। ਸਿੱਖ ਘੋੜਸਵਾਰ ਸੁਭਾ ਸ਼ਾਮ ਜਾਂ ਫੇਰ ਅੱਧੀ ਰਾਤ ਤੋਂ ਮਗਰੋਂ ਪਤਾ ਨਹੀਂ ਕਦੋਂ ਅਚਾਨਕ ਕਿਲੇ ਵਿਚੋਂ ਨਿਕਲ ਕੇ ਹਮਲਾ ਕਰ ਦਿੰਦੇ ਸਨ, ਚੁਸਤ ਘੋੜਸਵਾਰ, ਤੇਜ਼ ਘੋੜੇ ਤੇ ਤਿੱਖਾ ਹਮਲਾ। ਸਿੱਖ ਉਬੇਦ ਖ਼ਾਂ ਦਾ ਖਾਸਾ ਨੁਕਸਾਨ ਕਰਕੇ ਝੱਟ ਕਿਲੇ ਵਿਚ ਚਲੇ ਜਾਂਦੇ ਸਨ। ਚੜਤ ਸਿੰਘ ਨੇ ਕਿਲੇ ਦੀ ਕੰਧ ਉਪਰ ਜਗਾ ਜਗਾ ਤੋਪਾਂ ਫਿੱਟ ਕਰਵਾਈਆਂ ਹੋਈਆਂ ਸਨ, ਜਿਨਾਂ ਵਿਚੋਂ ਧੜਾਧੜ ਗੋਲੇ ਨਿਕਲਦੇ ਸਨ ਤੇ ਦੁਸ਼ਮਣ ਦੀ ਸੈਨਾ ਉਨਾਂ ਦੀ ਮਾਰ ਤੋਂ ਦੂਰ ਰਹਿ ਕੇ ਬਚਣ ਦਾ ਯਤਨ ਕਰਦੀ ਰਹਿੰਦੀ ਸੀ। ਉਬੇਦ ਖ਼ਾਂ ਇਸ ਉਡੀਕ ਵਿਚ ਸੀ ਕਿ ਅੰਦਰਲਾ ਗੋਲਾ ਬਾਰੂਦ ਖ਼ਤਮ ਹੋਵੇ ਜਾਂ ਰਸਦ ਦੀ ਕਮੀ ਪਵੇ ਤਾਂ ਉਹ ਜ਼ੋਰਦਾਰ ਹਮਲਾ ਕਰੇ।

ਪਰ ਜਦੋਂ ਉਸਨੂੰ ਪਤਾ ਲੱਗਿਆ ਕਿ ਜੱਸਾ ਸਿੰਘ ਦੀ ਆਹਲੂਵਾਲੀਆ ਦੀ ਅਗਵਾਈ ਵਿਚ ਦੂਸਰੇ ਸਿੱਖ ਸਰਦਾਰ ਵੀ ਚੜਤ ਸਿੰਘ ਦੀ ਮਦਦ ਲਈ ਆ ਪਹੁੰਚੇ ਹਨ ਤਾਂ ਉਸਨੇ ਖ਼ੁਦ ਆਪਣੇ ਆਪ ਨੂੰ ਘਿਰਿਆ ਹੋਇਆ ਮਹਿਸੂਸ ਕੀਤਾ ਤੇ ਉਸਨੂੰ ਹੱਥਾਂ ਪੈਰਾਂ ਦੀ ਬਣ ਗਈ। ਇਧਰ ਦੀਆਂ ਖ਼ਬਰਾਂ ਉਧਰ ਤੇ ਉਧਰ ਦੀਆਂ ਖ਼ਬਰਾਂ ਇਧਰ ਪਹੁੰਚ ਰਹੀਆਂ ਸਨ। ਸੂਹੀਏ ਨੇ ਆ ਕੇ ਦੱਸਿਆ ਕਿ ਸਿੱਖ ਸਰਦਾਰ ਰਾਤ ਸਮੇਂ ਇਕੱਠੇ ਹਮਲਾ ਕਰਨਗੇ। ਉਬੇਦ ਖ਼ਾਂ ਪਹਿਲਾਂ ਹੀ ਬੌਂਦਲਿਆ ਹੋਇਆ ਸੀ, ਹੋਰ ਘਬਰਾ ਗਿਆ ਤੇ ਸੂਰਜ ਡੁੱਬਣ ਤੋਂ ਕੁਝ ਚਿਰ ਬਾਅਦ ਹੀ ਬਿਨਾਂ ਮੁਕਾਬਲਾ ਕੀਤਿਆਂ ਭੱਜ ਖੜਾ ਹੋਇਆ। ਸਿੱਖਾਂ ਨੂੰ ਉਸਦੇ ਭੱਜ ਜਾਣ ਦੀ ਖ਼ਬਰ ਮਿਲੀ ਤਾਂ ਉਹ ਬਾਕੀ ਸੈਨਾ ਉੱਤੇ ਟੁੱਟ ਪਏ। ਉਹ ਸਭ ਕੁਝ ਮੈਦਾਨ ਵਿਚ ਛੱਡ ਕੇ ਇਧਰ ਉਧਰ ਭੱਜ ਗਏ। ਜਿੱਤ ਖਾਲਸੇ ਦੀ ਹੋਈ ਤੇ ਮੁਫ਼ਤ ਦਾ ਜਿਹੜਾ ਮਾਲ ਹੱਥ ਲੱਗਿਆ, ਉਸ ਵਿਚ ਘੋੜੇ, ਊਠ, ਰਸਦ ਦੇ ਸਟੋਰ, ਕੈਂਪ ਦਾ ਸਮਾਨ ਤੇ ਉਹ ਤੋਪਾਂ ਵੀ ਸਨ, ਜਿਹੜੀਆਂ ਪਾਨੀਪਤ ਦੀ ਲੜਾਈ ਸਮੇਂ ਲਾਹੌਰ ਵਿਚ ਢਾਲੀਆਂ ਗਈਆਂ ਸਨ। ਉਹ ਤਾਂਬੇ ਅਤੇ ਪਿੱਤਲ ਦੀਆਂ ਬਣੀਆਂ ਹੋਈਆਂ ਸਨ ਅਤੇ ਦੂਰ ਤੱਕ ਮਾਰ ਕਰਦੀਆਂ ਸਨ। ਅਜਿਹੀਆਂ ਤੋਪਾਂ ਕਾਬੁਲ ਵਿਚ ਨਹੀਂ ਬਣਦੀਆਂ ਸਨ। ਇਸ ਲਈ ਅਬਦਾਲੀ ਲਾਹੌਰ ਤੋਂ ਦਿੱਲੀ ਵੱਲ ਜਾਂਦਾ ਹੋਇਆ ਹੁਕਮ ਦੇ ਗਿਆ ਸੀ ਕਿ ਦੂਜੇ ਹਥਿਆਰਾਂ ਦੇ ਨਾਲ ਤੋਪਾਂ ਵੀ ਭੇਜੀਆਂ ਜਾਣ। ਉਹ ਲੋਕਾਂ ਦੇ ਘਰਾਂ ਦੇ ਭਾਂਡੇ ਇਕੱਠੇ ਕਰਕੇ ਢਾਲੀਆਂ ਗਈਆਂ ਸਨ।

ਇਹ ਤੋਪਾਂ ਜਦੋਂ ਕਿਲੇ ਅੰਦਰ ਲਿਆਂਦੀਆਂ ਗਈਆਂ, ਸਿੱਖ ਸੈਨਿਕ ਹੈਰਾਨੀ ਤੇ ਉਤਸੁਕਤਾ ਨਾਲ ਉਨਾਂ ਵੱਲ ਤੱਕਦੇ ਰਹਿ ਗਏ। ਉਹ ਉਨਾਂ ਨੂੰ ਛੂੰਹਦੇ, ਟੋਂਹਦੇ-ਟਟੋਲਦੇ ਉਨਾਂ ਦੇ ਗਿਰਦ ਚੱਕਰ ਕੱਟ ਰਹੇ ਸਨ ਤੇ ਆਪਸ ਵਿਚ ਗੱਲਾਂ ਕਰ ਰਹੇ ਸਨ :

'ਬਾਰਾਂ ਨੇ।' ਕਿਸੇ ਨੇ ਗਿਣਤੀ ਦੱਸੀ।

'ਹਾਂ, ਪੂਰੀਆਂ ਬਾਰਾਂ।' ਕਿਸੇ ਹੋਰ ਨੇ ਪੁਸ਼ਟੀ ਕੀਤੀ।

'ਸਾਰੀਆਂ ਛੱਡ ਕੇ ਭੱਜ ਗਏ ?'

'ਇਨਾਂ ਵਿਚ ਉਨਾਂ ਦਾ ਕੀ ਏ ? ਸਾਡੀਆਂ ਤੋਪਾਂ ਸਨ, ਸਾਡੇ ਹੱਥ ਲੱਗ ਗਈਆਂ ਨੇ।' ਇਸ ਉੱਤੇ ਹਾਸੇ ਦਾ ਫੁਆਰਾ ਛੁੱਟਿਆ।

'ਇਨਾਂ ਤੋਪਾਂ ਨਾਲ ਅਬਦਾਲੀ ਨੇ ਮਰਾਠਿਆਂ ਨੂੰ ਹਰਾਇਆ ਸੀ। ਅਸੀਂ ਹੁਣ ਅਬਦਾਲੀ ਨੂੰ ਹਰਾਵਾਂਗੇ।'

'ਹੋਰ ਕੀ।' ਇਕ ਵਾਰੀ ਫੇਰ ਸਾਂਝਾ ਹਾਸਾ ਸੁਣਾਈ ਦਿੱਤਾ। ਜਿੱਤ ਉੱਤੇ ਜਿੱਤ ਹੋ ਰਹੀ ਸੀ। ਦਲ-ਖਾਲਸਾ ਦੀ ਧਾਕ ਬੈਠ ਗਈ।

22 ਅਕਤੂਬਰ 1761 ਦੀ ਦੀਵਾਲੀ ਸੀ। ਸਾਰੀਆਂ ਮਿਸਲਾਂ ਦੇ ਸਰਦਾਰ ਅੰਮ੍ਰਿਤਸਰ ਵਿਚ ਇਕੱਠੇ ਹੋਏ ਤੇ ਸਰਬੱਤ ਖਾਲਸਾ ਨੇ ਅਗਲੇਰੀ ਕਾਰਵਾਈ ਉੱਤੇ ਵਿਚਾਰ ਕੀਤਾ।

'ਹੁਣ ਆਪਾਂ ਲਾਹੌਰ ਫਤਹਿ ਕਰਨਾ ਏਂ। ਜਦੋਂ ਤਕ ਲਾਹੌਰ ਉੱਤੇ ਵਿਦੇਸ਼ੀਆਂ ਦਾ ਕਬਜਾ ਏ, ਪੰਜਾਬ ਨੂੰ ਆਜ਼ਾਦ ਨਹੀਂ ਕਿਹਾ ਜਾ ਸਕਦਾ ਤੇ ਨਾ ਖਾਲਸਾ ਰਾਜ ਕਿਹਾ ਜਾ ਸਕਦਾ ਹੈ।' ਚੜਤ ਸਿੰਘ ਨੇ ਕਿਹਾ।

'ਬਿਲਕੁਲ ਠੀਕ।' ਕਈ ਆਵਾਜ਼ਾਂ ਨੇ ਇਕਸੁਰ-ਸਮਰਥਨ ਕੀਤਾ।

'ਦੂਜਾ ਆਪਾਂ ਨੂੰ ਜੰਡਿਆਲੇ ਵਾਲੇ ਗੁਰੂ ਆਕਿਲ ਦਾਸ ਬਾਰੇ ਵੀ ਸੋਚਣਾ ਪੈਣਾ ਏਂ। ਘਰ ਵਿਚ ਦੁਸ਼ਮਣ ਕਿਉਂ ਬੈਠਾ ਰਹੇ।'

'ਇਹ ਵੀ ਠੀਕ ਏ।' ਫੇਰ ਸਮਰਥਨ ਦਿੱਤਾ ਗਿਆ। ਪਹਿਲਾਂ ਲਾਹੌਰ ਤੇ ਫੇਰ ਜੰਡਿਆਲੇ ਉਪਰ ਚੜਾਈ ਕਰਨ ਦਾ ਗੁਰਮਤਾ ਪਾਸ ਹੋਇਆ।

ਦਲ ਖਾਲਸਾ ਨੇ ਆਪਣੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਲਾਹੌਰ ਨੂੰ ਜਾ ਘੇਰਿਆ। ਆਵਾਜਾਈ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਗਏ, ਨਾ ਕੋਈ ਅੰਦਰ ਜਾ ਸਕਦਾ ਸੀ, ਨਾ ਬਾਹਰ ਆ ਸਕਦਾ ਸੀ। ਜਿਵੇਂ ਮੀਰ ਮੁਹੰਮਦ ਦੇ ਸਮੇਂ ਹੋਇਆ ਸੀ ਓਵੇਂ ਹੀ ਹੁਣ ਹੋਇਆ। ਉਬੇਦ ਖ਼ਾਂ ਆਪਣਾ ਤੋਪ-ਖਾਨਾ ਤੇ ਯੁੱਧ ਦਾ ਸਮਾਨ ਗੁਜਰਾਂਵਾਲਾ ਵਿਚ ਛੱਡ ਆਇਆ ਸੀ। ਉਸਦਾ ਦਬਦਬਾ ਵੀ ਖ਼ਤਮ ਹੋ ਚੁੱਕਿਆ ਸੀ। ਸਿੱਖਾਂ ਨਾਲ ਲੜਨ ਜੋਗੀ ਹਿੰਮਤ ਵੀ ਨਹੀਂ ਸੀ ਰਹੀ। ਉਹ ਕਿਲੇ ਵਿਚ ਬੰਦ ਹੋ ਗਿਆ।

ਕਿਲੇ ਵਿਚ ਦਾਣਾ ਪਾਣੀ ਇਕੱਠਾ ਕੀਤਾ ਹੋਇਆ ਸੀ। ਉਹ ਵਪਾਰੀਆਂ ਨੂੰ ਲੁੱਟ ਖੋਹ ਵੀ ਲੈਂਦੇ ਸਨ। ਮੁਸੀਬਤ ਸ਼ਹਿਰ ਦੀ ਉਸ ਜਨਤਾ ਦੀ ਆਈ ਜਿਹਨਾਂ ਦੇ ਕਾਰੋਬਾਰ ਸ਼ਹਿਰ ਤੋਂ ਬਾਹਰ ਸਨ ਤੇ ਉਸ ਕਮਾਈ ਦੇ ਆਸਰੇ ਗੁਜ਼ਾਰਾ ਚੱਲਦਾ ਸੀ। ਕਈ ਲੋਕਾਂ ਨੂੰ ਟੱਟੀ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਵੀ ਬਾਹਰ ਜਾਣਾ ਪੈਂਦਾ ਸੀ। ਉਹ ਲੋਕ ਬੇਹੱਦ ਪ੍ਰੇਸ਼ਾਨ ਸਨ ਤੇ ਉਬੇਦ ਖ਼ਾਂ ਦੇ ਖ਼ਿਲਾਫ਼ ਬਗ਼ਾਵਤ ਉਪਰ ਉਤਰ ਆਏ ਸਨ,

(ਚਲਦਾ...)

# ਯਾਦਾਂ ਦੇ ਝਰੋਖੇ 'ਚੋਂ...

ਬਿੱਟੂ ਅਰਪਿੰਦਰ ਸਿੰਘ

'ਜਨਨੀ ਜਣੈ ਤਾਂ ਭਗਤ ਜਨ, ਕੈ ਦਾਤਾ, ਕੈ ਸੂਰ,
ਨਹੀਂ ਤਾਂ ਜਨਨੀ ਬਾਂਝ ਰਹੇ ਕਾਹੇ ਗਵਾਵਹਿ ਨੂਰ ॥'

ਗੱਲ ਦਸੰਬਰ 1985 ਦੇ ਨੇੜੇ ਤੇੜੇ ਦੀ ਹੈ, ਮਹਿਤਾ ਸਾਹਿਬ ਵਿਖੇ ਹਿੰਦ ਹਕੂਮਤ ਨਾਲ ਜੂਝ ਕੇ ਸ਼ਹੀਦ ਹੋਏ ਸਿੰਘਾਂ ਦੇ ਸਨਮਾਨ ਵਿੱਚ ਇਕ ਸਮਰੋਹ ਬਾਬਾ ਠਾਕਰ ਸਿੰਘ ਜੀ ਤੇ ਟਕਸਾਲ ਦੇ ਸਿੰਘਾਂ ਵੱਲੋਂ ਕਰਵਾਇਆ ਗਿਆ ਸੀ। ਬੜਾ ਵਿਸ਼ਾਲ ਇਕੱਠ ਸੀ, ਜਿਸ ਵਿੱਚ ਹਰ ਪਾਸੇ ਕੇਸਰੀ ਦਸਤਾਰਾਂ ਦਾ ਹੜ ਸੀ ਤੇ ਅਕਾਸ਼ ਗੂੰਜਾਊ ਨਾਅਰੇ ਤੇ ਜੈਕਾਰੇ ਗੂੰਜ ਰਹੇ ਸਨ। ਸਭ ਸ਼ਹੀਦਾਂ ਦੇ ਸਨਮਾਨ ਵਿੱਚ ਵਾਰਸਾਂ ਨੂੰ ਸਿਰਪਾਓ ਦਿੱਤੇ ਜਾ ਰਹੇ ਸਨ।

ਅਚਾਨਕ ਸਟੇਜ ਸੈਕਟਰੀ ਵੱਲੋਂ ਮਹਾਨ ਸ਼ਹੀਦ ਜਰਨੈਲ ਭਾਈ ਸੁਬੇਗ ਸਿੰਘ ਜੀ ਜਨਰਲ ਦਾ ਨਾਂ ਅਨਾਊਂਸ ਕੀਤਾ ਗਿਆ, ਫਿਜ਼ਾਵਾਂ ਖਾਲਸਾਈ ਨਾਅਰਿਆਂ ਜੈਕਾਰਿਆਂ ਨਾਲ ਹੋਰ ਵੀ ਗੂੜੀਆਂ ਕੇਸਰੀ ਹੋ ਗਈਆਂ, ਸੰਗਤਾਂ ਪੰਡਾਲ ਵਿਚੋਂ ਉੱਠ ਬੀਰਰੱਸ ਵਿੱਚ ਖਲੋ ਕੇ ਜੈਕਾਰੇ ਗਜਾਉਣ ਲੱਗੀਆਂ। ਮੰਚ ਸੰਚਾਲਕ ਨੇ ਜਨਰਲ ਸੁਬੇਗ ਸਿੰਘ ਜੀ ਦੇ ਸਤਿਕਾਰ ਯੋਗ ਮਾਤਾ ਜੀ ਨੂੰ ਸਿਰਪਾਓ ਲੈਣ ਲਈ ਬੇਨਤੀ ਕੀਤੀ। ਜੈਕਾਰਿਆਂ ਦੀਆਂ ਗੂੰਜਾਂ ਨੇ ਧਰਤੀ ਹੋਰ ਕੰਬਣ ਲਾ ਦਿੱਤੀ। ਮਾਤਾ ਜੀ ਸਿਰੋਪਾ ਸਵੀਕਾਰ ਕਰਕੇ ਕੁਹ ਕਹਿਣ ਲੱਗੇ। ਸੱਭ ਪਾਸੇ ਚੁੱਪ ਪਸਰ ਗਈ, ਚਿੜੀਆਂ ਚੂਕਣਾਂ ਬੰਦ ਕਰ ਦਿੱਤਾ। ਪਰਿੰਦਿਆਂ ਚੁੰਝਾਂ ਮੀਚ ਲਈਆਂ। ਮਾਤਾ ਜੀ ਨੇ ਕਿਹਾ, 'ਜੇ ਮੇਰਾ ਪੁੱਤ ਬੰਗਲਾਦੇਸ਼ ਦੀ ਲੜਾਈ ਜਾਂ ਮੁਲਕ ਦੇ ਕਿਹੇ ਬਾਡਰ 'ਤੇ ਚੜਾਈ ਕਰ ਜਾਂਦਾ ਏਨਾ ਮਾਣ ਨਹੀਂ ਸੀ ਮਿਲਣਾ, ਜੋ ਅੱਜ ਗੁਰੂ ਅਤੇ ਸੰਗਤ ਨੇ ਦਿੱਤਾ ਹੈ'। ਮੈਨੂੰ ਮਾਣ ਹੈ ਕਿ ਮੇਰਾ ਪੁੱਤ ਗੁਰੂ ਦੀ ਸਰਦਲ ਤੇ ਸ਼ਹੀਦੀ ਦੇ ਕੇ ਤੋੜ ਨਿਭਾਅ ਗਿਆ'। ਬੱਸ, ਬਿਰਧ ਮਾਤਾ ਜੀ ਦੀ ਇਸ ਸੰਖੇਪ ਤਕਰੀਰ ਨੇ ਇਕ ਵਾਰ ਫਿਰ ਜੈਕਾਰਿਆਂ ਨਾਲ ਅਕਾਸ਼ ਗੂੰਜਣ ਲਾ ਦਿੱਤਾ।

ਮਾਤਾ ਜੀ ਹੋਰਾਂ ਦਸਿਆ ਕਿ ਬਾਲਕ ਸੁਬੇਗ ਸਿੰਘ ਨੇ ਪੰਜ ਵਰਿਆਂ ਦੀ ਉਮਰੇ ਸ੍ਰੀ ਜਪੁਜੀ ਸਾਹਿਬ ਕੰਠ ਕਰ ਲਿਆ ਸੀ, ਉਨਾਂ ਕਦੇ ਸੁਬੇਗ ਸਿੰਘ ਦੇ ਚਿਹਰੇ ਤੇ ਮਾਯੂਸੀ ਜਾਂ ਉਦਾਸੀ ਨਹੀਂ ਸੀ ਦੇਖੀ। ਉਨਾਂ ਦੱਸਿਆ ਕਿ ਉਹ ਜ਼ਿੰਦਗੀ ਵਿਚ ਇਕ ਵਾਰ ਉਦਾਸ ਹੋਏ ਜਦੋਂ ਉਨਾਂ ਨੂੰ ਬੰਗਲਾਦੇਸ਼ ਦੇ ਯੁੱਧ ਵਿੱਚ ਮੁਕਤੀ ਬਾਹਿਨੀ ਗੁਰੀਲਿਆਂ ਨੂੰ ਟ੍ਰੇਨਿੰਗ ਦੇਣ ਸਮੇਂ ਸ਼ਾਹ-ਬੇਗ ਬਣ ਭੇਸ ਬਦਲਣਾ ਪਿਆ। ਇਹ ਉਨਾਂ ਨੇ ਉਸ ਦੇਸ਼ ਲਈ ਕੀਤਾ ਜਿਨਾਂ ਅਕਿਰਤਘਣਾਂ ਨੇ ਬਾਅਦ ਵਿੱਚ ਉਸ ਨੂੰ ਰੱਜ ਕੇ ਜ਼ਲੀਲ ਕੀਤਾ। ਕਿਉਂਕਿ ਉਹ ਅਹਿਸਾਨ ਫਰਮੋਸ਼ ਸਿੱਖਾਂ ਨੂੰ ਦਿਹਾੜੀਦਾਰ ਫੌਜੀਆਂ ਭਾਵ ਨੌਕਰਾਂ ਤੋਂ ਵੱਧ ਕੱਖ ਨਹੀਂ ਸਮਝਦੇ ਸਨ ।

ਮਹਾਂਭਾਰਤ ਵਿੱਚ ਸ੍ਰੀ ਕ੍ਰਿਸ਼ਨ ਅਰਜਨ ਵੱਲ ਹਨ ਪਰ ਕਰਣ ਦੇ ਆਉਂਦੇ ਬਾਣਾਂ ਦੀ ਪ੍ਰਸੰਸਾ ਕਰ ਰਹੇ ਹਨ। ਕਰਣ ਵੱਲੋਂ ਆਉਂਦਾ ਹਰ ਬਾਣ ਅਰਜਨ ਦੇ ਰੱਥ ਦੇ ਘੋੜਿਆਂ ਦੇ ਪੈਰ ਛੁਵਾਈ ਜਾ ਰਿਹਾ ਹੈ। ਮੈਦਾਨੇ ਜੰਗ ਵਿੱਚ ਇਕ ਦਾ ਵੀਰਗਤੀ ਨੂੰ ਪ੍ਰਾਪਤ ਹੋ ਜਾਣਾ ਤੈਅ ਹੈ ਪਰ ਮਜ਼ਾ ਉਦੋਂ ਆਉਂਦਾ ਜੇ ਵਿਰੋਧੀ ਵਾਹ ਵਾਹ ਕਰੇ।

ਜਨਰਲ ਸੁਬੇਗ ਸਿੰਘ ਦੀ ਬਹਾਦਰੀ ਤੇ ਕਮਾਲ ਦੀ ਮੋਰਚੇਬੰਦੀ ਬਾਰੇ ਬੜੇ ਕਿਤਾਬਚੇ ਛਪ ਚੁੱਕੇ ਹਨ ਜਿਨਾਂ ਵਿੱਚ ਵਿਰੋਧੀਆਂ ਵੀ ਉਨਾਂ ਦੀ ਰੱਜ ਕੇ ਪ੍ਰਸੰਸਾ ਕੀਤੀ ਹੈ। ਵਿਰੋਧੀ ਜਨਰਲ ਕੁਲਦੀਪ ਬਰਾੜ ਨੇ ਵੀ 'ਦਾ ਬਲਿਊ ਸਟਾਰ ਅਪਰੇਸ਼ਨ ਟਰੂ ਸਟੋਰੀ' ਦੇ ਸਫ਼ਾ 162 ਤੇ ਜਨਰਲ ਸੁਬੇਗ ਸਿੰਘ ਦੀ ਕਮਾਨ ਹੇਠ ਲੜਿਆ ਯੋਧਿਆਂ ਦੀ ਤਰੀਫ਼ ਕੀਤੀ ਹੈ। ਉਸ ਨੇ ਕਈ ਥਾਈਂ ਲਿਖਿਆ ਕਿ ਇਹ ਇਕ ਯੋਗ ਜਰਨੈਲ ਦੀ ਯੁੱਧਨੀਤੀ ਸੀ ਜਿਨਾਂ ਸਾਨੂੰ 6 ਜੂਨ ਤੱਕ ਠੱਲ ਪਾਈ ਰੱਖੀ ।

ਹੁਣ ਇਹ ਹਥਲਾ ਲੇਖ ਲਿਖਣ ਤੋਂ ਭਾਵ ਹੈ ਕਿ ਦੁਸ਼ਮਣ ਤੇ ਸਾਡੀ ਬਹਾਦਰੀ ਦੇ ਸੋਹਲੇ ਗਾਉਂਦੇ ਹਨ ਤੇ ਸਾਡੇ ਆਪਣੇ ਸਿੱਖਾਂ ਘਰ ਜੰਮੇ ਪਾਹੜੂ ਆਪਣੇ ਯੋਧਿਆਂ 'ਤੇ ਸ਼ੰਕੇ ਕਰਦੇ ਹਨ । ਕਮਾਲ ਹੋ ਗਈ ਜਦੋਂ ਕੱਲ ਕਿਸੇ ਅਖੌਤੀ ਪਾਹੜੂ ਨੇ ਮੇਰੇ ਨਾਲ ਵਿਚਾਰ ਚਰਚਾ ਵਿੱਚ ਇਹ ਕੁਮੈਂਟ ਕਰਕੇ ਅਨਪੜਤਾ ਜ਼ਾਹਰ ਕੀਤੀ ਕਿ ਜਨਰਲ ਸੁਬੇਗ ਸਿੰਘ ਜੀ ਤੇ ਕੁਲਦੀਪ ਬਰਾੜ ਦੋਵੇਂ ਸਹੀ ਸਨ।( ਕੁਮੈਂਟ ਹੇਠਾਂ ਕੁਮੈਂਟ ਬਾਕਸ ਵਿੱਚ ਪੜੋ) ਬਰਾਬਰ ਕਿੱਦਾਂ ਹੋਗੇ, ਕਿਹੜੀ ਮਜਬੂਰੀ



ਹਰਫ਼ਾਂ ਦੇ ਨੂਰ

ਸੀ, ਜਿਹੜੀ ਉਸਨੂੰ ਗੁਰੂਘਰ 'ਤੇ ਧਾਵਾ ਬੋਲਣ ਲਈ ਲੈ ਆਈ ਤੇ ਦੋ ਘੰਟੇ ਵਿਚ, ਸੰਤਾਂ ਨੂੰ ਫੜ ਲਿਆਉਣ ਦੀ ਫੜ ਮਾਰ ਬੈਠਾ। ਸਤਿਕਾਰਯੋਗ ਹਿੰਦੂ ਵੀਰ ਜਨਰਲ ਸਿਨਹਾ ਵਾਂਗੂ ਮਨਾ ਵੀ ਕਰ ਸਕਦਾ ਸੀ । ਜਿਸ ਨੇ ਇੰਦਰਾ ਨੂੰ ਇਹ ਕਹਿ ਕੇ ਚੁੱਪ ਕਰਵਾਤਾ ਸੀ ਕਿ ਫੌਜ ਆਪਣਿਆਂ 'ਤੇ ਚੜਾਈ ਕਰਨ ਨੂੰ ਨਹੀਂ ਹੁੰਦੀ, ਨਾਲੇ ਜਿੱਥੇ ਸੱਭ ਦਾ ਭਲਾ ਮੰਗਣ ਵਾਲੇ ਸਿੱਖ ਹੋਣ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹ ਵੀ ਗੁਰੂਘਰ 'ਤੇ। ਸਲਾਮ ਹਿੰਦੂ ਭਾਈ ਨੂੰ। ਬਰਾੜ ਵਰਗਾ ਹੀ ਇਕ ਕੈਪਟਨ ਰੈਨਾ ਹੋਇਆ ਜਿਹੜਾ ਤਮਗੇ ਲਵਾਉਣ ਦੇ ਚਾਅ ਵਿਚ, ਲੱਤਾਂ ਗਵਾ ਬੈਠਾ, ਹੁਣ ਡੱਬੇ ਵਿਚ ਬੰਦ ਵੀਰ ਚੱਕਰ ਵੇਖ ਵੇਖ ਕੇ ਰੋਈ ਜਾਂਦਾ (ਵੇਖੋ ਕੰਵਰ ਸੰਧੂ ਦੀ ਰਿਪੋਰਟ ਯੂ ਟਿਊਬ ਤੇ) ਰਣਜੀਤ ਦਿਆਲ ਦੀ ਅੰਤਮ ਅਰਦਾਸ ਲਈ ਕੋਈ ਪਾਠੀ ਨਹੀਂ ਸੀ ਲੱਭਦਾ। ਇਸੇ ਤਰਾਂ ਹੀ ਬਰਾੜ ਜਿਸਦਾ ਇਕਲੌਤਾ ਮੁੰਡਾ ਗੋਆ ਦੀ ਬੀਚ ਤੇ ਮਰਿਆ ਬਰਾਮਦ ਮਿਲਿਆ, ਆਪਣੇ ਘਰ ਵਿਚ ਕੈਦ ਨਿੱਤ ਨਿੱਤ ਮਰ ਰਿਹਾ ਹੈ। ਘਰਵਾਲ਼ੀ ਨੂੰ ਕੈਂਸਰ ਤੇ ਇੰਗਲੈਂਡ ਗਿਆ ਸ਼ਾਹਰਗ ਵੱਡਾ ਲੈਣ ਲੱਗਾ ਸੀ, ਫਿਰ ਘਰ ਵਿਚ ਕੈਦੀ ਹੈ। ਦੂਜੇ ਪਾਸੇ ਅਮਰ ਸ਼ਹੀਦ ਜਰਨੈਲ ਸੁਬੇਗ ਸਿੰਘ ਧਰੂ ਤਾਰੇ ਵਾਂਗ ਹਰ ਸਿੱਖ ਦੇ ਹਿਰਦੇ ਵਿਚ ਚਮਕ ਰਿਹਾ ਹੈ। ਕੁਝ ਲਾਲ ਲੀਰਾਂ ਦੇ ਝੰਡੇ ਨੂੰ ਸਿਜਦੇ ਕਰਨ ਵਾਲੇ ਦਰਬਾਰ ਸਾਹਿਬ 'ਤੇ ਹੋਏ ਹਮਲੇ ਵਿਚ ਸੰਤਾਂ ਨੂੰ ਦੋਸ਼ੀ ਕਹੀ ਜਾਂਦੇ। ਖ਼ੈਰ, ਇਨਾਂ ਤੋਂ ਆਸ ਵੀ ਕੋਈ ਖ਼ਾਸ ਨਹੀਂ। ਇਨਾਂ ਦਾ ਵੱਸ ਚੱਲੇ ਚਮਕੌਰ ਤੇ ਸਾਰਾਗੜੀ ਦੇ ਸ਼ਹੀਦਾਂ ਨੂੰ ਵੀ ਗਲਤ ਸਾਬਤ ਕਰ ਦੇਣ।

ਖ਼ੈਰ, ਸਾਡੇ ਬਹੁਤ ਸਾਰੇ ਵੀਰ ਫੌਜ ਤੇ ਸੁਰੱਖਿਆ ਬਲਾਂ ਵਿਚ ਹਨ, ਵਾਹਿਗੁਰੂ ਉਨਾਂ 'ਤੇ ਮੇਹਰ ਕਰੇ। ਜੇ ਕਦੇ ਸਥਿਤੀ ਐਸੀ ਬਣ ਜਾਵੇ ਸਾਰੇ ਜਨਰਲ ਸੁਬੇਗ ਸਿੰਘ ਵਾਂਗੂੰ ਦੀਨ, ਧਰਮ ਤੇ ਆਪਣੇ ਇਸ਼ਟ ਨੂੰ ਪਹਿਲ ਦੇਣ। ਕਦਾਚਿਤ ਵੀ ਗੁਰੂ ਨੂੰ ਪਿੱਠ ਵਿਖਾ ਕੇ ਕੁੱਖ ਕਲੰਕਤ ਨਾ ਕਰਨ।

ਮਰਦੇ ਕਾਮਲ ਇੱਕ ਤੇਰੀ ਅਸੀਸ ਲੈ ਕੇ ਅਸੀਂ ਚੜੇ ਤਾਂ ਚੜੇ ਤੂਫ਼ਾਨ ਬਣਕੇ

ਅਸੀਂ ਅੜੇ ਤਾਂ ਵਾਂਗ ਹਿਮਾਲਿਆ ਦੇ ਗਏ ਮੁੜੇ ਤਾਂ ਦੇਸ਼ ਦੀ ਆਨ ਬਣ ਕੇ

ਅਸੀਂ ਕੜੇ ਤਾਂ ਕੇਸਰ ਦੇ ਫੁੱਲ ਵਾਂਗੂੰ ਜਦੋਂ ਸੜੇ ਤਾਂ ਸ਼ਮਾਂ ਦੀ ਜਾਨ ਬਣਕੇ

ਅਸੀਂ ਲੜੇ ਤਾਂ ਧੌਂਸੇ ਤੇ ਚੋਟ ਲਾ ਆਪਣੇ ਦੇਸ਼ ਤੇ ਕੌਮ ਦੀ ਸ਼ਾਨ ਬਣਕੇ।

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।।**

# ਇਲਾਹੀ ਬਾਣੀ ਦੀ ਕਰਾਮਾਤ

ਸ਼ਮਸ਼ੇਰ ਸਿੰਘ ਜੇਠੂਵਾਲ

**ਘੋਰ ਦੁਖੰ ਅਨਿਕ ਹਤੰ ਜਨਮ ਦਾਰਿਦ੍ਰੰ ਮਹਾ ਬਿਖਾਦੰ ।।**
**ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ,**
**ਜੈਸੇ ਪਾਵਕ ਕਾਸਟ ਭਸਮੰ ਕਰੋਤਿ ।।**
**(ਅੰਗ 1355)**

ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਧੁਰ ਕੀ ਬਾਣੀ ਵਿਚ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ 'ਬੰਦੇ ਨੂੰ ਘੋਰ ਦੁਖ ਹੋਣ, ਅਨੇਕਾਂ ਪਾਪ ਕੀਤੇ ਹੋਣ, ਜਨਮ ਤੋਂ ਗਰੀਬੀ ਹੋਵੇ, ਅਨੇਕਾਂ ਪੁਆੜੇ ਪਏ ਹੋਣ, ਸਾਰੇ ਹੀ ਪਾਪ, ਕਸ਼ਟ ਨਾਮ ਸਿਮਰਣ ਨਾਲ ਮਿਟ ਜਾਂਦੇ ਹਨ, ਜਿਵੇਂ ਲੱਕੜਾਂ ਦੇ ਬਹੁਤ ਵੱਡੇ ਢੇਰ ਨੂੰ ਥੋੜੀ ਜਿਹੀ ਚਿੰਗਾਰੀ ਹੀ ਸਾੜ ਕੇ ਸੁਆਹ ਕਰ ਦਿੰਦੀ ਹੈ।

ਗੁਰਬਾਣੀ ਵਿੱਚ ਮਹਾਰਾਜ ਜੀ ਨੇ ਉਸ ਪਾਰਬ੍ਰਹਮ ਪ੍ਰਮੇਸ਼ਵਰ ਦਾ ਅੰਤ ਪਾਉਣ ਦੀ ਥਾਂ ਉਸ ਨਾਲ ਅਭੇਦ ਹੋਣ ਦਾ ਉਪਦੇਸ਼ ਦਿੱਤਾ ਹੈ।

'ਉਤਪਤੀ ਦਾ ਰਹੱਸ ਰਾਤ ਦੇ ਹਨੇਰੇ ਵਾਂਗ ਮਹਾਨ ਹੈ, ਗਿਆਨ ਦੇ ਭੁਲੇਖੇ ਸਵੇਰੇ ਦੀ ਧੁੰਧ ਵਾਂਗ ਉਲਝੇ ਪਏ ਹਨ'। ਪ੍ਰਭੂ ਬੇਅੰਤ ਹੈ ਜਦਕਿ ਵਿਦਵਾਨ ਅਤੇ ਵਿਦਵਤਾ ਬੁੱਧੀ ਦੇ ਮੰਡਲ ਦੇ ਦਾਇਰੇ ਤੱਕ ਹੀ ਸੀਮਿਤ ਹੈ।

ਧਰਮ ਦਾ ਧੁਰਾ ਪ੍ਰਮੇਸ਼ਰ ਭਾਓ ਭਗਤਿ ਪ੍ਰੇਮ ਅਧੀਨ ਹੈ ਜੋ ਭਗਤ ਜਨਾਂ ਦੇ ਹਿਰਦੇ ਵਿੱਚ ਵਾਸ ਰੱਖਦਾ ਹੈ, ਪੈਗੰਬਰਾਂ ਦੇ ਜੀਵਨ ਦੀਆਂ ਘਟਨਾਵਾਂ ਨੂੰ ਵਿਗਿਆਨ ਦੀ ਕਸਵੱਟੀ ਲਾ ਕੇ ਪਰਖਣ ਵਾਲਿਆਂ ਨੂੰ ਨਿਰਾਸ਼ਾ ਤੋਂ ਸਿਵਾਏ ਕੁਝ ਪੱਲੇ ਨਹੀਂ ਪਵੇਗਾ ਵਿਗਿਆਨ ਆਪਣੀ ਖੋਜ ਦੇ ਸਹਾਰੇ ਅੰਤ ਪਾਉਣਾਂ ਚਾਹੁੰਦਾ ਹੈ, ਪਰ ਪ੍ਰਭੂ ਅਥਾਹ, ਅਗੰਮ ਤੇ ਬੇਅੰਤ ਹੈ ਤੇ ਉਸ ਦਾ ਮਾਰਗ ਪ੍ਰੇਮ ਹੈ। ਮਨੁੱਖੀ ਜੋ ਸੰਸਾਰ ਪਦਾਰਥਵਾਦ ਗਿਆਨ-ਵਿਗਿਆਨ ਵਿਚ ਉਲਝਿਆ ਪਿਆ ਹੈ। ਜਦਕਿ ਵਿਗਿਆਨ ਪ੍ਰਕਿਰਤੀ ਨੂੰ ਸਮਝਣ ਲਈ ਹੋਂਦ ਵਿਚ ਆਇਆ ਪਦਾਰਥ ਦੀ ਜਾਣਕਾਰੀ ਦੇਣ ਵਾਲਾ ਵਿਗਿਆਨ ਹੈ, ਦੂਜੇ ਪਾਸੇ ਪ੍ਰਭੂ ਆਪਣੀ ਬਣਾਈ ਪ੍ਰਕਿਰਤੀ ਵਿਚ ਸਮੋਇਆ ਹੋਇਆ ਵੀ ਇਸ ਤੋਂ ਨਿਰਲੇਪ ਹੈ।

ਮਨੁੱਖੀ ਜੀਵਨ ਵਿਚ ਸੁਖ-ਦੁਖ ਆਉਂਦੇ ਰਹਿੰਦੇ ਹਨ, ਪਰ ਕਈ ਵਾਰ ਮਨੁੱਖ ਬੇਲੋੜੀ ਚਿੰਤਾ ਵਿਚ ਪੈ ਕੇ ਕੁਝ ਅਜਿਹਾ ਗਲਤ ਕਰ ਬੈਠਦਾ ਹੈ ਜਿਸ ਦਾ ਪਛਤਾਵਾ ਉਹ ਜ਼ਿੰਦਗੀ ਦੇ ਅੰਤ ਤੱਕ ਕਰਦਾ ਹੈ ਉਸ ਸਮੇਂ ਸਤਿਗੁਰੂ ਜੀ ਦਾ ਉਪਦੇਸ਼ ਸਾਡਾ ਸਹਾਈ ਹੁੰਦਾ ਹੈ, ਗੁਰਬਾਣੀ, ਗੁਰ-ਇਤਿਹਾਸ, ਪ੍ਰਭੂ ਪਿਆਰੇ ਜੋ ਜੀਵਾਂ ਨੂੰ ਸਤ, ਸੰਤੋਖ, ਦਯਾ ਦਾ ਉਪਦੇਸ਼ ਦੇ ਕੇ ਉਨਾਂ ਦੇ ਕਠੋਰ ਹਿਰਦਿਆਂ ਨੂੰ ਰੱਬੀ ਗੁਣਾਂ ਨਾਲ ਸ਼ਸ਼ਗਾਰ ਕਰਕੇ ਅਪਰਾਧਾਂ ਤੋਂ ਬਚਾਅ ਕੇ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਅਗਵਾਈ ਕਰਦੇ ਹਨ।

ਆਪਣੇ ਜੀਵਨ ਦੀ ਹੱਡਬੀਤੀ ਘਟਨਾ ਸਾਂਝੀ ਕਰਨੀ ਚਾਹੁੰਦਾ ਹਾਂ, ਮੇਰਾ ਅਨੰਦ ਕਾਰਜ ਸੰਨ 2008 ਵਿਚ ਹੋਇਆ। ਵਿਆਹ ਤੋਂ ਦੋ ਕੁ ਮਹੀਨੇ ਬਾਅਦ ਹਸਪਤਾਲਾਂ ਨਾਲ ਵਾਹ ਪਿਆ। ਬਾਅਦ ਪਤਾ ਲੱਗਾ ਕਿ ਸਿੰਘਣੀ ਨੂੰ ਵਾਇਰਲ ਇਨਫੈਕਸ਼ਨ ਹੈ, ਜੋ ਭਵਿੱਖ ਵਿਚ ਘਾਤਕ ਹੋ ਸਕਦਾ ਹੈ। ਅੰਮ੍ਰਿਤਸਰ ਦੇ ਇਕ ਨਿੱਜੀ ਹਸਪਤਾਲ ਵਿਚੋਂ ਇਲਾਜ ਸ਼ੁਰੂ ਕਰਵਾਇਆ, ਪਰ ਉਸ ਤੋਂ ਬਾਅਦ ਵੀ ਬਹੁਤਾ ਫਰਕ ਨਾ ਪਿਆ। ਅਖੀਰ ਡਾ. ਸਾਬ ਨੇ ਦੱਸਿਆ ਕਿ ਇਸ ਰੋਗ ਨੂੰ ਨੈਗੇਟਿਵ ਕਰਨ ਦੀ ਕੋਈ ਵੀ



ਕਲਮਾਂ ਦੇ ਜਜ਼ਬਾਤ

ਦੁਆਈ ਇਸ ਦੁਨੀਆਂ ਵਿਚ ਨਹੀਂ ਆਈ, ਪਰ ਕੁਝ ਟੈਸਟਾਂ ਤੋਂ ਬਾਅਦ ਲਗਾਤਾਰ ਦਵਾਈ ਲੈਣ ਤੇ ਪ੍ਰਹੇਜ ਨਾਲ ਰੋਗ ਵੱਧਣ ਦਾ ਖਤਰਾ ਘੱਟ ਜਾਂਦਾ ਹੈ।

ਦਵਾਈ ਦੀ ਇਕ ਸ਼ਰਤ ਸੀ, ਉਸ ਦਾ ਮਨੁੱਖੀ ਸਰੀਰ ਤੇ ਛੇ ਮਹੀਨੇ ਅਸਰ ਰਹਿੰਦਾ ਹੈ ਅਤੇ ਉਸ ਦੇ ਅਸਰ ਮੁੱਕਣ ਤੋਂ ਬਾਅਦ ਹੀ ਔਲਾਦ ਬਾਰੇ ਸੋਚਿਓ...ਜੋ ਸ਼ਰਤ ਅਸੀਂ ਪੂਰੀ ਨਾ ਕਰ ਸਕੇ। ਹੁਣ ਮੈਡੀਕਲ ਸਾਇੰਸ ਮੁਤਾਬਿਕ ਡਾਕਟਰ ਨੇ ਦੱਸਿਆ ਕਿ ਤੁਹਾਡਾ ਇਹ ਬੱਚਾ ਅਪਾਹਜ ਹੋ ਸਕਦਾ ਹੈ। ਪ੍ਰੈਗਨੈਂਸੀ ਦੇ ਦੌਰਾਨ ਐਸੀਆਂ ਦਵਾਈਆਂ ਦੀ ਵਰਤੋਂ ਬਹੁਤ ਖ਼ਤਰਨਾਕ ਸਿੱਧ ਹੋ ਸਕਦੀ ਹੈ, ਇਸ ਲਈ ਮੇਰੀ ਸਲਾਹ ਹੈ, ਤੁਸੀ ਇਸ ਭਰੂਣ ਨੂੰ ਗਿਰਾ ਕੇ ਮੁਸੀਬਤ ਤੋਂ ਬਚ ਸਕਦੇ ਹੋ ਵਰਨਾ.....? ਜੇ ਕੱਲ ਨੂੰ ਬੱਚਾ ਅਪਾਹਜ ਹੁੰਦਾ ਹੈ ਤਾਂ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਨਾਲ ਹੀ ਇਹ ਕਹਿ ਦਿੱਤਾ ਕਿ ਜ਼ਿਆਦਾ ਦਿਨ ਬੀਤਣ ਨਾਲ ਇਹ ਕਾਰਜ ਅਪ੍ਰੇਸ਼ਨ ਨਾਲ ਹੋਵੇਗਾ।

ਮੇਰਾ ਹਸਪਤਾਲਾਂ ਨਾਲ ਜ਼ਿੰਦਗੀ ਵਿੱਚ ਪਹਿਲੀ ਵਾਰ ਵਾਹ ਪਿਆ ਸੀ, ਜਿਸ ਕਰਕੇ ਡਰ ਸਹਿਮ ਵਿਚ ਅਸੀਂ ਕਾਹਲੀ ਵਿੱਚ ਕੁਝ ਕਰਨ ਦੀ ਬਜਾਏ ਇਕ ਹਫ਼ਤੇ ਦਾ ਸਮਾਂ ਸੋਚਣ ਲਈ ਮੰਗਿਆ। ਘਰ ਪਹੁੰਚ ਕੇ ਡਾਕਟਰ ਦੀਆਂ ਵਿਚਾਰਾਂ ਨਾਲ ਘਰ ਵਾਲਿਆਂ ਨੇ ਸਹਿਮਤੀ ਪ੍ਰਗਟਾਈ ਕਿ ਬੱਚੇ ਨੂੰ ਨਾ ਰੱਖਿਆ ਜਾਵੇ।

ਪਰ ਗੁਰ-ਇਤਿਹਾਸ ਦਾ ਪ੍ਰੇਮੀ ਪਾਠਕ ਹੋਣ ਕਰਕੇ ਵਾਰ-ਵਾਰ ਇਹ ਵਿਚਾਰ ਆ ਰਹੇ ਸਨ ਕਿ ਜੋ ਸਾਡੇ ਕਰਮਾਂ ਵਿਚ ਹੈ ਮਿਲ ਕੇ ਹੀ ਰਹੇਗਾ, ਪ੍ਰਭੂ ਤੋਂ ਭੱਜ ਕੇ ਕਿਤੇ ਨਹੀਂ ਜਾਇਆ ਜਾ ਸਕਦਾ। ਇਸੇ ਕਸ਼ਮਕਸ਼ ਵਿਚ ਦੋ ਦਿਨ ਬੀਤਣ ਉਪਰੰਤ ਫੋਨ ਕਰਕੇ ਮੈਂ ਗੁਰਮੁਖ ਪਿਆਰੇ ਸਰਦਾਰ ਕੰਵਰਅਜੀਤ ਸਿੰਘ ਪਟਿਆਲਾ ਜੀ ਨੂੰ ਸਾਰੀ ਸਥਿਤੀ ਬਿਆਨ ਕੀਤੀ ਅਤੇ ਦੱਸਿਆ ਕਿ ਮੈਂ ਇਹ ਪਾਪ ਨਹੀਂ ਕਰਨਾ ਚਾਹੁੰਦਾ...?

ਸਰਦਾਰ ਸਾਹਿਬ ਮਹਾਰਾਜ ਜੀ ਤੇ ਬਹੁਤ ਅਟੁੱਟ ਵਿਸ਼ਵਾਸ ਵਾਲੀ ਰੂਹ ਹਨ, ਉਨਾਂ ਨੇ ਜੋ ਕਿਹਾ ਅੱਜ ਵੀ ਮੇਰੇ ਕੰਨਾਂ ਅੰਦਰ ਗੂੰਜਦਾ ਹੈ...'ਇਹ ਸਿੱਖੀ ਦੀ ਪਰਖ਼ ਹੈ ਅਸੀਂ ਪ੍ਰਭੂ ਤੋਂ ਭੱਜ ਕੇ ਦੁਨੀਆਂ ਅੰਦਰ ਕਿਤੇ ਨਹੀਂ ਜਾ ਸਕਦੇ, ਉਹ ਬੇਅੰਤ ਹੈ ਮਹਾਰਾਜ ਵੱਲੋਂ ਆਉਣ ਵਾਲੇ ਦੁਖ-ਸੁਖ ਨੂੰ ਸਵੀਕਾਰ ਕਰੋ, ਥਿਰ ਰਹੋ, ਉਹ ਭਲੀ ਕਰੇਗਾ ਗੁਰੂ ਅੱਗੇ ਅਰਦਾਸ ਕਰੋ ਉਹ ਬਹੁੜੇਗਾ, ਪਾਪ ਕਰਨ ਬਾਰੇ ਕਦੇ ਸੋਚਣਾ ਵੀ ਨਾ, ਇਸ ਜਨਮ ਵਿਚ ਨਹੀਂ ਤਾਂ ਹੋਰ ਜਨਮ ਵਿੱਚ ਭੁਗਤੋਗੇ'।

ਅਸੀ ਪੱਕਾ ਮਨ ਬਣਾ ਲਿਆ ਕਿ ਆਉਣ ਵਾਲੇ ਜੀਵ ਨੂੰ ਅਸੀਂ ਨਹੀਂ ਰੋਕ ਸਕਦੇ, ਹਫ਼ਤੇ ਬਾਅਦ ਅਸੀਂ ਡਾ. ਕੋਲ ਜਾਣ ਤੋਂ ਪਹਿਲਾਂ ਦਰਬਾਰ ਸਾਹਿਬ ਵਿਖੇ ਅਰਦਾਸ ਕੀਤੀ। ਹਸਪਤਾਲ ਪਹੁੰਚ ਕੇ ਕਿਹਾ ਕਿ ਅਸੀਂ ਭਰੂਣ ਹੱਤਿਆ ਨਹੀਂ ਕਰਨਾ ਚਾਹੁੰਦੇ।

ਡਾ. ਸਾਹਿਬ ਕਹਿਣ ਲੱਗੇ ਕਿਉਂ...?

ਅਸੀਂ ਰੱਬ 'ਤੇ ਵਿਸ਼ਵਾਸ਼ ਬਾਰੇ ਦੱਸਿਆ ਕਿ ਪ੍ਰਭੂ ਜੋ ਚਾਹੁੰਦਾ ਹੈ ਉਹ ਹੋ ਕੇ ਹੀ ਰਹੇਗਾ, ਉਸੇ ਦੀ ਰਜ਼ਾ ਤੇ ਛੱਡ ਦਿੱਤਾ ਹੈ। ਡਾਕਟਰ ਸਾਹਿਬ ਕਹਿਣ ਲੱਗੇ ਇਹ ਅੰਧ ਵਿਸ਼ਵਾਸ ਹੈ, ਇਨਾਂ ਵਿਚਾਰਾਂ ਨੂੰ ਵਿਗਿਆਨ ਵਿਚ ਕੋਈ ਥਾਂ ਨਹੀਂ, ਜੇਕਰ ਤੁਹਾਡਾ ਬੱਚਾ ਅਪਾਹਜ ਹੋਇਆ ਤਾਂ ਸਾਰੀ ਜ਼ਿੰਦਗੀ ਪਛਤਾਓਗੇ। ਅਸੀਂ ਫਿਰ ਦੁਹਰਾਇਆ 'ਡਾ. ਸਾਹਿਬ ਅਸੀਂ ਇਹ ਪਾਪ ਨਹੀਂ ਕਰਨਾ ਚਾਹੁੰਦੇ..ਸੋ ਇਸ ਦੇ ਲਈ ਜ਼ਰੂਰੀ ਹੈ ਕਿ ਸਭ ਕੁਝ ਪ੍ਰਭੂ 'ਤੇ ਹੀ ਛੱਡ ਦਿੱਤਾ ਜਾਵੇ। ਉਪਰੰਤ ਅਸੀਂ **Pregnancy care** ਦੀ **Medicine** ਲੈ ਕੇ ਵਾਪਿਸ ਆ ਰਹੇ ਸੀ ਤਾਂ ਮਨ ਅੰਦਰ ਵਿਚਾਰ ਚੱਲ ਰਹੇ ਸਨ ਕਿ 'ਪੇਟ ਅੰਦਰ ਪਲ ਰਹੇ ਬੱਚੇ ਦੇ ਨੈਣ ਨਕਸ਼ ਉਸ ਦੀ ਮਾਂ ਨਹੀਂ ਘੜ ਸਕਦੀ। ਇਸ ਲਈ ਡਾ. ਸਾਹਿਬ ਦਾ ਦਾਅਵਾ ਵਿਅਰਥ ਰੱਖਦਿਆਂ ਚਿੰਤਾ ਨੂੰ ਛੱਡ ਕੇ ਪ੍ਰਭੂ ਤੇ ਵਿਸ਼ਵਾਸ ਰੱਖਿਆ। ਤਿੰਨ ਮਹੀਨਿਆਂ ਪਿਛੋਂ ਅਲਟਰਾਸਾਊਂਡ ਟੈਸਟ ਕਰਵਾਏ ਤਾਂ ਬੱਚੇ ਦੇ ਸਾਰੇ ਅੰਗ ਮੌਜੂਦ ਸਨ। ਡਾ. ਸਾਬ ਨੇ ਸਾਨੂੰ ਵਧਾਈ ਦਿੱਤੀ ਤੇ ਨਾਲ ਹੀ ਇਹ ਕਹਿ ਦਿੱਤਾ ਕਿ ਦਿਮਾਗ, ਅੱਖਾਂ, ਕੰਨ, ਨੱਕ ਦੀ ਹਾਲਾਤ ਬਾਰੇ ਸਾਨੂੰ ਕੁਝ ਪਤਾ ਨਹੀਂ ਅਸੀਂ ਫਿਰ ਦੁਚਿੱਤੀ ਪੈ ਗਏ ਅਖੀਰ ਸਤਿਗੁਰਾਂ ਅੱਗੇ ਅਰਦਾਸ ਕੀਤੀ :

**ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ ।।**
**ਤਾਪ ਪਾਪ ਸਭ ਮਿਟੇ ਰੋਗ ਸੀਤਲ ਮਨੁ ਭਇਆ ।।1।।**
**ਗੁਰੁ ਪੂਰਾ ਆਰਾਧਿਆ ਸਗਲਾ ਦੁਖੁ ਗਇਆ ।।**
**ਰਾਖਨਹਾਰੈ ਰਾਖਿਆ ਅਪਨੀ ਕਰ ਮਇਆ ।। ਰਹਾਉ ।।**
**(ਅੰਗ 817)**

ਮਹਾਰਾਜ ਜੀ ਨੇ ਕ੍ਰਿਪਾ ਕੀਤੀ ਦੋ ਅਪ੍ਰੈਲ ਸੰਨ 2011 ਨੂੰ ਸਾਡੀ ਖੁਸ਼ੀ ਦਾ ਟਿਕਾਣਾ ਨਾ ਰਿਹਾ ਜਦੋਂ ਉਸੇ ਹਸਪਤਾਲ ਵਿਚ ਬਹੁਤ ਹੀ ਤੰਦਰੁਸਤ ਬੱਚੀ ਮਨਸੀਰਤ ਕੌਰ ਨੇ ਜਨਮ ਲਿਆ। ਮੈਡੀਕਲ ਸਾਇੰਸ ਮੁਤਾਬਿਕ ਦੋ ਤੋਂ ਤਿੰਨ ਕਿਲੋ ਵਜ਼ਨ ਵਾਲਾ ਬੱਚਾ ਤੰਦਰੁਸਤ ਮੰਨਿਆ ਜਾਂਦਾ ਹੈ, ਪਰ ਇਸ ਬੱਚੀ ਦਾ ਵਜ਼ਨ ਸਾਢੇ ਤਿੰਨ ਕਿਲੋ ਸੀ ਨੈਣ-ਨਕਸ਼, ਜਨਮ ਸਮੇਂ ਹੀ ਸੰਘਣੇ ਕਾਲੇ ਕੇਸ ਇਸ ਬੱਚੀ ਵੱਲ ਵੇਖ ਸਾਡੀ ਹੈਰਾਨੀ ਦੀ ਹੱਦ ਨਾ ਰਹੀ।

ਜਿਸ ਬੱਚੀ ਨੂੰ ਮੈਡੀਕਲ ਸਾਇੰਸ ਕਤਲ ਕਰਵਾ ਰਹੀ ਸੀ, ਰੱਬੀ ਭਰੋਸੇ ਉਸਦਾ ਤੰਦਰੁਸਤ ਜਨਮ ਲੈਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ...ਦੂਜੇ ਪਾਸੇ ਜੇਕਰ ਮਾਂ ਨੂੰ ਕੋਈ ਇੰਫੈਕਸ਼ਨ ਹੋਵੇ ਤਾਂ ਬੱਚੇ ਨੂੰ ਹੋਣੀ ਸੁਭਾਵਿਕ ਹੈ ਪਰ ਬੱਚੀ ਬਿਲਕੁਲ ਨਿਰੋਗ ਹੈ ਜੋ ਕਿ ਕਰਤਾਰੀ ਕਰਾਮਾਤ ਤੋਂ ਘੱਟ ਨਹੀਂ ਗੁਰਬਾਣੀ ਦੇ (ਮ) ਅੱਖਰ 'ਚੋਂ ਮਨਸੀਰਤ ਕੌਰ ਨਾਮ ਰਖਿਆ ਗਿਆ ਇਸ ਨੂੰ ਉਸ ਪ੍ਰਭੂ ਦੀ ਬਖ਼ਸ਼ਿਸ਼ ਤੇ ਰਹਿਮਤ ਹੀ ਮੰਨਿਆ ਜਾ ਸਕਦਾ ਹੈ।

**ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ।।**
**ਨਾਨਕ ਕਾ ਪਾਤਸਾਹੁ ਦਿਸੈ ਜ਼ਾਹਰਾ ।। (ਅੰਗ 397)**

ਵਿਗਿਆਨ ਦੀ ਪਹੁੰਚ ਪਦਾਰਥਵਾਦ ਤੱਕ ਹੈ ਮੈਡੀਕਲ ਸਾਇੰਸ ਨੇ ਸਾਰਾ ਸਰੀਰ ਪਾੜ ਕੇ ਦੇਖ ਲਿਆ, ਦਿਲ, ਫੇਫੜੇ, ਜਿਗਰ, ਗੁਰਦੇ, ਸਕੈਨਿੰਗ ਕੀਤੀ ਪਰ ਰੱਬ ਕਿਤੋਂ ਨਹੀਂ ਮਿਲਿਆ, ਕਿਸੇ ਵਿਗਿਆਨੀ ਨੂੰ ਅੱਜ ਤੱਕ ਰੱਬ ਬਣਾਈ ਕੁਦਰਤ ਦਾ ਅੰਤ ਨਹੀਂ ਮਿਲਿਆ, ਕਿਉਂਕਿ ਪ੍ਰਭੂ ਵਿਗਿਆਨ ਦੀ ਕੈਮਿਸਟਰੀ, ਬਾਇਓਲੋਜੀ, ਫਿਜਿਕਸ, ਟ੍ਰਿਗਨੋਮੈਟਰੀ, ਐਕਟ੍ਰੋਨੋਮੀ ਆਦਿ ਤੋਂ ਬਹੁਤ ਬਾਹਰ ਹੈ। ਇਨਾਂ ਦਾ ਵਿਸ਼ਾ ਨਹੀਂ ਹੈ ਪ੍ਰਭੂ ਪ੍ਰੇਮਾ ਭਗਤੀ ਮਾਰਗ ਹੈ ਜਿਥੇ ਸਾਡੀ ਅਗਵਾਈ ਇਲਾਹੀ ਬਚਨ ਕਰਦੇ ਹਨ ਇਸ ਰਸਤੇ 'ਤੇ ਸਤਿਗੁਰਾਂ ਦੀ ਭੈ/ਭਾਵਨੀ ਮਨ ਵਿਚ ਰੱਖ ਚੱਲਿਆ ਜਾਂਦਾ ਹੈ।

**ਸੱਚੇ ਪਾਤਸ਼ਾਹ ਜੀ ਦਾ ਕੋਟਾਨਿ ਕੋਟਿ ਸ਼ੁਕਰਾਨਾ।**

# ਵੈਸਾਖੀ

## ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ



**ਡਾ. ਦਿਲਵਰ ਸਿੰਘ**

30 ਮਾਰਚ 1699 ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਤਖਤ ਸ੍ਰੀ ਕੇਸਗੜ ਸਾਹਿਬ ਜੀ ਦੇ ਪਾਵਨ ਅਸਥਾਨ ਤੇ ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ ਖ਼ਾਲਸਾ ਜੀ ਨੂੰ ਪ੍ਰਗਟ ਕੀਤਾ ਭਾਵ ਖ਼ਾਲਸਾ ਜੀ ਦੀ ਸਾਜਨਾ ਕੀਤੀ। ਇਸ ਦਿਨ ਪਹਿਲੀ ਵੈਸਾਖ ਸੀ ਅਤੇ ਸੰਮਤ 1756 ਸੀ। ਸੋ, ਖਾਲਸਾ ਵਿਸਾਖੀ ਵਾਲੇ ਦਿਨ ਪਰਗਟ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਇਸ ਕਰਕੇ ਪਰਗਟ ਕੀਤਾ :-

**ਅਸੁਰ ਸੰਘਾਰਬੇ ਕੋ ਦੁਰਜਨ ਕੇ ਮਾਰਬੇਕੋ ਖਾਲਸਾ ਬਣਾਇਓ ਹੈ॥**

ਗੁਰੂ ਸਾਹਿਬ ਨੇ ਫਰਮਾਇਆ ਕਿ ਮੈਂ ਤੇ ਅਕਾਲ ਪੁਰਖ ਜੀ ਦੀ ਆਗਿਆ ਨਾਲ ਖ਼ਾਲਸਾ ਪੰਥ ਚਲਾਇਆ ਹੈ :

**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਨਿਰਮਲ ਪੰਥ ਦੀ ਨੀਂਹ ਰੱਖੀ ਸੀ ਉਸੇ ਨਿਰਮਲ ਪੰਥ ਦੇ ਪੈਰੋਕਾਰਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਬਣਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਖਾਲਸਾ ਪ੍ਰਗਟ ਹੋਣ ਤਕ ਲਗਭਗ 230 ਸਾਲ ਲੱਗੇ ਹਨ। ਖਾਲਸਾ ਬਣਨ ਦਾ ਇਹ ਲੰਬਾ ਪੈਂਡਾ ਬੜਾ ਜੋਖ਼ਮ ਭਰਿਆ ਸੀ। ਇਸ ਸਮੇਂ ਦੌਰਾਨ ਬਾਬੇ ਕਿਆਂ ਅਤੇ ਬਾਬਰ ਕਿਆਂ ਦੀ ਆਪਸ ਵਿੱਚ ਖੜਕਦੀ ਹੀ ਰਹੀ। ਬਾਬੇ ਕੇ ਅਕਾਲ ਰੂਪ ਸਨ ਤੇ ਬਾਬੇ ਕੇ ਜਾਬਰ। ਬਾਬੇ ਕਿਆਂ ਨੇ ਜਬਰ ਦਾ ਟਾਕਰਾ ਸਬਰ ਨਾਲ ਕੀਤਾ। ਇਸ ਸਬਰ ਦਾ ਸਿਖ਼ਰ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਸ਼ਹਾਦਤਾਂ ਸਨ। ਜਬਰ ਨੂੰ ਤੋੜਨ ਲਈ ਸਬਰ ਦਾ ਇਹ ਪੰਧ ਨਿਰੰਤਰ ਜਾਰੀ ਰਿਹਾ ਅਤੇ ਅੱਜ ਵੀ ਹੈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਜਬਰ ਤੇ ਜ਼ੁਲਮ ਦਾ ਟਾਕਰਾ ਤਲਵਾਰ ਨਾਲ ਕੀਤਾ। ਸ੍ਰੀ ਗੁਰੂ ਹਰਿ ਰਾਇ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਤਲਵਾਰ ਦੇ ਜੌਹਰ ਵੀ ਵਿਖਾਏ, ਪਰ ਸਬਰ ਨਹੀਂ ਛੱਡਿਆ। ਮੀਰੀ ਉਤੇ ਪੀਰੀ ਨੂੰ ਭਾਰੂ ਰੱਖਣ ਦਾ ਉਪਦੇਸ਼ ਦਿੱਤਾ। ਪਰ ਬਾਬਰ ਕਿਆਂ ਦੀ ਮੀਰੀ, ਪੀਰੀ ਉੱਤੇ ਭਾਰੂ ਹੋਣਾ ਚਾਹੁੰਦੀ ਸੀ, ਜੋ ਨਹੀਂ ਹੋ ਸਕੀ ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੀਰੀ-ਪੀਰੀ ਦੀ ਸਦੀਵੀ ਕਾਇਮੀ ਲਈ ਇੱਕ ਐਸੀ ਸ਼ਖ਼ਸੀਅਤ ਨੂੰ ਪ੍ਰਗਟ ਕਰ ਦਿੱਤਾ ਜਿਸ ਕੋਲ ਪੀਰੀ ਵੀ ਹੋਵੇ ਤੇ ਮੀਰੀ ਵੀ। ਜੋ ਸੰਤ ਵੀ ਹੋਵੇ ਤੇ ਸਿਪਾਹੀ ਵੀ। ਜਿਸ ਕੋਲ ਮਾਲਾ ਵੀ ਹੋਵੇ ਤੇਗ ਵੀ। ਜਿਸ ਕੋਲ ਧਰਮ ਵੀ ਹੋਵੇ ਤੇ ਰਾਜਨੀਤੀ ਵੀ। ਜਿਸ ਕੋਲ ਮੱਤ ਵੀ ਹੋਵੇ ਤੇ ਪੱਤ ਵੀ। ਜਿਸ ਕੋਲ ਅਧਿਆਤਮਿਕਤਾ ਵੀ ਹੋਵੇ ਤੇ ਸੰਸਾਰਕ ਜਿੰਮੇਵਾਰੀਆਂ ਦੀ ਸੂਝ ਵੀ। ਜਿਹੜਾ ਮਾਇਆ ਵਿਚ ਨਿਰਲੇਪ ਹੋ ਕੇ ਵਿਚਰੇ। ਜਿਹੜਾ ਪ੍ਰਵਿਰਤੀ ਮਾਰਗ 'ਤੇ ਚੱਲਦਿਆਂ ਨਿਰਵਿਰਤੀ ਮਾਰਗ ਦਾ ਧਾਰਨੀ ਬਣਕੇ ਜੀਵਨ ਜੀਵੇ। ਜਿਹੜਾ ਮੂੰਹ ਤੋਂ ਪ੍ਰਭੂ ਦਾ ਨਾਮ ਨਾ ਵਿਸਾਰੇ ਤੇ ਚਿੱਤ ਵਿਚੋਂ ਜਬਰ ਦੇ ਖ਼ਾਤਮੇ ਲਈ ਹਰਦਮ ਯੁੱਧ ਲਈ ਤਿਆਰ ਰਹੇ, ਜਿਸ ਨੂੰ ਸ਼ਾਸਤਰ ਤੇ ਸ਼ਸਤਰ ਦੋਵਾਂ ਦਾ ਗਿਆਨ ਹੋਵੇ। ਜਿਹੜਾ ਨਿਡਰ ਹੋਵੇ। ਜਿਸ ਦੇ ਹਿਰਦੇ ਵਿੱਚ 'ਅਤਿ ਹੀ ਰਣ ਮੈ ਤਬ ਜੂਝ ਮਰੋ' ਦਾ ਚਾਅ ਪੈਦਾ ਹੋਵੇ। ਐਸੀ ਸ਼ਖ਼ਸੀਅਤ ਨੂੰ ਹੀ ਗੁਰੂ ਜੀ ਨੇ ਖਾਲਸਾ ਆਖਿਆ ਹੈ।

'ਖਾਲਸਾ' ਸ਼ਬਦ ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਜੋ ਨਿਰੋਲ, ਸ਼ੁੱਧ ਜਾਂ ਮਿਲਾਵਟ ਤੋਂ ਉੱਪਰ ਹੋਵੇ। ਫਾਰਸੀ ਭਾਸ਼ਾ ਵਿੱਚ ਉਸ ਜਮੀਨ ਜਾਂ ਇਲਾਕੇ ਨੂੰ ਵੀ ਖਾਲਸਾ ਕਿਹਾ ਜਾਂਦਾ ਹੈ ਜੋ ਸਿੱਧੀ ਬਾਦਸ਼ਾਹ ਦੀ ਹੋਵੇ, ਕਿਸੇ ਜਗੀਰਦਾਰ ਦੀ ਨਾ ਹੋਵੇ (ਸਿੱਖ ਪੰਥ ਵਿਸ਼ਵ ਕੋਸ਼, ਡਾ. ਰਤਨ ਸਿੰਘ ਜੱਗੀ)।

ਭਗਤ ਕਬੀਰ ਜੀ ਨੇ ਵੀ ਆਪਣੀ ਬਾਣੀ ਵਿਚ ਉਨਾਂ ਸਾਧਕਾਂ ਨੂੰ ਖਾਲਸਾ ਆਖਿਆ ਹੈ ਜਿਨਾਂ ਨੇ ਪ੍ਰਭੂ ਦੀ ਪ੍ਰੇਮਾ ਭਗਤੀ ਨੂੰ ਜਾਣਿਆ ਹੈ :

**ਕਹੁ ਕਬੀਰ ਜਨ ਪਾਏ ਖਾਲਸੇ ਪ੍ਰੇਮ ਭਗਤ ਜਿਹ ਜਾਨੀ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ,ਪਾਵਨ ਅੰਕ 654)**

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਹੁਕਮਨਾਮਿਆਂ ਵਿੱਚ ਪੂਰਬ ਅਤੇ ਪਟਨਾ ਦੀ ਸੰਗਤ ਨੂੰ ਗੁਰੂ ਕਾ ਖਾਲਸਾ ਕਹਿ ਕੇ ਸੰਬੋਧਨ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਦੀ ਵਿਸਾਖੀ ਵਾਲੇ ਦਿਨ ਪੰਜ ਪਿਆਰਿਆਂ ਦੀ ਚੋਣ ਕਰਕੇ ਉਨਾਂ ਨੂੰ ਅੰਮ੍ਰਿਤ ਛਕਾ ਕੇ ਅਤੇ ਉਨਾਂ ਦੇ ਹੱਥੋਂ ਆਪ ਅੰਮ੍ਰਿਤ ਛਕ ਕੇ ਖਾਲਸਾ ਸਾਜਿਆ ਅਰਥਾਤ ਖਾਲਸਾ ਪ੍ਰਗਟ ਕੀਤਾ । ਜਿਵੇਂ ਅਸੀਂ ਪਿੱਛੇ ਦੱਸ ਆਏ ਹਾਂ ਕਿ ਖਾਲਸਾ ਉਹ ਹੈ ਜੋ ਨਿਰੋਲ, ਸ਼ੁੱਧ ਤੇ ਮਿਲਾਵਟ ਤੋਂ ਰਹਿਤ ਹੁੰਦਾ ਹੈ ਅਤੇ ਜੋ ਸਿੱਧਾ ਬਾਦਸ਼ਾਹ ਦੇ ਅਧੀਨ ਹੁੰਦਾ ਹੈ। ਉਸੇ ਤਰਾਂ ਗੁਰੂ ਕਾ ਖਾਲਸਾ ਵੀ ਤਨ ਤੇ ਮਨ ਕਰਕੇ ਨਿਰੋਲ, ਸ਼ੁੱਧ ਤੇ ਬਾਹਰੀ ਮਿਲਾਵਟਾਂ ਅਰਥਾਤ ਕਰਮਕਾਂਡਾਂ ਤੋਂ ਰਹਿਤ ਅਤੇ ਸਿੱਧਾ ਅਕਾਲ ਪੁਰਖ ਤੇ ਸੱਚੇ ਗੁਰੂ ਦੇ ਅਧੀਨ ਹੁੰਦਾ ਹੈ ।ਉਸ ਉੱਤੇ ਕਿਸੇ ਹੋਰ ਦਾ ਕੋਈ ਕਬਜ਼ਾ ਨਹੀਂ ਹੁੰਦਾ। ਇਸੇ ਕਰਕੇ ਗੁਰੂ ਸਾਹਿਬ ਨੇ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਵਿੱਚ ਖਾਲਸਾ ਮਹਿਮਾ ਕਰਦਿਆਂ ਫੁਰਮਾਇਆ ਹੈ ਕਿ :



**ਖਾਲਸਾ ਅਕਾਲ ਪੁਰਖ ਕੀ ਫੌਜ॥**
**ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥**

ਖਾਲਸਾ ਅਕਾਲ ਪੁਰਖ ਦੀ ਆਪਣੀ ਫੌਜ ਹੈ ਤੇ ਅਕਾਲ ਪੁਰਖ ਦੀ ਫੌਜ ਸਿੱਧੇ ਤੌਰ 'ਤੇ ਅਕਾਲ ਦੇ ਹੀ ਅਧੀਨ ਹੋ ਸਕਦੀ ਹੈ; ਕਿਸੇ ਹੋਰ ਦੇ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪ੍ਰਗਟ ਕਰਕੇ ਉਨਾਂ ਗ਼ਰੀਬ ਸਿੱਖਾਂ ਨੂੰ ਬਾਦਸ਼ਾਹੀ ਦਿੱਤੀ ਹੈ ਜਿਨਾਂ ਨੂੰ ਸਮਾਜ ਨੇ ਅਖੌਤੀ ਨੀਵੀਆਂ ਜਾਤਾਂ ਵਿਚ ਵੰਡਿਆ ਹੋਇਆ ਸੀ ਅਤੇ ਜਿਨਾਂ ਦਾ ਤ੍ਰਿਸਕਾਰ ਕੀਤਾ ਜਾਂਦਾ ਸੀ :

**ਜਿਨਕੀ ਜਾਤ ਔਰ ਕੁਲ ਮਾਹੀ ਸਰਦਾਰੀ ਨਹਿ ਭਈ ਕਦਾਂਹੀ ।**
**ਤਿਨਹੀ ਕੋ ਸਰਦਾਰ ਬਨਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ ।**
**ਇਨ ਗਰੀਬ ਸਿੰਘਨ ਕੋ ਦੇਊਂ ਪਾਤਸਾਹੀ।**
**ਯਾਦ ਕਰੇਂ ਹਮਰੀ ਗੁਰਿਆਈ।**

ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਨੇ ਜਿਨਾਂ ਪੰਜ ਸਿੰਘਾਂ ਦੇ ਸਿਰਾਂ ਦੀ ਮੰਗ ਕੀਤੀ ਸੀ ਉਹ ਸਾਰੇ ਹੀ ਉਨਾਂ ਵਰਗਾਂ ਨਾਲ ਸਬੰਧਤ ਸਨ ਜਿਨਾਂ ਨੂੰ ਸਤਾਇਆ ਜਾ ਰਿਹਾ ਸੀ। ਉਨਾਂ ਪੰਜਾਂ ਵਿੱਚ ਇੱਕ ਖੱਤਰੀ, ਇੱਕ ਜੱਟ, ਇੱਕ ਝੀਵਰ, ਇੱਕ ਛੀਂਬਾ ਅਤੇ ਇਕ ਨਾਈ ਸੀ ।ਪਰ ਗੁਰੂ ਸਾਹਿਬ ਨੇ ਉਨਾਂ ਦੇ ਸਿਰ ਧੜ ਤੋਂ ਵੱਖ ਕਰਕੇ ਕਿਉਂਕਿ ਗੁਰੂ ਵਿਚ ਸਮਰੱਥਾ ਹੈ 'ਸਤਿਗੁਰੁ ਮੇਰਾ ਮਾਰਿ ਜੀਵਾਲੈ' (ਸ੍ਰੀ ਗੁਰੂ ਗ੍ਰੰਥ ਸਾਹਿਬ ਪਾਵਨ ਅੰਕ 1146) ਉਹਨਾਂ ਤੇ ਅੰਮ੍ਰਿਤ ਸਿੰਝ ਕੇ ਉਨਾਂ ਨੂੰ ਮੁੜ ਸੁਰਜੀਤ ਕਰਕੇ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਤੇ ਚਰਨ ਪਾਹੁਲ ਦੀ ਮਰਿਆਦਾ ਨੂੰ ਸਦਾ ਲਈ ਖ਼ਤਮ ਕਰਕੇ ਉਨਾਂ ਨੂੰ ਖਾਲਸਾ ਸਜਾ ਦਿੱਤਾ ਅਤੇ ਆਪ ਉਨਾਂ ਤੋਂ ਅੰਮ੍ਰਿਤ ਛੱਕ ਖੁਦ ਵੀ ਖਾਲਸਾ ਸਜ ਗਏ ਅਤੇ ਜਿੱਥੇ ਆਪਣੇ ਨਾਂ ਨਾਲ 'ਸਿੰਘ' ਸ਼ਬਦ ਵਰਤਿਆ ਉੱਥੇ ਉਨਾਂ ਨੂੰ ਵੀ ਦਯਾ ਰਾਮ ਤੋਂ ਦਇਆ ਸਿੰਘ, ਧਰਮ ਚੰਦ ਤੋਂ ਧਰਮ ਸਿੰਘ, ਹਿੰਮਤ ਰਾਇ ਤੋਂ ਹਿੰਮਤ ਸਿੰਘ, ਮੋਹਕਮ ਚੰਦ ਤੋਂ ਮੋਹਕਮ ਸਿੰਘ ਅਤੇ ਸਾਹਿਬ ਚੰਦ ਤੋਂ ਸਾਹਿਬ ਸਿੰਘ ਸਜਾ ਦਿੱਤਾ। ਸਿੰਘਣੀਆਂ ਲਈ 'ਕੌਰ' ਸ਼ਬਦ ਵਰਤਣ ਦੀ ਪ੍ਰਵਾਨਗੀ ਦਿੱਤੀ। ਗੁਰੂ ਸਾਹਿਬ ਨੇ ਖਾਲਸੇ ਵਿੱਚ ਦਇਆ, ਧਰਮ, ਹਿੰਮਤ, ਮੋਹਕਮ, ਅਤੇ ਸਾਹਿਬ ਵਾਲੇ ਗੁਣ ਭਰ ਦਿੱਤੇ। ਖਾਲਸਾ ਸ਼ਸਤਰਧਾਰੀ ਹੋ ਗਿਆ। ਜੋ ਜ਼ੁਲਮ ਤੇ ਜਬਰ ਦੇ ਟਾਕਰੇ ਲਈ ਹਰਦਮ ਤਿਆਰ-ਬਰ-ਤਿਆਰ ਰਹਿ ਕੇ ਲੜੇਗਾ ਤੇ ਗੋ-ਗਰੀਬ ਦੀ ਰੱਖਿਆ ਕਰੇਗਾ ਅਤੇ ਖਾਲਸਾ ਨਿਰੰਤਰ ਇਸ ਹੁਕਮ 'ਤੇ ਪਹਿਰਾ ਦਿੰਦਾ ਆ ਰਿਹਾ ਹੈ। ਖਾਲਸਾ ਪੰਚ ਪ੍ਰਧਾਨੀ ਪ੍ਰਣਾਲੀ ਨੂੰ ਅਪਣਾਉਣ ਵਾਲਾ ਹੈ। ਗੁਰੂ ਸਾਹਿਬ ਨੇ ਪੰਜ ਬਾਣੀਆਂ ਜਪੁ, ਜਾਪ, ਸਵੱਈਏ, ਚੌਪਈ, ਅਨੰਦ ਸਾਹਿਬ ਪੜ ਕੇ ਅੰਮ੍ਰਿਤ ਤਿਆਰ ਕੀਤਾ ਅਤੇ ਇਹੀ ਪਵਿੱਤਰ ਬਾਣੀਆਂ ਖਾਲਸੇ ਦੇ ਨਿਤਨੇਮ ਦਾ ਹਿੱਸਾ ਬਣਾਈਆਂ। ਫਿਰ ਪੰਜ-ਪੰਜ ਅੰਮ੍ਰਿਤ ਦੇ ਚੁਲ਼ੇ ਮੂੰਹ ਵਿੱਚ, ਸਿਰ ਵਿੱਚ ਅਤੇ ਅੱਖਾਂ ਵਿਚ ਪਾਏ। ਇਹ ਉਹ ਅੰਮ੍ਰਿਤ ਸੀ ਜਿਸ ਨੂੰ ਗੁਰਬਾਣੀ ਵਿਚ ਕਿਹਾ ਗਿਆ ਹੈ :

**ਸੁਰਿਨਰਮੁਨਿਜਨਅੰਮ੍ਰਿਤੁਖੋਜਦੇਸੁਅੰਮ੍ਰਿਤਗੁਰਤੇਪਾਇਆ॥**
**( ਸ੍ਰੀ ਗੁਰੂ ਗ੍ਰੰਥ ਸਾਹਿਬ ਪਾਵਨ ਅੰਕ 918)**
**ਅੰਮ੍ਰਿਤੁ ਪੀਆ ਸਤਿਗੁਰਿ ਦੀਆ॥**
**ਅਵਰੁ ਨਾ ਜਾਣਾ ਦੂਆ ਤੀਆ ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਪਾਵਨ ਅੰਕ 1033)**

ਗੁਰੂ ਸਾਹਿਬ ਨੇ ਖਾਲਸੇ ਨੂੰ ਪੰਜ ਕਕਾਰ ਕੇਸ, ਕੰਘਾ, ਕੜਾ, ਕਿਰਪਾਨ, ਕਛਹਿਰਾ ਦੇ ਕੇ ਪੰਜ ਕਕਾਰੀ ਵਰਦੀ ਧਾਰਨ ਕਰਵਾ ਕੇ ਖਾਲਸੇ ਦੀ ਪਹਿਚਾਣ ਸਦੀਵ ਕਾਲ ਲਈ ਸਥਾਪਿਤ ਕਰ ਦਿੱਤੀ ਅਤੇ ਖਾਲਸਾਈ ਪੰਜ ਕਕਾਰੀ ਰਹਿਤ ਨੂੰ ਦ੍ਰਿੜ ਕਰਨ ਦਾ ਹੁਕਮ ਖਾਲਸਾ ਜੀ ਨੂੰ ਦਿੱਤਾ। ਗੁਰੂ ਜੀ ਨੇ ਖਾਲਸੇ ਨੂੰ ਗੁਰਮੰਤਰ ਦੇ ਮੂਲ ਮੰਤਰ ਦ੍ਰਿੜ ਕਰਵਾਇਆ। ਗੁਰੂ ਜੀ ਨੇ ਫੁਰਮਾਇਆ ਕਿ ਕੋਈ ਵੀ ਸਿੰਘ ਚਾਰ ਬਜਰ ਕੁਰਹਿਤਾਂ ਕੇਸਾਂ ਦੀ ਬੇਅਦਬੀ, ਕੁੱਠਾ ਖਾਣਾ, ਤੰਬਾਕੂ ਪੀਣਾ ਅਤੇ ਪਰ ਇਸਤਰੀ ਪਰ ਪੁਰਸ਼ ਦਾ ਸੰਗ ਨਹੀਂ ਕਰੇਗਾ ਅਤੇ ਨਾ ਹੀ ਕੋਈ ਕੁੜੀਮਾਰ ਤੇ ਨੜੀਮਾਰ ਨਾਲ ਵਰਤੇਗਾ। ਕਿਸੇ ਗੁਰੂਘਰ ਦੇ ਦੋਖੀ ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਪਤਿਤ, ਸਿਰਗੁੰਮ ਆਦਿ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਰੱਖੇਗਾ ।

ਗੁਰੂ ਸਾਹਿਬ ਨੇ ਖਾਲਸੇ ਨੂੰ ਹੁਕਮ ਕੀਤਾ ਕਿ ਉਹ ਜਾਗਤ ਜੋਤ ਅਕਾਲ ਪੁਰਖ ਨੂੰ ਜਾਪੇਗਾ ਅਤੇ ਉਸ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਇਸ਼ਟ ਨਹੀਂ ਮੰਨੇਗਾ। ਉਹ ਕਿਸੇ ਤਰਾਂ ਦਾ ਵਰਤ ਨਹੀਂ ਰੱਖੇਗਾ ਅਤੇ ਗੋਰਾਂ ਤੇ ਮੜੀਆਂ ਨੂੰ ਭੁੱਲ ਕੇ ਵੀ ਨਹੀਂ ਮੰਨੇਗਾ। ਫੁਰਮਾਨ ਹੈ :

**ਜਾਗਤਿ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜੀ ਮਠ ਭੂਲ ਨਾ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਣੈ॥**
**ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥**
**(ਸ੍ਰੀ ਦਸਮ ਗ੍ਰੰਥ ਸਾਹਿਬ)**

ਗੁਰੂ ਜੀ ਨੇ ਖਾਲਸੇ ਨੂੰ ਉਪਦੇਸ਼ ਦਿੱਤਾ ਕਿ ਉਹ ਚੋਰੀ, ਯਾਰੀ, ਜੂਆ ਆਦਿ ਕੁਕਰਮਾਂ ਤੋਂ ਬਚੇ। ਟੋਪੀ ਧਾਰਨ ਨਾ ਕਰੇ। ਨਸ਼ਿਆਂ ਤੋਂ ਦੂਰ ਰਹੇ। ਕਰਮ-ਕਾਂਡ, ਜਾਤ-ਪਾਤ, ਵਹਿਮ-ਭਰਮ ਆਦਿ ਵਿੱਚ ਨਾ ਪਵੇ। ਗੁਰੂ ਸਾਹਿਬ ਨੇ ਜੋ ਰਹਿਤ ਖਾਲਸਾ ਜੀ ਨੂੰ ਦ੍ਰਿੜ ਕਰਵਾਈ ਉਸ ਨਾਲ ਸਮਾਜ ਨੂੰ ਬੰਧਨਾਂ ਤੋਂ ਮੁਕਤੀ ਮਿਲੀ ਅਤੇ ਸਮਾਜ ਵਿਚ ਨਵੀਂ ਜਾਗ੍ਰਿਤੀ ਆਈ ਅਤੇ ਸਮਾਜ ਦੇ ਦੱਬੇ-ਕੁਚਲੇ ਲੋਕਾਂ ਨੇ ਜ਼ੁਲਮ ਦਾ ਟਾਕਰਾ ਡਟ ਕੇ ਕਰਨਾ ਸ਼ੁਰੂ ਕੀਤਾ। ਇਸਤਰੀਆਂ ਦੇ ਸਤਿਕਾਰ ਵਿੱਚ ਵਾਧਾ ਹੋਇਆ।

ਗੁਰੂ ਸਾਹਿਬ ਨੇ ਦੱਬੇ-ਕੁਚਲੇ ਲੋਕਾਂ ਵਿਚ ਇੰਨਾ ਉਤਸ਼ਾਹ ਭਰਿਆ ਕਿ ਉਨਾਂ ਨੇ ਮੌਤ ਦੀ ਪ੍ਰਵਾਹ ਕਰਨੀ ਛੱਡ ਦਿੱਤੀ ਅਤੇ ਜ਼ੁਲਮ ਤੇ ਜਬਰ ਦੀ ਖਿਲਾਫਤ ਕਰਨੀ ਸ਼ੁਰੂ ਕਰ ਦਿੱਤੀ ਅਤੇ 'ਅਤਿ ਹੀ ਰਣ ਮੈ ਤਬ ਜੂਝ ਮਰੋ' ਦਾ ਚਾਅ ਪੈਦਾ ਕਰ ਲਿਆ। ਗੁਰੂ ਸਾਹਿਬ ਖਾਲਸਾ ਜੀ ਦੀ ਮਹਿਮਾ ਕਰਦੇ ਫਰਮਾਉਂਦੇ ਹਨ :

**ਖਾਲਸਾ ਮੇਰੋ ਰੂਪ ਹੈ ਖਾਸ ॥**
**ਖਾਲਸੇ ਮਹਿ ਹੌ ਕਰੋ ਨਿਵਾਸ ॥**
**ਖਾਲਸਾ ਮੇਰੋ ਮੁਖ ਹੈ ਅੰਗਾ॥**
**ਖਾਲਸੇ ਕੇ ਹੌਂ ਸਦ ਸਦ ਸੰਗਾ॥**
**ਖਾਲਸਾ ਮੇਰੋ ਇਸਟ ਸੁਹਿਰਦ॥**
**ਖਾਲਸਾ ਮੇਰੋ ਕਈਅਤ ਬਿਰਦ॥**
**ਖਾਲਸਾ ਮੇਰੋ ਪਛ ਅਰ ਪਾਤਾ॥**
**ਖਾਲਸਾ ਮੇਰੋ ਸੁਖ ਅਹਿਲਾਦਾ॥**
**ਖਾਲਸਾ ਮੇਰੋ ਮਿਤਰ ਸੁਖਾਈ ॥**
**ਖਾਲਸਾ ਮਾਤ ਪਿਤਾ ਸੁਖਦਾਈ॥**
**ਖਾਲਸਾ ਮੇਰੀ ਸੋਭਾ ਸੀਲਾ ॥**
**ਖਾਲਸਾ ਬੰਦ ਸਖਾ ਸਦ ਢੀਲਾ॥**
**ਖਾਲਸਾ ਮੇਰੀ ਜਾਤ ਅਰ ਪਤ॥**
**ਖਾਲਸਾ ਸੌ ਮਾ ਕੋ ਉਤਪਤ॥**
**ਖਾਲਸਾ ਮੇਰੋ ਭਵਨ ਭੰਡਾਰਾ॥**
**ਖਾਲਸੇ ਕਰ ਮੇਰੋ ਸਤਿਕਾਰਾ॥**
**ਖਾਲਸਾ ਮੇਰੋ ਸਜਣ ਪਰਿਵਾਰਾ॥**
**ਖਾਲਸੇ ਕਰ ਮੇਰੋ ਉਧਾਰਾ ॥**
**ਖਾਲਸਾ ਮੇਰੋ ਪਿੰਡ ਪਰਾਨ॥**
**ਖਾਲਸਾ ਮੇਰੀ ਜਾਨ ਕੀ ਜਾਨ ॥**
**ਮਾਣ ਮਹਤ ਮੇਰੀ ਖਾਲਸਾ ਸਹੀ॥**
**ਖਾਲਸਾ ਮੇਰੋ ਸਵਾਰਥ ਸਹੀ॥**
**ਖਾਲਸਾ ਮੇਰੋ ਕਰੇ ਨਿਰਬਾਹ ॥**
**ਖਾਲਸਾ ਮੇਰੋ ਦੇਹ ਅਰ ਸਾਹ॥**
**ਖਾਲਸਾ ਮੇਰੋ ਦੇਹ ਅਰ ਕਰਮ॥**
**ਖਾਲਸਾ ਮੇਰੋ ਭੇਦ ਨਿਜ ਮਰਮ॥**
**ਖਾਲਸਾ ਮੇਰੋ ਸਤਿਗੁਰ ਪੂਰਾ॥**
**ਖਾਲਸਾ ਮੇਰੋ ਸਜਣ ਸੂਰਾ॥**
**ਖਾਲਸਾ ਮੇਰੋ ਬੁਧਿ ਅਰ ਗਿਆਨ॥**
**ਖਾਲਸੇ ਕਾ ਹੌਂ ਧਰੋ ਧਿਆਨ ॥**
**ਉਪਮਾ ਖਾਲਸੇ ਜਾਤ ਨਾ ਕਹੀ ॥**
**ਜਿਹਵਾ ਏਕ ਪਾਰ ਲਹੀ॥**
**ਸੇਸ ਰਸਨ ਸਾਰਦ ਸੀ ਬੁਧਿ॥**
**ਤਦਪ ਨ ਉਪਮਾ ਬਰਨਤ ਸੁਧਿ॥**
**ਯਾ ਮੈ ਰੰਚ ਨਾ ਮਿਥਿਆ ਭਾਖੀ॥**
**ਪਾਰਬ੍ਰਹਮ ਗੁਰੁ ਨਾਨਕ ਸਾਖੀ ॥**
**ਰੋਮ ਰੋਮ ਜੇ ਰਸਨਾ ਪਾਊਂ॥**
**ਤਦਪ ਖਾਲਸਾ ਜਸ ਤਹਿ ਗਾਊਂ॥**
**ਹੌਂ ਖਾਲਸੇ ਕੋ ਖਾਲਸਾ ਮੇਰੋ॥**
**ਓਤਪੋਤਿ ਸਾਗਰ ਬੂੰਦੇਰੋ॥**
**ਖ਼ਾਲਸਾ ਅਕਾਲ ਪੁਰਖ ਕੀ ਫੌਜ ॥**
**ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥**
**ਜਬ ਲਗ ਖਾਲਸਾ ਰਹੇ ਨਿਆਰਾ॥**
**ਤਬ ਲਗ ਤੇਜ ਦੀਉ ਮੈ ਸਾਰਾ॥**
**ਜਬ ਇਹ ਗਹੈ ਬਿਪਰਨ ਕੀ ਰੀਤ॥**
**ਮੈਂ ਨ ਕਰੋ ਇਨਕੀ ਪਰਤੀਤ॥**
**(ਸ੍ਰੀ ਸਰਬਲੋਹ ਗ੍ਰੰਥ ਸਾਹਿਬ)**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਾਣੀ ਵਿੱਚ ਖਾਲਸੇ ਦੀ ਬੇਅੰਤ ਉਪਮਾ ਕੀਤੀ ਹੈ ਕਿਉਂਕਿ ਖਾਲਸਾ ਅਕਾਲ ਪੁਰਖ ਕੀ ਫੌਜ ਦੇ ਅਕਾਲ ਪੁਰਖ ਦਾ ਖਾਸ ਰੂਪ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਸਾਜਨਾ ਕੌਤਕ ਨੂੰ ਭਾਈ ਗੁਰਦਾਸ ਜੀ ਦੂਜੇ ਨੇ ਆਪਣੀ ਵਾਰ ਵਿੱਚ ਇਸ ਤਰਾਂ ਲਿਖਿਆ ਹੈ :-

**ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ।**
**ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ।**

ਗੁਰੂ ਸਾਹਿਬ ਨੇ ਖਾਲਸਾ ਸਾਜ ਕੇ ਆਪਣੇ ਆਪ ਨੂੰ ਖਾਲਸੇ ਦਾ ਗੁਰੂ ਵੀ ਅਤੇ ਖਾਲਸੇ ਦਾ ਚੇਲਾ ਵੀ ਬਣਾ ਲਿਆ। ਅੰਮ੍ਰਿਤ ਛੱਕ ਕੇ ਖਾਲਸਾ ਜੀ ਨੇ ਐਸਾ ਇਤਿਹਾਸ ਸਿਰਜਿਆ ਜਿਸ ਨੂੰ ਰਹਿੰਦੀ ਦੁਨੀਆ ਤੱਕ ਬੜੇ ਮਾਣ ਅਤੇ ਸਤਿਕਾਰ ਨਾਲ ਵਾਚਿਆ ਜਾਵੇਗਾ।

## 1. 'ਅਨੰਤ ਸਫ਼ਰ'

ਔਰਤ ਦੇ
ਘਰੋਂ ਬਾਹਰ ਨਿਕਲਣ 'ਤੇ,
ਖੁੱਲ ਕੇ ਵਿਚਰਨ 'ਤੇ
ਕਿੰਤੂ ਕਰਨ ਵਾਲੇ
ਕਿੱਥੇ ਜਾਣਦੇ ਹੋਣਗੇ
ਔਰਤ ਦੇ ਪੈਰਾਂ ਵਿੱਚ ਤਾਂ
ਜਨਮ ਤੋਂ ਹੈ ਚੱਕਰ।
ਬਿਨਾਂ ਬਾਹਰ ਕਦਮ ਧਰਿਆਂ ਵੀ
ਚਾਰਦੀਵਾਰੀ ਅੰਦਰ ਵਿਚਰਦਿਆਂ ਵੀ
ਰਹਿੰਦੀ ਹੈ ਹਰ ਔਰਤ
ਸਦਾ ਹੀ ਸਫ਼ਰ 'ਤੇ।
ਕਮਰੇ ਤੋਂ ਰਸੋਈ
ਰਸੋਈ ਤੋਂ ਵਿਹੜਾ
ਵਿਹੜੇ ਤੋਂ ਘਰ ਦੀ ਛੱਤ ਤੇ ਚੜਦੀ
ਕਰ ਲੈਂਦੀ ਹੈ ਹਜ਼ਾਰਾਂ ਮੀਲ ਦਾ ਸਫਰ,
ਔਰਤ
ਨਿੱਕੇ ਵੱਡੇ ਕੰਮ ਕਰਦੀ ਕਰਦੀ

**ਕੁਲਵਿੰਦਰ ਚਾਵਲਾ**

## 2. ਕੁਦਰਤਾਂ ਸਿਜਦੈ

ਮੈਨੂੰ ਨਹੀਂ ਪਤਾ,
ਮੈਂ ਆਸਤਿਕ ਆਂ ਜਾਂ ਨਾਸਤਿਕ
ਕੋਈ ਧਰਮੀ ਆਂ ਜਾਂ ਸ਼ੈਤਾਨ
ਮੈਨੂੰ ਨਹੀਂ ਪਤਾ, ਪਾਖੰਡ ਕੀ ਹੁੰਦੈ ?
ਮੈਂ ਤਾਂ ਮੱਥਾ ਟੇਕ ਲੈਂਦਾ ਹਾਂ
ਤਾਂ ਬਸ ਟੇਕ ਲੈਂਦਾ ਹਾਂ,
ਮੈਂ ਸਵੇਰੇ ਉੱਠਦੇ ਸਾਰ ਹੀ
ਪਹਿਲਾ ਸ਼ਬਦ ਮਾਂ ਕਹਿ ਲੈਂਦਾ ਹਾਂ,
ਨਵੀਂ ਸਵੇਰ ਦੀਆਂ ਕਿਰਨਾਂ ਨੂੰ
ਰੋਜ਼ ਸਿਜਦਾ ਕਰ ਲੈਂਦਾ ਹਾਂ,
ਮੈਨੂੰ ਪੁੰਨਿਆਂ ਦੇ ਚੰਨ ਤੇ ਈਦ ਦੇ ਚੰਨ
ਨੂੰ ਨਿਹਾਰ ਕੇ ਕੋਈ ਫ਼ਰਕ ਨਹੀ ਲੱਗਦਾ,
ਆਪਣੇ ਹਲ਼ਕ ਤੋਂ ਥੱਲੇ ਕਰਨ ਤੋ ਪਹਿਲਾਂ
ਪਾਣੀ ਨੂੰ ਪਿਤਾ ਦਾ ਦਰਜ਼ਾ ਦੇ ਦਿੰਦਾ ਹਾਂ,
ਮੈਂ ਆਪਣੇ ਤਨ ਦੀ ਮਿੱਟੀ ਦੇਖਕੇ
ਮਿੱਟੀ ਚੁੱਕ ਸ਼ੁਬਾਨ ਅੱਲ਼ਾ ਕਹਿ ਦਿੰਦਾ ਹਾਂ,
ਧਰਤੀ ਤੇ ਪੈਰ ਰੱਖਦਿਆਂ ਸਾਰ ਹੀ
ਮੇਰੇ ਤੇ ਬੇ ਸ਼ੁਮਾਰ ਕਰਜ਼ਾ ਚੜ ਜਾਂਦੈ,
ਮੈਂ ਆਪਣੇ ਸਾਹਾਂ ਦੀ ਪੂੰਜੀ ਨੂੰ
ਖਰਚ ਖਰਚ ਕੇ ਕਰਜ਼ਾ ਲਾਹੁੰਦਾ ਹਾਂ,
ਜੇ ਕੋਈ ਫੁੱਲ ਖਿੜਦੈ ਤਾਂ ਬਸ ਖਿੜਦੈ
ਜੇ ਨਾ ਵੀ ਖਿੜੇ ਜ਼ੋਰ ਤਾਂ ਕੋਈ ਨਹੀਂ,
ਮੈਂ ਮੱਥਾ ਟੇਕ ਲੈਂਦਾ ਹਾਂ
ਤਾਂ ਬਸ ਟੇਕ ਲੈਂਦਾ ਹਾਂ,
ਬਸ ਕਰਜ਼ੇ ਤੋਂ ਸੁਰਖ਼ਰੂ ਹੋਣ ਦੀ ਕੋਸ਼ਿਸ ਕਰ ਰਿਹੈ।

**ਗਿੰਦਰ ਗੁਰੂਸਰੀਆ**

## 3. 'ਆਪਣੇ ਹੱਕਾਂ ਲਈ'

ਪੱਗੜੀ ਲਵੋ ਸੰਭਾਲ ਆਪਣੇ ਹੱਕਾਂ ਲਈ।
ਖੜ ਜਾਵੋ ਬਣਕੇ ਢਾਲ ਆਪਣੇ ਹੱਕਾਂ ਲਈ।
ਜਰਵਾਣਿਆਂ ਦੇ ਵਾਰ ਜੋ ਹਿੱਕ 'ਤੇ ਜਰਦਾ ਸੀ,
ਫਿਰ ਵੀ ਸੀ ਖੁਸ਼ਹਾਲ ਆਪਣੇ ਹੱਕਾਂ ਲਈ।
ਦਹੀਂ ਪਰੌਂਠਾ 'ਚਾਰ ਅੰਬ ਦਾ ਤੇ ਦੇਸੀ ਘਿਉ,
ਲੜੇ ਬਰੈਡਾਂ ਨਾਲ ਆਪਣੇ ਹੱਕਾਂ ਲਈ।
ਅੱਜ ਲੁਟੇਰੇ ਲੁੱਟ ਲੈਣ ਦੀ ਤਾਕ ਵਿਚ ਬੈਠੇ ਨੇ,
ਚਲਣੀ ਪਊ ਕੋਈ ਚਾਲ ਆਪਣੇ ਹੱਕਾਂ ਲਈ।
ਸੁੰਦਰ ਖੂੰਜਾ ਪੰਜ-ਆਬ ਦਾ ਖੋਹਣਾ ਚਾਹੁੰਦੇ ਉਹ,
ਇੱਕ ਹੋਜੋ ਅੰਬਰ-ਪਤਾਲ ਆਪਣੇ ਹੱਕਾਂ ਲਈ।
ਸ਼ੇਰਾਂ ਲਈ ਅੱਜ ਜੰਗਲੀ ਫੰਦੇ ਬੁਣਦੇ ਨੇ,
ਟੁੱਕ ਦਿਉ ਇਹ ਜਾਲ ਆਪਣੇ ਹੱਕਾਂ ਲਈ।
ਹੋ ਨਹੀਂ ਸਕਦਾ ਕਿ ਕਾਂ ਲਲਕਾਰਨ ਬਾਜ਼ਾਂ ਨੂੰ,
ਜਦ ਉੱਡ ਕੇ ਮਾਰਨ ਛਾਲ ਆਪਣੇ ਹੱਕਾਂ ਲਈ।
ਅਣਖੀ ਯੋਧੇ ਨਾਲ ਜ਼ੁਲਮ ਦੇ ਖਹਿ ਜਾਂਦੇ,
ਆ ਜਾਵੇ ਭਾਵੇਂ ਭੂਚਾਲ ਆਪਣੇ ਹੱਕਾਂ ਲਈ।
ਆਪਣੀ ਆਪਣੀ ਡਫ਼ਲੀ ਕਿਉਂ ਵਜਾਉਂਦੇ ਹੋ,
ਹੋ ਜਾਵੋ ਇਕ ਸੁਰ ਤਾਲ ਆਪਣੇ ਹੱਕਾਂ ਲਈ।
ਹੱਕ ਪੁਰਾਣਿਆਂ ਦਾ ਵੀ ਬਿਲਕੁਲ ਬਣਦਾ ਏ,
ਖੜ ਜਾਵਣ ਨਵਿਆਂ ਨਾਲ ਆਪਣੇ ਹੱਕਾਂ ਲਈ।
ਸੀਸ ਵਾਰ ਕੇ 'ਸੈਦੋਕੇ' ਜਿਸ ਹੋਂਦ ਬਚਾਈ ਸੀ,
ਅੱਜ ਹੋਇਆ ਕਿਉਂ ਬੇਹਾਲ ਆਪਣੇ ਹੱਕਾਂ ਲਈ।

**ਕੁਲਵੰਤ ਸੈਦੋਕੇ**
**ਮੋ: 7889172043**

## 4. ਗਾਰੇ ਗਾਰੇ ਗਾਰੇ

ਬੁਰਜ ਖਲੀਫੇ ਤੋਂ
ਉੱਚੇ ਮਾਈਆਂ
ਲਿੱਪਣ ਗੁਹਾਰੇ
ਪਰੀ ਜਿੱਥੇ
ਪੱਥੇ ਪਾਥੀਆਂ
ਕੌਣ ਰੂੜੀਆਂ 'ਚ
ਬੈਠੀ ਨੂੰ ਨਿਹਾਰੇ
ਕੰਘੀਆਂ ਨੂੰ
ਤਰਸ ਗਏ
ਕਾਲੇ ਕੇਸ
ਕਈਆਂ ਦੇ ਭਾਰੇ
ਮਿੱਟੀ ਨਾਲ
ਮਿੱਟੀ ਹੁੰਦੀਆਂ
ਰੇਤੇ ਰੰਗੀਆਂ ਦੇ
ਰੰਗ ਨਿਆਰੇ
ਸਧਰਾਂ
ਨੂੜ ਰੱਖੀਆਂ
ਕਬੀਲਦਾਰੀ ਨੇ
ਪਾ ਕੇ ਧਲਿਆਰੇ
ਗੁਰਬਤ
ਭੂਸਰੀ ਫਿਰੇ
ਢੁੱਡਾਂ ਨਾਲ
ਢਾਹੁਣ ਨੂੰ ਢਾਰੇ
ਕਾਣੀ ਵੰਡ
ਕਰੇਂ ਕਾਸਤੋਂ
ਤੇਰੇ ਮਾਂਹ ਕੀ
ਰੱਬਾ ਦੱਸ ਮਾਰੇ
ਕੁਲਵਿੰਦਰਾ
ਗੀਝਾਂ ਦੇ
ਕਿਉਂ ਸੱਖਣੇ
ਰਹਿਣ ਚੁਬਾਰੇ

**ਕੁਲਵਿੰਦਰ ਸਿੱਧੂ ਕਾਮੇ ਕਾ**




## 5. ਸ਼ੋਰ ਹੀ ਸ਼ੋਰ।

ਸ਼ੋਰ ਹੀ ਸ਼ੋਰ ਹੈ ਕਦੋਂ ਇਹ ਆਵਾਜ਼ ਬਣੇਗਾ,
ਨਿਗਾਰਖਾਨਾ ਕਦੋਂ ਸੁਰ ਇੱਕ ਸਾਜ਼ ਬਣੇਗਾ।
ਕਦੋਂ ਪਾਉਣਗੇ ਪੈਲਾਂ ਮੋਰ ਇਥੇ ਮਸਤੀ ਵਿੱਚ ,
ਬਾਦਸ਼ਾਹ ਕਦੋਂ ਜਨਤਾ ਦਾ ਹਮਰਾਜ਼ ਬਣੇਗਾ।
ਗੁਜ਼ਰ ਬਸ਼ਰ ਤਾਂ ਤੰਗੀਆਂ ਤੁਰਸ਼ੀਆਂ 'ਚ ਹੋਏ,
ਕਿਸ ਤਰਾਂ ਗ਼ਰੀਬ ਦੀ ਧੀ ਦਾ ਦਾਜ ਬਣੇਗਾ।
ਕਦੋਂ ਕੁ ਤੱਕ ਮਿਟ ਜਾਣਗੇ ਹਨੇਰੇ ਜ਼ਿਹਨ 'ਚੋਂ,
ਕਦੋਂ ਕੁ ਚਾਨਣ ਦੀ ਲੱਪ ਸਾਡਾ ਭਾਗ ਬਣੇਗਾ।
ਅਜੂਬਾ ਪ੍ਰੀਤ ਦਾ ,ਸੰਗਮਰਮਰੀ ਤਾਜ ਮਹਿਲ,
ਬੱਸ ਇਹੋ ਇੱਕ ਪੈਮਾਨਾ ਬੇਨਿਆਜ਼ ਬਣੇਗਾ।
ਸਮਝਾਂਗੇ ਹੈ ਦੋ ਟੰਗਾ ਜੀਵ ਇਨਸਾਨ ਬਣਿਆ,
ਜੇ ਡੰਗੋਰੀ ਬਣੇ ਯਾ ਕਿਸੇ ਦੀ ਪਰਵਾਜ਼ ਬਣੇਗਾ।
ਹੋਰ ਨਹੀਂ ਤਾਂ ਬੁਰੇ ਰਸਮੋ ਰਿਵਾਜ ਹੀ ਤਿਆਗੋ,
ਇਸ ਤਰਾਂ ਹੀ ਕੋਈ ਢੰਗ ਦਾ ਸਮਾਜ ਬਣੇਗਾ।

**ਸੱਜਣ ਸਿੰਘ ਹੰਸਰਾ**

## 6. ਧਰਤਿ ਸੁਹਾਵੀ

ਇੱਕ ਧਰਤੀ ਤੇਰੀ ਝਾਂਜਰ ਛਣਕੇ
ਤੇ ਝੁਮਕੇ ਦੇ ਬੋਰ
ਕਹਾਂ ਕੀ ਹੋਰ
ਇੱਕ ਧਰਤੀ ਤੂੰ ਝੂਮਰ ਨੱਚੇਂ
ਨਾਲੇ ਝੂਮਣ ਮੋਰ
ਮਣਾ ਮੂੰਹ-ਜ਼ੋਰ
ਇੱਕ ਧਰਤੀ ਜਦ ਨਿੱਸਲ ਹੋ ਜੇ
ਬੱਦਲੀਂ ਲਏ ਹਟਕੋਰ
ਕਰੇ ਕੀ ਹੋਰ
ਇਸ਼ਕੇ ਕੁਵੇਲੇ ਤਾਪ ਹੈ ਚੜ੍ਹਿਆ
ਗਲੀਆਂ ਦੇ ਵਿੱਚ ਸ਼ੋਰ
ਤੇ ਦਿਲ ਵਿੱਚ ਚੋਰ
ਅਕਲ ਦੀ ਬਿਜਲੀ ਰਾਹਾਂ ਡੱਕਦੀ
ਲਾਵੇ ਆਪਣਾ ਜ਼ੋਰ
ਘਟਾ ਘਣਘੋਰ
ਇਸ਼ਕ ਦਾ ਉੱਡਦਾ ਪੰਛੀ ਲੋਚੇ
ਸੂਰਜ ਦੇਵਾਂ ਭੋਰ
ਇਹ ਆਕੜਖੋਰ
ਕਿੰਨੇ ਪੂਛਲ ਤਾਰੇ ਝਾੜਾਂ
ਕਿੰਨੇ ਚੰਨ ਉਗਾਵਾਂ
ਮਗਰ ਘੁਮਾਵਾਂ
ਇਸ਼ਕ ਦੇ ਇਸ ਅਲਜਬਰੇ ਦੇ ਵਿੱਚ
ਕਿਹੜਾ ਜੋੜ ਘਟਾਵਾਂ
ਗੁਣੇ ਵਧਾਵਾਂ
ਕਿੰਨੇ ਹੋਰ ਅਗੇਤਰ ਲੱਭਾਂ
ਕਿੰਨੇ ਨਾਮ ਸੁਝਾਵਾਂ
ਕਰਾਂ ਦੁਆਵਾਂ
ਪਿਆਰ ਤੇਰੇ ਨੂੰ ਕੀ ਨਾਂ ਦੇਵਾਂ
ਹਰ ਥਾਂ ਦਿਸਣ ਬਲਾਵਾਂ
ਕਿਵੇਂ ਲੁਕਾਵਾਂ
ਇੱਕ ਧਰਤੀ ਮੈਂ ਬਚਪਨ ਬੀਜਾਂ
ਇੱਕ ਧਰਤੀ ਕਿਲਕਾਰੀ
ਮਾਂ ਦੁਲਾਰੀ
ਇੱਕ ਧਰਤੀ ਵਿੱਚ ਚਾਅ ਮੈਂ ਬੀਜਾਂ
ਇੱਕ ਵਿੱਚ ਸਾਂਝ ਪਿਆਰੀ
ਪਿਆਰ ਉਡਾਰੀ
ਇੱਕ ਧਰਤੀ ਮੇਰੇ ਖ਼ਿਆਲ ਦੀ ਖੇਤੀ
ਇੱਕ ਵਿੱਚ ਨਜ਼ਮ ਪਿਆਰੀ
ਰਹੇ ਖ਼ੁਮਾਰੀ
ਇੱਕ ਧਰਤੀ ਵਿੱਚ ਸ਼ਬਦ ਕਰੂੰਬਲ
ਫੁੱਲਾਂ ਭਰੀ ਕਿਆਰੀ
ਤੇਰੀ ਸਾਰੀ
ਨੀਰ ਗੜੁੱਚੇ ਡੂੰਘੇ ਪੱਤਣ
ਕੰਢੇ ਖਾਣ ਉਬਾਲ਼ੇ
ਕੌਣ ਸੰਭਾਲੇ
ਸਾਗਰ ਖ਼ਾਰੇ ਪਾਣੀ ਸਿੱਪੀਆਂ
ਵਿੱਚ ਮੋਤੀ ਮਤਵਾਲੇ
ਤੇਰੇ ਹਵਾਲੇ

**ਨੱਕਾਸ਼ ਚਿੱਤੇਵਾਣੀ**
**ਮੋ. 98157-51529**

## 7. ਬੇਬੱਸ ਮਾਂ

ਮੇਰੀ ਮਾਂ ਵਾਪਸੀ ਵੇਲੇ,
ਪਤਾ ਨਹੀ ਕਿਉਂ,
ਇੱਧਰ ਉੱਧਰ ਝਾਕਦੀ,
ਚੁਪਕੇ ਜਿਹੇ ਮੇਰੀ,
ਮੁੱਠੀ 'ਚ ਦੇ ਦਿੰਦੀ ਹੈ।,
ਇੱਕ ਸੋ ਦਾ ਨੋਟ,
ਤੇ ਫਿਰ ਵਾਰੀ ਵਾਰੀ,
ਪਲੂਸਦੀ ਹੈ ਮੇਰਾ ਸਿਰ,
ਖੋਰੇ ਇਸ਼ਾਰਾ ਕਰਦੀ ਹੈ,
ਨੋਟ ਸੰਭਾਲ ਲੈ ਕੁੜੇ,
ਭਾਬੀਆਂ ਵੀ ਝਾਕਦੀਆਂ ਹਨ,
ਬਿੱਟਰ ਬਿੱਟਰ।
ਪਤਾ ਨਹੀਂ ਮਾਂ ਨੇ,
ਕੀ ਦਿੱਤਾ ਹੈ ਧੀ ਨੂੰ,
ਪਰ ਮੇਰੀ ਮਾਂ,
ਪਹਿਲਾ ਨਹੀ ਸੀ ,
ਇਹੋ ਜਿਹੀ,
ਝਟ ਪਿਤਾ ਜੀ ਨੂੰ ਕਹਿੰਦੀ,
ਕਢੋ ਪੰਜ ਸੋ ਦੀ ਪੱਤੀ,
ਸੋਡੀ ਹੀ ਧੀ ਨੂੰ ਦੇਣੀ ਹੈ।
ਤੇ ਪਿਤਾ ਜੀ ਝੱਟ,
ਦੇ ਦਿੰਦੇ ਹੱਸ ਕੇ,
ਪੰਜ ਸੋ ਦਾ ਕੜਕਦਾ ਨੋਟ।
ਤੇ ਹੁਣ ਪਿਤਾ ਜੀ,
ਨਾਲ ਹੀ ਲੈ ਗਏ,
ਸਾਰੇ ਨੋਟ।
ਨਹੀ,
ਨੋਟ ਤਾਂ ਉਹਨੇ ਹੀ ਹਨ।
ਪਰ ਖੁੱਸ ਗਈ ਹੈ,
ਉਸਦੀ ਸਰਦਾਰੀ।
ਤੇ ਉਹ ਹੌਂਸਲਾ,
ਜੋ ਮੇਰੀ ਮਾਂ ਨੂੰ ਹੁੰਦਾ ਸੀ,
ਮੇਰੇ ਪਿਉ ਦੇ ਹੁੰਦਿਆਂ।
ਮਾਂ ਦੇ ਸਿਰ ਦੀ ਚਿੱਟੀ,
ਚੁਨੀ ਹੈ ਨਿਸ਼ਾਨੀ ਹੈ ,
ਉਸ ਦੀ ਬੇਬਸੀ ਦੀ।
ਮਾਂ ਦੀ ਮਜਬੂਰੀ ਦੀ।
ਇੱਕ ਸਮਝੋਤੇ ਦੀ,
ਜੋ ਮਾਂ ਨੇ ਕੀਤਾ ਹੈ,
ਆਪਣਾ ਰੰਡੇਪਾ ਤੇ ਬੁਢਾਪਾ,
ਕੱਟਣ ਲਈ।

**ਰਮੇਸ਼ ਸੇਠੀ ਬਾਦਲ,**
**ਮੋ. 98 766 27 233**

## 8. ਕਿਸੇ ਤੋਂ ਸੁਣਨ ਤੇ ਅੱਖੀਂ ਵੇਖਣ

ਵਿੱਚ ਫ਼ਰਕ ਬੜਾ ਹੁੰਦਾ,
ਐਵੇਂ ਕਿਸੇ 'ਤੇ ਝੂਠਾ ਚਿੱਕੜ
ਸੁੱਟੀਏ ਨਾ...।
ਇੱਕ ਥਾਂ ਤੋਂ ਦੂਜੀ ਥਾਂ 'ਤੇ
ਜਾ ਮੁਰਝਾ ਜਾਂਦਾ,
ਵਿਸ਼ਵਾਸ ਦੇ ਬੂਟੇ ਆਪਣੇ ਹੱਥੀਂ
ਪੁੱਟੀਏ ਨਾ...।
ਜੇ ਉਠਾਂ ਵਾਲਿਆਂ ਨਾਲ ਲਾਈ
ਰੱਖ ਦਰ ਉੱਚੇ,
ਆਪਣੇ ਵਾਰੀ ਮੁੱਠੀਆਂ ਨੂੰ ਫ਼ਿਰ
ਘੁੱਟੀਏ ਨਾ...।
ਕੋਈ ਕੀ ਕਰਦਾ ਕਿੱਥੇ ਜਾਂਦਾ
ਓਹਦੀ ਜ਼ਿੰਦਗੀ ਏ,
ਜਣੇ ਖਣੇ ਕੋਲ ਉਸਦੀ ਮਿੱਟੀ
ਪੁੱਟੀਏ ਨਾ...।
ਓਹ ਆਪੇ ਪੱਟੀ ਬੰਨ ਲਊ
ਜਿਸਦੀ ਅੱਖ ਦੁਖੀ,
ਸੱਪ ਲੰਘੇ ਤੋਂ ਐਵੇਂ ਲੀਕਾਂ
ਕੁੱਟੀਏ ਨਾ...।
ਹਰ ਚਿਹਰੇ 'ਤੇ ਫੁੱਲਾਂ ਵਰਗਾ
ਖੇੜਾ ਰਹੇ ਸਦਾ,
'ਗੁਰਸੇਵਕ' ਕਿਸੇ ਦੇ ਹਾਸੇ ਐਵੇਂ
ਲੁੱਟੀਏ ਨਾ...।

**ਗੁਰਸੇਵਕ ਸਿੰਘ ਚਾਨੀ**

## 9. ਸਮੇਂ ਦੀ ਹਕੂਮਤ

ਬਚ ਲੈ ਤੂੰ ਸਰਕਾਰਾਂ ਕੋਲ਼ੋਂ।
ਕੁੱਲ ਝੂਠ ਦੀਆਂ ਡਾਰਾਂ ਕੋਲ਼ੋਂ।
ਵੀਰ ਜ਼ਮਾਨਾ ਬਦਲ ਗਿਆ ਹੈ
ਆਸ ਨਾ ਰੱਖੀਂ ਯਾਰਾਂ ਕੋਲ਼ੋਂ।
ਸੁਣਿਆ ਹੈ ਕਿ ਮਾੜੇ ਬੰਦੇ
ਡਰਦੇ ਨੇ ਸਰਦਾਰਾਂ ਕੋਲ਼ੋਂ।
ਜੀਭ ਤਬਾਹੀ ਜਿਹੜੀ ਕਰਦੀ
ਹੁੰਦੀ ਨਾ ਹਥਿਆਰਾਂ ਕੋਲ਼ੋਂ।
ਸੱਚ ਦੀ ਆਸ ਲਗਾਈ ਬੈਠਾਂ
ਤੂੰ ਅੱਜ ਦੇ ਅਖ਼ਬਾਰਾਂ ਕੋਲ਼ੋਂ!
ਝੂਠ ਨਾ ਬਚਦਾ ਬਾਹਲ਼ੀ ਚਿਰ ਤੱਕ
ਸੱਚ ਵਾਲ਼ੇ ਅੰਗਿਆਰਾਂ ਕੋਲ਼ੋਂ।
ਨਫ਼ਰਤ, ਲਾਲਚ,ਗੁੱਸਾ ਤੇ ਜ਼ਿੱਦ
ਬਚਣਾ ਚੰਗਾ ਚਾਰਾਂ ਕੋਲ਼ੋਂ।
ਰੱਬ ਬਚਾ ਕੇ ਰੱਖੇ ਸਭ ਨੂੰ
ਧਰਮ ਦੇ ਠੇਕੇਦਾਰਾਂ ਕੋਲ਼ੋਂ।

**ਹਰਦੀਪ ਬਿਰਦੀ**
**ਮੋ. 9041600900**

## 10. 'ਯੂ ਟਰਨ'

ਨਿੱਕੇ ਹੁੰਦਿਆਂ
ਕਿੰਨੀ ਕਾਹਲ ਹੁੰਦੀ ਸੀ
ਬਚਪਨ ਟੱਪ ਜਾਣ ਦੀ
ਰਾਤੋ ਰਾਤ
ਕੱਦ ਕੱਢ ਜਾਣ ਦੀ
ਵੱਡੇ ਹੋ ਜਾਣ ਦੀ
ਇਸੇ ਕਾਹਲ ਕਰਕੇ
ਮਾਂ ਦੀਆਂ
ਉੱਚੀ ਅੱਡੀ ਵਾਲੀਆਂ
ਸੈਂਡਲਾਂ ਪਾ ਪਾ
ਕੱਦ ਵਧਾਉਣਾ
ਲੁਕ ਲੁਕ
ਬਿੰਦੀ ਸੁਰਖੀ ਲਾਉਣਾ
'ਤੇ ਵੱਡੇ ਹੋ ਜਾਣ ਦਾ
ਸਵਾਂਗ ਰਚਾ ਕੇ
ਮਨ ਪਰਚਾਉਣਾ
ਤੁਰਦੇ ਸਮੇਂ ਦੇ
ਨਾਲ ਨਾਲ ਤੁਰਦਿਆਂ
ਮੇਰੇ ਮਨ ਦੀ ਹੋਈ
ਵੱਡਿਆਂ ਦੀ ਇਸ
ਭੀੜ ਦੇ ਵਿੱਚ
ਮੈਂ ਵੀ ਜਾ ਖਲੋਈ
ਪਰ ਹੁਣ
ਇਸ ਵੱਡਪੁਣੇ ਦੇ
ਝਮੇਲਿਆਂ ਤੋਂ
ਆਹਤ ਹੋਇਆ ਮਨ
ਚਾਹੁੰਦੈ ਛੁਟਕਾਰਾ ਪਾਣਾ
ਲੋਚਦੈ ਉਸ ਛੁਟਪਣ ਵਿੱਚ
ਵਾਪਸ ਮੁੜ ਜਾਣਾ
ਪਰ ਲੱਖ ਕੋਸ਼ਿਸ਼ ਕਰਕੇ ਵੀ
ਨਹੀਂ ਸੰਭਵ ਖੋਲਣਾ
ਉਸ ਦਰ ਦਾ ਕੁੰਡਾ
ਕਿਉਂਕਿ
ਜ਼ਿੰਦਗੀ ਨਾਮ ਦੀ ਇਸ ਸੜਕ ਉੱਤੇ
ਯੂ ਟਰਨ ਵਾਲਾ
ਸੰਕੇਤ ਚਿੰਨ ਹੀ ਨਹੀਂ ਹੁੰਦਾ..।

**ਕੁਲਵਿੰਦਰ ਚਾਵਲਾ**

# ਵਿਆਖਿਆ ਅਤੇ ਵਿਆਖਿਆਕਾਰੀ ਦੇ ਯੁੱਗ ਵਿਚ ਵਿਚਰਦਿਆਂ

**ਵਿਕਰਮਜੀਤ ਸਿੰਘ ਤਿਹਾੜਾ**
**ਸੰਪਰਕ : +91 98555-34961**

ਅਸੀਂ ਜਿਸ ਯੁਗ ਵਿਚ ਰਹਿ ਰਹੇ ਹਾਂ, ਇਸ ਨੂੰ ਵਿਆਖਿਆ ਅਤੇ ਵਿਆਖਿਆਕਾਰੀ ਦਾ ਯੁਗ ਕਿਹਾ ਜਾ ਸਕਦਾ ਹੈ। ਅਸੀਂ ਆਪਣੀ ਜ਼ਿੰਦਗੀ ਦੇ ਛੋਟੇ ਤੋਂ ਛੋਟੇ ਪਹਿਲੂ ਪ੍ਰਤੀ ਸਹਿਜ ਨਹੀਂ ਹਾਂ। ਸਾਡੀ ਦ੍ਰਿਸ਼ਟੀ ਅਤੇ ਪਹੁੰਚ ਵਿਚ ਆਉਣ ਵਾਲੀ ਹਰ ਵਸਤ, ਵਿਅਕਤੀ, ਘਟਨਾ, ਵਿਸ਼ਾ, ਚਰਚਾ ਆਦਿ ਸਾਡੀ ਵਿਆਖਿਆ ਦਾ ਵਿਸ਼ਾ ਵਸਤੂ ਜ਼ਰੂਰ ਬਣਦੀ ਹੈ। ਇਸ ਵਿਚ ਅਸੀਂ ਆਪਣਾ ਇਕ ਵਿਚਾਰ ਜਾਂ ਵਿਆਖਿਆ ਸਿਰਜਦੇ ਹਾਂ। ਇਸ ਤਰਾਂ ਅਨੇਕ ਵਿਚਾਰ ਅਤੇ ਵਿਆਖਿਆਵਾਂ ਹੋਂਦ ਵਿਚ ਆਉਂਦੀਆਂ ਹਨ। ਹੌਲੀ ਹੌਲੀ ਵਿਆਖਿਆਵਾਂ ਦਾ ਜਾਲ ਏਨਾਂ ਸੰਘਣਾ ਹੋ ਜਾਂਦਾ ਹੈ, ਜਿਸ ਵਿਚੋਂ ਮੂਲ ਘਟਨਾ/ਵਿਚਾਰ/ਮੁੱਦਾ ਮਨਫੀ ਹੋ ਜਾਂਦਾ ਹੈ। ਸਾਡੀ ਜ਼ਿਆਦਾਤਰ ਸ਼ਕਤੀ ਅਤੇ ਸਮਾਂ ਪ੍ਰਸੰਗ ਉਸਾਰਨ ਵਿਚ ਹੀ ਲਗਦਾ ਹੈ। ਇਸ ਤਰਾਂ ਅਸੀਂ ਵਿਆਖਿਆਵਾਂ ਦੇ ਯੁਗ ਵਿਚ ਰਹਿੰਦੇ ਹਾਂ। ਹਰ ਦੂਜੇ ਵਿਅਕਤੀ ਜਿਸ ਨਾਲ ਸਾਡਾ ਲੰਮਾ ਜਾਂ ਥੋੜ-ਚਿਰਾ ਸੰਬੰਧ ਹੋਵੇ, ਉਸ ਪ੍ਰਤੀ ਸਾਡਾ ਇਕ ਵਿਚਾਰ ਜਾਂ ਰਾਏ ਕਾਇਮ ਹੋ ਜਾਂਦੀ ਹੈ, ਜਿਸ ਆਧਾਰ 'ਤੇ ਹੀ ਅਸੀਂ ਉਸ ਬਾਰੇ ਦੱਸਦੇ ਜਾਂ ਵਿਆਖਿਆ ਕਰਦੇ ਹਾਂ। ਸਾਡੀ ਜ਼ਿੰਦਗੀ ਦਾ ਛੋਟੇ ਤੋਂ ਛੋਟਾ ਹਿੱਸਾ ਇਸ ਤੋਂ ਮੁਕਤ ਨਹੀਂ ਹੈ। ਇਨਾਂ ਵਿਆਖਿਆਵਾਂ ਨੂੰ ਕੋਈ ਨਾ ਕੋਈ ਸ਼ਕਤੀ ਜਾਂ ਤੰਤਰ ਜ਼ਰੂਰ ਪ੍ਰਭਾਵਿਤ ਕਰਦੀ ਹੈ। ਸਾਡੀ ਆਪਣੀ ਤਬੀਅਤ ਜਾਂ ਸੁਭਾਅ ਵੀ ਇਸ ਵਿਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਹਾਲਾਤ, ਸਥਾਨ, ਸਮਾਂ ਆਦਿ ਸਾਡੀ ਗੱਲਬਾਤ ਦਾ ਰੁਖ, ਲਹਿਜਾ, ਕਿਸੇ ਪ੍ਰਤੀ ਦ੍ਰਿਸ਼ਟੀਕੋਣ ਜਾਂ ਵਿਆਖਿਆ ਆਦਿ ਨੂੰ ਪ੍ਰਭਾਵਿਤ ਕਰਦਾ ਹੈ। ਆਪਣੀ ਲੋੜ ਜਾਂ ਸਥਿਤੀ ਅਨੁਸਾਰ ਸਾਡਾ ਵਿਚਾਰ/ਵਿਆਖਿਆ ਤਬਦੀਲ ਹੁੰਦੀ ਰਹਿੰਦੀ ਹੈ। ਆਪਣੀ ਵਿਆਖਿਆ ਲਈ ਅਸੀਂ ਤੱਥਾਂ ਦੀ ਭਾਲ/ਪੜਤਾਲ/ਘੋਖ ਨਹੀਂ ਕਰਦੇ ਜਾਂ ਬਹੁਤ ਘਟ ਕਰਦੇ ਹਾਂ, ਸਗੋਂ ਦੂਜੇ ਵਿਅਕਤੀ/ਸਾਧਨ/ ਮੀਡੀਆ/ਵਹਾਅ ਆਦਿ ਤੋਂ ਪ੍ਰਭਾਵਿਤ ਹੋ ਕੇ ਆਪਣੀ ਰਾਏ ਬਣਾ ਲੈਂਦੇ ਹਾਂ। ਇਹ ਯੁਗ ਉਸ ਦਾ ਹੈ, ਜੋ ਜਲਦੀ ਅਤੇ ਮਜ਼ਬੂਤ ਪ੍ਰਸੰਗ ਦੀ ਉਸਾਰੀ ਕਰਦਾ ਹੈ। ਵਡੀਆਂ ਤਾਕਤਾਂ ਇਸ ਯਤਨ ਵਿਚ ਹੀ ਲਗੀਆਂ ਰਹਿੰਦੀਆਂ ਹਨ। ਇਨਾਂ ਸਿਰਜਿਤ ਪ੍ਰਸੰਗਾਂ ਨੂੰ ਹੀ ਲੋਕ ਗ੍ਰਹਿਣ ਕਰਦੇ ਹਨ ਅਤੇ ਆਪਣੀ ਰਾਏ ਘੜਦੇ ਜਾਂ ਉਸਾਰਦੇ ਹਨ। ਇਸ ਤਰਾਂ ਲੋਕ ਰਾਏ ਨੂੰ ਸਿਧੇ ਰੂਪ ਵਿਚ ਮੌਲਿਕ ਨਹੀਂ ਕਿਹਾ ਜਾ ਸਕਦਾ। ਲੋਕ ਰਾਇ ਵਿਆਖਿਆ ਦੇ ਯੁਗ ਵਿਚ ਸਿਰਜੀ ਅਤੇ ਘੜੀ ਜਾਂਦੀ ਹੈ। ਇਸ ਨੂੰ ਵਰਤਿਆ ਅਤੇ ਬਦਲਿਆ ਵੀ ਜਾਂਦਾ ਹੈ। ਕੋਈ ਵੀ ਵਾਪਰੀ ਘਟਨਾ ਬਾਰੇ ਬਿਨਾਂ ਠੋਸ ਜਾਣਕਾਰੀ ਦੇ ਅਸੀਂ ਵੀ ਭੋਲੇ-ਭਾਅ ਆਪਣੀ ਰਾਏ ਬਣਾ ਲੈਂਦੇ ਹਾਂ। ਜਲਦੀ ਹੀ ਵਿਆਖਿਆਵਾਂ ਦਾ ਦੌਰ ਆਰੰਭ ਹੋ ਜਾਂਦਾ ਹੈ। ਕਿਸੇ ਘਟਨਾ/ਵਿਚਾਰ ਨੂੰ ਗਲਤ ਜਾਂ ਸਹੀ ਸਿੱਧ ਕਰਨਾ ਵਿਆਖਿਆ ਦੀ ਖੇਡ ਹੁੰਦਾ ਹੈ। ਵਿਆਖਿਆ ਦੇ ਕਲਾਕਾਰ ਪ੍ਰਸੰਗ ਉਸਾਰਦੇ ਹਾਂ। ਇਸ ਲਈ ਕਈ ਸੰਦਾਂ (instruments) ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਚ ਮੀਡੀਆ ਮੁੱਖ ਰੋਲ ਨਿਭਾਉਂਦਾ ਹੈ, ਜਿਸ ਦੁਆਰਾ ਆਪਣੀ ਸੰਪੂਰਨ ਸ਼ਕਤੀ ਨਾਲ ਚਰਚਾ ਆਰੰਭ ਕਰ ਦਿਤੀ ਜਾਂਦੀ ਹੈ। ਸਭ ਕੁਝ ਬਣਾਵਟੀ ਢੰਗ ਨਾਲ ਸਿਰਜ ਕੇ ਸਾਡੇ ਅਗੇ ਪਰੋਸਿਆ ਜਾਂਦਾ ਹੈ। ਘਟਨਾ ਪ੍ਰਤੀ ਇਕ ਵਿਚਾਰ ਸਿਰਜ ਦਿੱਤਾ ਜਾਂਦਾ ਹੈ ਅਤੇ ਇਕ ਵਹਾਅ ਚਲ ਪੈਂਦਾ ਹੈ, ਜਿਸ ਵਿਚ ਸਭ ਡੁਬਕੀ ਲਗਾਉਂਦੇ ਹਨ।

ਅਜਿਹੇ ਮੌਕੇ ਬਹੁਤ ਸਾਰੇ ਮੌਕਾਪ੍ਰਸਤ ਵਿਅਕਤੀ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ, ਜਿਨਾਂ ਦੁਆਰਾ ਘਟਨਾ/ਵਿਚਾਰ ਆਦਿ ਨੂੰ ਹੋਰ ਪਾਸਿਆਂ ਵਲ ਲਿਜਾਇਆ ਜਾਂਦਾ ਹੈ। ਉਹ ਪੱਖ ਜਿਨਾਂ ਦਾ ਘਟਨਾ ਦਾ ਭਾਵੇਂ ਸਬੰਧ ਨਾ ਹੀ ਹੋਵੇ ਪਰ ਉਨਾਂ ਨੂੰ ਵਿਆਖਿਆ ਵਿਚ ਲਿਆ ਕੇ ਘਟਨਾ/ਵਿਚਾਰ ਆਦਿ ਨਾਲ ਜੋੜ ਦਿੱਤਾ ਜਾਂਦਾ ਹੈ। ਅਜਿਹੇ ਵਹਾਅ ਵਿਚ ਬਹੁਤ ਸਾਰੇ ਲੋਕ ਆਪਣੀ ਹਾਜ਼ਰੀ ਲਗਵਾਉਣਾ ਜ਼ਰੂਰੀ ਸਮਝਦੇ ਹਨ ਅਤੇ ਬਿਆਨ ਦੇਣਾ ਸ਼ੁਰੂ ਕਰ ਦਿੰਦੇ ਹਨ। ਸਟੇਟ ਦੁਆਰਾ ਆਪਣੀ ਪੂਰੀ ਸ਼ਕਤੀ ਇਸ ਦਿਸ਼ਾ ਵਿਚ ਹੀ ਲਗਾਈ ਜਾਂਦੀ ਹੈ, ਜਿਸ ਨਾਲ ਆਮ ਜਨ-ਸਧਾਰਨ ਰਾਏ ਨੂੰ ਕਾਬੂ ਵਿਚ ਰਖਿਆ ਜਾ ਸਕੇ। ਇਸ ਲਈ ਸਟੇਟ ਦੀਆਂ ਏਜੰਸੀਆਂ ਕਾਰਜਸ਼ੀਲ ਰਹਿੰਦੀਆਂ ਹਨ। ਜਦੋਂ ਵੀ ਕੋਈ ਵਿਚਾਰ, ਰਾਏ, ਵਿਅਕਤੀ ਜਾਂ ਸਮੂਹ ਸਟੇਟ ਦੇ ਵਿਰੁਧ ਭੁਗਤਦਾ ਜਾਂ ਆਪਣਾ ਆਧਾਰ ਤਿਆਰ ਕਰਦਾ ਹੈ ਤਾਂ ਉਸ ਦਾ ਦਮਨ ਸਟੇਟ ਦੁਆਰਾ ਹਰ ਹੀਲਾ ਵਰਤ ਕੇ ਕੀਤਾ ਜਾਂਦਾ ਹੈ। ਲੋਕਾਂ ਦੇ ਆਮ ਮਸਲੇ ਅਤੇ ਸੰਘਰਸ਼ ਇਸ ਤਰਾਂ ਵਿਆਖਿਆ ਦੀ ਹਨੇਰਗਰਦੀ ਵਿਚ ਗੁਆਚ ਜਾਂਦੇ ਹਨ। ਜਦੋਂ ਲੋਕ ਆਪਣੇ ਹਕੀਕੀ ਮਸਲਿਆਂ ਲਈ ਇਕੱਠੇ ਹੁੰਦੇ ਹਨ ਜਾਂ ਜਥੇਬੰਦਕ ਹੋ ਕੇ ਆਪਣਾ ਬਿਰਤਾਂਤ ਉਸਾਰਦੇ ਹਨ ਤਾਂ ਸਟੇਟ ਦੁਆਰਾ ਨਵੇਂ ਮਸਲਿਆਂ ਨੂੰ ਉਭਾਰ ਕੇ, ਉਨਾਂ ਦੇ ਬਿਰਤਾਂਤ ਨੂੰ ਹੌਲਾ ਕਰ ਦਿਤਾ ਜਾਂਦਾ ਹੈ। ਲੋਕ ਸਮੂਹ ਨੂੰ ਨਵੇਂ ਮਸਲੇ ਦੇ ਦਿੱਤੇ ਜਾਂਦੇ ਹਨ ਅਤੇ ਜਿਸ ਨਾਲ ਉਨਾਂ ਦਾ ਸੰਗਠਿਤ ਬਿਰਤਾਂਤ ਖਿੰਡਰ ਜਾਂਦਾ ਹੈ। ਇਸ ਤਰਾਂ ਲੋਕ ਤਾਕਤ ਦਾ ਵਹਾਅ ਵਿਆਖਿਆ ਅਤੇ ਬਿਰਤਾਂਤ ਦੀ ਸਿਰਜ ਕੇ ਮੋੜਿਆ, ਬਦਲਿਆ, ਵਰਤਿਆ ਜਾਂ ਖਤਮ ਕੀਤਾ ਜਾਂਦਾ ਹੈ।

ਇਸ ਪ੍ਰਕਾਰ ਅਸੀਂ ਵਿਆਖਿਆਕਾਰੀ ਦੇ ਯੁਗ ਵਿਚ ਜੀਅ ਰਹੇ ਹਾਂ, ਇਸ ਲਈ ਸਾਡਾ ਸੁਚੇਤ ਹੋਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਸੁਚੇਤ ਵਿਅਕਤੀ ਹੀ ਅਜਿਹੇ ਯੁੱਗ ਵਿਚ ਆਪਣੀ ਮੌਲਿਕਤਾ ਨੂੰ ਕਾਇਮ ਰਖ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਸੁਚੇਤ ਹੋ ਕੇ ਆਪਣੀ ਮਜ਼ਬੂਤ ਵਿਆਖਿਆ ਸਿਰਜਕੇ ਆਪਣਾ ਬਿਰਤਾਂਤ ਕਾਇਮ ਰੱਖ ਸਕੀਏ।

# ਆਪਣੀਆਂ ਕਮੀਆਂ ਲੱਭੋ



**ਹਰਕੀਰਤ ਕੌਰ**
**ਮੋ. 9779118066**

ਮਾਂ ਦੇ ਗਰਭ ਵਿੱਚੋਂ ਪੈਦਾ ਹੋਇਆ ਮਨੁੱਖ ਪਹਿਲਾਂ ਬਿਲਕੁੱਲ ਬੇਸਮਝ ਹੁੰਦਾ ਹੈ। ਜਿਵੇਂ ਜਿਵੇਂ ਮਨੁੱਖ ਦਾ ਸਰੀਰਕ ਵਿਕਾਸ ਹੁੰਦਾ ਹੈ ਤਿਵੇਂ ਤਿਵੇਂ ਉਸਦੀ ਬੁੱਧੀ ਦਾ ਵਿਕਾਸ ਹੁੰਦਾ ਹੈ। ਕਿਸੇ ਵੀ ਮਨੁੱਖ ਦੀ ਸ਼ਖਸੀਅਤ ਉੱਪਰ ਉਸਦੀ ਪਰਵਰਿਸ਼, ਉਸਦੇ ਆਲੇ ਦੁਆਲੇ ਦਾ ਬਹੁਤ ਪ੍ਰਭਾਵ ਹੁੰਦਾ ਹੈ। ਚੰਗੀਆਂ ਮਾੜੀਆਂ ਹਰ ਤਰਾਂ ਦੀਆਂ ਆਦਤਾਂ ਮਨੁੱਖ ਆਪਣੇ ਆਲੇ ਦੁਆਲੇ ਜਾਂ ਜਿਨਾਂ ਮਨੁੱਖਾਂ ਵਿੱਚ ਉਸਦਾ ਵਿਕਾਸ ਹੁੰਦਾ ਹੈ ਉੱਥੋਂ ਗ੍ਰਹਿਣ ਕਰਦਾ ਹੈ। ਜਦੋਂ ਬੱਚੇ ਦੀ ਬੁੱਧੀ ਦਾ ਵਿਕਾਸ ਪੂਰੀ ਤਰਾਂ ਨਹੀਂ ਹੁੰਦਾ, ਉਦੋਂ ਤੱਕ ਉਸ ਵਿੱਚ ਆਈ ਹਰ ਤਬਦੀਲੀ ਦਾ ਕਾਰਨ ਉਸਦੇ ਮਾਪਿਆਂ ਜਾਂ ਆਸ ਪਾਸ ਦੇ ਲੋਕਾਂ ਨੂੰ ਮੰਨਿਆ ਜਾ ਸਕਦਾ ਹੈ। ਪਰ ਜਦੋਂ ਇੱਕ ਮਨੁੱਖ ਦੀ ਪੂਰਨ ਸੋਝੀ ਦਾ ਵਿਕਾਸ ਹੋ ਜਾਂਦਾ ਹੈ, ਉਹ ਆਪਣੀਆਂ ਹਰ ਤਰਾਂ ਦੀਆਂ ਕ੍ਰਿਆਵਾਂ ਆਪ ਕਰਨ ਦੇ ਯੋਗ ਹੋ ਜਾਂਦਾ ਹੈ, ਜਦੋਂ ਉਸਨੂੰ ਚੰਗੇ ਮਾੜੇ ਦੀ ਸੋਝੀ ਆ ਜਾਂਦੀ ਹੈ ਤਾਂ ਫਿਰ ਉਸ ਦੁਆਰਾ ਕੀਤੇ ਹਰ ਕਾਰਜ ਦੀ ਜ਼ਿੰਮੇਵਾਰੀ ਉਸਦੀ ਆਪਣੀ ਹੁੰਦੀ ਹੈ।

ਹਰ ਇੱਕ ਮਨੁੱਖ ਦੇ ਜੀਵਨ ਦਾ ਪਹਿਲਾਂ ਮੰਤਵ ਇੱਕ ਚੰਗਾ ਮਨੁੱਖ ਬਣਨਾ ਹੋਣਾ ਚਾਹੀਦਾ ਹੈ। ਇਸ ਵਿੱਚ ਕੋਈ ਦੋਰਾਇ ਨਹੀਂ ਕਿ ਕੋਈ ਵੀ ਮਨੁੱਖ ਸਰਵਗੁਣ ਸਪੰਨ ਨਹੀਂ ਹੁੰਦਾ, ਹਰ ਇੱਕ ਵਿੱਚ ਬਹੁਤ ਸਾਰੀਆਂ ਕਮੀਆਂ ਹੁੰਦੀਆਂ ਹਨ, ਪਰ ਜੇਕਰ ਮਨੁੱਖ ਆਪਣੀਆਂ ਕਮੀਆਂ ਲੱਭ ਉਨਾਂ ਨੂੰ ਦੂਰ ਕਰਨ ਲਈ ਯਤਨਸ਼ੀਲ ਹੋਵੇ ਤਾਂ ਉਹ ਆਪਣੀ ਇੱਕ ਚੰਗੀ ਸ਼ਖਸੀਅਤ ਦਾ ਨਿਰਮਾਣ ਕਰ ਸਕਦਾ ਹੈ।

ਪਰ ਇਹ ਮਨੁੱਖੀ ਸੁਭਾਅ ਦੀ ਫਿਤਰਤ ਹੈ ਕਿ ਇਹ ਹਮੇਸ਼ਾ ਦੂਸਰਿਆਂ ਦੀਆਂ ਕਮੀਆਂ ਲੱਭਣ ਲਈ ਤੱਤਪਰ ਰਹਿੰਦਾ ਹੈ। ਜਿਨਾਂ ਲੋਕਾਂ ਨੂੰ ਮਨੁੱਖ ਪਸੰਦ ਨਹੀਂ ਕਰਦਾ, ਉਨਾਂ ਦੇ ਗੁਣ ਕਦੇ ਵੀ ਉਸਦੀਆਂ ਨਜ਼ਰਾਂ ਵਿੱਚ ਨਹੀਂ ਚੜਦੇ। ਜਦੋਂ ਕਿ ਮਨੁੱਖ ਨੂੰ ਦੂਸਰਿਆਂ ਦੀਆਂ ਕਮੀਆਂ ਲੱਭਣ ਦੀ ਬਜਾਏ ਆਪਣੀ ਸ਼ਖਸੀਅਤ ਨੂੰ ਵਿਚਾਰਨਾ ਚਾਹੀਦਾ ਹੈ। ਆਪਣੀਆਂ ਕਮੀਆਂ ਲੱਭਣ ਦਾ ਯਤਨ ਕਰਨਾ ਚਾਹੀਦਾ ਹੈ। ਉਨਾਂ ਕਮੀਆਂ ਨੂੰ ਲੱਭ ਕੇ ਉਹਨਾਂ ਨੂੰ ਦੂਰ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਪਰ ਜਦੋਂ ਤੱਕ ਅਸੀਂ ਆਪਣੀਆਂ ਕਮੀਆਂ ਤੋਂ ਖੁਦ ਜਾਣੂ ਨਹੀਂ ਹੋਵਾਂਗੇ, ਉਨੀਂ ਦੇਰ ਤੱਕ ਅਸੀਂ ਉਨਾਂ ਕਮੀਆਂ ਨੂੰ ਗੁਣਾਂ ਵਿੱਚ ਤਬਦੀਲ ਕਰਨ ਦੀ ਪ੍ਰਕਿਰਿਆ ਸ਼ੁਰੂ ਨਹੀਂ ਕਰ ਸਕਦੇ।

ਗੁਰੂ ਗ੍ਰੰਥ ਸਾਹਿਬ ਜੀ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਮਨੁੱਖ ਨੂੰ ਆਪਾ ਖੋਜਣਾ ਚਾਹੀਦਾ ਹੈ ਉਨਾਂ ਦੇ ਮਹਾਵਾਕ ਅਨੁਸਾਰ :

**'ਬੰਦੇਖੋਜੁਦਿਲਹਰਰੋਜਨਾਫਿਰੁਪਰੇਸਾਨੀਮਾਹਿ।।'**

ਭਾਵ ਆਪਣੇ ਆਪ ਦੀ ਖੋਜ ਕਰਨ ਨਾਲ ਪ੍ਰੇਸ਼ਾਨੀਆਂ ਤੋਂ ਮੁਕਤ ਹੋਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਅਸੀਂ ਰੋਜ਼ਮਰਾ ਦੇ ਜੀਵਨ ਵਿਚੋਂ ਕੋਈ ਉਦਾਹਰਣ ਲੈਣੀ ਹੋਵੇ ਤਾਂ ਨਿੱਕੀਆਂ ਨਿੱਕੀਆਂ ਗੱਲਾਂ ਤੇ ਗੁੱਸਾ ਹੋਣ ਵਾਲਾ ਵਿਅਕਤੀ ਖੁਦ ਜਾਣਦਾ ਹੈ ਕਿ, ਕ੍ਰੋਧ ਵਿੱਚ ਆਉਣਾ ਉਸਦੀ ਇੱਕ ਵੱਡੀ ਕਮੀ ਹੈ, ਪਰ ਉਹ ਇਸ ਗੱਲ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੁੰਦਾ। ਉਸਦਾ ਆਪਣੇ ਆਪ ਉੱਪਰ ਕਿਸੇ ਵੀ ਤਰਾਂ ਦਾ ਨਿਯੰਤਰਣ ਨਾ ਹੋਣ ਕਾਰਣ ਉਹ ਹਮੇਸ਼ਾ ਆਪਣੇ ਆਪ ਨੂੰ ਅਤੇ ਸਾਹਮਣੇ ਵਾਲਿਆਂ ਨੂੰ ਪਰੇਸ਼ਾਨ ਕਰ ਦਿੰਦਾ ਹੈ। ਜਦੋਂ ਕਿ ਜੇਕਰ ਇਸ ਤਰਾਂ ਦੇ ਮਨੁੱਖ ਆਪਣੀ ਕਮੀਂ ਨੂੰ ਸਵੀਕਾਰ ਕਰਕੇ ਉਸ ਨੂੰ ਸਹੀ ਕਰਨ ਲਈ ਕੰਮ ਕਰਨ ਲਈ ਤਿਆਰ ਹੋ ਜਾਣ ਤਾਂ ਉਨਾਂ ਦੀ ਇਸ ਕਮੀ ਨੂੰ ਸਬਰ ਤੇ ਸਹਿਜਤਾ ਵਰਗੇ ਗੁਣਾ ਨਾਲ ਤਬਦੀਲ ਕੀਤਾ ਜਾ ਸਕਦੀ ਹੈ। ਕ੍ਰੋਧ ਤੇ ਸਹਿਜਤਾ ਕਦੇ ਵੀ ਇੱਕ ਸਾਥ ਇਕੱਠੇ ਨਹੀਂ ਰਹਿ ਸਕਦੇ। ਇਸ ਉਦਾਹਰਣ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਕਮੀਆਂ ਸਾਡੇ ਵਿੱਚ ਹੁੰਦੀਆਂ ਹਨ, ਜਿਨਾਂ ਨੂੰ ਥੋੜੀ ਜਿਹੀ ਸਿਆਣਪ ਵਰਤਕੇ ਦੂਰ ਕੀਤਾ ਜਾ ਸਕਦਾ ਹੈ। ਜਿੰਦਗੀ ਸਿੱਖਣ ਦੀ ਪ੍ਰਕਿਰਿਆ ਹੈ। ਰੋਜ਼ ਦਿਹਾੜੀ ਦੇ ਕੰਮਾਂ ਕਾਰਾਂ ਵਿਚੋਂ ਵਿਚਰਦੇ ਸਾਨੂੰ ਪਤਾ ਨਹੀਂ ਕਿੰਨਾ ਕੁਝ ਸਿੱਖਣ ਨੂੰ ਮਿਲਦਾ ਹੈ, ਹਰ ਰੋਜ਼ ਸਾਡੇ ਜੀਵਨ ਦੇ ਤੁਜਰਬੇ ਵਿੱਚ ਨਵੀਂਆਂ ਕਹਾਣੀਆਂ, ਨਵੇਂ ਅਨੁਭਵ ਜੁੜਦੇ ਰਹਿੰਦੇ ਹਨ ਅਤੇ ਜੁੜਦੇ ਰਹਿਣਗੇ। ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਇਸ ਸਫ਼ਰ ਦੇ ਚੱਲਦਿਆਂ ਅਸੀਂ ਦੂਸਰਿਆਂ ਦੀ ਬਜਾਏ ਆਪਣੀਆਂ ਕਮੀਆਂ ਲੱਭੀਏ ਅਤੇ ਆਪਣੀ ਸ਼ਖਸੀਅਤ ਨੂੰ ਹੋਰ ਨਿਖਾਰੀਏ।

ਹੁਣ ਬਹੁਤ ਸਾਰੇ ਪਾਠਕਾਂ ਦਾ ਸਵਾਲ ਇਹ ਵੀ ਹੋ ਸਕਦਾ ਹੈ ਕਿ ਅਸੀਂ ਉਨਾਂ ਕਮੀਆਂ ਨੂੰ ਲੱਭ ਕੇ ਦੂਰ ਕਿਵੇਂ ਕਰ ਸਕਦੇ ਹਾਂ। ਇਸ ਦੀ ਇੱਕ ਪ੍ਰਕਿਰਿਆ ਇਹ ਹੈ ਕਿ ਸਭ ਤੋਂ ਪਹਿਲਾਂ ਆਪਣੇ ਆਪ ਦਾ ਅਧਿਐਨ ਕਰੋ।ਆਪਣੀ ਹਰ ਚੰਗੀ ਮਾੜੀ ਆਦਤ ਦੀ ਸੂਚੀ ਬਣਾਉ।

ਜੋ ਚੰਗੀਆਂ ਆਦਤਾਂ ਹਨ ਉਨਾਂ ਲਈ ਪ੍ਰਮਾਤਮਾ ਤੋਂ ਆਪਣੇ ਆਪ ਦੇ ਸ਼ੁਕਰਗੁਜ਼ਾਰ ਹੋਵੋ ਅਤੇ ਜੋ ਬੁਰੀਆਂ ਆਦਤਾਂ ਹਨ ਉਨਾਂ ਨੂੰ ਦੂਰ ਕਿਵੇਂ ਕੀਤਾ ਜਾ ਸਕਦਾ ਉਸਦੇ ਢੰਗ ਤਰੀਕੇ ਲੱਭੋ ਅਤੇ ਉਸਦੀ ਇੱਕ ਸੂਚੀ ਤਿਆਰ ਕਰੋ। ਆਪਣੇ ਆਪ ਤੇ ਨਿਯੰਤਰਣ ਕਰਨਾ ਸਿੱਖੋ। ਉਨਾਂ ਬੁਰੀਆਂ ਆਦਤਾਂ ਦੀ ਜਗਾ ਤੇ ਨਵੀਆਂ ਕਲਾਵਾਂ ਸਿੱਖਣ ਵੱਲ ਆਪਣਾ ਧਿਆਨ ਲਾਉ। ਵੱਧ ਤੋਂ ਵੱਧ ਸਮਾਂ ਆਪਣੇ ਆਪ ਨਾਲ ਬਿਤਾਉ। ਆਪਣੀ ਸੰਗਤ ਨੂੰ ਮਾਣੋ। ਤਿਆਰ ਕੀਤੀ ਸੂਚੀ ਵਿੱਚ ਆਪਣੇ ਵਿੱਚ ਆ ਰਹੀਆਂ ਤਬਦੀਲੀਆਂ ਵੀ ਜ਼ਰੂਰ ਲਿਖੋ। ਹਮੇਸ਼ਾ ਸਕਾਰਾਤਮਕ ਨਜ਼ਰੀਆ ਰੱਖੋ। ਸਵੈ ਵਿਸ਼ਵਾਸ ਰੱਖ ਆਪਣੀ ਸ਼ਖਸੀਅਤ ਨੂੰ ਨਿਖਾਰਨ ਲਈ ਯਤਨਸ਼ੀਲ ਹੋਵੋ।

ਇਸ ਤਰਾਂ ਕਰਨ ਨਾਲ ਤੁਸੀਂ ਆਪਣੇ ਆਪ ਦਾ ਅਧਿਐਨ ਕਰਨਾ ਸ਼ੁਰੂ ਕਰੋਗੇ ਤਾਂ, ਤੁਹਾਡੀਆਂ ਕਮੀਆਂ ਗੁਣਾ ਦਾ ਰੂਪ ਧਾਰਨ ਕਰ ਲੈਣਗੀਆਂ ਅਤੇ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਸ਼ਖਸੀਅਤ ਦਾ ਨਿਰਮਾਣ ਹੋ ਸਕਦਾ ਹੈ, ਜਿਸਨੂੰ ਲੋਕਾਂ ਵਿੱਚ ਕਿਸੇ ਵੀ ਤਰਾਂ ਦੀ ਕਮੀ ਨਜ਼ਰ ਨਹੀਂ ਆਉਂਦੀ। ਅਜਿਹੀ ਸ਼ਖਸੀਅਤ ਜੋ ਹੋਰਾਂ ਵਿੱਚ ਕਮੀਆਂ ਲੱਭਣ ਦੀ ਬਜਾਏ ਉਹੀ ਸਮਾਂ ਆਪਣੇ ਆਪ ਨੂੰ ਸਵਾਰਣ ਵਿੱਚ ਲਗਾਉਂਦੀ ਹੋਵੇ। ਜੋ ਹੋਰਨਾਂ ਨੂੰ ਬਦਲਣ ਦੀ ਜਗਾ ਪਹਿਲਾਂ ਸਵੈ ਪੜਚੋਲ ਕਰਦੀ ਹੋਵੇ। ਇਸ ਤਰਾਂ ਨਾਲ ਇੱਕ ਅਜਿਹੀ ਸ਼ਖਸੀਅਤ ਸਿਰਜੀ ਜਾ ਸਕਦੀ ਹੈ, ਜੋ ਹਰ ਜਗ਼ਾ ਚੜਦੀ ਕਲਾ ਦਾ ਪੈਗਾਮ ਦਿੰਦੀ ਹੋਵੇਗੀ।

# ਸੋਸ਼ਲ ਮੀਡੀਆ-ਵਰਦਾਨ ਜਾਂ ਸਰਾਪ



**ਅਸ਼ੋਕ ਸੋਨੀ, ਕਾਲਮਨਵੀਸ**
**ਮੋ. 9872705078**

ਸੋਸ਼ਲ ਮੀਡੀਆ, ਇੰਟਰਨੈੱਟ ਕ੍ਰਾਂਤੀ ਰਾਹੀਂ ਇੰਨਾ ਤਾਕਤਵਰ ਅਤੇ ਆਮ ਹੋ ਗਿਆ ਹੈ ਕਿ ਅੱਜ ਮੰਤਰੀਆਂ, ਪਾਰਟੀ ਪ੍ਰਧਾਨਾਂ ਦੇ ਅਸਤੀਫੇ ਤੋਂ ਲੈ ਕੇ ਪਿੰਡ 'ਚ ਪਾਣੀ ਆਲੀ ਟੂਟੀ ਆਉਣ ਦੇ ਟਾਈਮ ਤੀਕ ਦਸ ਰਿਹਾ ਹੈ। ਖਬਰਾਂ ਦੇ ਖੇਤਰ 'ਚ ਜਿੱਥੇ ਅੱਜ ਸੋਸ਼ਲ ਮੀਡੀਆ ਸਭ ਤੋਂ ਤਾਕਤਵਰ ਹਥਿਆਰ ਬਣ ਚੁੱਕਾ ਹੈ, ਉੱਥੇ ਹੀ ਸਿੱਖਿਆ, ਵਿਚਾਰ, ਸੂਚਨਾ, ਜਾਣਕਾਰੀਆਂ ਤੇ ਸਾਹਿਤ ਦੇ ਪ੍ਰਚਾਰ ਪ੍ਰਸਾਰ ਦਾ ਵੀ ਅਦਭੁੱਤ ਸੋਮਾ ਬਣ ਗਿਆ ਹੈ। ਮਨੋਰੰਜਨ ਹੀ ਨਹੀਂ ਲੱਖਾਂ ਲੋਕਾਂ ਦੇ ਰੁਜ਼ਗਾਰ ਦਾ ਵੀ ਸਾਧਨ ਹੈ, ਲੋਕਡਾਊਨ 'ਚ ਪੂਰੀ ਦੁਨੀਆ ਦੇ ਵਿਦਿਆਰਥੀਆਂ ਨੇ, ਸੋਸ਼ਲ ਮੀਡੀਆ ਰਾਹੀਂ ਜਿਸ ਤਰਾਂ ਆਪਣੀ ਪੜਾਈ ਜਾਰੀ ਰੱਖੀ, ਉਹ ਬਾਕਮਾਲ ਸੀ। ਭ੍ਰਿਸ਼ਟਾਚਾਰ ਨੂੰ ਠੱਲ ਪਾਉਣ ਤੇ ਧੱਕੇਸ਼ਾਹੀ ਵਿਰੁੱਧ ਲੋਕਲਹਿਰ ਬਣਾਉਣ 'ਚ, ਵੱਡੇ-ਵੱਡੇ ਵਪਾਰਾਂ ਤੇ ਕਾਰੋਬਾਰਾਂ 'ਚ, ਸਰਕਾਰੀ ਤੇ ਪ੍ਰਾਈਵੇਟ ਵਿਭਾਗਾਂ ਦਾ ਸੁਚਾਰੂ ਕੰਮਕਾਜ ਚਲਾਉਣ 'ਚ, ਸੋਸ਼ਲ ਮੀਡੀਆ ਮੋਹਰੀ ਭੂਮਿਕਾ ਨਿਭਾਉਣ ਦੇ ਨਾਲ-ਨਾਲ, ਅਣਗਿਣਤ ਛਿਪੀਆਂ ਹੋਈਆਂ ਪ੍ਰਤਿਭਾਵਾਂ ਨੂੰ ਫਰਸ਼ ਤੋਂ ਅਰਸ਼ ਤੀਕ ਪਹੁੰਚਾ ਰਿਹਾ ਹੈ।

ਇਸ ਦੇ ਬਾਵਜੂਦ ਸੋਸ਼ਲ ਮੀਡੀਆ ਨੇ ਨੈਤਿਕ ਕਦਰਾਂ-ਕੀਮਤਾਂ ਦਾ ਵੱਡੇ ਪੱਧਰ 'ਤੇ ਘਾਣ ਵੀ ਕੀਤਾ ਹੈ। ਦੇਸ਼ ਵਿੱਚ ਅਫਵਾਹਾਂ ਰਾਹੀਂ ਨਫਰਤ ਫੈਲਾਉਣ ਵਿੱਚ ਸਭ ਤੋਂ ਵੱਡਾ ਰੋਲ ਸੋਸ਼ਲ ਮੀਡੀਆ ਦਾ ਹੀ ਹੈ। ਸੌੜੇ ਹਿੱਤਾਂ ਲਈ ਦੇਸ਼ ਵਿਰੋਧੀ ਲੋਕ ਇਸ ਨੂੰ ਹਥਿਆਰ ਦੇ ਰੂਪ 'ਚ ਵਰਤਦੇ ਹਨ। ਖੁੰਭਾਂ ਦੀ ਤਰਾਂ ਪੈਦਾ ਹੋਏ ਵੈਬ-ਚੈਨਲ ਤੇ ਅਖੌਤੀ ਕੱਚੇ-ਪਿੱਲੇ ਪੱਤਰਕਾਰਾਂ ਰਾਹੀਂ ਬਿਨਾਂ ਸਿਰ ਪੈਰ ਦੀਆਂ ਝੂਠੀਆਂ ਖਬਰਾਂ ਦੀ ਹਨੇਰੀ ਚੱਲ ਰਹੀ ਹੈ, ਜਿਸ ਨੇ ਮੁਲਕ ਦੀ ਫਿਜ਼ਾ ਬੇਭਰੋਸਗੀ ਦੇ ਮਾਹੌਲ ਦੀ ਸਿਰਜਣਾ ਕਰ ਦਿੱਤੀ ਹੈ। ਵਿਡੰਬਨਾ ਹੈ ਕਿ ਸੱਚ ਲੋਕਾਂ ਤੀਕ ਅਪੜਨ ਤੋਂ ਪਹਿਲਾਂ ਹੀ ਦਮ ਤੋੜ ਜਾਂਦਾ ਹੈ। ਸੋਸ਼ਲ ਮੀਡੀਆ, ਜਿੱਥੇ ਪੋਰਨੋਗਰਾਫੀ ਤੇ ਅਸ਼ਲੀਲ ਸਮੱਗਰੀ ਫੈਲਾਉਣ ਦਾ ਸਭ ਤੋਂ ਵੱਡਾ ਸੋਮਾ ਹੈ, ਉੱਥੇ ਹੀ ਇਸ ਰਾਹੀਂ ਨਿੱਜੀ ਜਾਣਕਾਰੀਆਂ ਚੋਰੀ ਕਰਨ ਦੇ ਵੱਡੇ ਪੱਧਰ ਤੇ ਇਲਜ਼ਾਮ ਲੱਗ ਰਹੇ ਹਨ। ਪਿੱਛੇ ਜਿਹੇ ਸਰਕਾਰ ਨਾਲ ਇਸ ਸਬੰਧੀ ਵੱਡਾ ਵਿਵਾਦ ਵੀ ਲੰਮਾ ਸਮਾਂ ਜਾਰੀ ਰਿਹਾ ਸੀ। ਬਾਕੀ ਪੈਸੇ ਨਾਲ ਖਰੀਦੇ ਝੂਠੇ ਲਾਈਕ-ਵਿਊਜ਼ ਦੇ ਵਿਵਾਦ ਵੀ ਜਗਜ਼ਾਹਰ ਹੀ ਨੇ। ਅੱਜ ਕੱਲ ਵੱਡੇ ਪੱਧਰ 'ਤੇ ਜਿੱਥੇ ਸੋਸ਼ਲ ਮੀਡੀਆ ਰਾਹੀਂ ਸਾਈਬਰ ਠੱਗੀਆਂ ਤੇ ਬਲੈਕਮੇਲਿੰਗ ਕਰਨ ਵਾਲੇ ਗਰੋਹ ਵੀ ਸਰਗਰਮ ਹਨ, ਉੱਥੇ ਹੀ ਜਾਅਲੀ ਆਈਡੀਜ਼ ਰਾਹੀਂ ਕਿੰਨੇ ਹੀ ਲੋਕਾਂ ਨੂੰ ਰਗੜਾ ਲੱਗ ਚੁੱਕਾ ਏ, ਸੋਸ਼ਲ ਮੀਡੀਆ ਤੇ ਫੋਨ ਕਾਲ ਰਿਕਾਰਡ ਦੀ ਪੇਚੀਦਗੀ ਕਾਰਨ ਅਪਰਾਧਿਕ ਗਤੀਵਿਧੀਆਂ ਨੂੰ ਹੱਲ ਕਰਨ 'ਚ ਪੁਲਿਸ ਵੀ ਕਈ ਵਾਰ ਨਾਕਾਮ ਹੋ ਜਾਂਦੀ ਹੈ।

ਸੋਸ਼ਲ ਮੀਡੀਆ ਕਾਰਨ, ਹਰ ਕੋਈ ਹਉਮੈ ਦੀ ਬੀਮਾਰੀ ਤੋਂ ਇਸ ਤਰਾਂ ਗ੍ਰਸਤ ਹੈ ਕਿ ਜੇ ਕੋਈ ਵੀ ਸਾਥੀ, ਤੁਹਾਡੀ ਗੱਲ ਸੋਸ਼ਲ ਮੀਡੀਆ 'ਤੇ ਕੱਟਦਾ ਹੈ ਤਾਂ ਸਿਰਫ ਆਪਣੇ-ਆਪ ਨੂੰ ਜ਼ਿਆਦਾ ਸਿਆਣਾ ਤੇ ਸਹੀ ਸਾਬਤ ਕਰਨ ਹਿੱਤ ਤੁਸੀਂ, ਬਹਿਸ ਜਿੱਤਣ ਲਈ ਪੂਰੀ ਵਾਹ ਲਾ ਦਿੰਦੇ ਹੋ, ਹਾਲਾਂਕਿ ਬਹਿਸ ਤਾਂ ਤੁਸੀਂ ਭਾਵੇਂ ਜਿੱਤ ਜਾਂਦੇ ਹੋ, ਪਰ ਉਸ ਸਾਥੀ ਨੂੰ ਹਮੇਸ਼ਾ ਲਈ ਗਵਾ ਦਿੰਦੇ ਹੋ। ਹਾਲਾਤ ਇਹ ਹਨ ਕਿ ਸੋਸ਼ਲ ਮੀਡੀਆ ਦੇ ਝਗੜੇ ਅਕਸਰ ਡਾਂਗਾਂ-ਤਲਵਾਰਾਂ, ਥਾਣਿਆਂ ਤੇ ਅਦਾਲਤਾਂ ਤੱਕ ਅੱਪੜ ਜਾਂਦੇ ਹਨ, ਜਿਨਾਂ ਵਿੱਚ ਆਮ ਲੋਕ ਹੀ ਨਹੀਂ ਬਹੁਤ ਵੱਡੀਆਂ ਹਸਤੀਆਂ ਵੀ ਸ਼ਾਮਲ ਹਨ। ਸਾਡੇ ਵਿੱਚੋਂ ਜ਼ਿਆਦਾਤਰ ਲੋਕ, ਸੋਸ਼ਲ ਮੀਡੀਆ ਰੂਪੀ ਨਸ਼ੇ ਦੀ ਲਗਾਤਾਰ ਹੱਦੋਂ ਵੱਧ ਵਰਤੋਂ ਕਰਕੇ ਅਮਲੀ ਬਣ ਚੁੱਕੇ ਹਨ। ਸੋਸ਼ਲ ਮੀਡੀਆ ਕਾਰਨ ਅੱਜ ਸਿਰੇ ਦੇ ਵਿਹਲੇ ਬੰਦੇ ਵੀ ਇੰਨੇ ਕੁ ਮਸਰੂਫ ਹਨ ਕਿ ਚੱਲਦੇ ਮੋਟਰਸਾਈਕਲਾਂ ਤੱਕ 'ਤੇ ਸਟੇਟਸ ਅਪਡੇਟ ਕਰਦੇ ਰਹਿੰਦੇ ਹਨ। ਇਸ ਖ਼ਬਤ ਕਾਰਨ ਪਰਿਵਾਰ ਦੇ ਮੈਂਬਰਾਂ 'ਚ ਦੂਰੀ ਲਗਾਤਾਰ ਬਹੁਤ ਜ਼ਿਆਦਾ ਵਧ ਰਹੀ ਹੈ।

ਆਖ਼ਰ ਸਵਾਲ ਖੜਾ ਹੁੰਦਾ ਹੈ ਕਿ ਕੀ ਸਾਨੂੰ ਸੋਸ਼ਲ ਮੀਡੀਆ ਦੀ ਵਰਤੋਂ ਬੰਦ ਹੀ ਕਰ ਦੇਣੀ ਚਾਹੀਦੀ ਹੈ? ਨਹੀਂ। ਦੁਨੀਆ ਦੇ ਨਾਲ ਚੱਲਣ ਲਈ ਇਹ ਸਮੇਂ ਦਾ ਸਭ ਤੋਂ ਮਹੱਤਵਪੂਰਨ ਸਾਧਨ ਹੈ ਪਰ ਇਸ ਦੀ ਹੱਦੋਂ ਵੱਧ, ਅਨੈਤਿਕ ਤੇ ਲਾਪ੍ਰਵਾਹੀ ਨਾਲ ਕੀਤੀ ਵਰਤੋਂ/ਦੁਰਵਰਤੋਂ ਬਹੁਤ ਖਤਰਨਾਕ ਸਾਬਤ ਹੋ ਸਕਦੀ ਹੈ। ਇਸ ਸਬੰਧੀ ਜਿੱਥੇ ਸਰਕਾਰ ਨੂੰ ਹੋਰ ਸਖਤ ਕਾਨੂੰਨ ਬਣਾਉਣ ਦੀ ਲੋੜ ਹੈ, ਉੱਥੇ ਹੀ ਸਾਨੂੰ ਵੀ ਆਪਣੇ ਸਮਝ ਤੇ ਚੌਕਸੀ ਨਾਲ ਸਾਇੰਸ ਦੀ ਇਸ ਲਾਸਾਨੀ ਕਾਢ ਦੀ ਸੁਚੱਜੀ ਵਰਤੋਂ ਕਰਨੀ ਚਾਹੀਦੀ ਹੈ। ਆਓ, ਅੱਜ ਤੋਂ ਹੀ ਸੋਸ਼ਲ ਮੀਡੀਆ ਦੀ ਸੀਮਤ ਤੇ ਬਾਜ਼ਬਤ ਵਰਤੋਂ ਦਾ ਪ੍ਰਣ ਲਈਏ।

# ਪਿੱਪਲ ਤੇ ਪ੍ਰੇਤ

**ਅੰਮ੍ਰਿਤ ਕੌਰ**
**ਮੋ. : 98767-14004**

'ਭਜਨੋ,..ਮੈਨੂੰ ਇੱਕ ਗੱਲ ਦੱਸ ਮੁੰਡਾ ਤੇਰਾ ਫ਼ੌਜੀ, ਧੀ ਤੇਰੀ ਆਵਦੇ ਘਰੇ ਵਸਦੀ ਰਸਦੀ,... ਤਿੰਨ ਜਣੇ ਓ ਤੁਸੀਂ। ਫੇਰ ਆਹ ਮੈਸਾਂ ਨੂੰ ਵੇਚੋ ਪਰੇ...।' ਦਿਆਲ ਕੌਰ ਨੇ ਅਜੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਭਜਨੋ ਮੱਝਾਂ ਲਈ ਬੱਠਲ ਵਿੱਚ ਪਾਈ ਖਲ਼ ਵਿੱਚ ਪਾਣੀ ਪਾਉਂਦਿਆਂ ਬੋਲੀ, 'ਨਾ... ਨਾ... ਅੰਮਾ ਜੀ, ਸਾਨੂੰ ਨੀਂ ਸਰਦਾ ਘਰ ਦੇ ਦੁੱਧ ਬਿਨਾਂ। ਮੁੱਲ ਦੇ ਕਿਹੜੇ ਦੁੱਧ ਹੁੰਦੇ ਨੇ... ਪਾਣੀ ਤਾਂ ਇੱਕ ਪਾਸੇ ਰਿਹਾ, ਹੋਰ ਪਤਾ ਨੀਂ ਕੀ ਅੱਗ ਸੁਆਹ ਪਾਉਂਦੇ ਨੇ ਵਿੱਚ।'

'ਹਾਂ ਇਹ ਤਾਂ ਤੇਰੀ ਗੱਲ ਠੀਕ ਐ।' ਦਿਆਲ ਕੌਰ ਨੇ ਸਹਿਮਤੀ ਦਿੱਤੀ।

'ਨਾਲੇ ਜਦੋਂ ਤੇਜ ਛੁੱਟੀ ਆਉਂਦੈ ਤਾਂ ਖੋਆ, ਪੰਜੀਰੀ ਬਣਾ ਦਿੰਨੀ ਆਂ, ਘਰੇ ਖਾਣ ਨੂੰ ਵੀ ਤੇ ਨਾਲ ਵੀ ਲੈ ਜਾਂਦੈ।'

'ਓਥੇ ਕਿਹੜਾ ਖਾਂਦਾ ਹੋਊ ਵਿਚਾਰਾ, ਨਾਲ ਦੇ ਈ ਛਕ ਜਾਂਦੇ ਹੋਣਗੇ।' ਦਿਆਲ ਕੌਰ ਨੇ ਮੂੰਹ ਜਿਹਾ ਮਰੋੜ ਕੇ ਆਖਿਆ।

'ਹਾਏ ! ਹਾਏ ! ਅੰਮਾ ਜੀ ਕੀ ਗੱਲ ਕਰ 'ਤੀ ਤੁਸੀਂ। ਉਹ ਵੀ ਤਾਂ ਮੇਰੇ ਤੇਜ ਵਰਗੇ ਈ ਨੇ। ਤੇਜ ਨੂੰ ਤਾਂ ਮੈਂ ਘਰੇ ਈ ਬਥੇਰਾ ਖਵਾ ਦਿੰਨੀ ਆਂ, ਜੇ ਸੱਚ ਪੁੱਛੋਂ ਤਾਂ ਮੈਂ ਤਾਂ ਭੇਜਦੀ ਓ ਉਹਦੇ ਸਾਥੀਆਂ ਵਾਸਤੇ ਆਂ। ਅੰਦਰ ਠੰਢ ਜਹੀ ਪੈ ਜਾਂਦੀ ਐ, ਜਦੋਂ ਤੇਜ ਫੋਨ ਕਰ ਕੇ ਦੱਸਦਾ ਹੁੰਦੈ... ਬਈ ਕਿਵੇਂ ਸਾਰੇ ਦੋਸਤ ਚਾਅ ਨਾਲ ਖਾਂਦੇ ਨੇ।' ਉਸ ਨੇ ਖ਼ੁਸ਼ੀ ਵਿੱਚ ਖੀਵੀ ਹੁੰਦਿਆਂ ਕਿਹਾ।

ਇੰਨੇ ਨੂੰ ਭਜਨ ਕੌਰ ਦੀ ਨੂੰਹ ਪਾਲੀ ਚਾਹ ਬਣਾ ਕੇ ਲੈ ਆਈ। ਚਾਹ ਰੱਖ ਕੇ ਦਿਆਲ ਕੌਰ ਦੇ ਪੈਰੀਂ ਹੱਥ ਲਾਏ। ਦਿਆਲ ਕੌਰ ਨੇ ਮੋਢੇ 'ਤੇ ਹੱਥ ਰੱਖ ਦਿੱਤਾ।

'ਤੂੰ ਚਾਹ ਬਣਾਉਣ ਨੂੰ ਕਿਹੜੇ ਵੇਲੇ ਕਹਿ 'ਤਾ ਕੁੜੇ ?' ਦਿਆਲ ਕੌਰ ਨੇ ਧੀਮੀ ਜਿਹੀ ਆਵਾਜ਼ ਵਿੱਚ ਪੁੱਛਿਆ।

'ਕਹਿਣ ਦੀ ਕੀ ਗੱਲ ਐ ਭਲਾਂ, ਉਹਨੂੰ ਪਤੈ... ਬਈ ਬੁੜੀਆਂ ਚਾਹ ਨਾਲ ਈ ਚੱਲਦੀਆਂ ਨੇ।' ਕਹਿ ਕੇ ਭਜਨ ਕੌਰ ਹੱਸ ਪਈ। ਉਹ ਕਿੰਨੀ ਦੇਰ ਗੱਲਾਂ ਕਰਦੀਆਂ ਰਹੀਆਂ। ਦਿਆਲ ਕੌਰ ਸਾਰੇ ਪਿੰਡ ਦੀ ਖ਼ਬਰ ਰੱਖਦੀ ਸੀ। ਭਜਨ ਕੌਰ ਕੰਮ ਵੀ ਕਰ ਰਹੀ ਸੀ ਤੇ ਦਿਆਲ ਕੌਰ ਨਾਲ ਗੱਲਾਂ ਵੀ।

ਸੂਰਜ ਆਪਣੀ ਲਾਲੀ ਬਿਖੇਰਦਾ ਲਹਿੰਦੇ ਵੱਲ ਨੂੰ ਉਤਰਦਾ ਵੱਡਾ ਵੱਡਾ ਦਿਸਣ ਲੱਗ ਪਿਆ ਸੀ। ਪੰਛੀਆਂ ਦੀ ਵੀ ਆਪਣੇ ਘਰਾਂ ਨੂੰ ਵਾਪਸੀ ਹੋ ਰਹੀ ਸੀ। ਕਈ ਰੁੱਖਾਂ ਅਤੇ ਵੇਲ ਬੂਟਿਆਂ ਨੇ ਵੀ ਆਪਣੇ ਪੱਤਿਆਂ ਨੂੰ ਇਕੱਠਿਆਂ ਕਰਨਾ ਸ਼ੁਰੂ ਕਰ ਦਿੱਤਾ।

'ਬੀ ਜੀ ਮੈਂ ਧਾਰ ਕੱਢ ਲਿਆਵਾਂ... ਫੇਰ ਕੁਵੇਲ਼ਾ ਹੋ ਜੂ।' ਪਾਲੀ ਨੇ ਆਪਣੀ ਸੱਸ ਨੂੰ ਕਿਹਾ।

'ਬਹੂ 'ਕੱਲੀ ਜਾਊਗੀ ਕੁੜੇ ?' ਦਿਆਲ ਕੌਰ ਨੇ ਪੁੱਛਿਆ।

'ਆਹ ਪਿੱਪਲ਼ ਲੰਘ ਕੇ ਬਾਹਰਲਾ ਘਰ ਐ ਕਿਹੜਾ ਬਹੁਤੀ ਦੂਰ ਜਾਣੈ। ਉੱਥੇ ਇਹਦਾ ਬਾਪੂ ਹੈਗਾ ਈ ਐ।'

'ਕੱਲ ਨਾਈਆਂ ਦੀ ਕੁੜੀ ਨੂੰ ਪਿੱਪਲ਼ ਹੇਠਾਂ ਦੀ ਲੰਘਦੀ ਨੂੰ ਦੌਰਾ ਪੈ ਗਿਆ। ਥੌਲੇ ਕਰਾ ਕੇ ਮਸਾਂ ਠੀਕ ਹੋਈ। ਕਹਿੰਦੇ ਨੇ ਇਸ ਪਿੱਪਲ਼ 'ਤੇ ਜਿਹੜਾ ਪ੍ਰੇਤ ਰਹਿੰਦੈ, ਉਹਦੀ ਝਪਟ 'ਚ ਆ ਗੀ।' ਦਿਆਲ ਕੌਰ ਨੇ ਦੱਸਿਆ।

'ਵਹਿਮ ਨੇ ਅੰਮਾ ਜੀ ਸਾਰੇ, ਧੱਖ ਜਿੰਨੀ ਤਾਂ ਕੁੜੀ ਐ, ਕੋਈ ਕਮਜੋਰੀ ਹੋਊ ਸਰੀਰ 'ਚ।'

ਦਿਆਲ ਕੌਰ ਨੇ ਇਸ ਪੁਰਾਣੇ ਵੱਡੇ ਪਿੱਪਲ ਨਾਲ ਸਬੰਧਤ ਹੋਰ ਵੀ ਕਈ ਗੱਲਾਂ ਸੁਣਾਈਆਂ। ਪਾਲੀ ਨੇ ਬਾਲਟੀ ਧੋਂਦਿਆਂ ਦਿਆਲ ਕੌਰ ਦੀਆਂ ਸਾਰੀਆਂ ਗੱਲਾਂ ਸੁਣ ਲਈਆਂ ਸਨ ਅਤੇ ਧਾਰ ਕੱਢਣ ਚਲੀ ਗਈ। ਅੱਜ ਉਹਨੂੰ ਪਿੱਪਲ਼ ਦਾ ਰੁੱਖ ਬਦਲਿਆ ਬਦਲਿਆ ਲੱਗਿਆ। ਜਿਵੇਂ ਕਿਸੇ ਮਾੜੀ ਰੂਹ ਦੀ ਮਾਰ 'ਚ ਆਇਆ ਹੋਵੇ। ਪੱਤਿਆਂ ਵਿੱਚੋਂ ਲੰਘਦੀ ਹਵਾ ਦੀ ਡਰਾਉਣੀ ਜਿਹੀ ਆਵਾਜ਼ ਉਸ ਅੰਦਰ ਘਬਰਾਹਟ ਪੈਦਾ ਕਰ ਰਹੀ ਸੀ। ਧਾਰ ਕੱਢ ਕੇ ਮੁੜੀ ਤਾਂ ਮੂੰਹ ਹਨੇਰਾ ਹੋ ਚੁੱਕਾ ਸੀ। ਉਸ ਨੂੰ ਲੱਗਿਆ ਜਿਵੇਂ ਉਸ ਦੇ ਪਿੱਛੇ ਪੈਰਾਂ ਦੀ ਬਿੜਕ ਜਿਹੀ ਹੋਵੇ, ਪਿੱਛੇ ਮੁੜ ਕੇ ਦੇਖਣ ਦੀ ਹਿੰਮਤ ਨਹੀਂ ਪਈ, ਡਰ ਨਾਲ ਹੌਲ ਜਿਹੇ ਪੈਣ ਲੱਗੇ। ਦਿਆਲੋ ਦੀਆਂ ਗੱਲਾਂ ਉਸ ਦੇ ਮਨੋਂ ਨਹੀਂ ਸਨ ਉਤਰ ਰਹੀਆਂ। ਉਸ ਨੇ ਰਾਤ ਨੂੰ ਆਪਣੀ ਸੱਸ ਨਾਲ ਗੱਲ ਛੇੜੀ, ਪਰ ਉਸ ਨੇ ਕੋਈ ਤਸੱਲੀਬਖ਼ਸ਼ ਜਵਾਬ ਨਾ ਦਿੱਤਾ। ਇੱਕ ਦਿਨ ਪਾਲੀ ਦਿਨ ਛਿਪਣ ਤੋਂ ਪਹਿਲਾਂ ਹੀ ਧਾਰ ਕੱਢ ਲਿਆਈ। ਮੱਝ ਨੇ ਦੁੱਧ ਥੋੜ੍ਹਾ ਦਿੱਤਾ, ਨਾਲੇ ਵਾਰ ਵਾਰ ਪੈਰ ਚੁੱਕਦੀ ਰਹੀ। ਦੁੱਧ ਸੰਭਾਲਣ ਦਾ ਕੰਮ ਭਜਨ ਕੌਰ ਆਪ ਕਰਦੀ ਸੀ।

'ਪਾਲੀ ਐਨੀ ਸਾਝਰੇ ਨਾ ਧਾਰ ਕੱਢਿਆ ਕਰ, ਰਾਤਾਂ ਵੱਡੀਆਂ ਨੇ, ਡੰਗਰ ਔਖ ਮੰਨ ਜਾਂਦੈ। ਦੇਖ ਅੱਜ ਦੁੱਧ ਕਿੰਨਾ ਘੱਟ ਐ।' ਭਜਨੋ ਨੇ ਦੁੱਧ ਪੁਣ ਕੇ ਪਤੀਲੇ ਵਿੱਚ ਪਾਉਂਦਿਆਂ ਕਿਹਾ।

ਜਿਉਂ ਜਿਉਂ ਸ਼ਾਮ ਹੁੰਦੀ ਪਾਲੀ ਨੂੰ ਡੋਬ ਪੈਣ ਲੱਗ ਪੈਂਦੇ। ਬਾਹਰਲੇ ਘਰ ਜਾਣ ਦਾ ਇੱਕ ਮਿੰਟ ਦਾ ਰਸਤਾ ਉਸ ਨੂੰ ਭਵਸਾਗਰ ਪਾਰ ਕਰਨ ਤੋਂ ਵੀ ਔਖਾ ਲੱਗਦਾ। ਇੱਕ ਦਿਨ ਦੁਪਹਿਰ ਵੇਲੇ ਪਿੱਪਲ ਹੇਠ ਲੋਕਾਂ ਦੀ ਭੀੜ ਲੱਗੀ ਹੋਈ ਸੀ। ਗੁਆਂਢੀਆਂ ਦੀ ਨੂੰਹ ਡਿੱਗ ਗਈ।

'ਪਤਾ ਈ ਨੀਂ ਲੱਗਿਆ ਮੈਂ ਕਿਵੇਂ ਡਿੱਗ ਪੀ। ਬੱਸ ਐਂ ਲੱਗਿਆ ਇੱਕ ਵਾਰੀ ਜਿਵੇਂ ਕਿਸੇ ਨੇ ਪਿੱਛੋਂ ਧੱਕਾ ਮਾਰਿਆ ਹੁੰਦੈ।' ਉਹ ਕਹਿ ਰਹੀ ਸੀ।

'ਧੱਕੇ ਤਾਂ ਬੱਜਣਗੇ ਈ, ਜਦੋਂ ਪੋਡਰ ਸੁਰਖੀਆਂ ਲਾ ਕੇ ਇੱਥੋਂ ਦੀ ਲੰਘੋਗੀਆਂ।' ਦਿਆਲ ਕੌਰ ਨੇ ਸੋਟੀ ਸੰਭਾਲਦਿਆਂ ਕਿਹਾ।

ਹੁਣ ਤਾਂ ਪਾਲੀ ਜਦੋਂ ਬਾਹਰਲੇ ਘਰ ਜਾਂਦੀ ਉਸ ਨੂੰ ਕੰਬਣੀ ਜਿਹੀ ਛਿੜ ਪੈਂਦੀ। ਉਸ ਦਾ ਜੀਅ ਕਰਦਾ ਉਹ ਕਹਿ ਦੇਵੇ ਕਿ ਉਸ ਕੋਲੋਂ ਧਾਰ ਨਹੀਂ ਕੱਢੀ ਜਾਂਦੀ, ਪਰ ਉਸ ਨੂੰ ਕੋਈ ਬਹਾਨਾ ਨਾ ਲੱਭਦਾ। ਕੰਮ ਤੋਂ ਜੀਅ ਚੁਰਾਉਣਾ ਤਾਂ ਉਸ ਨੇ ਸਿੱਖਿਆ ਨਹੀਂ ਸੀ। ਬਾਹਰਲੇ ਘਰ ਜਾਂਦਿਆਂ ਨਿੱਕਾ ਜਿੰਨਾ ਖੜਾਕ ਵੀ ਉਸ ਦੀ ਜਾਨ ਕੱਢ ਕੇ ਰੱਖ ਦਿੰਦਾ। ਸਹਿਮ ਕਾਰਨ ਉਸ ਦੀ ਸਿਹਤ 'ਤੇ ਅਸਰ ਪੈ ਰਿਹਾ ਸੀ। ਉਸ ਦਾ ਚਿਹਰਾ ਵੀ ਪੀਲਾ ਪੈ ਗਿਆ। ਇਸੇ ਤਰਾਂ ਮਹੀਨਾ ਡੇਢ ਮਹੀਨਾ ਲੰਘ ਗਿਆ। ਇੱਕ ਦਿਨ ਭਜਨ ਕੌਰ ਦੀ ਧੀ ਪ੍ਰੀਤ ਤੇ ਜਵਾਈ ਉਨਾਂ ਨੂੰ ਮਿਲਣ ਆਏ।

'ਭਾਬੀ ਤੈਨੂੰ ਕੀ ਹੋ ਗਿਆ ? ਤੂੰ ਬਿਮਾਰ ਐਂ ? ... ਸਾਨੂੰ ਕਿਉਂ ਨਹੀਂ ਦੱਸਿਆ ?' ਪ੍ਰੀਤ ਨੇ ਪਾਲੀ ਨੂੰ ਘੁੱਟ ਕੇ ਜੱਫੀ ਪਾਉਂਦਿਆਂ ਕਿੰਨੇ ਸਾਰੇ ਸਵਾਲ ਕਰ ਦਿੱਤੇ।

ਭਜਨੋ ਆਪਣੇ ਧੀ ਜਵਾਈ ਨੂੰ ਬੜੇ ਚਾਅ ਨਾਲ ਮਿਲੀ ਅਤੇ ਬੈਠਕ ਵਿੱਚ ਬਿਠਾ ਦਿੱਤਾ। ਪਾਲੀ ਪਾਣੀ ਲੈ ਆਈ। ਪ੍ਰੀਤ ਪਾਣੀ ਦਾ ਗਲਾਸ ਫੜ ਕੇ ਭਾਬੀ ਦੇ ਨਾਲ ਹੀ ਰਸੋਈ ਵਿੱਚ ਚਲੀ ਗਈ। ਉਸ ਨੇ ਫਿਰ ਪਾਲੀ ਨੂੰ ਉਸ ਦੀ ਸਿਹਤ ਬਾਰੇ ਪੁੱਛਿਆ।

'ਮੈਂ ਬਿਲਕੁਲ ਠੀਕ ਆਂ,' ਉਸ ਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ ਅਤੇ ਦੁੱਧ ਗੈਸ 'ਤੇ ਰੱਖ ਦਿੱਤਾ।

ਭਜਨੋ ਵੀ ਜਵਾਈ ਤੋਂ ਉਸ ਦੇ ਮਾਪਿਆਂ ਦਾ ਹਾਲ-ਚਾਲ ਪੁੱਛ ਕੇ ਬਾਹਰ ਆ ਗਈ।

'ਮਾਂ ! ਕੀ ਹੋ ਗਿਆ ਭਾਬੀ ਨੂੰ ?' ਉਸ ਨੇ ਭਜਨ ਕੌਰ ਨੂੰ ਪੁੱਛਿਆ।

'ਕੀ ਦੱਸਾਂ, ਦਿਆਲੋ ਬੁੜੀ ਆ ਬੈਠਦੀ ਐ, ਮੈਨੂੰ ਤਾਂ ਲੱਗਦੈ ਉਹਦੀ ਨਜਰ ਲੱਗ ਗੀ। ਨਾ ਤਾਂ ਸਿਆਣੀ ਬਿਆਣੀ ਨੂੰ ਕਿਹਾ ਜਾਵੇ, ਬਈ ਆਵਦੇ ਘਰੇ ਵਗ ਜਾ।' ਅੱਗੇ ਤਾਂ ਕਦੇ ਭਜਨੋ ਨੇ ਧਿਆਨ ਨਹੀਂ ਸੀ ਦਿੱਤਾ, ਪਰ ਧੀ ਦੇ ਕਹਿਣ 'ਤੇ ਉਸ ਨੂੰ ਵੀ ਪਾਲੀ ਲਿੱਸੀ ਜਿਹੀ ਲੱਗਣ ਲੱਗ ਪਈ।

'ਨਜ਼ਰਾਂ ਨੁਜ਼ਰਾਂ ਕਾਹਨੂੰ ਲੱਗਦੀਆਂ ਨੇ। ਆਵਦੇ ਮਾਪਿਆਂ ਨੂੰ ਓਦਰੀ ਹੋਊ।' ਏਨੇ ਨੂੰ ਪਾਲੀ ਵੀ ਖਾਣ-ਪੀਣ ਦਾ ਸਾਮਾਨ ਲੈ ਕੇ ਆ ਗਈ।

ਪ੍ਰੀਤ ਨੇ ਪਾਲੀ ਨੂੰ ਸੁਣਾ ਕੇ ਕਿਹਾ, 'ਮੈਨੂੰ ਤਾਂ ਲੱਗਦੈ ਭਾਬੀ ਤੇਜ ਵੀਰੇ ਨੂੰ ਓਦਰੀ ਪਈ ਐ...।' ਪ੍ਰੀਤ ਨੇ ਮੁਸਕਰਾ ਕੇ ਨਣਦ ਵੱਲ ਮਿੱਠੀ ਜਿਹੀ ਘੂਰੀ ਵੱਟੀ।

'ਆ ਜੋ ਅੰਦਰ, ਬਾਹਰ ਤਾਂ ਮੱਖੀਆਂ ਭਿਣ ਭਿਣ ਕਰਦੀਆਂ ਫਿਰਦੀਆਂ ਨੇ।' ਪਾਲੀ ਨੇ ਬੈਠਕ ਵੱਲ ਜਾਂਦਿਆਂ ਕਿਹਾ।

'ਨਾਲੇ ਵੀਰ ਜੀ 'ਕੱਲੇ ਬੈਠੇ ਨੇ।' ਪਾਲੀ ਨੇ ਪ੍ਰੀਤ ਵੱਲ ਮਸ਼ਕਰੀ ਭਰੀ ਮੁਸਕਾਨ ਸੁੱਟਦਿਆਂ ਕਿਹਾ। ਇਸ ਤੋਂ ਪਹਿਲਾਂ ਕਿ ਪ੍ਰੀਤ ਕੁਝ ਬੋਲਦੀ, ਬਾਪੂ ਜੀ ਨੇ ਖੰਘੂਰਾ ਮਾਰਿਆ। ਪ੍ਰੀਤ ਤੇ ਉਸ ਦਾ ਪਤੀ ਬੜੇ ਅਦਬ ਨਾਲ ਬਾਪੂ ਜੀ ਨੂੰ ਮਿਲੇ।

ਪਾਲੀ ਦੇ ਚਿਹਰੇ 'ਤੇ ਅੱਜ ਥੋੜੀ ਰੌਣਕ ਸੀ। ਕੰਮ ਤਾਂ ਭਾਵੇਂ ਬਹੁਤ ਜ਼ਿਆਦਾ ਸੀ, ਪਰ ਉਸ ਦੀ ਨਣਦ ਉਸ ਦੇ ਨਾਲ ਨਾਲ ਰਹੀ, ਅੱਜ ਉਸ ਨੂੰ ਬਾਹਰਲੇ ਘਰ ਜਾਂਦੀ ਨੂੰ ਵੀ ਬਹੁਤਾ ਡਰ ਨਾ ਲੱਗਿਆ ਕਿਉਂਕਿ ਪ੍ਰੀਤ ਉਸ ਦੇ ਨਾਲ ਸੀ। ਕੰਮ ਧੰਦੇ ਨਿਪਟਾਉਂਦਿਆਂ ਬਹੁਤ ਰਾਤ ਹੋ ਚੁੱਕੀ ਸੀ। ਭਜਨੋ ਵੀ ਥੱਕ ਚੁੱਕੀ ਸੀ। ਪ੍ਰੀਤ ਅਤੇ ਪਾਲੀ ਨਿੱਕੀਆਂ ਨਿੱਕੀਆਂ ਗੱਲਾਂ ਕਰ ਕੇ ਹੱਸ ਰਹੀਆਂ ਸਨ। ਪਾਲੀ ਨੂੰ ਯਾਦ ਆਇਆ ਕਿ ਦੁੱਧ ਵਾਲਾ ਡੋਲੂ ਤਾਂ ਬਾਹਰ ਵਿਹੜੇ ਵਿੱਚ ਹੀ ਰਹਿ ਗਿਆ। ਜਦੋਂ ਉਹ ਡੋਲੂ ਕਿੱਲੀ ਤੋਂ ਲਾਹ ਕੇ ਮੁੜੀ ਤਾਂ ਇਕਦਮ ਉਸ ਦੀ ਨਿਗਾਹ ਪਿੱਪਲ ਦੇ ਰੁੱਖ ਵੱਲ ਗਈ। ਉਸ ਦਾ ਤ੍ਰਾਹ ਨਿਕਲ ਗਿਆ। ਇੱਕ ਕਾਲਾ ਹੱਥਾਂ ਪੈਰਾਂ ਵਾਲਾ ਵੱਡਾ ਸਾਰਾ ਆਕਾਰ ਉਸ ਨੇ ਦੇਖਿਆ। ਉਹ ਭੱਜ ਕੇ ਅੰਦਰ ਜਾ ਵੜੀ। ਉਸ ਨੇ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ। ਪ੍ਰੀਤ ਦੇ ਪੁੱਛਣ 'ਤੇ ਵੀ ਉਸ ਨੇ ਕੁਝ ਨਾ ਦੱਸਿਆ। ਥੋੜੀ ਦੇਰ ਬਾਅਦ ਪ੍ਰੀਤ ਨੂੰ ਵੀ ਨੀਂਦ ਨੇ ਆ ਦਬੋਚਿਆ। ਪਾਲੀ ਨੇ ਲਾਈਟ ਬੰਦ ਕਰ ਦਿੱਤੀ, ਪਰ ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਕੁੱਝ ਸਮੇਂ ਬਾਅਦ ਪਾਲੀ ਦੀ ਚੀਕ ਨੇ ਪ੍ਰੀਤ ਤੇ ਭਜਨੋ ਨੂੰ ਜਗਾ ਦਿੱਤਾ। ਪ੍ਰੀਤ ਨੇ ਪਾਲੀ ਨੂੰ ਝੰਜੋੜਿਆ ਉਹ ਬੁੜਬੁੜਾ ਰਹੀ ਸੀ 'ਪਿੱਪਲ... ਪ੍ਰੇਤ... ਮੇਰੇ... ਪਿੱਛੇ।' ਉਹ ਪ੍ਰੀਤ ਦੇ ਨਾਲ ਚਿੰਬੜ ਰਹੀ ਸੀ ਜਿਵੇਂ ਕੋਈ ਸਹਿਮਿਆ ਬੱਚਾ ਆਪਣੀ ਮਾਂ ਦੀ ਬੁੱਕਲ਼ ਵਿੱਚ ਲੁਕਦਾ ਹੈ। ਪ੍ਰੀਤ ਨੇ ਪਾਲੀ ਨੂੰ ਆਪਣੇ ਨਾਲ ਘੁੱਟਦਿਆਂ ਉਸ ਨੂੰ ਜਗਾਇਆ। ਭਜਨੋ ਨੇ ਪਾਲੀ ਦੇ ਮੱਥੇ 'ਤੇ ਹੱਥ ਫੇਰਿਆ। ਮਿੱਠੀ ਮਿੱਠੀ ਠੰਢ ਹੋਣ ਦੇ ਬਾਵਜੂਦ ਪਸੀਨੇ ਨਾਲ ਭਿੱਜਿਆ ਹੋਇਆ ਸੀ। ਪਾਲੀ ਦੀ ਬੁੜਬੁੜਾਹਟ ਸੁਣ ਕੇ ਭਜਨੋ ਦੀ ਤਾਂ ਜਿਵੇਂ ਜਾਨ ਹੀ ਨਿਕਲ ਗਈ ਹੋਵੇ। ਪਾਲੀ ਉੱਠ ਕੇ ਬੈਠ ਗਈ। ਪੁੱਛਣ 'ਤੇ ਉਸ ਨੇ ਇਹੀ ਕਿਹਾ ਕਿ ਉਸ ਨੂੰ ਡਰਾਉਣਾ ਸੁਪਨਾ ਆਇਆ ਸੀ। ਰਾਤ ਦੇ ਦੋ ਵੱਜੇ ਸਨ। ਭਜਨ ਕੌਰ ਸੋਚ ਰਹੀ ਸੀ ਕਿ ਉਹ ਤਾਂ ਲੋਕਾਂ ਦੀਆਂ ਗੱਲਾਂ ਉੱਤੇ ਯਕੀਨ ਨਹੀਂ ਸੀ ਕਰਦੀ ਕਿ ਭੂਤ ਪ੍ਰੇਤ ਵੀ ਹੁੰਦੇ ਨੇ। ਉਹ ਦਿਆਲੋ ਬੁੜੀ ਬਾਰੇ ਸੋਚ ਰਹੀ ਸੀ... ਕੀ ਪਤੈ ਉਸ ਦੀਆਂ ਗੱਲਾਂ ਸੱਚ ਹੋਣ... ਹੁਣ ਉਹ ਕੀ ਕਰੇਗੀ ਕਿੱਥੇ ਲਈ ਫਿਰੇਗੀ ਨੂੰਹ ਨੂੰ। ਉਹ ਇਨਾਂ ਸੋਚਾਂ ਵਿੱਚ ਡੁੱਬਦੀ ਗਈ। ਕਦੇ ਪੁੱਤ ਬਾਰੇ ਸੋਚਦੀ, ਕਦੇ ਪਤੀ ਬਾਰੇ ਜਿਹੜੇ ਓਪਰੀਆਂ ਰੂਹਾਂ ਵਿੱਚ ਭੋਰਾ ਯਕੀਨ ਨਹੀਂ ਸਨ ਰੱਖਦੇ ਸਗੋਂ ਇਨਾਂ ਗੱਲਾਂ ਦਾ ਮਖੌਲ ਉਡਾਉਂਦੇ। ਚਾਰ ਕੁ ਵਜੇ ਗੁਰਦੁਆਰਾ ਸਾਹਿਬ ਵਾਲੇ ਭਾਈ ਨੇ ਉੱਠਣ ਲਈ ਅਤੇ ਅੰਮ੍ਰਿਤ ਵੇਲੇ ਦਾ ਲਾਹਾ ਲੈਣ ਲਈ ਹੋਕਾ ਦਿੱਤਾ। ਭਜਨ ਕੌਰ 'ਵਾਹਿਗੁਰੂ ਵਾਹਿਗੁਰੂ' ਕਰਦੀ ਉੱਠ ਗਈ। ਪ੍ਰੀਤ ਤੇ ਪਾਲੀ ਸੁੱਤੀਆਂ ਸਨ। ਉਹ ਬਿਨਾਂ ਖੜਕਾ ਕੀਤਿਆਂ ਬਾਹਰ ਆਈ। ਚਾਹ ਰੱਖ ਕੇ ਕੰਮ ਧੰਦੇ ਜਾ ਲੱਗੀ। ਥੋੜੀ ਦੇਰ ਬਾਅਦ ਪ੍ਰੀਤ ਵੀ ਉੱਠ ਕੇ ਬਾਹਰ ਆ ਗਈ। ਉਸ ਨੇ ਮਾਂ ਨੂੰ ਦੱਸਿਆ ਕਿ ਪਾਲੀ ਰਾਤ ਬਾਹਰੋਂ ਦੁੱਧ ਵਾਲਾ ਡੋਲੂ ਚੁੱਕਣ



ਗਈ ਡਰੀ ਹੋਈ ਲੱਗਦੀ ਸੀ, ਪਰ ਪੁੱਛਣ 'ਤੇ ਉਸ ਨੇ ਕੁਝ ਵੀ ਨਹੀਂ ਸੀ ਦੱਸਿਆ।

ਭਜਨੋ ਆਪ ਹੀ ਸਾਰੇ ਕੰਮ ਨਿਪਟਾਉਣ ਲੱਗੀ। ਉਸ ਨੇ ਪਾਲੀ ਨੂੰ ਜਗਾਉਣਾ ਠੀਕ ਨਾ ਸਮਝਿਆ। ਉਹ ਬਾਲਟੀ ਚੁੱਕ ਕੇ ਖ਼ੁਦ ਹੀ ਧਾਰ ਕੱਢਣ ਚਲੀ ਗਈ। ਮੱਝ ਨੇ ਉਸ ਨੂੰ ਹੱਥ ਵੀ ਨਾ ਲਾਉਣ ਦਿੱਤਾ, ਛਾਲ ਮਾਰ ਕੇ... ਅਹੁ ਗਈ।

'ਕਿੰਨੀ ਵਾਰੀ ਕਿਹੈ ਬਈ ਦੋ ਚਾਰ ਦਿਨਾਂ ਬਾਅਦ ਆਪ ਵੀ ਧਾਰ ਕੱਢ ਲਿਆ ਕਰ, ਪਰ ਤੈਨੂੰ ਤਾਂ ਹੁਣ ਸੁਖ ਪੈ ਗਿਆ।' ਭਜਨ ਕੌਰ ਦਾ ਪਤੀ ਮੱਝ ਅੱਗੋਂ ਪੱਠਿਆਂ ਵਿੱਚ ਹੱਥ ਫੇਰਦਿਆਂ ਬੁੜਬੁੜ ਕਰ ਰਿਹਾ ਸੀ।

ਭਜਨ ਕੌਰ ਕੁਝ ਨਾ ਬੋਲੀ, ਬਾਲਟੀ ਉੱਥੇ ਛੱਡ ਕੇ ਘਰੇ ਆ ਗਈ। ਪਾਲੀ ਤਾਂ ਅਜੇ ਵੀ ਨਹੀਂ ਸੀ ਉੱਠੀ। ਉਸ ਨੇ ਪਾਲੀ ਨੂੰ ਉਠਾਉਣ ਲਈ ਉਸ ਦੀ ਬਾਂਹ 'ਤੇ ਹੱਥ ਲਾਇਆ। ਉਸ ਨੂੰ ਬਾਂਹ ਗਰਮ ਲੱਗੀ, ਉਸ ਨੇ ਮੱਥੇ ਨੂੰ ਹੱਥ ਲਾਇਆ, ਪਾਲੀ ਨੂੰ ਬੁਖ਼ਾਰ ਸੀ। ਪਾਲੀ ਜਾਗ ਪਈ, ਪਰ ਉਸ ਕੋਲੋਂ ਉੱਠਿਆ ਨਹੀਂ ਸੀ ਜਾ ਰਿਹਾ। ਪ੍ਰੀਤ ਨੇ ਪਾਲੀ ਨੂੰ ਉੱਠਣ ਤੋਂ ਮਨਾ ਕੀਤਾ ਅਤੇ ਆਪਣੇ ਪਰਸ ਵਿੱਚੋਂ ਕੱਢ ਕੇ ਬੁਖ਼ਾਰ ਉਤਾਰਨ ਲਈ ਗੋਲ਼ੀ ਦੇਣ ਲੱਗੀ ਤਾਂ ਭਜਨੋ ਨੇ ਰੋਕਦਿਆਂ ਕਿਹਾ, 'ਕਹਿੰਦੇ ਨੇ ਕਿ ਬਿਨਾਂ ਡਾਕਟਰ ਦੀ ਸਲਾਹ ਦੇ ਦਵਾਈ ਨਹੀਂ ਲੈਣੀ ਚਾਹੀਦੀ।'

ਥੋੜੀ ਦੇਰ ਤਾਂ ਪ੍ਰੀਤ ਪਾਲੀ ਦੇ ਕੋਲ ਹੀ ਬੈਠੀ ਰਹੀ। ਫਿਰ ਉਸ ਨੇ ਪਾਲੀ ਦੀ ਚੁੰਨੀ ਲਈ ਤੇ ਬੁੱਕਲ਼ ਮਾਰ ਕੇ ਥੋੜਾ ਮੂੰਹ ਲੁਕੋ ਕੇ ਧਾਰ ਕੱਢਣ ਚਲੀ ਗਈ। ਇੱਕ ਦੋ ਵਾਰ ਮੱਝ ਨੇ ਪੈਰ ਚੁੱਕਿਆ, ਪਰ ਫਿਰ ਖੜ ਗਈ।

ਪਿੰਡ ਵਿੱਚੋਂ ਹੀ ਡਾਕਟਰ ਬੁਲਾਇਆ, ਉਸ ਨੇ ਕਿਹਾ ਮੌਸਮੀ ਬੁਖ਼ਾਰ ਹੈ। ਪਰ ਸ਼ਾਮ ਤੱਕ ਬੁਖ਼ਾਰ ਨਾ ਉਤਰਿਆ। ਪ੍ਰੀਤ ਦਾ ਪਤੀ ਪਾਲੀ ਦੀ ਹਾਲਤ ਦੇਖ ਕੇ ਪ੍ਰੀਤ ਨੂੰ ਦੋ ਕੁ ਦਿਨਾਂ ਲਈ ਛੱਡ ਕੇ ਚਲਿਆ ਗਿਆ। ਦਿਨ ਵਿੱਚ ਦਿਆਲ ਕੌਰ ਕਈ ਗੇੜੇ ਮਾਰ ਗਈ। ਭਜਨ ਕੌਰ ਨੇ ਉਸ ਨੂੰ ਪਾਲੀ ਦੇ ਡਰਨ ਬਾਰੇ ਦੱਸਿਆ। ਉਸ ਨੇ ਪਿੱਪਲ ਨਾਲ ਜੁੜੀਆਂ ਚਾਰ ਕਹਾਣੀਆਂ ਹੋਰ ਸੁਣਾ ਦਿੱਤੀਆਂ।

'ਮੈਂ ਤਾਂ ਕਿੰਨੇ ਦਿਨਾਂ ਦੀ ਦੇਖਦੀ ਆਂ ਤੇਰੀ ਨੂੰਹ ਨੂੰ। ਗੁੱਸਾ ਨਾ ਕਰੀਂ ਭਜਨੋ, ਇਹ ਝਪਟ 'ਚ ਆਈ ਹੋਈ ਐ। ਕਿਸੇ ਚੰਗੇ ਸਿਆਣੇ ਤੋਂ ਇਲਾਜ ਕਰਵਾ ਦੇ ਨਹੀਂ ਤਾਂ ਪਛਤਾਉਂਦੀ ਰਹੇਂਗੀ ਪਿੱਛੋਂ।' ਦਿਆਲ ਕੌਰ ਦੀਆਂ ਗੱਲਾਂ ਸੁਣ ਕੇ ਭਜਨ ਕੌਰ ਹੋਰ ਵੀ ਡਰ ਗਈ।

ਭਜਨ ਕੌਰ ਨੇ ਆਪਣੇ ਪਤੀ ਨੂੰ ਸਾਰਾ ਕੁਝ ਦੱਸ ਦਿੱਤਾ। ਪਹਿਲਾਂ ਤਾਂ ਉਹ ਭਜਨੋ ਨੂੰ ਭੱਜ ਕੇ ਪੈ ਗਿਆ, ਪਰ ਨੂੰਹ ਦੀ ਹਾਲਤ ਦੇਖ ਕੇ ਉਹ ਵੀ ਘਬਰਾ ਗਿਆ। ਪ੍ਰੀਤ ਪਾਲੀ ਦੇ ਕੋਲ ਹੀ ਰਹੀ। ਪਾਲੀ ਨੇ ਪ੍ਰੀਤ ਨੂੰ ਸਾਰੀਆਂ ਗੱਲਾਂ ਦੱਸ ਦਿੱਤੀਆਂ ਕਿਵੇਂ ਉਸ ਦੇ ਪਿੱਛੇ ਪੈਰਾਂ ਦੀ ਬਿੜਕ ਆਉਂਦੀ ਅਤੇ ਉਸ ਨੂੰ ਪਿੱਪਲ ਕੋਲੋਂ ਲੰਘਦਿਆਂ ਡਰ ਲੱਗਦਾ। ਰਾਤ ਨੂੰ ਪਿੱਪਲ 'ਤੇ ਕਾਲ਼ਾ ਪਰਛਾਵਾਂ ਦੇਖਿਆ। ਪ੍ਰੀਤ ਨੇ ਆਪਣੇ ਮਾਂ ਪਿਉ ਨੂੰ ਦੱਸਿਆ। ਬੁਖ਼ਾਰ ਤਾਂ ਦੂਜੇ ਦਿਨ ਠੀਕ ਹੋ ਗਿਆ, ਪਰ ਕਮਜ਼ੋਰੀ ਕਰਕੇ ਪਾਲੀ ਕੋਲੋਂ ਉੱਠਿਆ ਨਹੀਂ ਸੀ ਜਾ ਰਿਹਾ। ਅਖੀਰ 'ਤੇ ਪਾਲੀ ਦੇ ਮਾਂ ਪਿਉ ਨੂੰ ਉਸ ਦੀ ਬਿਮਾਰੀ ਬਾਰੇ ਜਾਣਕਾਰੀ ਦਿੱਤੀ ਗਈ।

ਦੂਜੇ ਦਿਨ ਸਵੇਰੇ ਹੀ ਪਾਲੀ ਦਾ ਪਿਉ ਆ ਗਿਆ। ਉਹ ਦਸ ਕੁ ਜਮਾਤਾਂ ਪੜ੍ਹਿਆ ਹੋਣ ਕਰਕੇ ਅਤੇ ਪੜੇ ਲਿਖੇ ਸਿਆਣੇ ਬੰਦਿਆਂ ਦੀ ਸੁਹਬਤ ਵਿੱਚ ਰਹਿਣ ਕਰਕੇ ਵਹਿਮਾਂ ਭਰਮਾਂ ਤੋਂ ਦੂਰ ਅਤੇ ਦਲੀਲ ਦੇ ਕੇ ਆਪਣੀ ਗੱਲ ਮੰਨਵਾਉਣ ਵਾਲਾ ਬੰਦਾ ਸੀ। ਬੂਹੇ ਅੱਗੇ ਮੋਟਰਸਾਈਕਲ ਖੜਾ ਦੇਖ ਕੇ ਦਿਆਲ ਕੌਰ ਵੀ ਆ ਗਈ। ਪਾਲੀ ਦੇ ਪਿਉ ਨੇ ਸਭ ਦੀਆਂ ਗੱਲਾਂ ਸੁਣੀਆਂ, ਪਰ ਉਸ ਦੀ ਦਲੀਲ ਦਾ ਕੋਈ ਅਸਰ ਨਾ ਹੋਇਆ। ਦਿਆਲ ਕੌਰ ਉਸ ਦੀ ਹਰ ਗੱਲ ਕਾਟ ਕਰਦੀ। ਉਸ ਨੇ ਬਜ਼ੁਰਗ ਨਾਲ ਬਹਿਸ ਕਰਨੀ ਠੀਕ ਨਾ ਸਮਝੀ। ਉਸ ਨੇ ਪਿੱਪਲ ਹੇਠੋਂ ਇੱਕ ਪੱਥਰ ਜ਼ਰੂਰ ਉਖਾੜ ਦਿੱਤਾ ਸੀ ਕਿਉਂਕਿ ਉਸ ਨਾਲ ਕਈ ਲੋਕਾਂ ਨੇ ਠੋਕਰ ਖਾਧੀ ਸੀ।

'ਮੈਂ ਦੁਪਹਿਰ ਤੋਂ ਬਾਅਦ ਦਵਾਈ ਲੈ ਕੇ ਆਊਂਗਾ ਪਾਲੀ ਵਾਸਤੇ।' ਉਸ ਨੇ ਕਿਹਾ।

'ਦਵਾਈ ਤਾਂ ਕਿੰਨੇ ਦਿਨਾਂ ਦੀ ਖਾ ਈ ਰਹੀ ਐ। ਦਵਾਈ ਨੀਂ ਕੰਮ ਕਰਦੀ ਭਾਈ ਹੁਣ।' ਦਿਆਲ ਕੌਰ ਨੇ ਜਾਂਦੇ ਹੋਏ ਨੂੰ ਆਪਣਾ ਸੁਝਾਅ ਦਿੱਤਾ।

ਉਹ ਦੋ ਘੰਟਿਆਂ ਬਾਅਦ ਹੀ ਵਾਪਸ ਆ ਗਿਆ। ਉਸ ਨੇ ਪ੍ਰੀਤ ਨੂੰ ਇੱਕ ਤਵੀਤ ਫੜਾਇਆ ਅਤੇ ਭਜਨ ਕੌਰ ਨੇ ਕੰਬਦੇ ਹੱਥਾਂ ਨਾਲ ਜੱਕੋਤੱਕੀ ਵਿੱਚ ਪਾਲੀ ਦੇ ਡੌਲ਼ੇ ਨਾਲ ਬੰਨ ਦਿੱਤਾ।

'ਮੈਂ ਤਾਂ ਇਨਾਂ ਗੱਲਾਂ ਨੂੰ ਮੰਨਦਾ ਨੀਂ ਸੀ, ਪਰ ਬੱਚਿਆਂ ਦੀ ਤਕਲੀਫ਼ ਮਾਪਿਆਂ ਤੋਂ ਬੜਾ ਕੁਝ ਕਰਵਾ ਦਿੰਦੀ ਐ। ਪੁੱਤ ਪਾਲੀ, ਇਹਨੂੰ ਜੂਠਾ ਹੱਥ ਨੀਂ ਲਾਉਣਾ। ਬਹੁਤ ਸ਼ਕਤੀ ਐ ਇਹਦੇ 'ਚ। ਕੋਈ ਬੁਰੀ ਰੂਹ ਨੇੜੇ ਨਹੀਂ ਫਟਕ ਸਕਦੀ।' ਥੋੜੀ ਦੇਰ ਗੱਲਾਂ ਬਾਤਾਂ ਕਰ ਕੇ ਉਸ ਨੇ ਧੀ ਦੇ ਸਿਰ 'ਤੇ ਹੱਥ ਰੱਖਿਆ, ਸਾਰਿਆਂ ਨੂੰ ਹੱਥ ਜੋੜੇ ਅਤੇ ਜਾਣ ਦੀ ਇਜਾਜ਼ਤ ਮੰਗੀ।

ਦੋ ਕੁ ਦਿਨਾਂ ਵਿੱਚ ਹੀ ਪਾਲੀ ਠੀਕ ਹੋਣ ਲੱਗੀ। ਇੱਕ ਦੋ ਦਿਨ ਤਾਂ ਪ੍ਰੀਤ ਨੇ ਧਾਰ ਕੱਢੀ। ਪਾਲੀ ਠੀਕ ਹੋਈ ਤਾਂ ਪ੍ਰੀਤ ਸਹੁਰੇ ਚਲੀ ਗਈ। ਹੁਣ ਭਜਨੋ ਅਤੇ ਪਾਲੀ ਦੋਵੇਂ 'ਕੱਠੀਆਂ ਹੀ ਬਾਹਰਲੇ ਘਰ ਜਾਂਦੀਆਂ। ਪੰਜ ਸੱਤ ਦਿਨ ਤਾਂ ਇਸ ਤਰਾਂ ਹੁੰਦਾ ਰਿਹਾ, ਇੱਕ ਦਿਨ ਭਜਨ ਕੌਰ ਨੂੰ ਪਤਾ ਨਹੀਂ ਕੀ ਕੰਮ ਆ ਪਿਆ। ਪਾਲੀ ਨੂੰ ਇਕੱਲਿਆਂ ਹੀ ਜਾਣਾ ਪਿਆ। ਜਦੋਂ ਉਹ ਵਾਪਸ ਆ ਰਹੀ ਸੀ ਤਾਂ ਉਸ ਨੂੰ ਪਿੱਛੇ ਪੈਰਾਂ ਦੀ ਬਿੜਕ ਮਹਿਸੂਸ ਹੋਈ, ਉਹ ਅੰਦਰੋਂ ਕੰਬ ਗਈ, ਦੂਜੇ ਹੀ ਪਲ ਉਸ ਨੇ ਬਾਂਹ ਨਾਲ ਬੰਨੇ ਤਵੀਤ ਨੂੰ ਹੱਥ ਪਾਇਆ। ਬਿੜਕ ਉਸ ਨੂੰ ਆਪਣੇ ਬਿਲਕੁਲ ਨੇੜੇ ਲੱਗੀ। ਉਸ ਨੇ ਪਿੱਛੇ ਨੂੰ ਦੇਖਿਆ। ਇੱਕ ਬਿੱਲੀ ਉਸ ਦੇ ਪਿੱਛੇ ਆ ਰਹੀ ਸੀ ਸ਼ਾਇਦ ਦੁੱਧ ਵਾਲੀ ਬਾਲਟੀ ਕਰਕੇ। ਪਾਲੀ ਆਪਣੇ ਅੰਦਰ ਨਵੀਂ ਸ਼ਕਤੀ ਮਹਿਸੂਸ ਕਰਦੀ। ਉਹ ਕਈ ਵਾਰੀ ਡੌਲੇ 'ਤੇ ਹੱਥ ਰੱਖ ਕੇ ਪਿੱਪਲ ਵੱਲ ਦੇਖਦੀ ਜਿਵੇਂ ਉਹ ਪ੍ਰੇਤ ਨੂੰ ਭਸਮ ਕਰਨ ਦੀ ਸ਼ਕਤੀ ਰੱਖਦੀ ਹੋਵੇ। ਪਾਲੀ ਹੁਣ ਡਰਦੀ ਨਹੀਂ ਸੀ। ਜੇ ਕਦੇ ਉਸ ਨੂੰ ਡਰ ਲੱਗਦਾ ਵੀ ਤਾਂ ਉਸ ਨੂੰ ਆਪਣੇ ਬਾਪੂ ਦੀਆਂ ਗੱਲਾਂ ਯਾਦ ਆਉਂਦੀਆਂ, 'ਇਹਦੇ ਵਿੱਚ ਬਹੁਤ ਸ਼ਕਤੀ ਐ, ਕੋਈ ਬੁਰੀ ਰੂਹ ਨੇੜੇ ਨਹੀਂ ਫਟਕ ਸਕਦੀ।' ਇਸੇ ਤਰਾਂ ਡੇਢ ਕੁ ਮਹੀਨਾ ਲੰਘ ਗਿਆ। ਕਈ ਵਾਰ ਉਹ ਸੋਚਦੀ ਉਸ ਦੀ ਤਕਲੀਫ਼ ਨੇ ਬਾਪੂ ਨੂੰ ਕਿਹੜੇ ਰਾਹ ਤੋਰ ਦਿੱਤਾ। ਜਿਸ ਪਾਸੇ ਜਾਣ ਤੋਂ ਉਹ ਦੂਜਿਆਂ ਨੂੰ ਰੋਕਦੇ ਸਨ। ਅੱਜ ਆਪ ਸਿਆਣਿਆਂ ਦੇ ਦਰਾਂ 'ਤੇ ਸਿਰ ਝੁਕਾਉਂਦੇ ਨੇ। ਇੱਕ ਵਾਰੀ ਉਸ ਨੇ ਆਪਣੇ ਬਾਪੂ ਨੂੰ ਕਿਹਾ ਵੀ ਕਿ ਉਸ ਕਰਕੇ ਉਨਾਂ ਨੂੰ ਆਪਣੇ ਅਸੂਲ ਛੱਡਣੇ ਪਏ। 'ਔਲਾਦ ਪਿੱਛੇ ਬੜਾ ਕੁਝ ਕਰਨਾ ਪੈਂਦੈ।' ਉਸ ਨੇ ਇਹ ਕਹਿ ਕੇ ਗੱਲ ਟਾਲ ਦਿੱਤੀ।

ਕੋਈ ਮਹੀਨੇ ਡੇਢ ਮਹੀਨੇ ਪਿੱਛੋਂ ਪਾਲੀ ਦਾ ਪਿਉ ਪਤਾ ਲੈਣ ਆਇਆ। ਧੀ ਨੂੰ ਦੇਖ ਕੇ ਬੜਾ ਖ਼ੁਸ਼ ਹੋਇਆ।

ਸਬੱਬ ਨਾਲ ਉਸ ਦਿਨ ਭਜਨ ਕੌਰ ਦੀ ਧੀ ਪ੍ਰੀਤ ਅਤੇ ਜਵਾਈ ਵੀ ਮਿਲਣ ਆ ਗਏ। ਸਾਰੇ ਜਣੇ ਬੜੇ ਖ਼ੁਸ਼ ਸਨ ਕਿ ਪਾਲੀ ਹੁਣ ਬਿਲਕੁਲ ਠੀਕ ਹੈ।

'ਪਾਲੀ ਪੁੱਤ ਆਹ ਤਬੀਤ ਜੂਠਾ ਹੋ ਗਿਆ ਤੇਰਾ। ਪੂਰਨਮਾਸ਼ੀ ਨੂੰ ਗ੍ਰਹਿਣ ਲੱਗਿਆ ਸੀ ਚੰਦ ਨੂੰ। ਆਹ ਖੋਲ ਕੇ ਦੇ ਦਿਓ। ਬਦਲਣਾ ਪਊ।'

'ਅਸੀਂ ਤਾਂ ਕਦੇ ਵੀ ਆਹ ਧਾਗਿਆਂ ਸੂਤਿਆਂ 'ਚ ਯਕੀਨ ਨਹੀਂ ਕਰਿਆ। ਪਰ ਹੁਣ...।' ਭਜਨ ਕੌਰ ਦੇ ਪਤੀ ਨੇ ਉਦਾਸ ਜਿਹੀ ਅਵਾਜ਼ ਵਿੱਚ ਕਿਹਾ।

'ਕਿਹੜੇ ਸਿਆਣੇ ਤੋਂ ਲਿਆਂਦੈ ਤਵੀਤ ਭਾਈ...? ਜੇ ਦੱਸ ਦੇਮੇਂ... ਕਿਸੇ ਹੋਰ ਦਾ ਭਲਾ ਹੋ ਜੂ।' ਦਿਆਲ ਕੌਰ ਨੇ ਪੁੱਛਿਆ।

'ਆਹ ਥੋੜੇ ਨਾਲ ਲੱਗਦੇ ਸ਼ਹਿਰ ਵਿੱਚ ਐ ਮਾਤਾ ਜੀ।'

ਪਾਲੀ ਨੇ ਤਵੀਤ ਖੋਲ ਕੇ ਆਪਣੇ ਬਾਪੂ ਨੂੰ ਫੜਾ ਤਾਂ ਦਿੱਤਾ, ਪਰ ਉਸ ਦਾ ਦਿਲ ਨਹੀਂ ਸੀ ਕਰ ਰਿਹਾ ਕਿਉਂਕਿ ਇਸ ਤਬੀਤ ਕਰਕੇ ਤਾਂ ਪ੍ਰੇਤ ਤੋਂ ਖਹਿੜਾ ਛੁੱਟਿਆ ਤੇ ਉਸ ਵਿੱਚ ਨਵੀਂ ਤਾਕਤ ਆਈ ਸੀ।

'ਹੁਣ ਤਵੀਤ ਦੀ ਜਰੂਰਤ ਵੀ ਨਹੀਂ, ਬੱਸ ਇਸ 'ਤੇ ਲਿਖੇ ਮੰਤਰ ਦਾ ਧਿਆਨ ਕਰ ਲੈਣਾ, ਬੁਰੀਆਂ ਰੂਹਾਂ ਦੂਰ ਰਹਿਣਗੀਆਂ।' ਪਾਲੀ ਦੇ ਬਾਪੂ ਨੇ ਵੱਡੇ ਸਾਰੇ ਚੌਰਸ ਤਵੀਤ ਵਿੱਚੋਂ ਮੰਤਰ ਵਾਲਾ ਕਾਗਜ਼ ਦਾ ਟੁਕੜਾ ਕੱਢਦਿਆਂ ਕਿਹਾ।

ਸਾਰੇ ਜਣੇ ਉਸ ਲਿਖੇ ਮੰਤਰ ਨੂੰ ਦੇਖਣਾ ਚਾਹੁੰਦੇ ਸਨ। ਪਾਲੀ ਦੇ ਬਾਪੂ ਨੇ ਕਾਗਜ਼ ਦੀਆਂ ਕਈ ਤਹਿਆਂ ਖੋਲੀਆਂ। ਸਾਰੇ ਦੇਖ ਕੇ ਹੈਰਾਨ ਰਹਿ ਗਏ ਕਾਗਜ਼ ਤਾਂ ਦੋਵਾਂ ਪਾਸਿਆਂ ਤੋਂ ਸਾਫ਼ ਸੀ। ਕੁਝ ਵੀ ਨਹੀਂ ਸੀ ਲਿਖਿਆ ਹੋਇਆ। ਸਾਰੇ ਪਾਸੇ ਚੁੱਪ ਸੀ। ਪਾਲੀ ਆਪਣੇ ਬਾਪੂ ਦੀ ਹੁਸ਼ਿਆਰੀ ਸਮਝ ਗਈ।

'ਪਰ ਬਾਪੂ ਕਾਲ਼ਾ ਪ੍ਰਛਾਵਾਂ...?' ਉਸ ਨੇ ਸਵਾਲੀਆ ਨਜ਼ਰਾਂ ਨਾਲ ਬਾਪੂ ਵੱਲ ਤੱਕਿਆ।

ਆਪਣੇ ਕੁੜਤੇ ਦੇ ਖੀਸੇ ਵਿੱਚ ਹੱਥ ਪਾ ਕੇ ਉਸ ਨੇ ਵਰਤੀਆਂ ਸਰਿੰਜਾਂ ਅਤੇ ਗੋਲੀਆਂ ਦੇ ਖਾਲੀ ਪੱਤੇ, ਅਧਸੜੇ ਕਾਗਜ਼ ਦਿਖਾਏ। ਇਹ ਉਸ ਨੂੰ ਪਿੱਪਲ ਦੇ ਮੁੱਢ ਕੋਲੋਂ ਮਿਲੇ ਸਨ।

'ਨਸ਼ੇ...?' ਭਜਨੋ ਦੇ ਪਤੀ ਨੇ ਹੈਰਾਨੀ ਨਾਲ ਪੁੱਛਿਆ।

'ਹਾਂ ਜੀ, ਭਾਈ ਸਾਬ। ਇਹ ਪ੍ਰੇਤ ਐ ...ਜਿਹੜਾ ਲੋਕਾਂ ਦੇ ਘਰ ਬਰਬਾਦ ਕਰ ਰਿਹੈ।'




# ਪਾਠਕਾਂ ਦਾ ਨਜ਼ਰੀਆ

## ਬੇਅਦਬੀਆਂ ਅਤੇ ਫਿਲਮਾਂ

2014 ਵਿੱਚ ਮੋਦੀ ਹਕੂਮਤ ਆਉਣ ਤੋਂ ਕੁਝ ਦਿਨਾਂ ਬਾਅਦ ਹੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਸ਼ੁਰੂ ਹੋ ਗਈਆਂ। ਇਹ ਬੇਅਦਬੀਆਂ ਲਗਾਤਾਰ ਜਾਰੀ ਹਨ। 2014 ਵਿੱਚ ਹੀ ਛੋਟੇ ਸਾਹਿਬਜ਼ਾਦਿਆਂ 'ਤੇ ਐਨੀਮੇਸ਼ਨ ਫਿਲਮ ਬਣ ਗਈ। ਇਸ ਦਾ ਸਿੱਖਾਂ ਨੇ ਬਹੁਤ ਵਿਰੋਧ ਕੀਤਾ ਪਰ ਫਿਲਮ ਉਸੇ ਤਰਾਂ ਚਲਦੀ ਰਹੀ ਤੇ ਅੱਜ ਵੀ ਲੋਕ ਇਸ ਨੂੰ ਵੇਖ ਰਹੇ ਹਨ। 2015 ਵਿੱਚ 'ਨਾਨਕ ਸ਼ਾਹ ਫ਼ਕੀਰ' ਨਾਂ ਦੀ ਫਿਲਮ ਆ ਗਈ। ਇਸ ਦਾ ਸਿੱਖਾਂ ਨੇ ਬਹੁਤ ਹੀ ਸਖ਼ਤੀ ਨਾਲ਼ ਵਿਰੋਧ ਕੀਤਾ ਪਰ ਕੋਈ ਪ੍ਰਭਾਵਕਾਰੀ ਨਤੀਜਾ ਸਾਹਮਣੇ ਨਾ ਆ ਸਕਿਆ।

ਗੁਰ ਇਤਿਹਾਸ ਤੇ ਸਿੱਖ ਇਤਿਹਾਸ 'ਤੇ ਫਿਲਮਾਂ ਬਣਾਉਣ ਦੀ ਇਹ ਹਮਾਕਤ ਲਗਾਤਾਰ ਜਾਰੀ ਹੈ। ਹੁਣ ਗੁਰੂ ਸਾਹਿਬਾਨ ਅਤੇ ਮਾਤਾ ਸਾਹਿਬ ਕੌਰ ਜੀ ਦੇ ਸਰੂਪ ਦੀ ਬੇਅਦਬੀ ਵਾਲ਼ੀ ਇੱਕ ਹੋਰ ਫਿਲਮ ਆ ਗਈ ਹੈ। ਭਗਵੰਤ ਮਾਨ ਦੀ ਅਗਵਾਈ ਵਾਲ਼ੀ ਮੌਜੂਦਾ ਪੰਜਾਬ ਸਰਕਾਰ ਇਸ ਫਿਲਮ ਜ਼ਰੀਏ ਹੋ ਰਹੀ ਬੇਅਦਬੀ ਦੀ ਪੁਸ਼ਤ-ਪਨਾਹੀ ਕਰ ਰਹੀ ਹੈ।

ਗੱਲ ਬੜੀ ਸਪੱਸ਼ਟ ਹੈ। ਹਿੰਦੁਸਤਾਨ ਦੀ ਹਿੰਦੂ ਸਥਾਪਤੀ ਸਦਾ ਹੀ ਸਿੱਖ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਕੇ ਸਿੱਖਾਂ ਦੀ ਆਪਣੇ ਗੁਰੂ ਨਾਲ਼ ਜੁੜੀ ਸੰਵੇਦਨਸ਼ੀਲਤਾ ਮਾਰਨ ਦੀ ਕੋਸ਼ਿਸ਼ ਕਰਦੀ ਰਹੀ ਹੈ। ਭਾਜਪਾ ਦੀ ਅਗਵਾਈ ਵਾਲ਼ੀ ਹਿੰਦੁਤਵੀ ਧਿਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਬੇਅਦਬੀਆਂ ਦੇ ਇਹ ਵੱਖ-ਵੱਖ ਰੂਪ ਬਹੁਤ ਵੱਡੇ ਪੱਧਰ 'ਤੇ ਸਾਹਮਣੇ ਆਉਣੇ ਸ਼ੁਰੂ ਹੋ ਗਏ। ਇਹ ਸਿੱਖਾਂ ਅੰਦਰੋਂ ਉਨਾਂ ਦੇ ਗੁਰੂ ਸਾਹਿਬਾਨ ਦਾ ਰੁਤਬਾ ਖ਼ਤਮ ਕਰਨ ਦੀ ਕੋਸ਼ਿਸ਼ ਹੈ। ਇਹ ਸਿੱਖਾਂ ਨੂੰ ਸਿੱਖੀ ਤੋਂ ਤੋੜਨ ਦੀਆਂ ਸਾਜ਼ਿਸ਼ਾਂ ਦੇ ਕੁਝ ਹਿੱਸੇ ਹਨ। ਬੇਅਦਬੀਆਂ ਤੇ ਫਿਲਮਾਂ ਇੱਕੋ ਲੜੀ ਦਾ ਹਿੱਸਾ ਹਨ।

ਆਉਣ ਵਾਲ਼ੇ ਸਮੇਂ ਵਿੱਚ ਸਾਨੂੰ ਇਸ ਦੇ ਹੋਰ ਭਿਆਨਕ ਰੂਪ ਵੇਖਣੇ ਪੈ ਸਕਦੇ ਹਨ। ਇਸ ਲਈ, ਸਾਨੂੰ ਬੇਅਦਬੀ ਦੇ ਅਜਿਹੇ ਦਿਸਦੇ ਅਤੇ ਅਣਦਿਸਦੇ ਰੂਪਾਂ ਬਾਰੇ ਬਹੁਤ ਗੰਭੀਰ ਹੋਣ ਦੀ ਲੋੜ ਹੈ। ਸਾਨੂੰ ਕੌਮ ਦੇ ਅੰਦਰ ਕੰਮ ਕਰਨ ਦੀ ਤੇ ਬਾਹਰਲੀਆਂ ਤਾਕਤਾਂ ਦਾ ਸਖ਼ਤੀ ਨਾਲ਼ ਵਿਰੋਧ ਕਰਨ ਦੀ ਲੋੜ ਹੈ। ਇਸ ਲਈ, ਉਚੇਰੀ ਸਾਹਿਤ ਸਿਰਜਣਾ, ਗੰਭੀਰ ਅਧਿਐਨ, ਅਤੇ ਚਿੰਤਨ ਅਣਸਰਦੀ ਲੋੜ ਹਨ। ਬਹੁਤ ਅਫ਼ਸੋਸ ਦੀ ਗੱਲ ਹੈ ਕਿ ਅੱਜ ਸਾਡੇ ਬਹੁਤ ਵੱਡੇ ਹਿੱਸੇ ਅਜਿਹੇ ਜਤਨਾਂ ਦੀ ਅਹਿਮੀਅਤ ਸਮਝਣ ਦੇ ਕਾਬਲ ਨਹੀਂ। ਬਹੁਤ ਸਾਰੇ ਸੁਹਿਰਦ ਪੰਥਕ ਸੱਜਣ ਵੀ ਅਧਿਐਨ ਤੇ ਚਿੰਤਨ ਦੀ ਅਹਿਮੀਅਤ ਸਮਝਣ ਤੋਂ ਇਨਕਾਰੀ ਹਨ। ਬਹੁਤ ਸਾਰੇ ਇਸ ਦਾ ਸਿੱਧਾ ਵਿਰੋਧ ਵੀ ਕਰਦੇ ਹਨ। ਇਸ ਦਾ ਅਰਥ ਹੈ ਕਿ ਆਉਣ ਵਾਲ਼ਾ ਸਮਾਂ ਬੇਹੱਦ ਖ਼ਤਰਨਾਕ ਹੋਵੇਗਾ ਤੇ ਅਸੀਂ ਉਹਨਾਂ ਸਥਿਤੀਆਂ ਨਾਲ਼ ਨਜਿੱਠਣ ਦੇ ਸਮਰੱਥ ਵੀ ਨਹੀਂ ਹੋਵਾਂਗੇ। ਇਸ ਲਈ, ਸਾਨੂੰ ਸਭਨਾਂ ਨੂੰ ਮਿਲ਼-ਬੈਠ ਕੇ ਇਨਾਂ ਮਸਲ਼ਿਆਂ 'ਤੇ ਸੰਜੀਦਗੀ ਨਾਲ ਵਿਚਾਰ ਕਰਨ ਦੀ ਲੋੜ ਹੈ।

**ਪ੍ਰਭਸ਼ਰਨਦੀਪ ਸਿੰਘ**

## ਭਗਵੰਤ ਮਾਨ ਦੀ ਸਰਕਾਰ ਬਨਾਮ ਪੰਜਾਬ ਸੰਕਟ

ਜਿਸ ਅਣਸੁਖਾਵੀਂ, ਉਲਝੀ ਅਤੇ ਡਰਾਉਣੀ ਰਾਜਨੀਤਕ, ਆਰਥਿਕ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਦੁਖਾਂਤ 'ਚੋਂ ਅਜੋਕਾ ਪੰਜਾਬ ਗੁਜ਼ਰ ਰਿਹਾ ਹੈ, ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਦੇ ਬੁਨਿਆਦੀ ਤੌਰ 'ਤੇ ਕਿਰਤੀ ਅਤੇ ਜੁਝਾਰੂ ਕਿਸਮ ਦੇ ਲੋਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਕੋਈ ਵੀ ਸਮਰੱਥ ਅਤੇ ਸੁਯੋਗ ਸ਼ਾਸਕ ਨਹੀਂ ਮਿਲਿਆ। ਬਸਤੀਵਾਦੀ ਬਰਤਾਨਵੀ ਸਾਮਰਾਜ ਇਸ ਦੀ ਅਥਾਹ ਅਤੇ ਅਲੌਕਿਕ ਭੂਗੋਲਿਕ, ਰਾਜਨੀਤਕ, ਸਮਾਜਿਕ ਅਤੇ ਆਰਥਿਕ ਸ਼ਕਤੀ ਨੂੰ ਜਾਣਦਾ ਸੀ। ਇਸ ਲਈ ਦੇਸ਼ ਦੀ ਆਜ਼ਾਦੀ ਵੇਲੇ ਭੂਗੋਲਿਕ ਵੰਡ ਦੇ ਨਾਲ ਇਸ ਦੀ ਫਿਰਕੂ ਵੰਡ ਰਾਹੀਂ ਇਸ ਨੂੰ ਸਦੀਵੀ ਤੌਰ 'ਤੇ ਕਮਜ਼ੋਰ ਕਰ ਦਿੱਤਾ ਗਿਆ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਚਾਹੁੰਦੀ ਤਾਂ ਇਹ ਵੰਡ ਰੋਕ ਸਕਦੀ ਸੀ ਪਰ ਉਹ ਵੀ ਆਜ਼ਾਦ ਭਾਰਤ ਵਿਚ ਕਮਜ਼ੋਰ ਪੰਜਾਬ ਚਾਹੁੰਦੀ ਸੀ। ਆਜ਼ਾਦੀ ਤੋਂ ਬਾਅਦ ਵੀ ਜਦੋਂ ਉਸ ਨੂੰ ਲੱਗਾ ਕਿ ਇਹ ਫਿਰ ਇਕ ਰਾਜਨੀਤਕ ਅਤੇ ਆਰਥਿਕ ਸ਼ਕਤੀ ਵਜੋਂ ਅੰਗੜਾਈ ਲੈ ਰਿਹਾ ਹੈ ਤਾਂ ਅਤਿ ਸਾਜ਼ਿਸ਼ਾਨਾ ਤੌਰ 'ਤੇ ਪਹਿਲੀ ਨਵੰਬਰ 1966 ਨੂੰ ਇਕ ਅਜਿਹੇ ਅਧੂਰੇ ਅਤੇ ਗ਼ੈਰ-ਮੁਨਸਫਾਨਾ ਢੰਗ ਨਾਲ ਪੰਜਾਬ ਰਾਜ ਤਕਸੀਮ ਕਿੱਤਾ ਜਿਸ ਦੇ ਜ਼ਖ਼ਮ ਨਾਸੂਰ ਬਣਦੇ ਹੋਏ ਸਦੀਵੀ ਤੌਰ 'ਤੇ ਰਿਸਦੇ ਰਹਿਣ। ਬਾਵਜੂਦ ਇੰਨੀ ਰਾਜਨੀਤਕ, ਭੂਗੋਲਿਕ, ਸਮਾਜਿਕ ਅਤੇ ਫਿਰਕੂ ਵੰਡ ਦੇ ਜੇ ਪੰਜਾਬ ਫਿਰ ਅੰਗੜਾਈ ਲੈਂਦਾ ਵਿਖਾਈ ਦਿੱਤਾ ਤਾਂ ਕਦੇ ਘਲੂਘਾਰਾ 84 ਆਪ੍ਰੇਸ਼ਨ ਬਲੂ ਸਟਾਰ ਦੇ ਨਕਾਬ ਹੇਠ ਭਾਰਤੀ ਫ਼ੌਜਾਂ ਦੇ ਗੋਲਿਆਂ ਨਾਲ ਨਾ ਸਿਰਫ ਪੰਜਾਬੀਆਂ ਦੇ ਸੀਨੇ ਬਲਕਿ ਪਵਿੱਤਰ ਅਤੇ ਮੁਕੱਦਸ ਸਿੱਖ ਧਾਰਮਿਕ ਅਸਥਾਨਾਂ ਨੂੰ ਛਲਣੀ ਕਰਨ, ਨਵੰਬਰ '84 ਵਰਗੇ ਸਿੱਖ ਭਾਈਚਾਰੇ ਦੇ ਰਾਜਧਾਨੀ ਦਿੱਲੀ ਤੇ ਹੋਰ ਅਨੇਕ ਥਾਵਾਂ 'ਤੇ ਕਾਂਗਰਸ ਹਕੂਮਤਾਂ ਵੱਲੋਂ ਨਸਲਘਾਤ ਅੰਜਾਮ ਦੇਣ, ਪੰਜਾਬ ਨੂੰ ਗ਼ੈਰ-ਸੰਵਿਧਾਨਕ, ਗ਼ੈਰ-ਲੋੜੀਂਦੇ ਰਾਸ਼ਟਰਪਤੀ ਰਾਜ ਦੇ ਸੰਗਲਾਂ ਵਿਚ ਜੁੜਨ, ਇਕ ਪੀੜੀ ਪੰਜਾਬ ਸੰਤਾਪ, ਦੂਸਰੀ ਨਸ਼ੀਲੇ ਪਦਾਰਥਾਂ ਨਾਲ ਬਰਬਾਦ ਅਤੇ ਤੀਜੀ ਅਜੋਕੀ ਵਿਦੇਸ਼ ਪਲਾਇਨ ਕਰਨ ਲਈ ਮਜਬੂਰ ਕਰ ਦਿੱਤੀ ਗਈ। ਅਟਲ ਬਿਹਾਰੀ ਵਾਜਪਾਈ ਦੀ ਐਨਡੀਏ ਸਰਕਾਰ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਵੀ ਸ਼ਾਮਲ ਸੀ, ਨੇ ਪੰਜਾਬੀਆਂ ਨੂੰ ਬੇਰੁਜ਼ਗਾਰੀ ਦੇ ਦੈਂਤ ਅੱਗੇ ਸੁੱਟਣ ਅਤੇ ਦੇਸ਼ ਛੱਡ ਕੇ ਜਾਣ ਲਈ ਮਜਬੂਰ ਕਰ ਦਿੱਤਾ। ਪਹਾੜੀ ਰਾਜਾਂ ਨੂੰ ਵਿਸ਼ੇਸ਼ ਆਰਥਿਕ, ਵਿੱਤੀ ਅਤੇ ਟੈਕਸ ਮਾਫ਼ੀ ਪੈਕੇਜ ਦੇ ਕੇ ਪੰਜਾਬ ਦੀ ਸਨਅਤ ਨੂੰ ਪਲਾਇਨ ਕਰਨ ਲਈ ਮਜਬੂਰ ਕਰ ਦਿੱਤਾ। ਪੰਜਾਬ ਦੇ ਰਵਾਇਤੀ ਕਾਂਗਰਸ, ਅਕਾਲੀ-ਭਾਜਪਾ ਗੱਠਜੋੜ ਸਰਕਾਰਾਂ ਤੋਂ ਨੱਕੋ-ਨੱਕ ਆਏ ਪੰਜਾਬੀਆਂ ਨੇ ਕੇਜਰੀਵਾਲ ਦੀ ਆਪ ਪਾਰਟੀ ਨੂੰ ਇਕ ਮੌਕਾ ਦਿੰਦੇ ਹੋਏ ਇਤਿਹਾਸਕ ਫ਼ਤਵੇ ਨਾਲ ਸੱਤਾ ਵਿਚ ਲਿਆਂਦਾ। ਆਪ ਪਾਰਟੀ ਨੂੰ ਮਜਬੂਰੀ ਵੱਸ ਕੋਈ ਹੋਰ ਸਮਰੱਥ ਪੰਜਾਬੀ ਸਿਆਸੀ ਆਗੂ ਨਾ ਮਿਲਣ ਕਰਕੇ ਆਖ਼ਰਕਾਰ ਭਗਵੰਤ ਮਾਨ ਕਾਮੇਡੀਅਨ, ਦੋ ਵਾਰ ਸੰਸਦ ਮੈਂਬਰ ਬਣੇ ਰਾਜਨੀਤੀਵਾਨ ਨੂੰ ਪੰਜਾਬ ਦਾ ਮੁੱਖ ਮੰਤਰੀ ਚੁਣਨਾ ਪਿਆ। ਭਗਵੰਤ ਮਾਨ ਜੀ ਹਕੀਕਤ ਇਹ ਹੈ ਕਿ ਗੁਰੂ ਨਾਨਕ ਸਾਹਿਬ ਦਾ ਬੇਬਾਕ ਕਥਨ ਗੁਰਬਾਣੀ ਵਿਚ ਅੰਕਿਤ ਹੈ, 'ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥' ਦੇਸ਼ ਆਜ਼ਾਦੀ ਬਾਅਦ ਇਕ ਵੀ ਪੰਜਾਬੀ ਪੰਜਾਬ ਦੇ ਤਖਤ ਲਾਇਕ ਸ਼ਾਸਕ ਬਣ ਕੇ ਨਹੀਂ ਉੱਭਰ ਸਕਿਆ। ਪ੍ਰਤਾਪ ਸਿੰਘ ਕੈਰੋਂ ਭਾਵੇਂ ਰਾਜਨੀਤਕ ਨਿਰਣੇ ਲੈਣ ਦੇ ਸਮਰੱਥ ਸੀ ਪਰ ਪਤਨੀ ਰਾਮ ਕੌਰ ਅਤੇ ਪੁੱਤਰਾਂ ਦੇ ਭ੍ਰਿਸ਼ਟਾਚਾਰ ਅਤੇ ਖ਼ਰੂਦ ਨੇ ਸਮਰੱਥ ਸ਼ਾਸਕ ਨਾ ਬਣਨ ਦਿੱਤਾ। ਕੈਪਟਨ ਅਮਰਿੰਦਰ ਸਿੰਘ ਇੰਦਰਾ ਗਾਂਧੀ ਤੇ ਸੋਨੀਆ ਗਾਂਧੀ ਦੇ ਪਿੱਠੂ ਰਹੇ। ਉਹ ਗਾਂਧੀ ਪਰਿਵਾਰ ਵੱਲੋਂ ਰੱਜ ਕੇ ਜ਼ਲੀਲ ਕੀਤੇ ਗਏ। ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬ ਦੇ ਪਾਣੀਆਂ, ਪੰਜਾਬੀ ਭਾਸ਼ਾਈ ਇਲਾਕਿਆਂ, ਪੰਜਾਬ ਨੂੰ ਕੈਲੇਫੋਰਨੀਆ (ਅਮਰੀਕਾ) ਬਣਾਉਣ ਦੇ ਮਸਲਿਆਂ ਸਬੰਧੀ ਬੁਰੀ ਤਰਾਂ ਨਾਕਾਮ ਰਹੇ। ਸਮੁੱਚੀ ਅਕਾਲੀ ਲੀਡਰਸ਼ਿਪ ਪੰਜਾਬ ਨੂੰ ਕਾਂਗਰਸ ਪਾਰਟੀ-ਭਾਜਪਾ ਦੇ ਹਮਲਿਆਂ ਤੋਂ ਨਹੀਂ ਬਚਾ ਸਕੀ। ਧ੍ਰਿਤਰਾਸ਼ਟਰੀ ਪਰਿਵਾਰਕ ਮੋਹ, ਭ੍ਰਿਸ਼ਟਾਚਾਰ ਨੇ ਜਿੱਥੇ ਉਨਾਂ ਨੂੰ ਪੰਜਾਬ ਦੇ ਤਖ਼ਤ ਦੇ ਲਾਇਕ ਨਹੀਂ ਬਣਨ ਦਿੱਤਾ ਉੱਥੇ ਸ਼੍ਰੋਮਣੀ ਕਮੇਟੀ ਅੰਦਰ ਬਦਇੰਤਜ਼ਾਮੀ, ਲਿਫ਼ਾਫ਼ਾ ਸੱਭਿਆਚਾਰ, ਭ੍ਰਿਸ਼ਟਾਚਾਰ, ਸਿੱਖ ਸੰਸਥਾਵਾਂ ਦੀ ਬਰਬਾਦੀ, ਸਿੱਖ ਸਿਧਾਂਤਾਂ, ਮਰਿਆਦਾਵਾਂ ਦੇ ਘਾਣ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰ ਕੇ ਸਿੱਖ ਧਰਮ ਦੇ ਮਾਣ-ਸਨਮਾਨ ਨੂੰ ਵਿਸ਼ਵ ਪੱਧਰ 'ਤੇ ਵੱਡਾ ਦੁਰਗਾੜਾ ਲਗਾਇਆ। ਸੋ ਅੱਜ ਗੁਰੂ ਪੰਥ ਦੀ ਅਗਵਾਈ ਰਹਿਤ ਹੋ ਕੇ 'ਰਾਜਨੀਤਕ ਅਨਾਥ' ਹੋ ਚੁੱਕੀ ਹੈ। ਕਾਂਗਰਸ ਪਾਰਟੀ ਨਾਲ ਸਬੰਧਤ ਪੰਜਾਬ ਦੇ ਮੁੱਖ ਮੰਤਰੀ ਅਤੇ ਆਗੂ ਪੰਜਾਬ ਅੰਦਰ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਦੇ ਸੁਪਨੇ ਸਾਕਾਰ ਕਰਨੋਂ, ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਮੁੱਖ ਮੰਤਰੀ ਮਹਾਰਾਜਾ ਰਣਜੀਤ ਸਿੰਘ ਵਰਗਾ ਅਤੇ ਹਲੀਮੀ ਰਾਜ ਸਥਾਪਤ ਕਰਨੋਂ ਬੁਰੀ ਤਰਾਂ ਨਾਕਾਮ ਹੀ ਨਹੀਂ ਰਹੇ ਬਲਕਿ ਪਰਿਵਾਰਵਾਦ, ਭ੍ਰਿਸ਼ਟਾਚਾਰ, ਬਦਇੰਤਜ਼ਾਮੀ, ਬੇਰੁਜ਼ਗਾਰੀ, ਲੋਕ-ਲੁਭਾਊ ਪ੍ਰੋਗਰਾਮਾਂ, ਵਿੱਤੀ ਸੰਕਟ ਕਾਰਨ ਇਕ ਤੋਂ ਇਕ ਪੰਜਾਬ ਦੀ ਬਰਬਾਦੀ ਦੀ ਦਾਸਤਾਨ ਵਿਚ ਵਾਧਾ ਕਰਦੇ ਚਲੇ ਗਏ। ਭਗਵੰਤ ਮਾਨ ਹੁਣ ਪੰਜਾਬੀਆਂ ਨੂੰ ਸਰਦਾਰ ਭਗਤ ਸਿੰਘ ਸ਼ਹੀਦ-ਏ-ਆਜ਼ਮ ਦੇ ਸੁਪਨਿਆਂ ਦੇ ਅਮਲ ਰਾਹੀਂ ਰੰਗਲਾ ਅਤੇ ਖ਼ੁਸ਼ਹਾਲ ਪੰਜਾਬ ਬਣਾਉਣ ਦੇ ਸਬਜ਼ਬਾਗ ਵਿਖਾ ਰਹੇ ਹਨ। ਪੰਜਾਬ ਅਤੇ ਪੰਜਾਬੀ ਭਗਤ ਸਿੰਘ ਦੇ ਸੁਪਨਿਆਂ ਵਾਲਾ ਨਹੀਂ, ਆਪਣੇ ਸੁਪਨਿਆਂ ਦਾ ਪੰਜਾਬ ਚਾਹੁੰਦੇ ਹਨ। ਉਹ ਕੌਣ ਸਾਕਾਰ ਕਰੇਗਾ? ਚੰਡੀਗੜ੍ਹ ਰਾਜਧਾਨੀ ਲਈ 6 ਮਤੇ ਪਾਸ ਹੋ ਚੁੱਕੇ ਹਨ, 7ਵਾਂ ਪਾਸ ਕਰਨ ਨਾਲ ਕੁਝ ਹਾਸਲ ਹੋਣ ਵਾਲਾ ਨਹੀਂ। ਉਲਟਾ ਹਰਿਆਣਾ-ਹਿਮਾਚਲ ਨਾਲ ਨਵੇਂ ਮਸਲੇ ਪੈਦਾ ਹੋਏ ਹਨ। ਐਸਵਾਈਐਲ, ਚੰਡੀਗੜ੍ਹ, ਪਾਣੀਆਂ ਸਬੰਧੀ ਮਸਲਿਆਂ 'ਤੇ ਦਿੱਲੀ, ਹਰਿਆਣਾ, ਹਿਮਾਚਲ ਤੁਹਾਡੇ ਵਿਰੋਧ ਵਿਚ ਉਵੇਂ ਖੜੇ ਹੋਣਗੇ ਜਿਵੇਂ ਕਾਂਗਰਸੀ, ਭਾਜਪਾਈ, ਇਨੈਲੋ ਆਦਿ। ਤੁਸਾਂ ਭ੍ਰਿਸ਼ਟਾਚਾਰ, 35000 ਕੱਚੇ ਕਰਮਚਾਰੀ ਪੱਕੇ ਕਰਨ, ਨਿੱਜੀ ਸਕੂਲਾਂ ਦੀਆਂ ਫ਼ੀਸਾਂ, ਉਨ ਤੋਂ ਛਾਣਨੀ ਲਾਹੁਣ ਵਾਂਗ ਅੰਗ-ਰੱਖਿਅਕ ਵਾਪਸੀ, ਅੱਧਾ-ਅਧੂਰਾ ਕਿਸਾਨੀ ਮੁਆਵਜ਼ਾ ਆਦਿ ਫ਼ੈਸਲੇ ਤਾਂ ਲਏ ਪਰ ਕੁਝ 'ਤੇ ਅਮਲ ਜ਼ੀਰੋ ਰਿਹਾ ਹੈ। ਏਹੀ ਨਹੀਂ, 300 ਯੂਨਿਟ ਬਿਜਲੀ ਮਾਫ਼ੀ, ਹਰ ਔਰਤ ਨੂੰ ਇਕ ਹਜ਼ਾਰ ਮਾਸਿਕ ਦੇਣ ਦੀ ਗਾਰੰਟੀ, ਰੇਤ, ਕੇਬਲ, ਟਰਾਂਸਪੋਰਟ, ਨਸ਼ਾ, ਲੈਂਡ ਮਾਫ਼ੀਆ, ਬੇਅਦਬੀ ਸਬੰਧੀ ਅਜੇ ਪੂਣੀ 'ਚੋਂ ਤੰਦ ਵੀ ਨਹੀਂ ਕੱਢੀ। 2500 ਕਰੋੜ ਸਕਿਉਰਿਟੀ ਪੱਤਰਾਂ 'ਤੇ ਕਰਜ਼ਾ ਜ਼ਰੂਰ ਲੈ ਕੇ 4 ਲੱਖ ਕਰੋੜ ਕਰਜ਼ੇ ਦੀ ਪੰਡ 'ਚ ਵਾਧਾ ਕੀਤਾ ਹੈ। ਤੁਸੀਂ ਆਈਲੈਟਸ ਰਾਹੀਂ ਨਿਊਜ਼ੀਲੈਂਡ, ਆਸਟ੍ਰੇਲੀਆ, ਕੈਨੇਡਾ, ਯੂਕੇ ਭੇਜਣ ਸਬੰਧੀ ਏਜੰਟਾਂ ਵੱਲੋਂ ਲਗਾਏ ਬੋਰਡਾਂ 'ਤੇ ਤਨਜ਼ ਕਰਦੇ ਹਿੱਕ ਠੋਕ ਕੇ ਇਹ ਕਹਿੰਦੇ ਸੀ ਕਿ 'ਪੰਜਾਬ 'ਚ ਰੱਖਣ' ਦਾ ਬੋਰਡ ਤੁਸਾਂ ਲਗਾ ਰੱਖਿਆ ਹੈ। ਪੰਜਾਬੀ ਅਜਿਹੀ ਕਾਮੇਡੀ ਪਸੰਦ ਨਹੀਂ ਕਰਨਗੇ। ਭਗਵੰਤ ਮਾਨ ਜੀ, ਰੰਗਲਾ ਪੰਜਾਬ-ਬਹੁਤ ਕਠਿਨ ਹੈ।

**ਦਰਬਾਰਾ ਸਿੰਘ ਕਾਹਲੋਂ**

## ਫ਼ੌਜੀ ਸਕੂਲਾਂ ਵਿਚ ਸਥਾਨਕ ਭਾਸ਼ਾਵਾਂ ਦੀ ਪੜਾਈ 'ਤੇ ਪਾਬੰਦੀ ਹਟਾਈ

ਹੁਣ ਭਾਰਤੀ ਫ਼ੌਜ ਦੇ ਸਕੂਲਾਂ ਵਿਚ ਵੀ ਪਹਿਲਾਂ ਦੀ ਤਰਾਂ ਸਥਾਨਕ ਭਾਸ਼ਾਵਾਂ ਦੀ ਪੜਾਈ ਕਰਵਾਈ ਜਾਵੇਗੀ। ਫ਼ੌਜੀ ਸਕੂਲਾਂ ਵਿਚ ਪੰਜਾਬੀ ਵਿਸ਼ੇ ਦੀ ਪੜਾਈ ਲਈ ਤਰਕ ਨਾਲ ਸਮੇਂ ਸਿਰ ਸਾਡੇ ਵਲੋਂ ਅਤੇ ਹੋਰ ਬਹੁਤ ਸਾਰੇ ਪੰਜਾਬੀ ਹਿਤੈਸ਼ੀਆਂ, ਲੇਖਕਾਂ, ਪੱਤਰਕਾਰਾਂ ਵਲੋਂ ਕੀਤੀ ਜੱਦੋ-ਜਹਿਦ ਰੰਗ ਲਿਆਈ ਹੈ। ਇਸ ਤੋਂ ਬਾਅਦ ਭਾਰਤ ਵਿਚ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਨੇ ਆਪਣੇ ਵਲੋਂ ਪਹਿਲਾਂ ਲਏ ਗਏ ਫ਼ੈਸਲੇ ਨੂੰ ਬਦਲਦਿਆਂ ਫ਼ੌਜ ਦੇ ਸਕੂਲਾਂ ਵਿਚ ਸਥਾਨਕ ਭਾਸ਼ਾਵਾਂ ਦੀ ਪੜਾਈ ਮੁੜ ਤੋਂ ਕਰਵਾਉਣ ਦਾ ਆਦੇਸ਼ ਦਿੱਤਾ ਹੈ। ਇਸ ਲੇਖ ਦੀ ਲੇਖਿਕਾ ਜੋ ਪਹਿਲਾਂ ਵੀ ਫ਼ੌਜੀ ਸਕੂਲਾਂ ਵਿਚ ਪੜਾ ਚੁੱਕੀ ਹੈ, ਨੇ ਪੰਜਾਬੀ ਵਿਸ਼ਾ ਪੜਨ ਵਾਲੇ ਬੱਚਿਆਂ ਦੇ ਮਾਪਿਆਂ ਕੋਲੋਂ ਚਿੱਠੀਆਂ 'ਤੇ ਦਸਤਖ਼ਤ ਕਰਵਾ ਕੇ ਅਥਾਰਟੀ ਨੂੰ ਭੇਜੀਆਂ ਸਨ ਅਤੇ ਅਥਾਰਟੀ ਦੇ ਉਪਰਲੇ ਅਫ਼ਸਰਾਂ ਨੂੰ ਜ਼ਮੀਨੀ ਹਕੀਕਤ ਤੋਂ ਜਾਣੂ ਕਰਵਾਇਆ ਸੀ ਅਤੇ ਸਥਾਨਕ ਭਾਸ਼ਾਵਾਂ ਪੜਨ ਦੀ ਅਹਿਮੀਅਤ ਸੰਬੰਧੀ ਸੁਝਾਅ ਦਿੱਤੇ ਸਨ। ਇਸ ਤੋਂ ਇਲਾਵਾ ਹੋਰਾਂ ਨੂੰ ਵੀ ਇਸ ਮੁੱਦੇ ਵਿਚ ਹੰਭਲਾ ਮਾਰਨ ਲਈ ਅੰਗਰੇਜ਼ੀ, ਪੰਜਾਬੀ ਦੇ ਅਖ਼ਬਾਰਾਂ ਰਾਹੀਂ ਜਾਗਰੂਕ ਕੀਤਾ ਸੀ, ਜਿਸ ਸਦਕਾ ਹੋਰ ਪੰਜਾਬੀ ਪ੍ਰੇਮੀਆਂ ਤੋਂ ਇਲਾਵਾ ਡਾ. ਜੋਗਾ ਸਿੰਘ ਵਿਰਕ, ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਸਾਹਮਣੇ ਮੁੱਦਾ ਉਠਾਇਆ ਗਿਆ ਸੀ। ਭਾਰਤ ਦੇ ਦੂਜੇ ਗ਼ੈਰ-ਹਿੰਦੀ ਭਾਸ਼ੀ ਰਾਜਾਂ ਅਤੇ ਫ਼ੌਜੀ ਪਬਲਿਕ ਸਕੂਲਾਂ, ਜਿਨਾਂ ਵਿਚ ਸਥਾਨਕ ਭਾਸ਼ਾਵਾਂ ਪੜਾਈਆਂ ਜਾਂਦੀਆਂ ਰਹੀਆਂ ਸਨ, ਸਬੰਧਤ ਸਕੂਲਾਂ ਵਿਚ ਪੜਦੇ ਬੱਚਿਆਂ ਦੇ ਮਾਪਿਆਂ ਵਲੋਂ ਵੀ ਇਹ ਮੁੱਦਾ ਉਠਾਇਆ ਗਿਆ ਹੋਵੇਗਾ। ਫ਼ੌਜੀ ਵੈਲਫੇਅਰ ਸੁਸਾਇਟੀ ਦੇ ਸੰਬੰਧਿਤ ਅਧਿਕਾਰੀਆਂ ਨੇ ਮੀਟਿੰਗ ਕਰਕੇ ਇਸ ਉੱਪਰ ਵਿਚਾਰ ਕੀਤੀ ਅਤੇ ਇਹ ਫ਼ੈਸਲਾ ਲਿਆ ਕਿ ਇਸ ਸਾਲ ਅਤੇ ਆਉਂਦੇ ਸਮੇਂ ਲਈ ਭਾਰਤ ਦੇ ਆਰਮੀ ਸਕੂਲਾਂ ਵਿਚ ਸਥਾਨਕ ਭਾਸ਼ਾ ਦੀ ਪੜਾਈ ਸੁਰੱਖਿਅਤ ਕਰਨ ਲਈ ਕਦਮ ਚੁੱਕੇ ਜਾਣਗੇ। ਮਿਤੀ 29 ਮਾਰਚ, 2022 ਨੂੰ ਆਰਮੀ ਵੈੱਲਫੇਅਰ ਐਜੂਕੇਸ਼ਨ ਸੁਸਾਇਟੀ ਵਲੋਂ ਸਕੂਲਾਂ ਨੂੰ ਚਿੱਠੀ ਆਈ ਹੈ, ਜਿਸ ਅਨੁਸਾਰ ਜੇਕਰ ਕਿਸੇ ਸਕੂਲ ਵਿਚ ਇਕ ਜਮਾਤ ਵਿਚ ਖੇਤਰੀ ਭਾਸ਼ਾ ਪੜਨ ਲਈ 15 ਤੋਂ ਜ਼ਿਆਦਾ ਬੱਚੇ ਹੋਣਗੇ ਉਥੇ ਪੰਜਵੀਂ ਤੋਂ ਅੱਠਵੀਂ ਤੱਕ ਖੇਤਰੀ ਜਾਂ ਸਥਾਨਕ ਭਾਸ਼ਾਵਾਂ ਦੀ ਪੜਾਈ ਕੇਂਦਰੀ ਵਿਦਿਆਲਿਆ ਦੀ ਤਰਜ਼ 'ਤੇ ਕਰਵਾਈ ਜਾਏਗੀ। ਖੇਤਰੀ ਭਾਸ਼ਾ ਨੂੰ ਪੜਾਉਣ ਲਈ ਸਕੂਲ ਵਲੋਂ ਲੋੜੀਂਦੇ ਪਾਰਟ ਟਾਈਮ ਅਧਿਆਪਕ ਵੀ ਰੱਖੇ ਜਾਣਗੇ। ਹਾਲ ਵਿਚ ਜਾਰੀ ਪੱਤਰ ਅਨੁਸਾਰ **1W5S** ਰੂਲ ਬੁੱਕ ਵਿਚ ਸਥਾਨਕ ਭਾਸ਼ਾਵਾਂ ਨੂੰ ਪੜਾਉਣ ਦੇ ਮੁੱਦੇ ਨੂੰ ਸ਼ਾਮਿਲ ਕਰਨ ਲਈ ਲੋੜੀਂਦੀ ਸੋਧ ਵੀ ਕੀਤੀ ਜਾਵੇਗੀ, ਜੋ ਕਿ ਬਹੁਤ ਹੀ ਅਹਿਮ ਕਦਮ ਹੈ। ਦੇਸ਼ ਦੇ ਰਾਜਾਂ ਦੀ ਭਾਸ਼ਾ ਪੜਨ ਪ੍ਰਤੀ ਜ਼ਰੂਰਤ ਅਨੁਸਾਰ ਕੀਤੇ ਇਸ ਉਪਰਾਲੇ ਲਈ ਅਸੀਂ ਸਾਰੇ ਆਰਮੀ ਵੈੱਲਫੇਅਰ ਐਜੂਕੇਸ਼ਨ ਸੁਸਾਇਟੀ ਦੇ ਅਧਿਕਾਰੀਆਂ ਦੇ ਬਹੁਤ ਧੰਨਵਾਦੀ ਹਾਂ, ਅਤੇ ਉਮੀਦ ਕਰਦੇ ਹਾਂ ਕਿ ਕੀਤੀ ਗਈ ਸੋਧ ਬੱਚਿਆਂ ਦਾ ਭਵਿੱਖ ਉਜਾਗਰ ਕਰਨ ਲਈ ਲਾਭਦਾਇਕ ਹੋਵੇਗੀ। ਅਸੀਂ ਇਹ ਵੀ ਆਸ ਕਰਦੇ ਹਾਂ ਕਿ ਫ਼ੌਜ ਦੇ ਸਕੂਲਾਂ ਵਿਚ ਸਥਾਨਕ ਭਾਸ਼ਾਵਾਂ ਦੀ ਪੜਾਈ ਸਿਰਫ ਅੱਠਵੀਂ ਤੱਕ ਹੀ ਨਹੀਂ ਸਗੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਨੂੰ ਵੀ ਸਥਾਨਕ ਭਾਸ਼ਾ ਪੜਨ ਦਾ ਅਵਸਰ ਦਿੱਤਾ ਜਾਏਗਾ। ਕਿਸੇ ਵੀ ਰਾਜ ਵਿਚ ਉਸ ਰਾਜ ਦੇ ਵਸਨੀਕਾਂ ਵਲੋਂ ਉਸ ਰਾਜ ਦੀ ਨੌਕਰੀ ਲੈਣ ਵਾਸਤੇ 10ਵੀਂ ਤੱਕ ਸਥਾਨਕ ਭਾਸ਼ਾ ਪੜੀ ਹੋਣੀ ਜ਼ਰੂਰੀ ਹੈ, ਇਸੇ ਦੇ ਮੱਦੇਨਜ਼ਰ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵਲੋਂ ਚੁੱਕੇ ਕਦਮ ਬਹੁਤ ਸ਼ਲਾਘਾਯੋਗ ਹਨ ਪਰ ਸਥਾਨਕ ਭਾਸ਼ਾਵਾਂ ਦਸਵੀਂ ਤੱਕ ਪੜਾਈਆਂ ਜਾਣੀਆਂ ਚਾਹੀਦੀਆਂ ਹਨ। ਇਥੇ ਮੈਂ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਇਸ ਕਦਮ ਦਾ ਸਭ ਤੋਂ ਜ਼ਿਆਦਾ ਫਾਇਦਾ ਪੰਜਾਬ ਦੇ ਤਕਰੀਬਨ 14 ਫ਼ੌਜੀ ਪਬਲਿਕ ਸਕੂਲਾਂ ਵਿਚ ਪੜਦੇ ਪੰਜਾਬੀ ਫ਼ੌਜੀ ਜਵਾਨਾਂ, ਜੇਸੀਓ ਅਤੇ ਅਫਸਰਾਂ ਦੇ ਲਗਭਗ 4 ਹਜ਼ਾਰ ਬੱਚਿਆਂ ਨੂੰ ਹੋਵੇਗਾ, ਆਉਂਦੇ ਅਕਾਦਮਿਕ ਸੈਸ਼ਨ ਦੌਰਾਨ ਇਹ ਬੱਚੇ ਵੀ ਪੰਜਾਬ ਦੇ ਦੂਜੇ ਸਕੂਲਾਂ ਵਿਚ ਪੜਦੇ ਬੱਚਿਆ ਵਾਂਗ ਪੰਜਾਬੀ ਪੜ ਸਕਣਗੇ। ਇਕ ਪੰਜਾਬੀ ਬੱਚੇ ਲਈ ਗੁਰਮੁਖੀ ਪੜ ਸਕਣਾ, ਉਸ ਨੂੰ ਉਸ ਦੇ ਧਰਮ, ਸੱਭਿਆਚਾਰ ਇਤਿਹਾਸ, ਸਾਹਿਤ ਅਤੇ ਸਮਾਜ ਨਾਲ ਜੋੜਦਾ ਹੈ।

**ਰਿਪਨਜੋਤ ਕੌਰ ਸੋਨੀ**

## ਫਿੱਕਾ ਪਿਆ ਵਿਆਹਾਂ ਦਾ ਰੰਗ

ਕਰੀਬ ਢਾਈ-ਤਿੰਨ ਦਹਾਕੇ ਪਹਿਲਾਂ ਹੁੰਦੇ ਵਿਆਹਾਂ ਦੀ ਜੇਕਰ ਗੱਲ ਕਰੀਏ ਤਾਂ ਉਸ ਸਮੇਂ ਵਿਆਹ ਵਾਲੇ ਘਰਾਂ ਵਿੱਚ ਇੱਕ ਅਲੱਗ ਕਿਸਮ ਦਾ ਨਜ਼ਾਰਾ ਵੇਖਣ ਨੂੰ ਮਿਲਦਾ ਸੀ ਅਤੇ ਵਿਆਹਾਂ ਵਿੱਚ ਪਹੁੰਚਣ ਵਾਲੇ ਸਕੇ-ਸਬੰਧੀਆਂ ਵੱਲੋਂ ਵੀ ਮਹੀਨਾ-ਮਹੀਨਾ ਪਹਿਲਾਂ ਹੀ ਤਿਆਰੀਆਂ ਆਰੰਭ ਕਰ ਦਿੱਤੀਆਂ ਜਾਂਦੀਆਂ ਸਨ।ਵਿਆਹ ਲਈ ਨਵੇਂ ਕੱਪੜੇ ਸਿਵਾਉਣ ਦਾ ਸ਼ੌਕ ਅਲੱਗ ਹੀ ਕਿਸਮ ਦਾ ਹੁੰਦਾ ਸੀ। ਘਰਾਂ ਵਿੱਚ ਹੀ ਦਰਜ਼ੀ ਬਿਠਾ ਕੇ ਸਾਰੇ ਪਰਿਵਾਰ ਦੇ ਕੱਪੜੇ ਵਿਆਹ ਲਈ ਤਿਆਰ ਕਰਵਾ ਲਏ ਜਾਂਦੇ ਸਨ ਅਤੇ ਜੁੱਤੀ-ਜੋੜਾ ਲੈਣ ਲਈ ਬਾਜ਼ਾਰ ਦੀਆਂ ਕਈ-ਕਈ ਦੁਕਾਨਾਂ 'ਤੇ ਘੁੰਮਣ ਤੋਂ ਬਾਅਦ ਹੀ ਕਦੇ ਆਪਣੀ-ਆਪਣੀ ਪਸੰਦ ਦੀਆਂ ਜੁੱਤੀਆਂ ਮਿਲਦੀਆਂ ਸਨ। ਪੱਗਾਂ ਨੂੰ ਨਵੀਂ ਦਿੱਖ ਦੇਣ ਲਈ ਰੰਗ ਕਰਵਾਇਆ ਜਾਂਦਾ ਅਤੇ ਚੁੰਨੀਆਂ ਨੂੰ ਗੋਟੇ ਲਾਏ ਜਾਂਦੇ।

ਉਸ ਸਮੇਂ ਦੇ ਵਿਆਹਾਂ ਵਿੱਚ ਨਾਨਕਿਆਂ ਦੀ ਟੌਹਰ ਵੱਖਰੀ ਹੁੰਦੀ ਸੀ। ਵਿਆਹ ਸਮੇਂ ਨਾਨਕਿਆਂ ਅਤੇ ਦਾਦਕਿਆਂ ਦਾ ਬੋਲੀਆਂ, ਭੰਗੜੇ ਅਤੇ ਗਿੱਧੇ ਨਾਲ ਹੁੰਦਾ ਮੁਕਾਬਲਾ ਵੀ ਵੇਖਣਯੋਗ ਹੁੰਦਾ ਸੀ। ਨਾਨਕਿਆਂ ਵੱਲੋਂ ਕੱਢੀ ਜਾਂਦੀ ਜਾਗੋ ਪੂਰੇ ਪਿੰਡ ਵਿੱਚ ਘੁੰਮਦੀ। ਜਾਗੋ ਸੁੱਤੇ ਪਏ ਲੋਕਾਂ ਦੇ ਮੰਜੇ ਮੂਧੇ ਮਾਰ ਕੇ ਅਤੇ ਹੱਟੀਆਂ ਤੋਂ ਖਾਣ-ਪੀਣ ਦਾ ਸਾਮਾਨ ਇਕੱਠਾ ਕਰਕੇ ਵਿਆਹ ਵਾਲੇ ਘਰ ਵੱਲ ਮੁੜਦੀ। ਉਸ ਸਮੇਂ ਇਹ ਸਭ ਕੁਝ ਹਾਸੇ-ਠੱਠੇ ਅਤੇ ਵਿਆਹ ਦੇ ਮਾਹੌਲ ਨੂੰ ਹੋਰ ਖ਼ੁਸ਼ਗਵਾਰ ਬਣਾਉਣ ਲਈ ਕੀਤਾ ਜਾਂਦਾ। ਲੋਕਾਂ ਵਿੱਚ ਸ਼ਹਿਣਸ਼ੀਲਤਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਜਿਸ ਪਿੰਡ ਵਿੱਚ ਜਾਗੋ ਕੱਢੀ ਜਾਂਦੀ, ਉਸ ਪਿੰਡ ਦੇ ਲੋਕ ਨਾਨਕਿਆਂ ਵੱਲੋਂ ਕੀਤੇ ਜਾਂਦੇ ਅਜਿਹੇ ਸ਼ੁਗਲ-ਮੇਲੇ ਨੂੰ ਹੱਸ-ਹੱਸ ਕੇ ਪ੍ਰਵਾਨ ਕਰਦੇ ਅਤੇ ਘਰ-ਘਰ ਪਹੁੰਚੀ ਜਾਗੋ ਵਿੱਚ ਤੇਲ ਪਾ ਕੇ ਆਪਣੀ ਜ਼ਿੰਮੇਦਾਰੀ ਬਣਾਉਂਦੇ।

ਉਸ ਸਮੇਂ ਦੇ ਵਿਆਹ ਇੱਕ-ਇੱਕ ਹਫ਼ਤਾ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਸਨ। ਸ਼ਰੀਕੇ-ਕਬੀਲੇ ਵੱਲੋਂ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ ਜਾਂਦੀ। ਵਿਆਹ ਵਿੱਚ ਪਹੁੰਚਣ ਵਾਲੇ ਮੇਲ-ਗੇਲ ਲਈ ਮੰਜੇ-ਬਿਸਤਰੇ ਪਿੰਡ ਵਿੱਚੋਂ ਇਕੱਠੇ ਕੀਤੇ ਜਾਂਦੇ। ਵਿਆਹ ਦੇ ਸਾਰੇ ਕੰਮਾਂ ਲਈ ਅਲੱਗ-ਅਲੱਗ ਡਿਊਟੀਆਂ ਲਗਾਈਆਂ ਜਾਂਦੀਆਂ। ਕਿਸੇ ਨੂੰ ਹਲਵਾਈ ਕੋਲ ਰਹਿਣ ਦੀ ਹਦਾਇਤ ਕੀਤੀ ਜਾਂਦੀ ਅਤੇ ਕਿਸੇ ਦੀ ਮੰਜੇ-ਬਿਸਤਰੇ ਜਾਂ ਟੈਂਟ ਦਾ ਸਾਮਾਨ ਲਿਆਉਣ ਦੀ ਡਿਊਟੀ ਲੱਗਦੀ। ਉਸ ਸਮੇਂ ਪਿੰਡਾਂ ਵਿੱਚ ਘਰਾਂ ਵਿੱਚ ਹੀ ਟੈਂਟ ਲਗਾ ਕੇ ਵਿਆਹ ਵਿੱਚ ਪਹੁੰਚਣ ਵਾਲੇ ਰਿਸ਼ਤੇਦਾਰਾਂ ਅਤੇ ਹੋਰ ਸਨੇਹੀਆਂ ਲਈ ਖਾਣ-ਪੀਣ ਦੀ ਸੁਚੱਜੀ ਵਿਵਸਥਾ ਕੀਤੀ ਜਾਂਦੀ ਸੀ। ਵਿਆਹ ਵਿੱਚ ਵਰਤਣ ਲਈ ਦੁੱਧ ਵੀ ਪਿੰਡ ਵਿੱਚੋਂ ਹੀ ਇਕੱਠਾ ਕੀਤਾ ਜਾਂਦਾ। ਜਿਨਾਂ ਦੀ ਡਿਊਟੀ ਦੁੱਧ ਇਕੱਠਾ ਕਰਨ ਦੀ ਲੱਗਦੀ, ਉਹ ਬਾਲਟੀਆਂ ਲੈ ਕੇ ਘਰ-ਘਰ ਪਹੁੰਚਦੇ ਅਤੇ ਦੁੱਧ ਇਕੱਠਾ ਕਰਦੇ। ਬਹੁਤੇ ਲੋਕ ਵਿਆਹ ਵਾਲੇ ਘਰ ਆਪ ਹੀ ਦੁੱਧ ਪਹੁੰਚਦਾ ਕਰਨ ਨੂੰ ਆਪਣੀ ਡਿਊਟੀ ਸਮਝਦੇ। ਦੁੱਧ ਲੈ ਕੇ ਆਏ ਭਾਂਡੇ ਨੂੰ ਕਦੇ ਖਾਲੀ ਨਹੀਂ ਸੀ ਮੋੜਿਆ ਜਾਂਦਾ। ਘਰ ਦੀ ਸੁਆਣੀ ਉਸ ਵਿੱਚ ਲੱਡੂ ਪਾ ਕੇ ਵਾਪਸ ਕਰਦੀ। ਇਸੇ ਤਰਾਂ ਹੀ ਪਿੰਡ ਵਿੱਚੋਂ ਮੰਜੇ-ਬਿਸਤਰੇ ਵੀ ਇਕੱਠੇ ਕੀਤੇ ਜਾਂਦੇ। ਵਿਆਹ ਵਾਲੇ ਘਰ ਵਿੱਚ ਚਾਰ-ਪੰਜ ਦਿਨ ਪਹਿਲਾਂ ਹੀ ਮਿਠਾਈਆਂ ਬਣਾਉਣ ਲਈ ਕੜਾਹੀ ਚੜ ਜਾਂਦੀ। ਹਲਵਾਈ ਨੂੰ ਸਮੇਂ ਸਿਰ ਸਾਰਾ ਸਾਮਾਨ ਮੁਹੱਈਆ ਕਰਵਾਉਣ ਲਈ ਕਈ-ਕਈ ਜਣੇ ਹਲਵਾਈ ਦੇ ਕੋਲ ਬੈਠੇ ਰਹਿੰਦੇ। ਇਸ ਤਰਾਂ ਮਠਿਆਈਆਂ ਅਤੇ ਸਬਜ਼ੀਆਂ ਆਦਿ ਤਿਆਰ ਕਰਨ ਲਈ ਪਿੰਡ ਦੇ ਲੋਕ ਹਲਵਾਈ ਨਾਲ ਹੱਥ ਵਟਾਉਂਦੇ। ਸਬਜ਼ੀਆਂ ਦੇ ਭਰੇ ਟੋਕਰੇ ਵਿਚਕਾਰ ਰੱਖ ਕੇ ਆਸ-ਪਾਸ ਕੁਰਸੀਆਂ ਅਤੇ ਮੰਜੇ ਡਾਹ ਲਏ ਜਾਂਦੇ। ਅੱਖ ਝਪਕਦਿਆਂ ਹੀ ਸਭ ਸਬਜ਼ੀਆਂ ਅਤੇ ਹੋਰ ਲੋੜੀਂਦਾ ਸਾਮਾਨ ਤਿਆਰ ਕਰਕੇ ਹਲਵਾਈ ਅੱਗੇ ਰੱਖ ਦਿੱਤਾ ਜਾਂਦਾ।

ਜਦੋਂ ਲੱਡੂ ਵੱਟਣ ਦੀ ਵਾਰੀ ਆਉਂਦੀ ਤਾਂ ਵੱਡਾ ਕੜਾਹਾ ਵਿਚਕਾਰ ਰੱਖ ਲਿਆ ਜਾਂਦਾ। ਹਰ ਕੋਈ ਲੱਡੂ ਵੱਟਣ ਵਿੱਚ ਆਪਣਾ-ਆਪਣਾ ਯੋਗਦਾਨ ਪਾਉਂਦਾ। ਫਿਰ ਮਿਠਾਈਆਂ ਅਤੇ ਸਬਜ਼ੀਆਂ ਤਿਆਰ ਕਰਕੇ ਵਰਤਾਵੇ ਦੇ ਹਵਾਲੇ ਕਰ ਦਿੱਤੀਆਂ ਜਾਂਦੀਆਂ ਜਿਨਾਂ ਨੂੰ ਵਰਤਾਉਣ ਦੀ ਜ਼ਿੰਮੇਵਾਰੀ ਵੱਡੀ ਉਮਰ ਦੀਆਂ ਬਜ਼ੁਰਗ ਔਰਤਾਂ ਨੂੰ ਦਿੱਤੀ ਜਾਂਦੀ। ਇਸ ਤਰਾਂ ਆਪਣੀ ਦੇਖ-ਰੇਖ ਵਿੱਚ ਤਿਆਰ ਕੀਤੇ ਵਿਆਹ ਦੇ ਸਾਰੇ ਸਾਮਾਨ ਵਿੱਚ ਸਫ਼ਾਈ ਅਤੇ ਪੌਸ਼ਟਿਕਤਾ ਦਾ ਵੀ ਪੂਰਾ-ਪੂਰਾ ਖਿਆਲ ਰੱਖਿਆ ਜਾਂਦਾ। ਅੱਜਕੱਲ ਦੇ ਵਿਆਹਾਂ ਵਿੱਚੋਂ ਇਹ ਸਭ ਕੁਝ ਵਿਸਰ ਚੁੱਕਾ ਹੈ। ਅਜੋਕੇ ਸਮੇਂ ਦੇ ਮੈਰਿਜ ਪੈਲੇਸ ਕਲਚਰ ਨੇ ਜਿੱਥੇ ਸਾਡੀਆਂ ਵਿਰਾਸਤੀ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਵੱਡੀ ਢਾਹ ਲਾਈ ਹੈ, ਉੱਥੇ ਹੀ ਭੱਜ ਦੌੜ ਦੀ ਇਸ ਜ਼ਿੰਦਗੀ ਵਿੱਚ ਵਿਆਹ ਕੇਵਲ ਕੁਝ ਘੰਟਿਆਂ ਤੱਕ ਹੀ ਸੀਮਤ ਹੋ ਗਏ ਹਨ। ਹੁਣ ਵਿਆਹਾਂ ਵਿੱਚ ਇਕੱਠੇ ਮਿਲ ਬੈਠ ਕੇ ਕੰਮ ਕਰਦਾ ਸ਼ਰੀਕਾ-ਕਬੀਲਾ ਨਜ਼ਰ ਨਹੀਂ ਪੈਂਦਾ ਅਤੇ ਨਾ ਹੀ ਵਿਆਹ ਵਾਲੇ ਘਰਾਂ ਵਿੱਚ ਪਹਿਲਾਂ ਜਿੰਨੀ ਚਹਿਲ-ਪਹਿਲ ਨਜ਼ਰ ਆਉਂਦੀ ਹੈ। ਹੁਣ ਤਾਂ ਜਾਗੋ ਵਿੱਚ ਵੀ ਤੇਲ ਨਹੀਂ ਪਾਇਆ ਜਾਂਦਾ ਸਗੋਂ ਜਾਗੋ ਕੱਢਣ ਵਾਲੀਆਂ ਔਰਤਾਂ ਸੈੱਲਾਂ ਵਾਲੀ ਜਾਗੋ ਨਾਲ ਆਂਢ-ਗੁਆਂਢ ਵਿੱਚ ਗੇੜਾ ਕੱਢ ਕੇ ਘਰ ਨੂੰ ਪਰਤ ਆਉਂਦੀਆਂ ਹਨ। ਹੁਣ ਤਾਂ ਕੇਵਲ ਕੁਝ ਕੁ ਘੰਟਿਆਂ ਲਈ ਹੀ ਰਿਸ਼ਤੇਦਾਰ ਅਤੇ ਸਕੇ-ਸਬੰਧੀ ਮੈਰਿਜ ਪੈਲੇਸਾਂ ਵਿੱਚ ਇਕੱਠੇ ਹੁੰਦੇ ਹਨ ਅਤੇ ਉੱਥੋਂ ਹੀ ਵਿਦਾਈ ਲੈ ਕੇ ਘਰਾਂ ਨੂੰ ਪਰਤ ਜਾਂਦੇ ਹਨ। ਅੱਜਕੱਲ ਹਰ ਕੋਈ ਵਿਆਹ ਸਮਾਗਮਾਂ ਨੂੰ ਠੇਕੇ 'ਤੇ ਦੇ ਕੇ ਸੁਰਖ਼ਰੂ ਹੋ ਰਿਹਾ ਹੈ, ਪਰ ਇਸ ਵਰਤਾਰੇ ਨਾਲ ਜਿੱਥੇ ਆਪਸੀ ਭਾਈਚਾਰਕ ਸਾਂਝ ਨੂੰ ਵੱਡੀ ਢਾਹ ਲੱਗ ਰਹੀ ਹੈ, ਉੱਥੇ ਹੀ ਹੁਣ ਬਦਲਾਅ ਦੇ ਇਸ ਦੌਰ ਵਿੱਚ ਵਿਆਹਾਂ ਦੇ ਰੰਗ ਵੀ ਫਿੱਕੇ ਪੈਣ ਲੱਗੇ ਹਨ।

**ਜਗਤਾਰ ਸਮਾਲਸਰ**

# ਡਾਕਟਰ ਅੰਬੇਦਕਰ ਗਾਂਧੀ ਦੇ ਵਿਰੋਧੀ ਕਿਉਂ ਸਨ ?

**ਜਨਮ ਦਿਨ ਉਪਰ ਵਿਸ਼ੇਸ਼**

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਵਰਣ ਵੰਡ ਵਿਵਸਥਾ ਤਹਿਤ ਦਲਿਤ ਸਦੀਆਂ ਤੱਕ ਗੁਲਾਮੀ ਤੇ ਮੰਦਹਾਲੀ ਦਾ ਸ਼ਿਕਾਰ ਰਹੇ। ਸਮਾਜ ਦੇ ਇਸ ਉਲਝੇ ਵਾਤਾਵਰਨ ਵਿਚ ਮਹਾਰ ਜਾਤੀ ਵਿਚ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਪਿਤਾ ਰਾਮ ਜੀ ਅਤੇ ਮਾਤਾ ਭੀਮਾ ਬਾਈ ਦੇ ਘਰ ਹੋਇਆ। ਰਾਮ ਜੀ ਈਸਟ ਇੰਡੀਆ ਕੰਪਨੀ ਵਿਚ ਫੌਜੀ ਹੋਣ ਕਾਰਨ ਭੀਮ ਰਾਓ ਪੜ੍ਹਾਈ ਕਰਨ ਦੇ ਯੋਗ ਹੋਏ। ਉਨਾਂ ਕੈਂਪ ਦੇ ਸਤਾਰਾ ਸਕੂਲ ਤੋਂ ਪ੍ਰਾਇਮਰੀ ਸਿੱਖਿਆ ਸ਼ੁਰੂ ਕੀਤੀ ਪਰ ਥੋੜ੍ਹੇ ਹੀ ਸਮੇਂ ਬਾਅਦ ਉਨਾਂ ਦੀ ਮਾਤਾ ਦਾ ਦੇਹਾਂਤ ਹੋ ਗਿਆ। ਇਸੇ ਦੌਰਾਨ ਉਹ ਸਿਲੇਬਸ ਤੋਂ ਇਲਾਵਾ ਹੋਰ ਕਿਤਾਬਾਂ ਦਾ ਅਧਿਐਨ ਵੀ ਕਰਨ ਲੱਗ ਪਏ। ਉੱਧਰ, ਉਨਾਂ ਦੀ ਪੜਾਈ ਦੇ ਨਾਲ ਨਾਲ ਛੂਆ-ਛਾਤ ਵੀ ਚਲਦੀ ਰਹੀ ਪਰ ਇਹ ਨਾਕਾਰਾਤਮਕ ਹਾਲਾਤ ਉਨਾਂ ਦੀ ਵਿਦਿਆ ਪ੍ਰਾਪਤੀ ਦੀ ਲਗਨ ਵਿਚ ਰੁਕਾਵਟ ਨਾ ਬਣ ਸਕੇ। 17 ਸਾਲ ਦੀ ਉਮਰ ਵਿਚ ਭੀਮ ਰਾਓ ਦਾ ਵਿਆਹ ਰਮਾਬਾਈ ਨਾਲ ਹੋਇਆ। 1912 ਵਿਚ ਬੜੋਦਾ ਰਿਆਸਤ ਦੇ ਮਹਾਰਾਜਾ ਸ੍ਰੀ ਸਿਆਜੀ ਰਾਓ ਗਾਇਕਵਾੜ ਦੁਆਰਾ 25 ਰੁਪਏ ਪ੍ਰਤੀ ਮਹੀਨਾ ਵਜ਼ੀਫੇ ਨਾਲ ਉਹ ਬੀਏ ਪਾਸ ਕਰ ਗਏ ਅਤੇ ਜਨਵਰੀ 1913 ਵਿਚ ਬੜੌਦਾ ਵਿਚ ਸਟੇਟ ਫੋਰਸ ਵਿਚ ਲੈਫਟੀਨੈਂਟ ਭਰਤੀ ਹੋ ਗਏ। ਇਹ ਅਹੁਦਾ ਉਨਾਂ ਨੂੰ ਇੱਕ ਮਹੀਨੇ ਬਾਅਦ ਹੀ ਪਿਤਾ ਜੀ ਦੀ ਸਿਹਤ ਖਰਾਬ ਹੋਣ ਕਾਰਨ ਤਿਆਗਣਾ ਪਿਆ। ਘਰ ਆਉਣ ਤੇ ਉਨਾਂ ਦੇ ਪਿਤਾ ਜੀ ਦਾ ਦੇਹਾਂਤ ਹੋ ਗਿਆ। ਜੁਲਾਈ 1913 ਵਿਚ ਉਹ ਸ੍ਰੀ ਸਿਆਜੀ ਗਾਇਕਵਾੜ ਨਾਲ ਬੜੋਦਾ ਰਿਆਸਤ ਦੀ ਦਸ ਸਾਲ ਸੇਵਾ ਕਰਨ ਦਾ ਇਕਰਾਰਨਾਮਾ ਕਰਕੇ ਉਨਾਂ ਦੀ ਸਹਾਇਤਾ ਨਾਲ ਨਿਊ ਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਉਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਚਲੇ ਗਏ। ਇੱਥੇ ਸਖਤ ਮਿਹਨਤ ਕਰਦਿਆਂ 1915 ਵਿਚ ਉਨਾਂ 'ਪ੍ਰਾਚੀਨ ਭਾਰਤੀ ਵਪਾਰ' ਨਾਮੀ ਪੁਸਤਕ ਲਿਖ ਕੇ ਐੱਮਏ ਕੀਤੀ। ਜੂਨ 1916 ਵਿਚ ਉਨਾਂ ਖੋਜ ਗ੍ਰੰਥ 'ਭਾਰਤ ਦਾ ਕੌਮੀ ਲਾਭ ਅੰਸ਼' ਲਿਖ ਕੇ ਡਾਕਟਰ ਆਫ ਫਿਲਾਸਫੀ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਡਾਕਟਰ ਅੰਬੇਡਕਰ ਬਣ ਗਏ। ਸਤੰਬਰ 1917 ਵਿਚ ਡਾਕਟਰ ਅੰਬੇਡਕਰ ਆਪਣੇ ਵਾਅਦੇ ਮੁਤਾਬਕ ਬੜੋਦਾ ਰਿਆਸਤ ਦੀ ਸੇਵਾ ਲਈ ਪਹੁੰਚ ਗਏ। ਉਨਾਂ ਨੂੰ ਫੌਜੀ ਸਕੱਤਰ ਨਿਯੁਕਤ ਕੀਤਾ ਗਿਆ ਪਰ ਜਾਤੀ ਕਾਰਨ ਇਹ ਨੌਕਰੀ ਛੱਡਣੀ ਪਈ। 1920 ਵਿਚ ਡਾਕਟਰ ਅੰਬੇਡਕਰ ਆਪਣੇ ਕੁਝ ਜੋੜੇ ਹੋਏ ਰੁਪਏ, ਕੁਝ ਮਹਾਰਾਜਾ ਕੋਹਲਾਪੁਰ ਤੋਂ ਸਹਾਇਤਾ ਲੈ ਕੇ ਅਤੇ ਕੁੱਝ ਦੋਸਤਾਂ ਤੋਂ ਉਧਾਰ ਲੈ ਕੇ ਕਾਨੂੰਨ ਤੇ ਅਰਥ ਸ਼ਾਸਤਰ ਦੀ ਪੜਾਈ ਲਈ ਲੰਡਨ ਚਲੇ ਗਏ। ਅਥਾਹ ਮਿਹਨਤ ਤੋਂ ਬਾਅਦ ਉਨਾਂ ਖੋਜ ਗ੍ਰੰਥ 'ਬਰਤਾਨਵੀ ਭਾਰਤ ਵਿਚ ਸਾਮਰਾਜੀ ਵਿੱਤ ਦਾ ਪ੍ਰਦੇਸ਼ਕ ਵਿਕੇਂਦਰੀਕਰਨ' ਪੂਰਾ ਕਰਕੇ ਡਾਕਟਰ ਆਫ ਸਾਇੰਸ ਦੀ ਡਿਗਰੀ ਲਈ। ਅਕਤੂਬਰ 1922 ਵਿਚ ਉਨਾਂ ਆਪਣਾ ਦੂਜਾ ਖੋਜ ਗ੍ਰੰਥ 'ਰੁਪਏ ਦਾ ਮਸਲਾ' ਲਿਖ ਕੇ ਡਾਕਟਰ ਆਫ ਫਿਲਾਸਫੀ ਦੀ ਡਿਗਰੀ ਪ੍ਰਾਪਤ ਕੀਤੀ। ਬੰਬਈ ਪਰਤਣ ਤੇ 1923 ਵਿਚ ਉਨਾਂ ਬਤੌਰ ਵਕੀਲ ਆਪਣਾ ਕਰੀਅਰ ਸ਼ੁਰੂ ਕੀਤਾ। ਜਾਤ ਪਾਤ ਦਾ ਕੋਹੜ ਇੱਥੇ ਵੀ ਉਨਾਂ ਨੂੰ ਪ੍ਰੇਸ਼ਾਨ ਕਰਦਾ ਰਿਹਾ। ਉਨਾਂ 1924 ਵਿਚ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਰਾਹੀਂ ਸਮਾਜ ਸੁਧਾਰਕ ਵਜੋਂ ਸ਼ੋਸ਼ਿਤ ਲੋਕਾਂ ਦੀ ਅਣਖ ਨੂੰ ਵੰਗਾਰਿਆ। ਉਨਾਂ ਅਸਮਾਨਤਾ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਕਰੋ ਜਾਂ ਮਰੋ ਦਾ ਹੋਕਾ ਦਿੱਤਾ। ਉਹ ਆਪ ਇਨਾਂ ਹਾਲਾਤ ਵਿਚੋਂ ਗੁਜ਼ਰੇ ਹੋਣ ਕਾਰਨ ਉਨਾਂ ਦੇ ਬੋਲਾਂ ਵਿਚ ਦਰਦ ਅਤੇ ਤੜਫ ਸੀ। ਛੇਤੀ ਹੀ ਉਨਾਂ ਦਾ ਮਿਸ਼ਨ ਮੰਜ਼ਿਲ ਵੱਲ ਵਧਣ ਲੱਗਾ। ਮਹਾਡ ਵਿਚ ਲੋਕਾਂ ਦੇ ਵੱਡੇ ਇਕੱਠ ਨੂੰ ਲਲਕਾਰਦਿਆਂ ਉਨਾਂ ਸਿੱਖਿਆ ਪ੍ਰਾਪਤੀ ਤੇ ਜ਼ੋਰ ਦੇਣ, ਆਪਣੇ ਰਹਿਣ ਸਹਿਣ ਦਾ ਢੰਗ ਤਰੀਕਾ ਸੁਧਾਰਨ, ਮਰੇ ਹੋਏ ਜਾਨਵਰਾਂ ਦਾ ਮਾਸ ਨਾ ਖਾਣ ਅਤੇ ਸਵੈ-ਮਾਣ ਦਾ ਜਜ਼ਬਾ ਪੈਦਾ ਕਰਨਾ ਬਾਰੇ ਕਿਹਾ। ਸਿੱਟੇ ਵਜੋਂ 19 ਮਾਰਚ 1927, ਭਾਵ ਉਸੇ ਸ਼ਾਮ ਲੋਕਾਂ ਦੇ ਭਾਰੀ ਹਜੂਮ ਨੇ ਡਾਕਟਰ ਅੰਬੇਡਕਰ ਦੀ ਅਗਵਾਈ ਹੇਠ ਚੋਦਾਰ ਤਲਾਬ ਦਾ ਪਾਣੀ ਪੀਤਾ ਜਿਸ ਤਲਾਬ ਦਾ ਪਾਣੀ ਪੀਣ ਦੀ ਇਨਾਂ ਲੋਕਾਂ ਨੂੰ ਸਦੀਆਂ ਤੋਂ ਪਾਬੰਦੀ ਲੱਗੀ ਹੋਈ ਸੀ। ਇਹ ਉਨਾਂ ਦਾ ਕ੍ਰਾਂਤੀਕਾਰੀ ਕਦਮ ਸੀ। ਪਹਿਲੀ ਗੋਲਮੇਜ਼ ਕਾਨਫਰੰਸ ਵਿਚ ਡਾਕਟਰ ਅੰਬੇਡਕਰ ਨੇ ਬਰਤਾਨੀਆ ਪ੍ਰਸ਼ਾਸਨ ਨੂੰ ਭਾਰਤ ਦੇ ਅਸਮਾਨਤਾ ਭਰੇ ਸਮਾਜ ਬਾਰੇ ਕੁੱਝ ਨਾ ਕਰਨ ਕਰਕੇ ਭੰਡਿਆ। ਉਨਾਂ ਦਾ ਅੰਦੋਲਨ ਸਮਾਜਿਕ ਸਮਾਨਤਾ ਅਤੇ ਰਾਜਨੀਤਿਕ ਆਜ਼ਾਦੀ ਨਾਲ ਸਬੰਧਤ ਸੀ। ਉਨਾਂ ਲੰਡਨ ਵਿਚ ਅਖ਼ਬਾਰਾਂ ਰਾਹੀਂ ਅਤੇ ਸਭਾਵਾਂ ਕਰਕੇ ਅੰਗਰੇਜ਼ਾਂ ਨੂੰ ਭਾਰਤ ਦੇ ਦਲਿਤਾਂ ਦੀ ਦੁਰਦਸ਼ਾ ਤੋਂ ਜਾਣੂ ਕਰਾਇਆ। ਨਤੀਜੇ ਵਜੋਂ ਪੂਰੇ ਸੰਸਾਰ ਨੂੰ ਭਾਰਤੀ ਦਲਿਤਾਂ ਦੀ ਮਾੜੀ ਦਸ਼ਾ ਦਾ ਪਤਾ ਲੱਗਿਆ। ਬਰਤਾਨਵੀਂ ਪਾਰਲੀਮੈਂਟ ਦੇ ਮੈਂਬਰਾਂ ਦਾ ਪ੍ਰਤੀਨਿਧ, ਲਾਰਡ ਸੰਕੀ ਨੂੰ ਮਿਲਿਆ ਤੇ ਉਨਾਂ ਭਾਰਤੀ ਦਲਿਤਾਂ ਨੂੰ ਵੋਟ ਦਾ ਅਧਿਕਾਰ ਦੇਣ ਅਤੇ ਇਨਾਂ ਦਾ ਸਮਾਜਿਕ ਤੇ ਆਰਥਿਕ ਪੱਧਰ ਚੁੱਕਣ ਲਈ ਕਿਹਾ। ਸਿੱਟੇ ਵਜੋਂ ਭਾਰਤ ਵਿਚ ਪੁਲੀਸ ਵਿਭਾਗ ਵਿਚ ਦਲਿਤ ਵਰਗ ਲਈ ਭਰਤੀ ਖੋਲ ਦਿੱਤੀ ਗਈ। ਗੋਲਮੇਜ਼ ਕਾਨਫਰੰਸ ਦਾ ਦੂਜਾ ਸੰਮੇਲਨ 7 ਸਤੰਬਰ 1931 ਨੂੰ ਸ਼ੁਰੂ ਹੋਇਆ। ਮਹਾਤਮਾ ਗਾਂਧੀ ਨੇ ਪਹਿਲੇ ਹੀ ਭਾਸ਼ਣ ਵਿਚ ਮੁਸਲਮਾਨਾਂ ਅਤੇ ਸਿੱਖਾਂ ਤੋਂ ਇਲਾਵਾ ਕਿਸੇ ਹੋਰ ਨੂੰ ਵਿਸ਼ੇਸ਼ ਅਧਿਕਾਰ ਦੇਣ ਦਾ ਵਿਰੋਧ ਕੀਤਾ ਜਦਕਿ



ਡਾਕਟਰ ਅੰਬੇਡਕਰ ਦਲਿਤ ਵਰਗਾਂ, ਭਾਰਤੀ ਇਸਾਈਆਂ ਅਤੇ ਐਂਗਲੋ ਇੰਡੀਅਨ ਲੋਕਾਂ ਨੂੰ ਵਿਸ਼ੇਸ਼ ਅਧਿਕਾਰ ਦੇਣ ਦੀ ਮੰਗ ਕਰ ਰਹੇ ਸਨ। ਭਾਰਤੀ ਸ਼ੋਸ਼ਿਤ ਲੋਕਾਂ ਨੂੰ ਗਾਂਧੀ ਜੀ ਦੇ ਵਿਰੋਧ ਬਾਰੇ ਪਤਾ ਲੱਗਣ ਤੇ ਉਨਾਂ ਵਿਰੋਧ ਪ੍ਰਗਟਾਉਣ ਦਾ ਪ੍ਰੋਗਰਾਮ ਉਲੀਕਿਆ। ਉਧਰ ਲੰਡਨ ਵਿਚ ਡਾਕਟਰ ਅੰਬੇਡਕਰ ਦੀਆਂ ਪ੍ਰਭਾਵਸ਼ਾਲੀ, ਸੱਚੀਆਂ ਤੇ ਖਰੀਆਂ ਤਕਰੀਰਾਂ ਤਹਿਤ ਪ੍ਰਧਾਨ ਮੰਤਰੀ ਰੈਮਜੇ ਮੈਕਡਾਨਲਡ ਵੱਲੋਂ ਦਲਿਤਾਂ ਲਈ ਕੁਝ ਚੋਣ ਹਲਕੇ ਸੁਰੱਖਿਆ ਕੀਤੇ ਗਏ ਅਤੇ ਇਨਾਂ ਨੂੰ ਦੋਹਰੀ ਵੋਟ ਦਾ ਅਧਿਕਾਰ ਦੇ ਦਿੱਤਾ ਗਿਆ। ਇਹ ਦਲਿਤ ਉਮੀਦਵਾਰ ਤੋਂ ਇਲਾਵਾ ਹਿੰਦੂ ਉਮੀਦਵਾਰ ਦੀ ਚੋਣ ਵਿਚ ਵੀ ਹਿੱਸਾ ਲੈ ਸਕਦੇ ਸਨ। ਡਾਕਟਰ ਅੰਬੇਡਕਰ ਦੀ ਇਹ ਸਿਰੇ ਦੀ ਦੂਰਅੰਦੇਸ਼ੀ ਸੀ ਕਿ ਇਹ ਦੋਹਰੀ ਵੋਟ ਪ੍ਰਣਾਲੀ ਦਲਿਤਾਂ ਦੇ ਦੁੱਖ ਕੱਟਣ ਵਿਚ ਸਹਾਈ ਹੋਵੇਗੀ। ਮਹਾਤਮਾ ਗਾਂਧੀ ਨੇ ਇਸ ਖ਼ਿਲਾਫ਼ 18 ਅਗਸਤ 1932 ਨੂੰ ਪ੍ਰਧਾਨ ਮੰਤਰੀ ਮੈਕਡਾਨਲਡ ਨੂੰ ਪੱਤਰ ਲਿਖਿਆ ਕਿ ਇਸ ਪੱਤਰ ਨੂੰ ਵਾਪਸ ਲਿਆ ਜਾਵੇ ਨਹੀਂ ਤਾਂ ਉਹ ਮਰਨ ਵਰਤ ਆਰੰਭ ਕਰਨਗੇ। ਉੱਤਰ ਵਿਚਪ੍ਰਧਾਨ ਮੰਤਰੀ ਨੇ ਲਿਖਿਆ ਕਿ ਦਲਿਤਾਂ ਦੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਖੇਤਰਾਂ ਵਿਚ ਨਿੱਘਰੀ ਅਵਸਥਾ ਨੂੰ ਸੁਧਾਰਨ ਲਈ ਇਸ ਸਮੇਂ ਇਨਾਂ ਨੂੰ ਵਿਸ਼ੇਸ਼ ਅਧਿਕਾਰ ਦੇਣੇ ਬਣਦੇ ਹਨ, ਇਹ ਵਿਸ਼ੇਸ਼ ਅਧਿਕਾਰ ਅਸੀਂ ਵੀਹ ਸਾਲਾਂ ਲਈ ਦੇ ਰਹੇ ਹਾਂ ਪਰ ਗਾਂਧੀ ਜੀ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ। ਮਹਾਤਮਾ ਗਾਂਧੀ ਨੇ ਅੰਬੇਡਕਰ ਨੂੰ ਕਿਹਾ-ਮੇਰੀ ਜਾਨ ਤੁਹਾਡੇ ਹੱਥ ਵਿਚ ਹੈ। ਫਿਰ ਇਹ ਖ਼ਬਰ ਫੈਲ ਗਈ ਕਿ ਗਾਂਧੀ ਜੀ ਦੀ ਹਾਲਤ ਕਾਫੀ ਖਰਾਬ ਹੋ ਗਈ ਹੈ। ਗਾਂਧੀਵਾਦੀ ਡਾਕਟਰ ਅੰਬੇਡਕਰ ਨੂੰ ਧਮਕੀਆਂ ਦੇ ਰਹੇ ਸਨ ਕਿ ਜੇ ਮਹਾਤਮਾ ਗਾਂਧੀ ਨੂੰ ਕੁੱਝ ਹੋ ਗਿਆ ਤਾਂ ਉਹ ਦਲਿਤਾਂ ਦੇ ਖੂਨ ਦੀ ਹੋਲੀ ਖੇਡਣਗੇ। ਦੂਜੇ, ਉਹ ਬਰਤਾਨਵੀ ਸਰਕਾਰ ਅੱਗੇ ਇਹ ਐਲਾਨ ਕਰਕੇ ਪ੍ਰਭਾਵ ਪਾ ਰਹੇ ਸਨ ਕਿ ਦਲਿਤਾਂ ਲਈ ਧਰਮਸ਼ਾਲਾਵਾਂ ਤੇ ਮੰਦਰਾਂ ਦੇ ਦਰਵਾਜ਼ੇ ਖੋਲ ਦਿੱਤੇ ਜਾਣਗੇ। ਇਥੇ ਡਾਕਟਰ ਅੰਬੇਡਕਰ ਦੁਚਿਤੀ ਵਿਚ ਸਨ। ਉਨਾਂ ਅਨੁਸਾਰ, ਇਹ ਸੁਨਹਿਰੀ ਮੌਕਾ ਉਨਾਂ ਦੇ ਸਮਾਜ ਲਈ ਬੜਾ ਔਖਾ ਆਇਆ ਹੈ; ਦੂਜੇ ਪਾਸੇ ਉਹ ਇਨਸਾਨੀਅਤ ਵਜੋਂ ਮਹਾਤਮਾ ਗਾਂਧੀ ਦੇ ਜੀਵਨ ਬਾਰੇ ਵੀ ਚਿੰਤਤ ਸਨ। ਉਨਾਂ ਨੂੰ ਆਪਣੇ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਦੀ ਵੀ ਚਿੰਤਾ ਸੀ। ਅਖੀਰ 27 ਸਤੰਬਰ 1932 ਨੂੰ ਉਨਾਂ ਪੂਨਾ ਵਿਚ ਮਹਾਤਮਾ ਗਾਂਧੀ ਦਾ ਮਰਨ ਵਰਤ ਤੁੜਵਾਉਂਦਿਆਂ ਆਪਣੀ ਕਲਮ ਤੋੜ ਕੇ ਇਹ ਸ਼ਬਦ ਕਹੇ ਸਨ- ਮੇਰਾ ਸਮਾਜ ਹੁਣ 100 ਸਾਲ ਪਿੱਛੇ ਚਲਾ ਗਿਆ ਹੈ। ਫਿਰ ਵੀ ਇਸ ਪੂਨਾ ਪੈਕਟ ਵਿਚੋਂ ਡਾਕਟਰ ਅੰਬੇਡਕਰ ਨੇ ਕਾਫੀ ਕੁਝ ਖੱਟਿਆ। ਹੁਣ ਦਲਿਤ ਕੇਂਦਰੀ ਅਤੇ ਪ੍ਰਦੇਸ਼ਿਕ ਵਿਧਾਨ ਸਭਾਵਾਂ ਵਿਚ ਆਪਣੇ ਪ੍ਰਤੀਨਿਧੀ ਭੇਜ ਸਕਦੇ ਸਨ। ਸਰਕਾਰੀ ਨੌਕਰੀਆਂ ਅਤੇ ਵਿਦਿਅਕ ਸੰਸਥਾਵਾਂ ਵਿਚ ਰਾਖਵਾਂਕਰਨ ਲਾਗੂ ਹੋਣਾ ਪੂਨਾ ਪੈਕਟ ਤਹਿਤ ਹੀ ਹੈ। ਗੌਰਮਿੰਟ ਆਫ ਇੰਡੀਆ ਐਕਟ-1935 ਅਧੀਨ 1937 ਵਿਚ ਸੂਬਾਈ ਸਰਕਾਰਾਂ ਨੂੰ ਅੰਤਿਮ ਸ਼ਾਸਨ ਦਾ ਅਧਿਕਾਰ ਦਿੱਤਾ ਜਾਣਾ ਸੀ। ਹਰ ਪਾਰਟੀ ਚੋਣ ਲੜਨ ਦੀ ਤਿਆਰੀ ਕਰ ਰਹੀ ਸੀ। ਡਾਕਟਰ ਅੰਬੇਡਕਰ ਨੇ ਵੀ ਸਾਥੀਆਂ ਦੀ ਸਲਾਹ ਨਾਲ ਆਜ਼ਾਦ ਮਜ਼ਦੂਰ ਪਾਰਟੀ ਬਣਾਈ। ਕੁਲ 75 ਸੀਟਾਂ ਵਿਚੋਂ 15 ਸੀਟਾਂ ਰਾਖਵੀਆਂ ਸਨ। ਉਨਾਂ ਬੰਬਈ ਦੇ ਅਲੱਗ ਅਲੱਗ ਜ਼ਿਲਿਆਂ ਵਿਚ 17 ਉਮੀਦਵਾਰ ਖੜੇ ਕੀਤੇ ਜਿਨਾਂ ਵਿਚੋਂ 15 ਨੇ ਜਿੱਤਾਂ ਪ੍ਰਾਪਤ ਕੀਤੀਆਂ। ਡਾਕਟਰ ਅੰਬੇਡਕਰ ਦੀ ਉੱਚ ਯੋਗਤਾ ਦਾ ਹੀ ਕਮਾਲ ਸੀ ਕਿ ਉਨਾਂ ਨੂੰ 2 ਜੁਲਾਈ 1942 ਨੂੰ ਵਾਇਸਰਾਏ ਹਿੰਦ ਦੀ ਕਾਰਜ ਸਾਧਕ ਕੌਂਸਲ ਦਾ ਮੈਂਬਰ ਨਿਯੁਕਤ ਕੀਤਾ ਗਿਆ। ਸੁਰੱਖਿਆ ਕੌਂਸਲ ਦੀ ਮੀਟਿੰਗ ਵਿਚ ਭਾਗ ਲੈਣ ਤੋਂ ਬਾਅਦ ਉਨਾਂ 11 ਜੁਲਾਈ ਨੂੰ ਬੰਬਈ ਵਿਚ ਭਾਰੀ ਇਕੱਠ ਦੌਰਾਨ ਕਿਹਾ-ਸਾਡੀ ਲੜਾਈ ਨਾ ਧਨ ਦੌਲਤ ਵਾਸਤੇ ਹੈ ਅਤੇ ਨਾ ਹੀ ਤਾਕਤ ਪ੍ਰਾਪਤ ਕਰਨ ਲਈ ਸਗੋਂ ਆਜ਼ਾਦੀ ਵਾਸਤੇ ਹੈ। ਯਿਉਲਾ ਕਾਨਫਰੰਸ ਵਿਚ ਡਾਕਟਰ ਅੰਬੇਡਕਰ ਨੇ ਕਿਹਾ- ਮੈਂ ਉਸ ਧਰਮ ਵਿਚ ਨਹੀਂ ਰਹਿਣਾ ਚਾਹੁੰਦਾ ਜੋ ਮਨੁੱਖੀ ਵਿਤਕਰਿਆ ਤੇ ਆਧਾਰਿਤ ਹੋਵੇ। ਜੋ ਧਰਮ ਤੁਹਾਨੂੰ ਪਾਣੀ ਪੀਣ ਤੋਂ ਰੋਕਦਾ ਹੋਵੇ, ਧਾਰਮਿਕ ਸਥਾਨਾਂ ਵਿਚ ਦਾਖਲ ਹੋਣ ਤੋਂ ਰੋਕਦਾ ਹੋਵੇ। ਫਿਰ ਤੁਹਾਡੀ ਅਣਖ ਕਿੱਥੇ ਹੈ? ਇਸ ਕਾਨਫਰੰਸ ਤੋਂ ਬਾਅਦ ਬੰਬਈ ਵਿਖੇ ਪੂਰੀ ਮਹਾਰ ਜਾਤੀ ਨੇ ਧਰਮ ਪਰਿਵਰਤਨ ਦਾ ਮਤਾ ਪਾਸ ਕਰ ਦਿੱਤਾ। ਉਨਾਂ 14 ਅਕਤੂਬਰ 1956 ਨੂੰ ਧਰਮ ਪਰਿਵਰਤਨ ਕਰਦਿਆਂ ਬੁੱਧ ਧਰਮ ਅਪਣਾ ਲਿਆ। 3 ਅਗਸਤ 1947 ਨੂੰ ਆਜ਼ਾਦ ਭਾਰਤ ਦੇ ਪਹਿਲੇ ਮੰਤਰੀ ਮੰਡਲ ਦੇ ਨਾਵਾਂ ਦਾ ਐਲਾਨ ਕੀਤਾ ਗਿਆ। ਦੇਸ਼ ਵੰਡ ਦੀ ਕਤਲੋਗਾਰਤ ਕਾਰਨ ਕਾਂਗਰਸ ਨੂੰ ਇਕੱਲਿਆਂ ਸਰਕਾਰ ਚਲਾਉਣਾ ਮੁਸ਼ਕਿਲ ਜਾਪਿਆ ਅਤੇ ਉਨਾਂ ਵਿਰੋਧੀ ਪਾਰਟੀਆਂ ਦਾ ਸਹਿਯੋਗ ਲਿਆ। ਡਾਕਟਰ ਅੰਬੇਡਕਰ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ। ਸੰਵਿਧਾਨ ਖਰੜਾ ਕਮੇਟੀ ਬੇਸ਼ਕ ਸੱਤ ਮੈਂਬਰੀ ਸੀ ਪਰ ਵਿਧਾਨ ਦਾ ਖਰੜਾ ਤਿਆਰ ਕਰਨ ਲਈ ਉਨਾਂ ਨੂੰ ਇਕੱਲਿਆਂ ਹੀ ਕੰਮ ਕਰਨਾ ਪਿਆ। ਅੱਜ ਆਜ਼ਾਦੀ ਦੇ ਸੱਤ ਦਹਾਕਿਆਂ ਬਾਅਦ ਵੀ ਜਾਤੀਗਤ ਟਿੱਪਣੀਆਂ ਤਕਰੀਬਨ ਸਾਰੇ ਭਾਰਤ ਭਰ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਹੋ ਰਹੀਆਂ ਹਨ। ਜਾਤੀ ਆਧਾਰਿਤ ਦੰਗੇ-ਫਸਾਦ ਜਾਰੀ ਹਨ। ਆਰਥਿਕ ਕਾਣੀਵੰਡ ਅਤੇ ਰਾਜਨੀਤੀ ਦਾ ਕੇਂਦਰੀਕਰਨ ਅਸਲ ਵਿਚ ਅੰਬੇਡਕਰਵਾਦ ਨੂੰ ਢੁਕਵੇਂ ਰੂਪ ਵਿਚ ਲਾਗੂ ਨਾ ਕਰਨਾ ਹੈ। ਅਖੀਰ 6 ਦਸੰਬਰ 1956 ਨੂੰ ਇਹ ਜੋਤ ਬੁਝ ਗਈ।

ਗਾਂਧੀ ਦੇ ਵਿਰੋਧੀ ਬਾਬਾ ਸਾਹਿਬ

ਦਲਿਤ ਪੱਖੀ ਅਖਵਾਉਣ ਵਾਲੇ ਗਾਂਧੀ ਨੂੰ ਭੀਮ ਰਾਓ ਨੇ ਕੀ ਸਵਾਲ ਕੀਤੇ ਸਨ? ਦਿਲਚਸਪ ਗੱਲ ਹੈ ਕਿ ਭਾਰਤ ਦੀਆਂ ਦੋ ਮਹਾਨ ਸ਼ਖ਼ਸੀਅਤਾਂ ਭੀਮਰਾਓ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਕਦੇ ਨਹੀਂ ਬਣੀ। ਦੋਵੇਂ ਮਹਾਨ ਵਿਅਕਤੀਆਂ ਵਿਚਾਲੇ ਕਈ ਮੁਲਾਕਾਤਾਂ ਹੋਈਆਂ ਪਰ ਉਹ ਆਪਣੇ ਮਤਭੇਦਾਂ ਨੂੰ ਕਦੇ ਖਤਮ ਨਹੀਂ ਕਰ ਸਕੇ। ਅਜ਼ਾਦੀ ਤੋਂ ਦਹਾਕੇ ਪਹਿਲਾਂ ਅੰਬੇਡਕਰ ਨੇ ਆਪਣੇ ਆਪ ਨੂੰ ਆਪਣੇ ਸਮਰਥਕਾਂ ਨਾਲ ਅਜ਼ਾਦੀ ਅੰਦੋਲਨ ਤੋਂ ਅਲੱਗ ਥਲੱਗ ਕਰ ਲਿਆ ਸੀ।

ਅਛੂਤਾਂ ਪ੍ਰਤੀ ਗਾਂਧੀ ਦੇ ਪਿਆਰ ਅਤੇ ਉਨਾਂ ਵੱਲੋਂ ਬੋਲਣ ਦੇ ਉਨਾਂ ਦੇ ਦਾਅਵਿਆਂ ਨੂੰ ਉਹ ਇੱਕ ਜੋੜ-ਤੋੜ ਦੀ ਰਣਨੀਤੀ ਮੰਨਦੇ ਸਨ। ਜਦੋਂ 14 ਅਗਸਤ 1931 ਨੂੰ ਗਾਂਧੀ ਨਾਲ ਉਨਾਂ ਦੀ ਮੁਲਾਕਾਤ ਹੋਈ ਸੀ ਤਾਂ ਗਾਂਧੀ ਨੇ ਉਨਾਂ ਨੂੰ ਕਿਹਾ ਸੀ 'ਮੈਂ ਅਛੂਤਾਂ ਦੀਆਂ ਸਮੱਸਿਆਵਾਂ ਬਾਰੇ ਉਦੋਂ ਤੋਂ ਸੋਚ ਰਿਹਾ ਹਾਂ ਜਦੋਂ ਤੁਸੀਂ ਪੈਦਾ ਵੀ ਨਹੀਂ ਹੋਏ ਸੀ। ਮੈਨੂੰ ਤਾਜ਼ੁਬ ਹੈ ਕਿ ਇਸ ਦੇ ਬਾਵਜੂਦ ਤੁਸੀਂ ਮੈਨੂੰ ਉਨਾਂ ਦਾ ਹਿਤੈਸ਼ੀ ਨਹੀਂ ਮੰਨਦੇ?'

ਧਨੰਜੈ ਕੀਰ ਨੇ ਅੰਬੇਡਕਰ ਦੀ ਜੀਵਨੀ 'ਡਾਕਟਰ ਅੰਬੇਡਕਰ : ਲਾਈਫ ਐਂਡ ਮਿਸ਼ਨ' ਵਿੱਚ ਲਿਖੀ ਹੈ, 'ਅੰਬੇਡਕਰ ਨੇ ਗਾਂਧੀ ਨੂੰ ਕਿਹਾ ਕਿ ਜੇਕਰ ਤੁਸੀਂ ਅਛੂਤਾਂ ਦੇ ਖ਼ੈਰਖਵਾਹ ਹੁੰਦੇ ਤਾਂ ਆਪਣੇ ਕਾਂਗਰਸ ਦੇ ਮੈਂਬਰ ਹੋਣ ਲਈ ਖਾਦੀ ਪਹਿਨਣ ਦੀ ਸ਼ਰਤ ਦੀ ਬਜਾਏ ਅਛੂਤਤਾ ਨਿਵਾਰਣ ਨੂੰ ਪਹਿਲੀ ਸ਼ਰਤ ਬਣਾਇਆ ਹੁੰਦਾ।' ਕਿਸੇ ਵੀ ਵਿਅਕਤੀ ਨੂੰ ਜਿਸ ਨੇ ਆਪਣੇ ਘਰ ਵਿੱਚ ਘੱਟ ਤੋਂ ਘੱਟ ਇੱਕ ਅਛੂਤ ਵਿਅਕਤੀ ਜਾਂ ਔਰਤ ਨੂੰ ਨੌਕਰੀ ਨਹੀਂ ਦਿੱਤੀ ਹੋਵੇ ਜਾਂ ਉਸ ਨੇ ਇੱਕ ਅਛੂਤ ਵਿਅਕਤੀ ਦੇ ਪਾਲਣ ਪੋਸ਼ਣ ਦਾ ਬੀੜਾ ਨਾ ਚੁੱਕਿਆ ਹੋਵੇ ਜਾਂ ਉਸ ਨੇ ਘੱਟ ਤੋਂ ਘੱਟ ਹਫ਼ਤੇ ਵਿੱਚ ਇੱਕ ਵਾਰ ਕਿਸੇ ਅਛੂਤ ਵਿਅਕਤੀ ਨਾਲ ਖਾਣਾ ਨਾ ਖਾਧਾ ਹੋਵੇ, ਕਾਂਗਰਸ ਦਾ ਮੈਂਬਰ ਬਣਨ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ ਸੀ।' 'ਤੁਸੀਂ ਕਦੇ ਵੀ ਕਿਸੇ ਜ਼ਿਲਾ ਕਾਂਗਰਸ ਪਾਰਟੀ ਦੇ ਪ੍ਰਧਾਨ ਨੂੰ ਪਾਰਟੀ ਤੋਂ ਕੱਢਿਆ ਨਹੀਂ ਜੋ ਮੰਦਿਰਾਂ ਵਿੱਚ ਅਛੂਤਾਂ ਦੇ ਦਾਖਲੇ ਦਾ ਵਿਰੋਧ ਕਰਦੇ ਦੇਖਿਆ ਗਿਆ ਹੋਵੇ।'

26 ਫਰਵਰੀ 1955 ਵਿੱਚ ਜਦੋਂ ਅੰਬੇਡਕਰ ਤੋਂ ਗਾਂਧੀ ਬਾਰੇ ਉਨਾਂ ਦੀ ਰਾਏ ਜਾਨਣੀ ਚਾਹੀ ਤਾਂ ਉਨਾਂ ਨੇ ਸਾਫ ਸ਼ਬਦਾਂ ਵਿੱਚ ਕਿਹਾ, 'ਮੈਨੂੰ ਇਸ ਗੱਲ 'ਤੇ ਕਾਫੀ ਹੈਰਾਨੀ ਹੁੰਦੀ ਹੈ ਕਿ ਪੱਛਮ ਗਾਂਧੀ ਵਿੱਚ ਇੰਨੀ ਦਿਲਚਸਪੀ ਕਿਉਂ ਲੈਂਦਾ ਹੈ?' 'ਜਿੱਥੋਂ ਤੱਕ ਭਾਰਤ ਦੀ ਗੱਲ ਹੈ ਉਹ ਦੇਸ਼ ਦੇ ਇਤਿਹਾਸ ਦੇ ਇੱਕ ਹਿੱਸਾ ਭਰ ਹਨ। ਕੋਈ ਯੁੱਗ ਨਿਰਮਾਣ ਕਰਨ ਵਾਲੇ ਨਹੀਂ। ਗਾਂਧੀ ਦੀਆਂ ਯਾਦਾਂ ਇਸ ਦੇਸ਼ ਦੇ ਲੋਕਾਂ ਦੇ ਜ਼ਿਹਨ ਤੋਂ ਜਾ ਚੁੱਕੀਆਂ ਹਨ।'

## ਅੰਬੇਡਕਰ ਸ਼ੁਰੂ ਤੋਂ ਹੀ ਜਾਤੀਗਤ ਭੇਦਭਾਵ ਦੇ ਸ਼ਿਕਾਰ ਹੋਏ

ਅੰਬੇਡਕਰ ਨੂੰ ਬਚਪਨ ਤੋਂ ਹੀ ਆਪਣੀ ਜਾਤ ਕਾਰਨ ਲੋਕਾਂ ਦੇ ਭੇਦਭਾਵ ਦਾ ਸ਼ਿਕਾਰ ਹੋਣਾ ਪਿਆ, 1901 ਵਿੱਚ ਜਦੋਂ ਉਹ ਆਪਣੇ ਪਿਤਾ ਨੂੰ ਮਿਲਣ ਸਤਾਰਾ ਤੋਂ ਕੋਰੇਗਾਂਵ ਗਏ ਤਾਂ ਸਟੇਸ਼ਨ 'ਤੇ ਬੈਲ ਗੱਡੀ ਵਾਲੇ ਨੇ ਉਨਾਂ ਨੂੰ ਆਪਣੇ ਪਿਤਾ ਦੇ ਘਰ ਲੈ ਕੇ ਜਾਣ ਤੋਂ ਇਨਕਾਰ ਕਰ ਦਿੱਤਾ। ਦੁੱਗਣੇ ਪੈਸੇ ਦੇਣ 'ਤੇ ਉਹ ਇਸ ਗੱਲ ਲਈ ਰਾਜ਼ੀ ਹੋ ਗਿਆ ਕਿ ਨੌਂ ਸਾਲ ਦੇ ਅੰਬੇਡਕਰ ਅਤੇ ਉਨਾਂ ਦੇ ਭਰਾ ਬੈਲ ਗੱਡੀ ਚਲਾਉਣਗੇ ਅਤੇ ਉਹ ਪੈਦਲ ਉਨਾਂ ਨਾਲ ਚੱਲੇਗਾ।

1945 ਵਿੱਚ ਵਾਇਸਰਾਏ ਦੀ ਕੌਂਸਲ ਦੇ ਲੇਬਰ ਮੈਂਬਰ ਵਜੋਂ ਭੀਮਰਾਓ ਅੰਬੇਡਕਰ ਉੜੀਸਾ ਦੇ ਜਗਨਨਾਥ ਮੰਦਿਰ ਗਏ ਤਾਂ ਉਨਾਂ ਨੂੰ ਉਸ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ। ਉਸੇ ਸਾਲ ਜਦੋਂ ਉਹ ਕਲਕੱਤਾ ਵਿੱਚ ਮਹਿਮਾਨ ਵਜੋਂ ਇੱਕ ਸ਼ਖ਼ਸ ਦੇ ਕੋਲ ਗਏ ਤਾਂ ਉਸ ਦੇ ਨੌਕਰਾਂ ਨੇ ਉਨਾਂ ਨੂੰ ਖਾਣਾ ਪਰੋਸਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਮਹਾਰ ਜਾਤ ਤੋਂ ਆਉਂਦੇ ਸਨ।ਸ਼ਾਇਦ ਇਹੀ ਸਭ ਕਾਰਨ ਸਨ ਜਿਨਾਂ ਦੀ ਵਜਾ ਨਾਲ ਅੰਬੇਡਕਰ ਨੇ ਆਪਣੀ ਜਵਾਨੀ ਦੇ ਦਿਨਾਂ ਵਿੱਚ ਜਾਤ ਵਿਵਸਥਾ ਦੀ ਵਕਾਲਤ ਕਰਨ ਵਾਲੀ ਮਨੂਸਮਰਿਤੀ ਨੂੰ ਸਾੜਿਆ ਸੀ।

## ਭਾਰਤ ਦੇ ਸਭ ਤੋਂ ਪੜੇ ਲਿਖੇ ਸ਼ਖ਼ਸ

ਅੰਬੇਡਕਰ ਆਪਣੇ ਜ਼ਮਾਨੇ ਵਿੱਚ ਭਾਰਤ ਦੇ ਸੰਭਾਵਿਤ, ਸਭ ਤੋਂ ਪੜੇ ਲਿਖੇ ਵਿਅਕਤੀ ਸਨ। ਉਨਾਂ ਨੇ ਮੁੰਬਈ ਦੇ ਮਸ਼ਹੂਰ ਅਲਫਿਸਟਨ ਕਾਲਜ ਤੋਂ ਬੀਏ ਦੀ ਡਿਗਰੀ ਲਈ ਸੀ। ਬਾਅਦ ਵਿੱਚ ਉਨਾਂ ਨੇ ਕੋਲੰਬੀਆ ਯੂਨੀਵਰਸਿਟੀ ਅਤੇ ਲੰਡਨ ਸਕੂਲ ਆਫ ਇਕਨੌਮਿਕਸ ਤੋਂ ਪੀਐੱਚਡੀ ਦੀ ਡਿਗਰੀ ਪ੍ਰਾਪਤ ਕੀਤੀ ਸੀ।ਸ਼ੁਰੂ ਤੋਂ ਹੀ ਉਹ ਪੜਨ, ਬਾਗਬਾਨੀ ਕਰਨ ਅਤੇ ਕੁੱਤੇ ਪਾਲਣ ਦੇ ਸ਼ੌਕੀਨ ਸਨ। ਉਸ ਜ਼ਮਾਨੇ ਵਿੱਚ ਉਨਾਂ ਕੋਲ ਦੇਸ਼ ਵਿੱਚ ਕਿਤਾਬਾਂ ਦਾ ਸੰਭਾਵਿਤ, ਸਭ ਤੋਂ ਬਿਹਤਰੀਨ ਸੰਗ੍ਰਹਿ ਸੀ। ਮਸ਼ਹੂਰ ਕਿਤਾਬ 'ਇਨਸਾਈਡ ਏਸ਼ੀਆ' ਦੇ ਲੇਖਕ ਜੌਨ ਗੁੰਥੇਰ ਨੇ ਲਿਖਿਆ ਹੈ, 'ਜਦੋਂ 1938 ਵਿੱਚ ਮੇਰੀ ਰਾਜਗ੍ਰਹਿ ਵਿੱਚ ਅੰਬੇਡਕਰ ਨਾਲ ਮੁਲਾਕਾਤ ਹੋਈ ਸੀ ਤਾਂ ਉਨਾਂ ਕੋਲ 8000 ਕਿਤਾਬਾਂ ਸਨ। ਉਨਾਂ ਦੀ ਮੌਤ ਤੱਕ ਇਹ ਗਿਣਤੀ ਵਧ ਕੇ 35000 ਹੋ ਗਈ ਸੀ।' ਬਾਬਾ ਸਾਹੇਬ ਅੰਬੇਡਕਰ ਦੇ ਨਜ਼ਦੀਕੀ ਸਹਿਯੋਗੀ ਰਹੇ ਸ਼ੰਕਰਾਨੰਦ ਸ਼ਾਸਤਰੀ ਆਪਣੀ ਕਿਤਾਬ 'ਮਾਈ ਐਕਸਪੀਰੀਐਂਸੇਜ਼ ਐਂਡ ਮੈਮੋਰੀਜ਼ ਆਫ਼ ਡਾਕਟਰ ਬਾਬਾ ਸਾਹੇਬ ਅੰਬੇਡਕਰ' ਵਿੱਚ ਲਿਖਦੇ ਹਨ, 'ਮੈਂ ਐਤਵਾਰ 20 ਦਸੰਬਰ, 1944 ਨੂੰ ਦੁਪਹਿਰ ਇੱਕ ਵਜੇ ਅੰਬੇਡਕਰ ਨੂੰ ਮਿਲਣ ਉਨਾਂ ਦੇ ਘਰ ਗਿਆ। ਉਨਾਂ ਨੇ ਮੈਨੂੰ ਆਪਣੇ ਨਾਲ ਜਾਮਾ ਮਸਜਿਦ ਇਲਾਕੇ ਵਿੱਚ ਚੱਲਣ ਲਈ ਕਿਹਾ।' 'ਉਹ ਉਨਾਂ ਦਿਨਾਂ ਵਿੱਚ ਪੁਰਾਣੀਆਂ ਕਿਤਾਬਾਂ ਖਰੀਦਣ ਦਾ ਅੱਡਾ ਹੁੰਦਾ ਸੀ। ਮੈਂ ਉਨਾਂ ਨੂੰ ਕਹਿਣ ਦੀ ਕੋਸ਼ਿਸ਼ ਕੀਤੀ ਕਿ ਦਿਨ ਦੇ ਖਾਣੇ ਦਾ ਸਮਾਂ ਹੋ ਰਿਹਾ ਹੈ, ਪਰ ਉਨਾਂ 'ਤੇ ਇਸ ਦਾ ਕੋਈ ਅਸਰ ਨਹੀਂ ਹੋਇਆ। ਜਾਮਾ ਮਸਜਿਦ ਵਿੱਚ ਹੋਣ ਦੀ ਖ਼ਬਰ ਚਾਰੇ ਪਾਸੇ ਫੈਲ ਗਈ ਅਤੇ ਲੋਕ ਉਨਾਂ ਦੇ ਚਾਰੇ ਪਾਸੇ ਇਕੱਠੇ ਹੋਣ ਲੱਗੇ।ਇਸ ਭੀੜ ਵਿੱਚ ਵੀ ਉਨਾਂ ਨੇ ਵਿਭਿੰਨ ਵਿਸ਼ਿਆਂ 'ਤੇ ਲਗਭਗ ਦੋ ਦਰਜਨ ਕਿਤਾਬਾਂ ਖਰੀਦੀਆਂ। ਉਹ ਆਪਣੀਆਂ ਕਿਤਾਬਾਂ ਕਿਸੇ ਨੂੰ ਵੀ ਪੜਨ ਲਈ ਉਧਾਰ ਨਹੀਂ ਦਿੰਦੇ ਸਨ। ਉਹ ਕਿਹਾ ਕਰਦੇ ਸਨ ਕਿ ਜੇਕਰ ਕਿਸੇ ਨੂੰ ਉਨਾਂ ਦੀਆਂ ਕਿਤਾਬਾਂ ਪੜਨੀਆਂ ਹਨ ਤਾਂ ਉਨਾਂ ਨੂੰ ਉਨਾਂ ਦੀ ਲਾਇਬ੍ਰੇਰੀ ਵਿੱਚ ਆ ਕੇ ਪੜਨਾ ਚਾਹੀਦਾ ਹੈ।'

ਕਰਤਾਰ ਸਿੰਘ ਪੋਲੋਨਿਯਸ ਨੇ ਚੇਨਈ ਤੋਂ ਪ੍ਰਕਾਸ਼ਿਤ ਹੋਣ ਵਾਲੇ 'ਜੈ ਭੀਮ' ਦੇ 13 ਅਪ੍ਰੈਲ 1947 ਦੇ ਅੰਕ ਵਿੱਚ ਲਿਖਿਆ ਸੀ, 'ਇੱਕ ਵਾਰ ਮੈਂ ਬਾਬਾ ਸਾਹੇਬ ਨੂੰ ਪੁੱਛਿਆ ਕਿ ਤੁਸੀਂ ਇੰਨੀਆਂ ਢੇਰ ਸਾਰੀਆਂ ਕਿਤਾਬਾਂ ਕਿਵੇਂ ਪੜ ਲੈਂਦੇ ਹੋ ਤਾਂ ਉਨਾਂ ਦਾ ਜਵਾਬ ਸੀ ਲਗਾਤਾਰ ਕਿਤਾਬਾਂ ਪੜਦੇ ਰਹਿਣ ਨਾਲ ਉਨਾਂ ਨੂੰ ਇਹ ਅਨੁਭਵ ਹੋ ਗਿਆ ਸੀ ਕਿ ਕਿਸ ਤਰਾਂ ਕਿਤਾਬ ਦੇ

ਬਾਕੀ ਸਫ਼ਾ 34 'ਤੇ

# ਪੰਜਾਬ ਵਿਚ ਭ੍ਰਿਸ਼ਟਾਚਾਰ ਤੇ ਮਾਫ਼ੀਆ ਰਾਜ ਬਨਾਮ ਆਪ ਸਰਕਾਰ

**ਡਾਕਟਰ ਰਣਜੀਤ ਸਿੰਘ**

ਪੰਜਾਬ ਵਿਚ ਹੀ ਸਭ ਤੋਂ ਵੱਧ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਹੈ। ਪੈਸਾ ਹੀ ਪ੍ਰਧਾਨ ਹੈ, ਜਿਸ ਦੀ ਪ੍ਰਾਪਤੀ ਲਈ ਹਰ ਤਰਾਂ ਦੇ ਗ਼ਲਤ ਕੰਮ ਕੀਤੇ ਜਾਂਦੇ ਹਨ। ਇੱਕੀਵੀਂ ਸਦੀ ਨੂੰ ਸੰਸਾਰ ਵਿਚ ਗਿਆਨ, ਵਿਗਿਆਨ ਤੇ ਸੂਚਨਾ ਤਕਨਾਲੋਜੀ ਦੀ ਸਦੀ ਆਖਿਆ ਜਾਂਦਾ ਹੈ। ਪਰ ਪੰਜਾਬ ਵਿਕਾਸ ਦੀਆਂ ਸ਼ਿਖ਼ਰਾਂ ਉਤੇ ਪਹੁੰਚ ਇਸ ਸਦੀ ਵਿਚ ਹੇਠਾਂ ਵੱਲ ਰੁੜ੍ਹਿਆ ਹੈ। ਪਿਛਲੇ ਦੋ ਦਹਾਕਿਆਂ ਵਿਚ ਪੰਜਾਬ ਦੀ ਰਾਜ ਪ੍ਰਣਾਲੀ ਅਤੇ ਸਰਕਾਰੀ ਤੰਤਰ ਵਿਚ ਰਿਸ਼ਵਤਖੋਰੀ ਆਪਣੇ ਸ਼ਿਖ਼ਰ ਉਤੇ ਪੁੱਜ ਗਈ ਹੈ। ਜਿਹੜਾ ਪੈਸਾ ਸਰਕਾਰੀ ਖ਼ਜ਼ਾਨੇ ਵਿਚ ਜਾਣਾ ਚਾਹੀਦਾ ਸੀ ਉਹ ਪੈਸਾ ਆਗੂਆਂ, ਸਰਕਾਰੀ ਕਰਮਚਾਰੀਆਂ ਤੇ ਵਪਾਰੀਆਂ ਦੀਆਂ ਜੇਬਾਂ ਵਿਚ ਜਾ ਰਿਹਾ ਹੈ। ਸੂਬੇ ਦੇ ਵਿਕਾਸ ਕਾਰਜਾਂ ਵਿਚ ਖੜੋਤ ਆ ਗਈ ਹੈ, ਕਿਉਂਕਿ ਸਾਰੇ ਖ਼ਜ਼ਾਨਾ ਮੰਤਰੀ ਸਰਕਾਰ ਦੇ ਖ਼ਜ਼ਾਨੇ ਦੇ ਖ਼ਾਲੀ ਹੋਣ ਦਾ ਢੰਡੋਰਾ ਪਿੱਟਦੇ ਹਨ। ਸਰਕਾਰ ਦੀ ਸਾਰੀ ਆਮਦਨ ਕਰਜ਼ੇ ਦਾ ਵਿਆਜ ਮੋੜਨ ਤੇ ਸਰਕਾਰੀ ਖ਼ਰਚੇ ਪੂਰੇ ਕਰਨ ਉੱਤੇ ਹੀ ਖ਼ਰਚ ਹੋ ਜਾਂਦੀ ਹੈ। ਨਵੀਆਂ ਨਿਯੁਕਤੀਆਂ ਬੰਦ ਹੀ ਹਨ ਕਿਉਂਕਿ ਤਨਖਾਹਾਂ ਦੇਣ ਲਈ ਪੈਸਾ ਨਹੀਂ ਹੈ। ਵੋਟਾਂ ਲੈਣ ਲਈ ਲੋਕਾਂ ਨੂੰ ਕੁਝ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ ਜਾਂ ਕੁਝ ਵਿਕਾਸ ਕਾਰਜ ਕਰਵਾਏ ਜਾਂਦੇ ਹਨ ਤਾਂ ਇਸ ਲਈ ਕਰਜ਼ਾ ਚੁੱਕਿਆ ਜਾਂਦਾ ਹੈ। ਇਸ ਸਮੇਂ ਪੰਜਾਬ ਸਿਰ ਸਾਰੇ ਸੂਬਿਆਂ ਤੋਂ ਵੱਧ ਕਰਜ਼ਾ ਹੈ। ਇਸ ਵਿਚ ਕਮੀ ਆਉਣ ਦੀ ਥਾਂ ਵਾਧਾ ਹੋ ਰਿਹਾ ਹੈ। ਭ੍ਰਿਸ਼ਟਾਚਾਰ ਦਾ ਮੁੱਖ ਕਾਰਨ ਰਾਜਸੀ ਆਗੂਆਂ ਵਲੋਂ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਲਈ ਵਰਤੇ ਜਾ ਰਹੇ ਗ਼ਲਤ ਢੰਗ ਤਰੀਕੇ ਹਨ।

ਹੁਣ ਰਾਜਨੀਤੀ ਲੋਕ ਸੇਵਾ ਨਹੀਂ ਸਗੋਂ ਇਕ ਘਟੀਆ ਵਪਾਰ ਬਣ ਗਈ ਹੈ। ਆਗੂ ਆਪਣੇ ਤੇ ਆਪਣੇ ਪਰਿਵਾਰ ਬਾਰੇ ਹੀ ਸੋਚਦਾ ਹੈ। ਤਾਕਤ ਪ੍ਰਾਪਤੀ ਲਈ ਚੋਣ ਜਿੱਤਣਾ ਜ਼ਰੂਰੀ ਹੈ ਅਤੇ ਚੋਣਾਂ ਵਿਚ ਜਿੱਤ ਲਈ ਲੋਕਾਂ ਲਈ ਕੀਤੀ ਸੇਵਾ ਦੀ ਥਾਂ ਪੈਸੇ ਦੀ ਵਰਤੋਂ ਹੋਣ ਲੱਗ ਪਈ ਹੈ। ਚੋਣ ਕਮਿਸ਼ਨ ਦੀਆਂ ਪਾਬੰਦੀਆਂ ਦੇ ਬਾਵਜੂਦ ਵੀ ਚੋਣਾਂ ਜਿੱਤਣ ਲਈ ਪੈਸਾ ਪਾਣੀ ਵਾਂਗ ਵਹਾਇਆ ਜਾਂਦਾ ਹੈ। ਇਹ ਆਮ ਜਿਹੀ ਧਾਰਨਾ ਹੈ ਕਿ ਬਹੁਤੇ ਉਮੀਦਵਾਰ ਚੋਣ ਪ੍ਰਚਾਰ 'ਤੇ ਕਰੋੜਾਂ ਰੁਪਏ ਤੱਕ ਵੀ ਖ਼ਰਚ ਕਰ ਦਿੰਦੇ ਹਨ। ਜਿੱਤਣ ਪਿਛੋਂ ਜ਼ਰੂਰੀ ਹੈ ਕਿ ਉਹ ਇਹ ਕਰੋੜਾਂ ਪੂਰੇ ਵੀ ਕਰਨਗੇ। ਅਗਲੀਆਂ ਚੋਣਾਂ ਲੜਨ ਲਈ ਵੀ ਕਰੋੜਾਂ ਰੁਪਿਆਂ ਦੀ ਲੋੜ ਹੁੰਦੀ ਹੈ। ਪਾਰਟੀ ਦੀ ਟਿਕਟ ਲੈਣ ਜਾਂ ਵਜ਼ੀਰੀ ਲੈਣ ਲਈ ਵੀ ਪਾਰਟੀ ਨੂੰ ਫੰਡ ਦੇਣਾ ਪੈਂਦਾ ਹੈ। ਇੰਝ ਹਰੇਕ ਜੇਤੂ ਉਮੀਦਵਾਰ ਨੇ ਪੰਜਾਂ ਸਾਲਾਂ ਵਿਚ ਆਪਣੇ ਇਨਾਂ ਖ਼ਰਚਿਆਂ ਤੋਂ ਕਈ ਗੁਣਾ ਵਧ ਕਮਾਈ ਕਰਨੀ ਹੁੰਦੀ ਹੈ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਰਾਜਸੀ ਪਾਰਟੀਆਂ ਆਪ ਹੀ ਆਪਣੇ ਵਿਧਾਇਕਾਂ, ਮੰਤਰੀਆਂ ਤੇ ਮੁੱਖ ਮੰਤਰੀਆਂ ਨੂੰ ਉਪਰਲੀ ਕਮਾਈ ਕਰਨ ਲਈ ਮਜਬੂਰ ਕਰਦੀਆਂ ਹਨ। ਇੰਝ ਰਾਜਸੀ ਭ੍ਰਿਸ਼ਟਾਚਾਰ ਦਾ ਦੇਸ਼ ਵਿਚ ਬੋਲਬਾਲਾ ਵਧ ਰਿਹਾ ਹੈ। ਪੰਜਾਬ ਵਿਚ ਇਸ ਦਾ ਪ੍ਰਭਾਵ ਸਭ ਤੋਂ ਵੱਧ ਹੈ ਕਿਉਂਕਿ ਇਸ ਨੂੰ ਅਮੀਰ ਸੂਬਾ ਮੰਨਿਆ ਜਾਂਦਾ ਹੈ ਤੇ ਇਥੋਂ ਮੋਟੀ ਕਮਾਈ ਦੀ ਉਮੀਦ ਕੀਤੀ ਜਾਂਦੀ ਹੈ। ਪਰ ਪੰਜਾਬ ਵਿਚ ਬਹੁਤ ਅਮੀਰ ਘਰਾਣੇ ਘੱਟ ਹਨ ਇਸ ਕਰਕੇ ਉਤਲੀ ਕਮਾਈ ਆਮ ਲੋਕਾਂ ਤੋਂ ਹੀ ਕਰਨੀ ਪੈਂਦੀ ਹੈ। ਇਸ ਕਮਾਈ ਲਈ ਕਰਮਚਾਰੀਆਂ ਨੂੰ ਮਜਬੂਰ ਕੀਤਾ ਜਾਂਦਾ ਹੈ। ਜਦੋਂ ਉਹ ਰਿਸ਼ਵਤਖੋਰੀ ਦੀ ਦਲਦਲ ਵਿਚ ਫਸ ਜਾਂਦੇ ਹਨ ਤਾਂ ਫਿਰ ਉਹ ਆਪਣੇ ਲਈ ਵੀ ਕਮਾਈ ਕਰਦੇ ਹਨ। ਇਹ ਸਿਲਸਿਲਾ ਹੇਠਲੀ ਪੱਧਰ ਤੋਂ ਸ਼ੁਰੂ ਹੋ ਕੇ ਉੱਪਰ ਤੱਕ ਜਾਂਦਾ ਹੈ। ਇਸ ਦੀ ਮਾਰ ਤੋਂ ਬਚਣਾ ਔਖਾ ਹੈ।

ਕਮਾਈ ਕਰਨ ਦੇ ਢੰਗ ਤਰੀਕਿਆਂ ਦੀਆਂ ਕੁਝ ਮਿਸਾਲਾਂ, ਪਾਠਕਾਂ ਨਾਲ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਹਰੇਕ ਸ਼ਹਿਰ ਵਿਚ ਸੜਕਾਂ ਕੰਢੇ ਹਜ਼ਾਰਾਂ ਰੇਹੜੀਆਂ ਤੇ ਫੜੀਆਂ ਹਨ। ਇਹ ਸਾਰੇ ਹੀ ਕਮੇਟੀ ਦੇ ਅਧਿਕਾਰੀਆਂ ਨੂੰ ਹਫ਼ਤਾ ਦਿੰਦੇ ਹਨ। ਜੇਕਰ ਕਮੇਟੀ ਵਲੋਂ ਇਨਾਂ ਤੋਂ ਸਰਕਾਰੀ ਫ਼ੀਸ ਵਸੂਲੀ ਜਾਵੇ ਤਾਂ ਸ਼ਾਇਦ ਕਿਸੇ ਵੀ ਕਮੇਟੀ ਜਾਂ ਕਾਰਪੋਰੇਸ਼ਨ ਕੋਲ ਪੈਸੇ ਦੀ ਘਾਟ ਨਹੀਂ ਰਹੇਗੀ। ਦੂਜੀ ਕਮਾਈ ਫ਼ੈਕਟਰੀਆਂ ਤੋਂ ਕੀਤੀ ਜਾਂਦੀ ਹੈ। ਇਹ ਆਖਿਆ ਜਾਂਦਾ ਹੈ ਕਿ ਹਰੇਕ ਫ਼ੈਕਟਰੀ ਵਿਚ ਘੱਟੋ ਘੱਟ 4 ਮਹਿਕਮਿਆਂ ਦੇ ਕਰਿੰਦੇ ਆਉਂਦੇ ਹਨ। ਇਨਾਂ ਦੇ ਵੀ ਮਹੀਨੇ ਬੰਨੇ ਹੋਏ ਹਨ। ਜੇਕਰ ਮਹੀਨਾ ਨਹੀਂ ਮਿਲਦਾ ਤਾਂ ਚਲਾਣ ਹੁੰਦਾ ਹੈ। ਇਸੇ ਕਰਕੇ ਪਾਣੀ ਤੇ ਹਵਾ ਨੂੰ ਗੰਧਲਾ ਕਰਨ ਵਿਚ ਇਨਾਂ ਕਾਰਖਾਨਿਆਂ ਉੱਤੇ ਕੋਈ ਰੋਕ ਨਹੀਂ ਹੈ। ਇਸੇ ਤਰਾਂ ਸਰਕਾਰੀ ਦਫ਼ਤਰਾਂ ਵਿਚ ਆਪਣਾ ਕੰਮ ਕਰਵਾਉਣ ਲਈ ਸਰਕਾਰੀ ਫ਼ੀਸ ਦੇ ਨਾਲੋ-ਨਾਲ ਸੇਵਾ ਫ਼ੀਸ ਵੀ ਦੇਣੀ ਪੈਂਦੀ ਹੈ। ਤੁਸੀਂ ਜਾਇਦਾਦ ਦੀ ਰਜਿਸਟਰੀ ਕਰਵਾਉਣੀ ਹੈ, ਕਿਸੇ ਮਹਿਕਮੇ ਤੋਂ 'ਕੋਈ ਇਤਰਾਜ ਨਹੀਂ' ਦਾ ਸਰਟੀਫਿਕੇਟ ਲੈਣਾ ਹੈ ਹਰੇਕ ਕੰਮ ਦੀ ਗ਼ੈਰ-ਸਰਕਾਰੀ ਵੀ ਫ਼ੀਸ ਹੁੰਦੀ ਹੈ। ਇਹ ਫ਼ੀਸ ਦੇਣ 'ਤੇ ਬਿਨਾਂ ਕਿਸੇ ਅੜਚਨ ਤੋਂ ਕੰਮ ਹੋ ਜਾਵੇਗਾ। ਜੇਕਰ ਫ਼ੀਸ ਨਹੀਂ ਦਿੱਤੀ ਜਾਵੇਗੀ ਤਾਂ ਦਫ਼ਤਰਾਂ ਵਲੋਂ ਕਈ ਤਰਾਂ ਦੇ ਇਤਰਾਜ਼ ਲਾ ਕੇ ਖੱਜਲ ਖ਼ੁਆਰੀ ਕੀਤੀ ਜਾਵੇਗੀ। ਹੁਣ ਤਾਂ ਸਰਕਾਰੀ ਨੌਕਰੀ ਲੈਣ, ਬਦਲੀ ਕਰਵਾਉਣ ਤੇ ਤਰੱਕੀ ਲਈ ਵੀ ਫ਼ੀਸ ਦੇਣੀ ਪੈਂਦੀ ਹੈ। ਹਰੇਕ ਮਹਿਕਮੇ ਤੋਂ ਉਸ ਦਾ ਵਜ਼ੀਰ ਕਮਾਈ ਦੀ ਉਮੀਦ ਰੱਖਦਾ ਹੈ। ਇਥੋਂ ਤੱਕ ਕਿ ਖੇਤੀਬਾੜੀ ਵਰਗੇ ਵਿਭਾਗ ਜਿਹੜੇ ਕਿਸਾਨਾਂ ਦੀ ਸੇਵਾ ਲਈ ਹਨ ਉਥੇ ਵੀ ਇਹ ਸਿਲਸਿਲਾ ਸ਼ੁਰੂ ਹੋ ਗਿਆ ਹੈ।

ਕੁਝ ਸਾਲ ਪਹਿਲਾਂ ਮੇਰੇ ਇਕ ਦੋਸਤ ਦੀ ਬਦਲੀ ਬਠਿੰਡੇ ਡਿਪਟੀ ਡਾਇਰੈਕਟਰ (ਫ਼ਸਲ ਸੁਰੱਖਿਆ) ਹੋ ਗਈ। ਮੰਤਰੀ ਜੀ ਦਾ ਸੁਨੇਹਾ ਆਇਆ ਕਿ ਸਾਡੀ ਫ਼ੀਸ ਹਰ ਮਹੀਨੇ ਪਹੁੰਚ ਜਾਣੀ ਚਾਹੀਦੀ ਹੈ। ਉਹ ਇਮਾਨਦਾਰ ਸੀ ਨਾਂਹ ਕਰ ਦਿੱਤੀ ਤੇ ਉਸ ਦੀ ਬਦਲੀ ਕਰ ਦਿੱਤੀ ਗਈ। ਇਨਾਂ ਜ਼ਿਲਿਆਂ ਵਿਚ ਵੱਧ ਕੀਟਨਾਸ਼ਕ ਜ਼ਹਿਰਾਂ ਦੀ ਵਿਕਰੀ ਹੁੰਦੀ ਹੈ। ਸੰਬੰਧਿਤ ਅਧਿਕਾਰੀ ਦੁਕਾਨਦਾਰਾਂ ਤੋਂ ਫ਼ੀਸ ਵਸੂਲ ਕਰੇਗਾ, ਦੁਕਾਨਦਾਰ ਘਾਟਾ ਪੂਰਾ ਕਰਨ ਲਈ ਨਕਲੀ ਜ਼ਹਿਰਾਂ ਵੇਚੇਗਾ ਤੇ ਨੁਕਸਾਨ ਕਿਸਾਨ ਦਾ ਹੋਵੇਗਾ। ਇਹੋ ਹਾਲ ਬਾਕੀ ਮਹਿਕਮਿਆਂ ਦਾ ਹੈ। ਉਸਾਰੀ ਕਾਰਜ, ਰੇਤਾ, ਸ਼ਰਾਬ, ਨਸ਼ੇ ਸਭ ਤੋਂ ਵੱਧ ਕਮਾਈ ਦੇ ਸਾਧਨ ਬਣ ਗਏ ਹਨ। ਇਸ ਦਾ ਅਸਰ ਆਮ ਲੋਕਾਂ ਤੇ ਪੈਂਦਾ ਹੈ। ਉਨਾਂ ਨੂੰ ਇਸ ਹੇਰਾਫ਼ੇਰੀ ਦੀ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ। ਇਹ ਬਿਮਾਰੀ ਏਨੀ ਬੁਰੀ ਤਰਾਂ ਜੜਾਂ ਮਾਰ ਚੁੱਕੀ ਹੈ ਕਿ ਕੋਈ ਇਲਾਜ ਨਜ਼ਰ ਨਹੀਂ ਆ ਰਿਹਾ। ਇਮਾਨਦਾਰ ਨੇਤਾ ਤੇ ਅਫ਼ਸਰਾਂ ਨੇ ਵੀ ਹੱਥ ਖੜੇ ਕਰ ਦਿੱਤੇ ਹਨ। ਇਮਾਨਦਾਰ ਨੇਤਾ ਤਾਂ ਚੋਣ ਲੜਨ ਦਾ ਸੁਪਨਾ ਵੀ ਨਹੀਂ ਵੇਖ ਸਕਦੇ। ਚੋਣਾਂ ਉਤੇ ਹੋਣ ਵਾਲਾ ਖ਼ਰਚਾ, ਝੂਠੇ ਵਾਅਦੇ, ਹੇਰਾਫੇਰੀਆਂ ਉਨਾਂ ਦੇ ਵਸ ਦਾ ਰੋਗ ਨਹੀਂ ਹਨ। ਦੇਸ਼ ਵਿਚ ਇਸੇ ਕਰਕੇ ਲੋਕਰਾਜ ਵਿਚ ਸੁਧਾਰ ਹੋਣ ਦੀ ਬਜਾਏ ਨਿਘਾਰ ਹੋ ਰਿਹਾ ਹੈ। ਲੋਕ ਕੇਵਲ ਇਕ ਵੋਟ ਬਣ ਕੇ ਰਹਿ ਗਏ ਹਨ। ਨਾਗਰਿਕ ਦੇਸ਼ ਦੇ ਮਾਲਿਕ ਹੋਣ ਦੀ ਥਾਂ ਕੇਵਲ ਪਰਜਾ ਬਣ ਗਏ ਹਨ। ਰਾਜਨੀਤੀ ਸੇਵਾ ਦੀ ਥਾਂ ਸਭ ਤੋਂ ਘਟੀਆ ਵਿਉਪਾਰ ਬਣ ਗਈ ਹੈ। ਇਸ ਵਿਉਪਾਰ ਦਾ ਅਸਰ ਹਰ ਖੇਤਰ ਵਿਚ ਪੈ ਰਿਹਾ ਹੈ।ਆਮ ਲੋਕਾਂ ਦਾ ਜੀਵਨ ਔਖਾ ਬਣਦਾ ਜਾ ਰਿਹਾ ਹੈ ਤੇ ਉਨਾਂ ਦਾ ਫ਼ਿਕਰ ਕਿਸੇ ਸਰਕਾਰ ਨੂੰ ਨਹੀਂ ਹੈ। ਕਿਸਾਨ ਅੰਦੋਲਨ ਸਮੇਂ ਪੰਜਾਬ ਦੇ ਲੋਕਾਂ ਨੂੰ ਉਮੀਦ ਹੋਈ ਸੀ ਕਿ ਹੁਣ ਇਸ ਭ੍ਰਿਸ਼ਟ ਅਤੇ ਮਾਫ਼ੀਆ ਰਾਜ ਤੋਂ ਰਾਹਤ ਮਿਲੇਗੀ। ਇਸੇ ਕਰਕੇ ਉਨਾਂ ਖੁੱਲ ਕੇ ਹਮਾਇਤ ਕੀਤੀ, ਇਸੇ ਸਦਕਾ ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਹੋਈ। ਲੋਕ ਚਾਹੁੰਦੇ ਸਨ ਕਿ ਜਿੱਤ ਪਿਛੋਂ ਚੋਣਾਂ ਵੀ ਲੜੀਆਂ ਜਾਣ ਤੇ ਸਾਫ਼ ਸੁਥਰੀ ਛਵੀ ਵਾਲੇ ਇਮਾਨਦਾਰ ਆਗੂ ਚੁਣੇ ਜਾਣ ਜਿਸ ਨਾਲ ਪੰਜਾਬ ਵਿਚ ਸੱਚਮੁਚ ਲੋਕਰਾਜ ਸਥਾਪਿਤ ਹੋ ਸਕੇਗਾ। ਜਿਵੇਂ ਕਿਸਾਨ ਮੋਰਚੇ ਨੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ ਸੀ ਉਸੇ ਤਰਾਂ ਲੋਕ ਚਾਹੁੰਦੇ ਸਨ ਕਿ ਪੰਜਾਬ ਵਿਚ ਭ੍ਰਿਸ਼ਟਾਚਾਰ ਮੁਕਤ ਸਰਕਾਰ ਵੀ ਸਥਾਪਿਤ ਕੀਤੀ ਜਾਵੇ। ਪਰ ਕਿਸਾਨ ਮੋਰਚੇ ਵਿਚਲੇ ਮਤਭੇਦਾਂ ਕਾਰਨ ਆਪਸੀ ਫੁੱਟ ਪੈ ਗਈ ਜਿਸ ਨਾਲ ਲੋਕਾਂ ਦੀਆਂ ਉਮੀਦਾਂ ਉਤੇ ਪਾਣੀ ਫਿਰ ਗਿਆ। ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬੀਆਂ ਦੀ ਹਾਰ ਹੋਈ ਉਹ ਆਪਸੀ ਫੁੱਟ ਕਾਰਨ ਹੀ ਹੋਈ ਹੈ।

ਪੰਜਾਬ ਦੇ ਵੋਟਰਾਂ ਕੋਲ ਦੂਜਾ ਬਦਲ ਆਮ ਆਦਮੀ ਪਾਰਟੀ ਹੀ ਸੀ। ਭਗਵੰਤ ਮਾਨ ਨੂੰ ਮੁੱਖ ਮੰਤਰੀ ਐਲਾਨੇ ਜਾਣ ਨਾਲ ਪੰਜਾਬੀਆਂ ਨੂੰ ਹੌਂਸਲਾ ਹੋਇਆ ਕਿ ਹੁਣ ਪੰਜਾਬ ਵਿਚ ਤਬਦੀਲੀ ਲਈ ਇਸ ਬਦਲ ਨੂੰ ਮੌਕਾ ਦਿੱਤਾ ਜਾਵੇ। ਹੁਣ ਵੇਖਣਾ ਹੈ ਕਿ ਕੀ ਭਗਵੰਤ ਮਾਨ ਦੀ ਸਰਕਾਰ ਸੂਬੇ ਵਿਚੋਂ ਭ੍ਰਿਸ਼ਟਾਚਾਰ ਅਤੇ ਮਾਫ਼ੀਆ ਰਾਜ ਨੂੰ ਕਾਬੂ ਕਰ ਸਕੇਗੀ ਜਾਂ ਨਹੀਂ? ਲੋਕਰਾਜ ਵਿਚ ਰਾਜ ਲੋਕਾਂ ਦਾ ਹੁੰਦਾ ਹੈ। ਸਰਕਾਰੀ ਕਰਮਚਾਰੀ ਤਾਂ ਉਨਾਂ ਦੇ ਨੌਕਰ ਹੁੰਦੇ ਹਨ। ਮਾਨ ਨੇ ਆਪਣੇ ਪਹਿਲੇ ਭਾਸ਼ਨ ਵਿਚ ਇਹ ਭਰੋਸਾ ਦੁਆਉਣ ਦਾ ਯਤਨ ਕੀਤਾ ਹੈ ਕਿ ਹੁਣ ਸਰਕਾਰੀ ਕਰਮਚਾਰੀਆਂ ਨੂੰ ਆਪਣੇ ਆਪ ਨੂੰ ਲੋਕਾਂ ਦੇ ਨੌਕਰ ਸਮਝਣਾ ਪਵੇਗਾ? ਕੀ ਅਜਿਹਾ ਹੋ ਸਕੇਗਾ? ਰਿਵਾਇਤਾਂ ਬਹੁਤ ਡੂੰਘੀਆਂ ਹੋ ਚੁੱਕੀਆਂ ਹਨ, ਇਸ ਗੰਦਗੀ ਦੀ ਸਫ਼ਾਈ ਲਈ ਮਜ਼ਬੂਤ ਝਾੜੂ ਦੀ ਲੋੜ ਪਵੇਗੀ? ਦੂਜਾ ਇਹ ਵੇਖਣਾ ਪਵੇਗਾ ਕਿ ਪੰਜਾਬ ਵਿਚ ਸਰਕਾਰ ਭਗਵੰਤ ਮਾਨ ਅਤੇ ਉਸ ਦੇ ਵਜ਼ੀਰ ਚਲਾਉਣਗੇ ਜਾਂ ਡੋਰ ਕੇਜਰੀਵਾਲ ਤੇ ਰਾਘਵ ਚੱਢਾ ਦੇ ਹੱਥ ਹੋਵੇਗੀ? ਭਗਵੰਤ ਮਾਨ ਸਾਹਮਣੇ ਵੱਡੀ ਚੁਣੌਤੀ ਹੈ। ਲੋਕਾਂ ਨੇ ਉਸ ਨੂੰ ਸਾਫ਼ ਸੁਥਰੇ ਰਾਜ ਪ੍ਰਬੰਧ ਦੇ ਆਪਣੇ ਸੁਪਨੇ ਨੂੰ ਪੂਰਾ ਕਰਨ ਦਾ ਮੌਕਾ ਬਖ਼ਸ਼ਿਆ ਹੈ। ਉਹ ਆਪਣੀ ਇਕ ਫ਼ਿਲਮ ਵਿਚ ਕੁਝ ਦਿਨਾਂ ਲਈ ਮੁੱਖ ਮੰਤਰੀ ਬਣਿਆ ਸੀ ਜਿਸ ਤਰਾਂ ਉਥੇ ਉਸ ਨੇ ਸਫ਼ਾਈ ਕੀਤੀ ਸੀ, ਕੀ ਉਸੇ ਤਰਾਂ ਅਸਲ ਜੀਵਨ ਵਿਚ ਵੀ ਕਰ ਸਕੇਗਾ? ਇਹ ਗੱਲ ਬੇਹੱਦ ਦਿਲਚਸਪੀ ਨਾਲ ਦੇਖੀ ਜਾਏਗੀ।

# ਯੂਕਰੇਨ ਵਿਚ ਆਮ ਲੋਕਾਂ ਦੀਆਂ ਮੌਤਾਂ ਇਕ ਯੁੱਧ ਅਪਰਾਧ



**ਮੁਖਤਾਰ ਗਿੱਲ**

ਚੀਨ ਨੇ ਯੂਕਰੇਨ ਦੇ ਸ਼ਹਿਰ ਬੂਚਾ ਵਿਚ ਆਮ ਲੋਕਾਂ ਦੀਆਂ ਮੌਤਾਂ ਦੀਆਂ ਸਾਹਮਣੇ ਆਈਆਂ ਤਸਵੀਰਾਂ ਨੂੰ 'ਬੇਹੱਦ ਪ੍ਰੇਸ਼ਾਨ' ਕਰਨ ਵਾਲੀਆਂ ਦੱਸਦਿਆਂ ਇਨਾਂ ਦੀ ਜਾਂਚ ਮੰਗੀ ਹੈ। ਹਾਲਾਂਕਿ ਉਸ ਨੇ ਇਸ ਲਈ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਤੇ ਕਿਹਾ ਕਿ ਤੱਥਾਂ ਦੀ ਜਾਂਚ ਹੋਣੀ ਚਾਹੀਦੀ ਹੈ। ਰੂਸ ਵਲੋਂ ਯੂਕਰੇਨ ਦੇ ਲੋਕਾਂ ਦੀ ਹੱਤਿਆ ਕਰਨ ਸੰਬੰਧੀ ਕਈ ਸਬੂਤ ਸਾਹਮਣੇ ਆ ਰਹੇ ਹਨ ਤੇ ਚੀਨ ਲਈ ਹੁਣ ਰੂਸ ਦਾ ਬਚਾਅ ਕਰਨਾ ਔਖਾ ਹੋ ਰਿਹਾ ਹੈ। ਵੈਟੀਕਨ ਵਿਚ ਈਸਾਈ ਧਰਮ ਗੁਰੂ ਪੋਪ ਫਰਾਂਸਿਸ ਨੇ ਬੂਚਾ ਕਤਲੇਆਮ ਦੀ ਨਿੰਦਾ ਕੀਤੀ ਹੈ। ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੇ ਰੂਸ ਉਤੇ ਹੱਤਿਆਵਾਂ, ਜਬਰ-ਜਨਾਹ ਤੇ ਤਬਾਹੀ ਕਰਨ ਦਾ ਦੋਸ਼ ਲਾਇਆ ਹੈ। ਰਾਜਧਾਨੀ ਕੀਵ ਦੇ ਆਲੇ-ਦੁਆਲੇ ਜਾਂਚ ਕਰਤਾਵਾਂ ਨੂੰ ਨਾਗਰਿਕਾਂ 'ਤੇ ਤਸ਼ੱਦਦ ਅਤੇ ਹੱਤਿਆਵਾਂ ਦੇ ਸਬੂਤ ਮਿਲੇ ਹਨ।

ਉਧਰ ਪੱਛਮੀ ਦੇਸ਼ ਰੂਸ ਉਤੇ ਹੋਰ ਪਾਬੰਦੀਆਂ ਲਗਾ ਰਹੇ ਹਨ। ਅਮਰੀਕਾ ਨੇ ਅੱਜ ਰੂਸੀ ਬੈਂਕਾਂ ਤੇ ਮੁਲਕ ਦੇ ਅਮੀਰ ਵਪਾਰੀਆਂ ਉਤੇ ਕਈ ਆਰਥਿਕ ਪਾਬੰਦੀਆਂ ਲਗਾ ਦਿੱਤੀਆਂ ਹਨ। ਅਮਰੀਕੀਆਂ ਦੇ ਰੂਸ ਵਿਚ ਨਿਵੇਸ਼ 'ਤੇ ਵੀ ਪਾਬੰਦੀ ਲਾਈ ਗਈ ਹੈ। ਗਰੀਸ ਨੇ ਰੂਸ ਦੇ 12 ਰਾਜਦੂਤਾਂ ਨੂੰ ਕੱਢ ਦਿੱਤਾ ਹੈ। ਇਸ ਤੋਂ ਪਹਿਲਾਂ ਹੋਰ ਵੀ ਯੂਰਪੀ ਮੁਲਕ ਅਜਿਹਾ ਕਰ ਚੁੱਕੇ ਹਨ। ਅਮਰੀਕੀ ਕੰਪਨੀ 'ਇੰਟੇਲ' ਨੇ ਰੂਸ ਵਿਚ ਆਪਣਾ ਸਾਰਾ ਕਾਰੋਬਾਰ ਬੰਦ ਕਰਨ ਦਾ ਐਲਾਨ ਕੀਤਾ ਹੈ।

ਯੂਕਰੇਨੀ ਸ਼ਹਿਰ ਬੂਚਾ ਵਿਚ ਤਸ਼ੱਦਦ ਕਰਕੇ ਮਾਰਨ ਦੀਆਂ ਘਟਨਾਵਾਂ ਬਾਰੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਲੋਕ ਸਭਾ ਵਿਚ ਚਰਚਾ ਦਾ ਜਵਾਬ ਦਿੰਦਿਆਂ ਕਿਹਾ ਕਿ ਉਹ, ਇਨਾਂ ਘਟਨਾਵਾਂ ਦੀ ਸਖ਼ਤ ਨਿਖੇਧੀ ਕਰਦੇ ਹਨ ਅਤੇ ਇਸ ਗੰਭੀਰ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ। ਖ਼ੂਨ-ਖਰਾਬੇ ਨਾਲ ਕੋਈ ਹੱਲ ਨਹੀਂ ਨਿਕਲੇਗਾ। ਦੋਵਾਂ ਮੁਲਕਾਂ ਨੂੰ ਉਨਾਂ ਗੱਲਬਾਤ ਤੇ ਕੂਟਨੀਤੀ ਰਾਹੀਂ ਮਸਲੇ ਦਾ ਹੱਲ ਕਰਨ ਦਾ ਸੁਝਾਅ ਦਿੱਤਾ। ਉਨਾਂ ਕਿਹਾ ਭਾਰਤ ਨੇ ਰੂਸ-ਯੂਕਰੇਨ ਯੁੱਧ ਦੀ ਵਿਰੋਧਤਾ ਕਰਦਿਆਂ ਸ਼ਾਂਤੀ ਦਾ ਰਾਹ ਚੁਣਿਆ ਹੈ। ਬੂਚਾ ਵਿਚ ਕਤਲੇਆਮ ਦੀ ਜਾਂਚ ਦੀ ਮੰਗ ਦਾ ਸਮਰਥਨ ਕਰਕੇ ਭਾਰਤ ਨੇ ਉੱਚਿਤ ਕਦਮ ਉਠਾਇਆ ਹੈ। ਸੰਯੁਕਤ ਰਾਸ਼ਟਰ ਵਿਚ ਵੀ ਭਾਰਤ ਦੇ ਪ੍ਰਤੀਨਿਧ ਨੇ ਇਨਾਂ ਸਮੂਹਿਕ ਹੱਤਿਆਵਾਂ ਦੀ ਨਿੰਦਾ ਕੀਤੀ ਹੈ।



ਪਿਛਲੇ ਕਈ ਦਿਨਾਂ ਤੋਂ ਅਮਰੀਕਾ ਤੇ ਯੂਰਪੀ ਸੰਘ ਰੂਸ ਉਤੇ ਯੁੱਧ ਅਪਰਾਧ ਦੇ ਇਲਜ਼ਾਮ ਲਾ ਰਹੇ ਹਨ। ਰਿਹਾਇਸ਼ੀ ਇਲਾਕਿਆਂ ਉਤੇ ਹਮਲੇ ਨਾਗਰਿਕਾਂ ਦਾ ਕਤਲੇਆਮ ਯੁੱਧ ਦੇ ਕੌਮਾਂਤਰੀ ਨਿਯਮਾਂ ਤੇ ਸੰਧੀਆਂ ਦੀ ਉਲੰਘਣਾ ਹੈ। ਕਈ ਦੇਸ਼ਾਂ ਨੇ ਕੌਮਾਂਤਰੀ ਅਦਾਲਤ ਦਾ ਵੀ ਦਰਵਾਜ਼ਾ ਖੜਕਾਇਆ ਹੈ। ਪਰ ਭਾਰਤ ਨੇ ਰੂਸ ਦੇ ਵਿਰੁੱਧ ਅਜਿਹਾ ਕੋਈ ਬਿਆਨ ਨਹੀਂ ਸੀ ਦਿੱਤਾ। ਯੂਕਰੇਨ ਯੁੱਧ ਦੇ ਮੁੱਦੇ 'ਤੇ ਸੁਰੱਖਿਆ ਪ੍ਰੀਸ਼ਦ ਵਿਚ ਜਿਹੜੇ ਵੀ ਪ੍ਰਸਤਾਵ ਆਏ ਉਨਾਂ 'ਤੇ ਵੀ ਮਤਦਾਨ ਸਮੇਂ ਭਾਰਤ ਬਚਦਾ ਰਿਹਾ। ਪਰ ਹੁਣ ਪਹਿਲੀ ਵਾਰ ਅਜਿਹਾ ਹੋਇਆ ਜਦ ਬੂਚਾ ਵਿਚ ਸੈਂਕੜੇ ਲੋਕਾਂ ਦੇ ਮਾਰੇ ਜਾਣ ਖਿਲਾਫ ਭਾਰਤ ਨੇ ਸੰਯੁਕਤ ਰਾਸ਼ਟਰ ਦੇ ਮੰਚ 'ਤੇ ਇਸ ਦੀ ਸੁਤੰਤਰ ਜਾਂਚ ਕਰਵਾਏ ਜਾਣ ਦੀ ਹਮਾਇਤ ਕੀਤੀ। ਰੂਸ-ਯੂਕਰੇਨ ਯੁੱਧ ਛੇਵੇਂ ਹਫਤੇ ਵਿਚ ਦਾਖ਼ਲ ਹੋ ਚੁੱਕਾ ਹੈ। ਰੂਸ ਨੇ ਜਿਸ ਬੇਰਹਿਮੀ ਨਾਲ ਯੂਕਰੇਨ ਨੂੰ ਨਿਸ਼ਾਨਾ ਬਣਾਇਆ ਹੈ, ਉਹ ਬੇਹੱਦ ਖੌਫ਼ਨਾਕ ਹੈ। ਰੂਸੀ ਸੈਨਾ ਨੇ ਹਸਪਤਾਲ, ਸਕੂਲ ਤੇ ਪਨਾਹਗਾਹਾਂ ਨੂੰ ਵੀ ਮਿਜ਼ਾਈਲਾਂ ਨਾਲ ਨਿਸ਼ਾਨਾ ਬਣਾਉਣ ਤੋਂ ਪ੍ਰਹੇਜ ਨਹੀਂ ਕੀਤਾ। ਇਥੇ ਹੀ ਬਸ ਨਹੀਂ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਨੂੰ ਵੀ ਨਹੀਂ ਬਖ਼ਸ਼ਿਆ ਗਿਆ ਜੋ ਇਕ ਘੋਰ ਅਪਰਾਧ ਹੈ। ਬੂਚਾ ਸ਼ਹਿਰ ਤੋਂ ਸਾਹਮਣੇ ਆਈਆਂ ਤਸਵੀਰਾਂ ਸਬੂਤ ਦੇ ਰਹੀਆਂ ਹਨ ਕਿ ਰੂਸੀ ਫ਼ੌਜੀਆਂ ਨੇ ਲੋਕਾਂ ਨੂੰ ਫੜ-ਫੜ ਕੇ, ਉਨਾਂ ਦੇ ਹੱਥ ਪਿਛੇ ਬੰਨ ਕੇ ਗੋਲੀਆਂ ਨਾਲ ਭੁੰਨ ਸੁੱਟਿਆ। ਬੂਚਾ ਦੀਆਂ ਸੜਕਾਂ ਤੇ ਗਲੀਆਂ ਵਿਚ ਗਲ-ਸੜ ਰਹੀਆਂ ਸੈਂਕੜੇ ਲਾਸ਼ਾਂ ਦੱਸ ਰਹੀਆਂ ਹਨ ਕਿ ਰੂਸੀ ਫ਼ੌਜੀ ਪਹਿਲਾਂ ਤੋਂ ਹੀ ਇਸ ਦੀ ਯੋਜਨਾ ਬਣਾ ਕੇ ਆਏ ਹੋਣਗੇ। ਬੂਚਾ ਦਾ ਕਤਲੇਆਮ ਜੰਗੀ ਅਪਰਾਧ ਹੈ, ਜਿਸ ਦੀ ਜਾਂਚ ਹੋਣੀ ਚਾਹੀਦੀ ਹੈ। ਵੈਸੇ ਤਾਂ ਯੁੱਧ ਅਪਰਾਧ ਨੂੰ ਲੈ ਕੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਕਦਮਾਂ ਦੀ ਜਾਂਚ ਸ਼ੁਰੂ ਹੋ ਚੁੱਕੀ ਹੈ, ਕਿਉਂਕਿ ਜਾਂਚ ਕਮਿਸ਼ਨ ਬਣਾਉਣ ਲਈ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ ਨੇ ਪ੍ਰਸਤਾਵ ਪਾਸ ਕੀਤਾ ਸੀ। ਇਸ ਤੋਂ ਬਾਅਦ ਅਮਰੀਕਾ ਤੇ ਹੋਰ ਦੇਸ਼ਾਂ ਨੇ ਯੁੱਧ ਦੇ ਨਿਯਮਾਂ ਦੀ ਉਲੰਘਣਾ ਦੀ ਜਾਂਚ ਸ਼ੁਰੂ ਕਰ ਦਿੱਤੀ। ਜਰਮਨੀ ਪਹਿਲਾਂ ਹੀ ਆਪਣੇ ਪੱਧਰ 'ਤੇ ਜਾਂਚ ਕਰ ਰਿਹਾ ਹੈ। ਪਰ ਜਦੋਂ ਅਮਰੀਕਾ ਦੀ ਫ਼ੌਜ ਨੇ ਵੀਅਤਨਾਮ, ਇਰਾਕ ਤੇ ਅਫ਼ਗਾਨਿਸਤਾਨ ਨੂੰ ਤਬਾਹ ਕੀਤਾ ਸੀ ਅਤੇ ਸੀਰੀਆ, ਲੀਬੀਆ ਵਿਚ ਫ਼ੌਜੀ ਕਾਰਵਾਈ ਕੀਤੀ ਸੀ ਤਾਂ ਕੀ ਉਹ ਉਸ ਦਾ ਜੰਗੀ ਅਪਰਾਧ ਨਹੀਂ ਸੀ?

ਇਸ ਹਕੀਕਤ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰੂਸ ਵਿਰੁੱਧ ਸਬੂਤ ਜੁਟਾਉਣੇ ਅਤੇ ਮਾਮਲੇ ਨੂੰ ਅੱਗੇ ਵਧਾਉਣਾ ਕੋਈ ਅਸਾਨ ਨਹੀਂ ਹੈ। ਮਨੁੱਖੀ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਯੁੱਧ ਤੋਂ ਵੱਡਾ ਕੋਈ ਅਪਰਾਧ ਨਹੀਂ ਹੁੰਦਾ। ਨਿਰਸੰਦੇਹ ਰੂਸੀ ਫ਼ੌਜ ਵਲੋਂ ਬੂਚਾ (ਯੂਕਰੇਨ) ਵਿਚਲਾ ਕਤਲੇਆਮ ਇਕ ਯੁੱਧ ਅਪਰਾਧ ਹੈ।

# ਜਲਿਆਂਵਾਲੇ ਬਾਗ਼ ਦੇ ਸਾਕੇ ਦਾ ਇਤਿਹਾਸਕ, ਰਾਜਨੀਤਕ, ਭਾਈਚਾਰਕ ਤੇ ਅਤਿਆਚਾਰਕ ਸੰਦੇਸ਼

## (ਨਾਨਕ ਸਿੰਘ ਰਚਿਤ 'ਖ਼ੂਨੀ ਵਿਸਾਖੀ' ਦੇ ਪ੍ਰਸੰਗ 'ਚ)



**ਡਾ. ਲਾਭ ਸਿੰਘ ਖੀਵਾ**
**ਮੋ.: 94171-78487**

ਜਲਿਆਂਵਾਲੇ ਬਾਗ਼ ਦਾ ਸਾਕਾ ਅੰਗਰੇਜ਼ਸ਼ਾਹੀ ਤੋਂ ਮੁਕਤੀ ਪਾਉਣ ਲਈ ਭਾਰਤੀਆਂ ਵਲੋਂ ਵਿੱਢੇ ਸੰਗਰਾਮ ਦੇ ਇਤਿਹਾਸ ਵਿਚ ਇਕ ਅਮਿੱਟ ਛਾਪ ਰੱਖਦਾ ਹੈ। ਨਿਹੱਥੇ ਲੋਕਾਂ ਉਤੇ ਅੰਗਰੇਜ਼ ਹਕੂਮਤ ਵਲੋਂ ਕੀਤੇ ਕਤਲੇਆਮ ਦੀ ਗੂੰਜ ਦੁਨੀਆਂ ਨੇ ਸੁਣੀ। ਅੰਮ੍ਰਿਤਸਰ ਧਾਰਮਿਕ ਤੌਰ 'ਤੇ ਜੇਕਰ ਸਿੱਖਾਂ ਦਾ ਮੁਕੱਦਸ ਮਰਕਜ਼ ਹੈ, ਦੇਸ਼ਭਗਤਾਂ ਲਈ ਜੱਲਿਆਂਵਾਲੇ ਬਾਗ਼ ਦੇ ਸਾਕੇ ਸਦਕਾ ਇਹ ਉਨਾਂ ਦਾ ਵੀ ਪਾਵਨ ਸ਼ਹਿਰ ਹੈ। ਇਹ ਸਾਕਾ 13 ਅਪ੍ਰੈਲ 1919 ਨੂੰ ਪੰਜਾਬੀਆਂ ਦੇ ਹਰਮਨਪਿਆਰੇ ਮੇਲੇ ਵਿਸਾਖੀ ਦੇ ਦਿਹਾੜੇ ਸਮੇਂ ਵਾਪਰਿਆ, ਇਸ ਲਈ ਪੰਜਾਬ ਦੇ ਨਾਮਵਰ ਨਾਵਲਕਾਰ ਨਾਨਕ ਸਿੰਘ ਨੇ ਇਸ ਤੋਂ ਪ੍ਰਭਾਵਿਤ ਹੋ ਕੇ ਜਿਹੜੀ ਕਾਵਿ-ਰਚਨਾ ਨੂੰ ਕਲਮਬੱਧ ਕੀਤਾ, ਉਸ ਦਾ ਸਿਰਲੇਖ 'ਖ਼ੂਨੀ ਵਿਸਾਖੀ' ਰੱਖਿਆ। ਇਹ ਰਚਨਾ 30 ਮਈ 1920 ਨੂੰ ਲਿਖੀ ਗਈ ਸੀ ਤੇ ਜਲਦੀ ਹੀ ਤੱਤਕਾਲੀ ਸਰਕਾਰ ਨੇ ਇਸ ਕਿਤਾਬ ਨੂੰ ਜ਼ਬਤ ਕਰ ਲਿਆ। ਅੰਗਰੇਜ਼-ਵਿਰੋਧੀ ਜ਼ਬਤ-ਸਾਹਿਤ ਵਿਚ ਇਹ ਕਿਤਾਬ ਵੀ ਸ਼ੁਮਾਰ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਲੇਖਕ ਨੇ ਇਹ ਖ਼ੂਨੀ ਸਾਕਾ ਅੱਖੀਂ ਵੇਖਿਆ ਸੀ।ਪਰ ਇਸ ਸੰਬੰਧੀ ਇਤਿਹਾਸਕ ਤੱਥ ਤਸਦੀਕਸ਼ੁਦਾ ਨਹੀਂ ਹਨ।

ਨਾਨਕ ਸਿੰਘ ਆਪਣੀ 'ਖ਼ੂਨੀ ਵਿਸਾਖੀ' ਪੁਸਤਕ ਵਿਚ ਇਸ ਸਾਕੇ ਦਾ ਇਤਿਹਾਸਕ, ਰਾਜਨੀਤਕ, ਭਾਈਚਾਰਕ ਤੇ ਅੱਤਿਆਚਾਰਕ ਸੰਦੇਸ਼ ਇਸ ਪੱਧਰ ਤੱਕ ਪ੍ਰਮਾਣਿਕ, ਰੂਪ ਵਿਚ ਬਿਆਨ ਕਰਦਾ ਹੈ ਕਿ ਜਿਵੇਂ ਇਹ ਸਭ ਕੁੱਝ ਅੱਖੀਂ ਡਿੱਠਾ ਹੋਵੇ। ਚਲੋ, ਜੇਕਰ ਲੇਖਕ ਸਾਕਾ-ਸਥਲ ਉਤੇ ਉਸ ਸਮੇਂ ਮੌਜੂਦ ਵੀ ਨਹੀਂ ਸੀ, ਫਿਰ ਵੀ ਘਟਨਾ-ਵਾਪਰਨ ਤੇ ਰਚਨਾ-ਸਿਰਜਨ ਦਾ ਅੰਤਰਕਾਲ ਇੰਨਾ ਛੋਟਾ ਹੈ ਕਿ ਸਾਕੇ ਦੇ ਸਮਾਂ-ਸਥਾਨ ਤੇ ਘਟਨਾਵਾਂ ਦੇ ਵੇਰਵਿਆਂ ਦੀ ਪ੍ਰਮਾਣਿਕਤਾ ਉਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਸਗੋਂ ਇਹ ਤੱਥ ਵੀ ਪ੍ਰਮਾਣਿਕਤਾ ਨੂੰ ਬਲਸ਼ਾਲੀ ਬਣਾਉਂਦਾ ਹੈ ਕਿ ਕਿਤਾਬ ਦਾ ਰਚੇਤਾ ਅੰਮ੍ਰਿਤਸਰ ਦਾ ਵਸਨੀਕ ਸੀ, ਜਿਸ ਕਾਰਨ ਅੱਖੀਂ ਵੇਖੀ ਨਾ ਸਹੀ, ਕੰਨੀ ਸੁਣੀ ਦਾਸਤਾਂ ਵੀ ਰਚਨਾ ਨੂੰ ਪ੍ਰਮਾਣਿਕ ਬਣਾ ਦਿੰਦੀ ਹੈ। ਲੇਖਕ ਨੇ ਸਾਰੇ ਵਾਕਿਆਆਤ ਕੰਨੀਂ ਵੀ ਸੁਣੇ ਅਤੇ ਜਾ ਕੇ ਖ਼ੁਦ ਵੇਖੇ ਵੀ ਹੋ ਸਕਦੇ ਹਨ। ਨਾਵਲਕਾਰ ਵੱਜੋਂ ਸਥਾਪਿਤ ਹੋਣ ਤੋਂ ਪਹਿਲਾਂ ਨਾਨਕ ਸਿੰਘ ਆਪਣੀ ਜਾਣ-ਪਹਿਚਾਣ ਇਕ ਕਵੀਸ਼ਰ ਵਜੋਂ ਵੀ ਕਰਾਉਂਦਾ ਸੀ। ਜਿਸ ਕਰਕੇ 'ਖ਼ੂਨੀ ਵਿਸਾਖੀ' ਰਚਨਾ ਦੇ ਕਲਾਤਮਿਕ ਪੱਖ ਉਤੇ ਉੱਗਲੀ ਨਹੀਂ ਰੱਖੀ ਜਾ ਸਕਦੀ ਪਰ ਇਥੇ ਇਸ ਰਚਨਾ ਦੀ ਬਿਰਤਾਂਤ-ਸ਼ੈਲੀ ਅਤੇ ਇਸਦੇ ਵਸਤੂ-ਯਥਾਰਥ ਦੇ ਇਤਿਹਾਸਕ, ਰਾਜਨੀਤਕ, ਭਾਈਚਾਰਕ ਤੇ ਅੱਤਿਆਚਾਰਕ ਸੰਦੇਸ਼ ਦੀ ਦਸਤਾਵੇਜ਼ੀ ਪੇਸ਼ਕਾਰੀ ਜ਼ੇਰ-ਬਹਿਸ ਹੈ। ਇਸ ਕਾਵਿ-ਰਚਨਾ ਦਾ ਆਰੰਭ 'ਮੰਗਲਾ ਚਰਨ' ਦੀ ਥਾਂ 'ਪ੍ਰਾਰਥਨਾ' ਦੇ ਉਪ-ਸਿਰਲੇਖ ਨਾਲ ਕੀਤਾ ਗਿਆ ਹੈ :

-ਚਲੋ ਨਾਲ ਸਰੂਰ ਮਸਰੂਰ ਹੋ ਕੇ, ਕਲਮ ਦਾਸ ਦੀ ਤੇਜ਼ ਰਫ਼ਤਾਰ ਸਤਿਗੁਰ।

ਦੱਸੇ ਹਾਲ ਅੱਜ ਉਹਨਾਂ ਬੇਦੋਸ਼ਿਆਂ ਦਾ, ਜਿਹੜੇ ਦੇਸ਼ ਪਰ ਹੋਏ ਨਿਸਾਰ ਸਤਿਗੁਰ।

ਫੋਟੋ ਖਿੱਚ ਕੇ ਵਿਛੜੇ ਸੱਜਣਾਂ ਦਾ, ਰੱਖ ਦਿਆਂ ਮੈਂ ਵਿਚ ਸੰਸਾਰ ਸਤਿਗੁਰ।

ਜੱਲਿਆਂਵਾਲੇ ਬਾਗ਼ ਦੇ ਸਾਕੇ ਦਾ ਇਤਿਹਾਸਕ ਸੰਦੇਸ਼ ਮਾਰਚ 19191 ਵਿਚ ਬਰਤਾਨਵੀ ਭਾਰਤ ਸਰਕਾਰ ਵੱਲੋਂ ਪਾਸ ਕੀਤੇ ਰੋਲਟ ਬਿੱਲ (**Rowlatt Bills**) ਨਾਲ ਗੂੜੀ ਤਰਾਂ ਜੁੜਿਆ ਹੋਇਆ ਹੈ। 1915 'ਚ ਪਹਿਲੀ ਸੰਸਾਰ ਜੰਗ ਦੌਰਾਨ ਬਣਾਏ ਕਾਨੂੰਨਾਂ ਦੀ ਥਾਂ ਰੋਲਟ ਬਿੱਲ ਨੇ ਲੈਣੀ ਸੀ। ਹਰ ਤਰਾਂ ਦੀ ਰਾਜਸੀ ਸਰਗਰਮੀ ਨੂੰ ਰੋਕਣ ਲਈ ਇਹ ਬਿੱਲ ਲਿਆਂਦਾ ਗਿਆ ਸੀ। ਮਹਾਤਮਾ ਗਾਂਧੀ ਨੇ ਇਸ ਬਿੱਲ ਵਿਰੁੱਧ ਸਤਿਆਗ੍ਰਹਿ ਕਰਨ ਦਾ ਸੱਦਾ ਦਿੱਤਾ। 'ਕਾਲੇ ਬਿੱਲ' ਵਜੋਂ ਇਸ ਕੀ ਵਿਰੋਧਤਾ ਕੀਤੀ ਗਈ। ਅਵਾਮ ਵਿਚ ਇਸ ਬਿੱਲ ਦੀਆਂ ਦਮਨਕਾਰੀ ਮੱਦਾਂ ਵਿਰੁੱਧ ਵਿਸ਼ਾਲ ਰੋਸ ਸੀ :-

-ਰੋਲਟ ਬਿੱਲ ਨੇ ਘੱਤਿਆ ਆਣ ਰੌਲਾ, ਸਾਰੇ ਹਿੰਦ ਦੇ ਲੋਕ ਉਦਾਸ ਹੋਏ।

ਫਾਂਸੀ ਜਮਾਂ ਦੀ ਗੱਲ ਪੈ ਗਈ ਯਾਰੋ, ਜਿਸਨੂੰ ਦੇਖ ਕੇ ਬਹੁਤ ਨਿਰਾਸ਼ ਹੋਏ।

ਪਹਿਲੀ ਸੰਸਾਰ ਜੰਗ ਦੀ ਜਬਰੀ ਭਰਤੀ ਤੋਂ ਲੋਕ ਪਹਿਲਾਂ ਹੀ ਅਵਾਜ਼ਾਰ ਸਨ। ਹੁਣ ਇਹ ਬਿੱਲ ਪੁਲੀਸ ਨੂੰ ਅਥਾਹ ਤਾਕਤਾਂ ਦਿੰਦਾ ਸੀ ਕਿ ਜਿਸ ਨੂੰ ਮਰਜ਼ੀ ਜੇਲੀਂ ਸੁੱਟਿਆ ਜਾ ਸਕਦਾ ਹੈ ਤੇ ਸਿਆਸੀ ਤੇ ਧਾਰਮਿਕ ਜਲਸਿਆਂ, ਮੁਜ਼ਾਹਰਿਆਂ ਉਤੇ ਗੋਲੀ ਚਲਾਈ ਜਾ ਸਕਦੀ ਹੈ। ਨਾਨਕ ਸਿੰਘ ਇਸ ਬਿੱਲ ਦੇ ਰਾਜਨੀਤਕ ਮਨਸ਼ਿਆਂ ਦਾ ਸੰਦੇਸ਼ ਬਾਖ਼ੂਬੀ ਪੇਸ਼ ਕਰਦਾ ਹੈ :-

-ਸਾਰੇ ਹਿੰਦ ਨੇ ਕਿਹਾ ਇਕ ਜਾਨ ਹੋ ਕੇ, ਰੋਲਟ ਬਿੱਲ ਨਾ ਮੂਲ ਮਨਜ਼ੂਰ ਕਰਨਾ।

ਲੱਖਾਂ ਸੂਰਮੇ ਜੰਗ ਕੁਹਾ ਦਿੱਤੇ, ਹਾਏ ਕੁੱਝ ਤਾਂ ਖ਼ਿਆਲ ਹਜ਼ੂਰ ਕਰਨਾ।

-ਦੁੱਖ ਦਿਲਾਂ ਦੇ ਖੋਲ ਸੁਣਾਨ ਖ਼ਾਤਰ, ਥਾਓਂ ਥਾਈਂ ਇਜਲਾਸ ਤਕ ਹੋਣ ਲੱਗ ਪਏ।

'ਸਰ ਮਾਇਕਲ ਓਡਵਾਇਰ' ਸਾਹਿਬ, ਮਾਰਸ਼ਲ ਲਾਅ ਦਾ ਹੁਕਮ ਚੜੌਣ ਲੱਗ ਪਏ।

ਪਕੜ ਪਕੜ ਬੇਦੋਸ਼ਿਆਂ ਆਜ਼ਜ਼ਾਂ ਨੂੰ, ਜੇਲਖਾਨਿਆਂ ਵਿਚ ਪਹੁੰਚੌਣ ਲੱਗ ਪਏ।

ਹੱਥਲੀ ਪੁਸਤਕ 'ਖ਼ੂਨੀ ਵਿਸਾਖੀ' ਵਿਚ ਧਾਰਮਿਕ ਬਖੇੜਿਆਂ ਨੂੰ ਤਿਆਗ਼ ਜਿਹੜੀ ਭਾਈਚਾਰਕ ਸਾਂਝ ਦਾ ਮਨਮੋਹਣਾ ਸੰਦੇਸ਼ ਪ੍ਰਸਤੁਤ ਹੁੰਦਾ ਹੈ, ਉਹ ਵੀ ਇਥੇ ਕਾਬਿਲੇ-ਜ਼ਿਕਰ ਹੈ। ਇਸ ਸਾਂਝ ਦੇ ਪ੍ਰਤੀਕ ਦੋ ਤਿਉਹਾਰ ਬਣਦੇ ਹਨ-ਰਾਮਨੌਮੀ ਤੇ ਵਿਸਾਖੀ। ਰੋਲਟ ਬਿੱਲਾਂ ਵਰਗੇ ਕਾਲੇ ਕਾਨੂੰਨ ਅਤੇ ਇਨਾਂ ਵਿਰੁੱਧ ਉੱਠਦੇ ਆਕਰੋਸ਼ ਨੂੰ ਗੈਰ-ਮਾਨਵੀ ਤਸ਼ੱਦਦ ਨਾਲ ਦਬਾਉਣ ਦੇ ਅਮਲਾਂ ਸਦਕਾ ਇਸ ਸਾਂਝ ਦਾ ਨਿਰਮਾਣ ਹੁੰਦਾ ਹੈ। ਰੋਲਟ ਬਿੱਲ ਵਿਰੁੱਧ ਭਖੇ ਮਾਹੌਲ ਦੌਰਾਨ ਅੰਮ੍ਰਿਤਸਰ ਵਿਖੇ ਰਾਮਨੌਮੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਡਾਕਟਰ ਕਿਚਲੂ ਤੇ ਸੱਤਿਆਪਾਲ ਵਰਗੇ ਦੇਸ਼ਭਗਤਾਂ ਦੀ ਜੋੜੀ ਤਿੰਨਾਂ ਧਾਰਮਿਕ ਫਿਰਕਿਆਂ ਨੂੰ ਰਾਮਨੌਮੀ ਦਿਵਸ ਉਤੇ ਇਕੱਠੇ ਕਰ ਦਿੰਦੀ ਹੈ। ਇਹ ਸਾਂਝ ਅੱਗੇ ਜਾ ਕੇ ਵਿਸਾਖੀ ਵਾਲੇ ਦਿਨ ਜਲਿਆਂਵਾਲਾ ਬਾਗ਼ ਅੰਦਰ ਰੱਖੇ ਜਲਸੇ ਵਿਚ ਭਾਰੀ ਉਤਸ਼ਾਹ ਨਾਲ ਨਮੂਦਾਰ ਹੁੰਦੀ ਹੈ ਤੇ ਅੰਗਰੇਜ਼-ਪੁਲਿਸ ਦੇ ਹੁਕਮਾਂ ਅੱਗੇ ਵੰਗਾਰ ਬਣ ਕੇ ਖੜਦੀ ਹੈ। ਇਸ ਭਾਈਚਾਰਕ ਏਕੇ ਨੂੰ ਬਾਕਮਾਲ ਕਾਵਿਬੱਧ ਕੀਤਾ ਗਿਆ ਹੈ। ਇਥੇ ਇਹ ਬੰਦ ਬਾਪ੍ਰਸੰਗ ਹਨ :-

-ਸਾਰੇ ਸਿੱਖ, ਹਿੰਦੂ ਅਤੇ ਮੁਸਲਮਾਨਾਂ, ਰਲ-ਮਿਲ ਇਹ ਖ਼ੂਬ ਮਨਾਇਆ ਜੀ।

ਮੁਸਲਮਾਨਾਂ ਨੇ ਅੱਜ ਇਤਫ਼ਾਕ ਵਾਲਾ, ਇਕ ਅਦੁੱਤੀ ਸਬੂਤ ਵਿਖਾਇਆ ਜੀ,

ਭਾਵੇਂ ਪੁਰਬ ਸੀ ਅਸਲ ਵਿਚ ਹਿੰਦੂਆਂ ਦਾ, ਐਪਰ ਮੋਮਨਾਂ ਖ਼ੂਬ ਸਜਾਇਆ ਜੀ।

-ਪੰਜ ਵਜੇ ਅਪ੍ਰੈਲ ਦੀ ਤੇਰਹਵੀਂ ਨੂੰ, ਲੋਕੀਂ ਬਾਗ਼ ਵੱਲ ਹੋਇ ਰਵਾਨ ਚੱਲੇ।

ਦਿਲ ਵਿਚ ਇਨਸਾਫ਼ ਦੀ ਆਸ ਰੱਖ ਕੇ, ਸਾਰੇ ਸਿੱਖ, ਹਿੰਦੂ, ਮੁਸਲਮਾਨ ਚੱਲੇ।

ਵਿਰਲੇ ਆਦਮੀ ਸ਼ਹਿਰ ਵਿਚ ਰਹੇ ਬਾਕੀ, ਸਭ ਬਾਲ ਤੇ ਬਿਰਧ ਜਵਾਨ ਚੱਲੇ।

ਪੰਛੀ ਬਨਾਂ ਦੇ ਹੋਇਕੇ ਸਭ 'ਕੱਠੇ, ਭੁੱਖੇ ਬਾਜ਼ ਨੂੰ ਅੱਜ ਰਜਾਣ ਚੱਲੇ।

'ਖ਼ੂਨੀ ਵਿਸਾਖੀ' ਵਿਚ ਲੇਖਕ ਨੇ ਲੋਕਾਂ ਦੀ ਏਕਤਾ, ਦੇਸ਼ਭਗਤੀ ਦਾ ਜਜ਼ਬਾ ਤੇ ਸਰਕਾਰੀ ਅੱਤਿਆਚਾਰ ਦੀ ਇੰਤਹਾ ਨੂੰ ਬੜੀ ਮਾਰਮਿਕ ਸ਼ਬਦਾਵਲੀ ਦੀ ਕਲਾ ਨਾਲ ਵਰਨਣ ਕੀਤਾ ਹੈ। ਜਲਿਆਂਵਾਲੇ ਬਾਗ਼ ਦੇ ਸਾਕੇ ਦਾ ਹੌਲਨਾਕ ਸੰਦੇਸ਼ ਇਸ ਕਿਤਾਬ ਦੀ ਰਸ-ਨਿਸ਼ਪਤੀ ਦੇ ਰੌਦਰ, ਕਰੁਣਾ ਤੇ ਭਿਆਨਕ ਭਾਵਾਂ ਨੂੰ ਭਲੀ-ਭਾਂਤ ਤੀਖਣ ਰੂਪ ਵਿਚ ਮੂਰਤੀਮਾਨ ਕਰਦਾ ਹੈ। ਜਲਿਆਂਵਾਲੇ ਬਾਗ਼ ਅੰਦਰ ਰੱਖੇ ਜਲਸੇ ਵਿਚ ਹਜੂਮ ਦਾ ਹੁੰਮ-ਹੁਮਾ ਕੇ ਪੁੱਜਣਾ, ਆਗੂਆਂ ਵੱਲੋਂ ਭਾਸ਼ਨ ਦੇਣੇ, **ਬਾਕੀ ਸਫ਼ਾ 34 'ਤੇ**

# ਵਿਸਾਖੀ ਦੇ ਤਿਉਹਾਰ ਦੀ ਬਹੁਪੱਖੀ ਮਹਾਨਤਾ

**ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ**

ਪੰਜਾਬ ਵਿਚ ਬਹੁਤ ਸਾਰੇ ਤਿਉਹਾਰ, ਮੇਲੇ ਮਨਾਏ ਜਾਂਦੇ ਹਨ ਪਰ ਵਿਸਾਖੀ ਦਾ ਤਿਉਹਾਰ ਉਨਾਂ ਵਿਚੋਂ ਇਕ ਹੈ। ਇਹ 13 ਅਪ੍ਰੈਲ ਨੂੰ ਵਿਸਾਖ ਦੀ ਸੰਗਰਾਂਦ ਵਾਲੇ ਦਿਨ ਮਨਾਇਆ ਜਾਂਦਾ ਹੈ। ਇਸਦਾ ਸੰਬੰਧ ਇਤਿਹਾਸਿਕ, ਧਾਰਮਿਕ, ਸੱਭਿਆਚਾਰਕ ਆਰਥਿਕ ਪੱਖ ਨਾਲ ਹੈ। ਇਸ ਦੀ ਮਹਾਨਤਾ ਬਹੁਪੱਖੀ ਹੈ । ਜੇਕਰ ਪੰਜਾਬੀ ਵਿਰਸੇ ਦੇ ਤਿਉਹਾਰ ਤੇ ਝਾਤ ਮਾਰੀਏ ਤਾਂ ਪੰਜਾਬੀ ਵਿਰਸੇ ਵਿਚ ਵਿਸਾਖੀ ਦਾ ਤਿਉਹਾਰ ਬਹੁਤ ਵੱਡੀ ਅਹਿਮੀਅਤ ਰੱਖਦਾ ਹੈ। ਵਿਸਾਖੀ ਦੇਸਾਂ ਵਿਦੇਸ਼ਾਂ ਵਿਚ, ਭਾਰਤ ਦੇ ਹੋਰ ਕਈ ਹਿੱਸਿਆਂ ਵਿਚ ਅਤੇ ਸਾਰੇ ਪੰਜਾਬ ਵਿਚ ਬਹੁਤ ਲੋਕਪ੍ਰਿਆ ਹੈ। ਬੇਸ਼ੱਕ ਹੋਰ ਕਈ ਤਿਉਹਾਰ ਹਨ ਪਰ ਵਿਸਾਖੀ ਦੀ ਆਪਣੀ ਵੱਖਰੀ ਹੀ ਪਛਾਣ ਹੈ। ਤਿਉਹਾਰ ਕਿਸੇ ਦੇਸ਼ ਜਾਂ ਕੌਮ ਦਾ ਧਾਰਮਿਕ ਜਾਂ ਇਤਿਹਾਸਕ ਵਿਰਸਾ ਹੁੰਦਾ ਹੈ।

ਵਿਸਾਖੀ ਨਾਮ ਵਸਾਖ ਤੋਂ ਬਣਿਆ ਹੈ : ਪੰਜਾਬ ਅਤੇ ਹਰਿਆਣੇ ਦੇ ਕਿਸਾਨ ਸਰਦੀਆਂ ਦੀ ਫਸਲ ਕੱਟ ਲੈਣ ਤੋਂ ਬਾਅਦ ਨਵੇਂ ਸਾਲ ਦੀਆਂ ਖੁਸ਼ੀਆਂ ਮਨਾਉਂਦੇ ਹਨ। ਇਸ ਲਈ ਵਿਸਾਖੀ ਪੰਜਾਬ ਅਤੇ ਆਸ-ਪਾਸ ਦੇ ਪ੍ਰਦੇਸਾਂ ਦਾ ਸਭ ਤੋਂ ਵੱਡਾ ਤਿਉਹਾਰ ਹੈ। ਇਹ ਖ਼ਰੀਫ਼ ਦੀ ਫਸਲ ਦੇ ਪੱਕਣ ਦੀ ਖੁਸ਼ੀ ਦਾ ਪ੍ਰਤੀਕ ਹੈ।

ਤਿਉਹਾਰ ਦੇ ਵੱਖ-ਵੱਖ ਨਾਂ : ਕੇਰਲ ਵਿੱਚ ਇਹ ਤਿਉਹਾਰ ਵਿਸ਼ੂ ਕਹਾਉਂਦਾ ਹੈ। ਇਸ ਦਿਨ ਨਵੇਂ, ਕੱਪੜੇ ਖਰੀਦੇ ਜਾਂਦੇ ਹਨ, ਆਤਿਸ਼ਬਾਜੀ ਹੁੰਦੀ ਹੈ ਅਤੇ ਵਿਸ਼ੂ ਕਾਨੀ ਸਜਾਈ ਜਾਂਦੀ ਹੈ। ਇਸ ਵਿੱਚ ਫੁੱਲ, ਫਲ, ਅਨਾਜ, ਬਸਤਰ, ਸੋਨਾ ਆਦਿ ਸਜਾਏ ਜਾਂਦੇ ਹਨ ਅਤੇ ਸੁਬਾ ਜਲਦੀ ਇਸ ਦੇ ਦਰਸ਼ਨ ਕੀਤੇ ਜਾਂਦੇ ਹੈ। ਇਸ ਦਰਸ਼ਨ ਨਾਲ ਨਵੇਂ ਸਾਲ ਵਿੱਚ ਸੁੱਖ-ਸਮ੍ਰਿਧੀ ਦੀ ਕਾਮਨਾ ਕੀਤੀ ਜਾਂਦੀ ਹੈ। ਬੰਗਾਲ ਵਿੱਚ ਇਹ ਤਿਉਹਾਰ ਨਭ ਬਰਸ਼ ਦੇ ਨਾਮ ਨਾਲ ਮਨਾਉਂਦੇ ਹਨ।

ਸਭਿਆਚਾਰਕ ਮਹੱਤਤਾ :- ਇਹ ਤਿਉਹਾਰ ਹਾੜੀ ਦੀ ਫਸਲ (ਭਾਵ ਕਣਕ) ਪੱਕਣ ਦੀ ਖੁਸ਼ੀ ਵਿਚ ਮਨਾਇਆ ਜਾਂਦਾ ਹੈ। ਇਸ ਨੂੰ ਕਿਸਾਨਾਂ ਦਾ ਮੇਲਾ' ਵੀ ਕਿਹਾ ਜਾਂਦਾ ਹੈ। ਇਸ ਦਿਨ ਕਿਸਾਨ ਖੁਸ਼ੀਆਂ ਮਨਾਉਂਦੇ, ਭੰਗੜੇ ਪਾਉਂਦੇ ਤੇ ਮੇਲੇ ਮਨਾਉਂਦੇ ਹਨ।

ਵਿਸਾਖੀ ਦਾ ਤਿਓਹਾਰ ਪੰਜਾਬ ਲਈ ਸਿਰਫ ਧਾਰਮਿਕ ਅਹਿਮੀਅਤ ਹੀ ਨਹੀਂ ਰੱਖਦਾ ਸਗੋਂ ਇਸ ਦੀ ਆਰਥਿਕ ਤੌਰ 'ਤੇ ਵੀ ਕਾਫੀ ਅਹਿਮੀਅਤ ਹੈ।

ਆਰਥਿਕ ਮਹੱਤਤਾ : ਆਰਥਿਕ ਮਹੱਤਤਾ ਆਰਥਿਕ ਪੱਖ ਵਿਚਾਰੀਏ ਤਾਂ ਸਾਡੇ ਜਿਹਨ ਵਿਚ ਸ਼ਰਬਤੀ ਦਾਣਿਆਂ ਨਾਲ ਲੱਦੀਆਂ ਕਣਕਾਂ ਝੂਮਦੀਆਂ ਦਿਸਦੀਆਂ ਹਨ। ਕਿਸਾਨ ਦੀ ਛੇ ਮਹੀਨਿਆਂ ਦੀ ਮਿਹਨਤ ਨਾਲ ਪੁੱਤਾਂ ਵਾਂਗ ਪਾਲੀਆਂ ਇਹ ਕਣਕਾਂ ਕਟਾਈ ਲਈ ਤਿਆਰ ਹੁੰਦੀਆਂ ਹਨ। ਕਿਸਾਨ ਦੀਆਂ ਅੱਖਾਂ ਵਿਚ ਸਜੋਏ ਉਦਾਸ ਜਿਹੇ ਖੁਸ਼ੀਆਂ ਭਰੇ ਸੁਪਨੇ ਪੂਰੇ ਹੋਣ ਦਾ ਵੇਲਾ ਆ ਗਿਆ ਹੁੰਦਾ ਹੈ। ਮਸ਼ੀਨੀ ਯੁੱਗ ਕਰਕੇ ਕਣਕਾਂ ਦੀ ਕਟਾਈ-ਗਹਾਈ ਸਿਰਫ ਕੁਝ ਦਿਨਾਂ ਵਿਚ ਹੀ ਪੂਰੀ ਹੋ ਜਾਂਦੀ ਹੈ। ਕਈ ਵਾਰ ਕਿਸਾਨ ਆੜਤੀਆਂ ਨਾਲ ਹਿਸਾਬ ਕਰਕੇ ਖਾਲੀ ਪੱਲਾ ਝਾੜਦਾ ਘਰ ਆ ਜਾਂਦਾ ਹੈ। ਸਾਰੇ ਦੇਸ਼ ਦਾ ਢਿੱਡ ਭਰਨ ਵਾਲਾ ਆਪਣੇ ਬੱਚਿਆਂ ਦਾ ਢਿੱਡ ਵੀ ਨਹੀਂ ਭਰ ਸਕਦਾ। ਕਰਜਾਈ ਹੁੰਦੇ ਦੇ ਵੀ ਪੈਰ ਢੋਲ ਦੇ ਡਗੇ 'ਤੇ ਥਿਰਕਣ ਲੱਗਦੇ ਹਨ ਅਤੇ ਹਾਣੀਆਂ ਨਾਲ ਭੰਗੜੇ ਅਤੇ ਬੋਲੀਆਂ ਪਾ ਕੇ ਗ਼ਮਾਂ ਨੂੰ ਭੁਲਾਕੇ ਖੁਸ਼ੀਆਂ ਮਨਾਉਣ ਦੀ ਕੋਸ਼ਿਸ਼ ਕਰਦਾ ਹੈ।

ਇਸ ਦਿਨ ਹੀ ਪੰਜਾਬ ਵਿਚ ਰਸਮੀ ਤੌਰ 'ਤੇ ਕਣਕ ਦੀ ਵਾਢੀ ਸ਼ੁਰੂ ਹੁੰਦੀ ਹੈ। ਖੇਤਾਂ ਵਿੱਚ ਸੋਨੇ ਰੰਗੀਆਂ, ਲਹਿਰਾਉਂਦੀਆਂ, ਪੱਕੀਆਂ ਕਣਕਾਂ ਦੇਖ ਕੇ ਕਿਸਾਨ ਆਪਣੀ ਮਿਹਨਤ ਦੇ ਮੁੱਲ ਨੂੰ ਪੈਂਦਾ ਦੇਖਦੇ ਹਨ।

'ਆਈ ਵਿਸਾਖੀ ਆਈ ਵਿਸਾਖੀ,
ਖੁਸ਼ੀਆਂ ਨਾਲ ਲਿਆਈ ਵਿਸਾਖੀ'

ਪੰਜਾਬੀ ਕਵੀ ਧਨੀ ਰਾਮ ਚਾਤ੍ਰਿਕ ਨੇ 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਪੰਜਾਬ ਦੀਆਂ ਫ਼ਸਲਾਂ ਅਤੇ ਸੱਭਿਆਚਾਰ ਦੇ ਰੰਗ ਨੂੰ ਇੰਝ ਬਿਆਨ ਕੀਤਾ ਹੈ।

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਸੰਮਾਂ ਵਾਲੀ ਡਾਂਗਾਂ ਉੱਤੇ ਤੇਲ ਲਾਇਕੇ,
ਕੱਛੇਮਾਰ ਵੰਝਲੀ ਅਨੰਦ ਛਾ ਗਿਆ'।

ਵਿਸਾਖੀ ਦਾ ਤਿਉਹਾਰ ਕੇਵਲ ਪੰਜਾਬ 'ਚ ਹੀ ਨਹੀਂ ਸਗੋਂ ਦੇਸ਼ਾਂ ਵਿਦੇਸ਼ਾਂ ਵਿਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਦਿਨ ਪੰਜਾਬ ਦੇ ਵੱਖ-ਵੱਖ ਇਲਾਕਿਆਂ 'ਚ ਮੇਲੇ ਲੱਗਦੇ ਹਨ ਅਤੇ ਅਤੇ ਲੋਕ ਖੁਸ਼ੀ-ਖੁਸ਼ੀ ਆਪਣੇ ਪਰਿਵਾਰ ਸਮੇਤ ਇਨਾਂ ਮੇਲਿਆਂ ਦਾ ਅਨੰਦ ਮਾਣਦੇ ਹਨ। ਇਸ ਦਿਨ ਪੰਜਾਬ ਦਾ ਪਰੰਪਰਾਗਤ ਨਾਚ ਭੰਗੜਾ ਅਤੇ ਗਿੱਧਾ ਕੀਤਾ ਜਾਂਦਾ ਹੈ।

ਧਾਰਮਿਕ ਮਹੱਤਤਾ :- ਇਸ ਦਿਨ 13 ਅਪ੍ਰੈਲ 1699 ਈ. ਨੂੰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ। 1699 ਵਿਚ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਚ ਇਕ ਮਹਾਨ ਸਭਾ ਬੁਲਾਈ ਸੀ, ਇਸ ਸਭਾ ਵਿਚ ਵੱਖ-ਵੱਖ ਥਾਵਾਂ ਤੋਂ ਲਗਭਗ 80 ਹਜ਼ਾਰ ਸਿੱਖ ਇਕੱਠੇ ਹੋਏ। ਜਦੋਂ ਸਭਾ ਸ਼ੁਰੂ ਹੋਈ ਤਾਂ ਗੁਰੂ ਸਾਹਿਬ ਨੇ ਮਿਆਨ ਵਿਚੋਂ ਤਲਵਾਰ ਕੱਢਦੇ ਹੋਏ ਕਿਹਾ, ਹੈ ਕੋਈ ਅਜਿਹਾ ਸਿੱਖ ਜੋ ਧਰਮ ਲਈ ਆਪਣੇ ਪ੍ਰਾਣਾਂ ਦਾ ਬਲੀਦਾਨ ਦੇ ਸਕੇ। ਇਹ ਸੁਣ ਕੇ ਸਭਾ ਸ਼ਾਂਤ ਹੋ ਗਈ ਅਤੇ ਪੰਜ ਸਿੱਖ ਵਾਰੋ ਵਾਰੀ ਉੱਠੇ ਅਤੇ ਉਨਾਂ ਨੇ ਗੁਰੂ ਸਾਹਿਬ ਨੂੰ ਆਪਣਾ ਆਪ ਸੌਂਪ ਦਿੱਤਾ।

ਗੁਰੂ ਸਾਹਿਬ ਨੇ ਉਨਾਂ ਪੰਜਾ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਪੰਜ ਪਿਆਰਿਆਂ ਦੀ ਪਦਵੀ ਦਿੱਤੀ ਅਤੇ ਬਾਅਦ ਵਿਚ ਉਨਾਂ ਪਾਸੋਂ ਆਪ ਅੰਮ੍ਰਿਤ ਛਕਿਆ। ਖਾਲਸੇ ਦੀ ਸਥਾਪਨਾ ਕਰ ਕੇ ਗੁਰੂ ਸਾਹਿਬ ਨੇ ਇਕ ਨਵਾਂ ਪੰਥ ਸਿਰਜਿਆ ਅਤੇ ਜਾਤ-ਪਾਤ, ਰੰਗ-ਭੇਦ ਆਦਿ ਦੇ ਵਿਤਕਰੇ ਨੂੰ ਖਤਮ ਕਰ ਦਿੱਤਾ। ਗੁਰੂ ਸਾਹਿਬ ਨੇ ਅੰਮ੍ਰਿਤ ਛਕਾਉਣ ਤੋਂ ਬਾਅਦ ਮਰਦਾਂ ਦੇ ਨਾਂਅ ਪਿੱਛੇ 'ਸਿੰਘ' ਅਤੇ ਔਰਤਾਂ ਦੇ ਨਾਂਅ ਪਿੱਛੇ 'ਕੌਰ' ਲਗਾਉਣ ਦਾ ਹੁਕਮ ਦਿੱਤਾ। ਅੰਮ੍ਰਿਤ ਛਕਾਉਣ ਤੋਂ ਬਾਅਦ ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ ਹਰ ਸਿੱਖ ਦੀ ਪੋਸ਼ਾਕ ਦਾ ਜ਼ਰੂਰੀ ਹਿੱਸਾ ਬਣ ਗਿਆ। ਇਸ ਦਿਨ ਇਸ ਦਿਨ ਲੋਕ ਗੁਰੂ ਘਰਾਂ ਵਿਚ ਮੱਥਾ ਟੇਕਦੇ ਹਨ ਅਤੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਪੰਜਾਬ ਦੇ ਵੱਖ-ਵੱਖ ਗੁਰੂ ਘਰਾਂ 'ਚ ਧਾਰਮਿਕ ਸਮਾਗਮ ਅਤੇ ਨਗਰ ਕੀਰਤਨ ਵੀ ਸਜਾਏ ਜਾਂਦੇ ਹਨ। ਜਿਸ 'ਚ ਵੱਡੀ ਗਿਣਤੀ ਵਿਚ ਸੰਗਤਾਂ ਸ਼ਿਰਕਤ ਕਰਦੀਆਂ ਹਨ। ਤੁਹਾਨੂੰ ਦੱਸ ਦੇਈਏ ਕਿ ਇਸ ਦਿਨ ਦਸਤਾਰ ਦਿਵਸ ਵੀ ਮਨਾਇਆ ਜਾਂਦਾ ਹੈ।

ਇਤਿਹਾਸਕ ਮਹੱਤਤਾ : 13 ਅਪ੍ਰੈਲ 1919 ਦੀ ਵਿਸਾਖੀ ਨੂੰ ਜਲਿਆਂਵਾਲੇ ਬਾਗ ਅੰਮ੍ਰਿਤਸਰ ਵਿਖੇ ਇੱਕਠੇ ਹੋਏ ਨਿਹੱਥੇ ਭਾਰਤੀਆਂ ਨੂੰ ਜਨਰਲ ਡਾਇਰ ਨੇ ਗੋਲੀਆਂ ਨਾਲ ਭੁੰਨ ਦਿੱਤਾ ਸੀ। ਇਸ ਸਾਕੇ ਵਿਚ ਲਗਭਗ 20,000 ਲੋਕ ਮਾਰੇ ਗਏ ਸਨ, ਜਿਨਾਂ ਵਿਚ ਬੱਚੇ, ਔਰਤਾਂ, ਬਜ਼ੁਰਗ ਆਦਿ ਸ਼ਾਮਿਲ ਸਨ।

ਇਸ ਦਿਨ ਮੁੱਖ ਕੰਮ :- ਇਸ ਦਿਨ ਪੰਜਾਬ ਦਾ ਪ੍ਰੰਪਰਾਗਤ ਨਾਚ ਭੰਗੜਾ ਅਤੇ ਗਿੱਧਾ ਪਾਇਆ ਜਾਂਦਾ ਹੈ। ਸ਼ਾਮ ਨੂੰ ਅੱਗ ਦੇ ਆਸ-ਪਾਸ ਇਕੱਠੇ ਹੋ ਕੇ ਲੋਕ ਨਵੀਂ ਫਸਲ ਦੀਆਂ ਖੁਸ਼ੀਆਂ ਮਨਾਉਂਦੇ ਹਨ।

ਹਿੰਦੂਆਂ ਲਈ ਇਹ ਤਿਉਹਾਰ ਨਵਵਰਸ਼ ਦੀ ਸ਼ੁਰੂਆਤ ਹੈ :- ਹਿੰਦੂ ਇਸਨੂੰ ਇਸਨਾਨ, ਭੋਗ ਲਗਾ ਕੇ ਅਤੇ ਪੂਜਾ ਕਰ ਕੇ ਮਨਾਉਂਦੇ ਹਨ। ਅਜਿਹਾ ਮੰਨਿਆ ਜਾਂਦਾ ਹੈ ਕਿ ਹਜ਼ਾਰਾਂ ਸਾਲ ਪਹਿਲਾ ਦੇਵੀ ਗੰਗਾ ਇਸ ਦਿਨ ਧਰਤੀ ਉੱਤੇ ਉਤਰੀ ਸਨ। ਉਨਾਂ ਦੇ ਸਨਮਾਨ ਵਿੱਚ ਹਿੰਦੂ ਧਰਮਾਵਲੰਬੀ ਪਾਰੰਪਰਕ ਪਵਿੱਤਰ ਇਸ਼ਨਾਨ ਲਈ ਗੰਗਾ ਕੰਢੇ ਇਕੱਠੇ ਹੁੰਦੇ ਹਨ।

ਮੇਲੇ ਦੀਆਂ ਰੌਣਕਾਂ : ਇਸ ਦਿਨ ਥਾਂ-ਥਾਂ 'ਤੇ ਮੇਲੇ ਲਗਦੇ ਹਨ। ਮੇਲੇ ਵਿਚ ਬਹੁਤ ਭੀੜ ਹੁੰਦੀ ਹੈ। ਕਈ ਤਰਾਂ ਦੀਆਂ ਦੁਕਾਨਾਂ ਸਜੀਆਂ ਹੁੰਦੀਆਂ ਹਨ। ਖ਼ਾਸ ਤੌਰ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਵਿਸਾਖੀ ਦੇ ਮੇਲੇ ਦੀਆਂ ਰੌਣਕਾਂ ਬਹੁਤ ਜ਼ਿਆਦਾ ਹੁੰਦੀਆਂ ਹਨ। **ਬਾਕੀ ਸਫ਼ਾ 34 'ਤੇ**

# ਬੰਦੀ ਸਿੰਘਾਂ ਦੀ ਰਿਹਾਈ ਲਈ ਪੰਥ ਸਾਂਝੇ ਯਤਨ ਕਰੇ

### ਪਲਵਿੰਦਰ ਸੋਹਲ

ਲਗਭਗ 15 ਸਾਲ ਪੰਜਾਬ ਵਿਚ ਖਾੜਕੂਵਾਦ ਦਾ ਬੋਲਬਾਲਾ ਰਿਹਾ ਅਤੇ ਪੰਜਾਬ ਵਿਚ ਸਮੇਂ ਦੀਆਂ ਸਰਕਾਰਾਂ ਨੇ ਖ਼ੂਨ ਦੀ ਹੋਲੀ ਖੇਡੀ। ਇਸ ਮਾੜੇ ਦੌਰ ਵਿਚ ਹਜ਼ਾਰਾਂ ਬੇਕਸੂਰ ਲੋਕ ਮਾਰੇ ਗਏ, ਹਜ਼ਾਰਾਂ ਪਰਿਵਾਰ ਉੱਜੜ ਗਏ। ਹਜ਼ਾਰਾਂ ਸਿੱਖ ਨੌਜਵਾਨ ਪੁਲਿਸ ਨੇ ਜੇਲਾਂ ਵਿਚ ਬੰਦ ਕਰ ਦਿੱਤੇ। ਅੱਜ ਜਦ ਸੰਤਾਪ ਦਾ ਬੁਰਾ ਦੌਰ ਬੀਤ ਚੁੱਕਾ ਹੈ ਅਤੇ ਪੰਜਾਬ ਵਿਚ ਅਮਨ-ਸ਼ਾਂਤੀ ਹੈ ਤਦ ਵੀ ਕਈ ਸਾਲਾਂ ਤੋਂ ਜੇਲਾਂ ਵਿਚ ਸੜ ਰਹੇ ਸਿੱਖ ਕੈਦੀ ਰਿਹਾਅ ਨਹੀਂ ਕੀਤੇ ਜਾ ਰਹੇ। ਇਨਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ। ਇਨਾਂ ਨੌਜਵਾਨਾਂ ਨੇ ਆਪਣੀ ਜ਼ਿੰਦਗੀ ਦੇ ਲਗਭਗ ਦੋ ਦਹਾਕੇ ਜੇਲਾਂ ਵਿਚ ਗੁਜ਼ਾਰ ਦਿੱਤੇ ਹਨ। ਭਾਰਤ ਵਰਗੇ ਲੋਕਤੰਤਰੀ ਤੇ ਮਨੁੱਖੀ ਅਧਿਕਾਰਾਂ ਤੇ ਕਦਰਾਂ-ਕੀਮਤਾਂ ਦੀ ਹਾਮੀ ਭਰਦੇ ਦੇਸ਼ ਲਈ ਇਹ ਇਕ ਕਲੰਕ ਵਾਲੀ ਗੱਲ ਹੈ। ਇਨਾਂ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੇ ਵੀ ਨਰਕ ਵਰਗੀ ਜ਼ਿੰਦਗੀ ਗੁਜ਼ਾਰੀ ਹੈ। ਇਨਾਂ ਸਿੱਖ ਨੌਜਵਾਨਾਂ ਦੇ ਮਾਪੇ ਇਨਾਂ ਦੀ ਰਿਹਾਈ ਨੂੰ ਤਰਸਦੇ ਜਹਾਨੋਂ ਕੂਚ ਕਰ ਗਏ ਹਨ। ਇਨਾਂ ਦੀਆਂ ਪਤਨੀਆਂ ਅਤੇ ਬੱਚੇ ਵੀ ਇਨਾਂ ਨੂੰ ਵੇਖਣ ਨੂੰ ਤਰਸ ਗਏ ਹਨ। ਇਹ 'ਮਨੁੱਖੀ ਹੱਕਾਂ' ਦਾ ਘਾਣ ਹੈ। ਇਨਾਂ ਨੌਜਵਾਨਾਂ ਨੇ ਕਈ ਜੁਰਮਾਂ ਤੋਂ ਵੱਧ ਸਜ਼ਾ ਭੋਗ ਲਈ ਹੈ। ਪਰ ਬੜੇ ਵੱਡੇ ਅਫ਼ਸੋਸ ਦੀ ਗੱਲ ਹੈ ਕਿ ਆਪਣੀ ਜ਼ਿੰਦਗੀ ਦੇ ਕਈ ਸਾਲ ਜੇਲਾਂ ਵਿਚ ਗਾਲ ਚੁੱਕੇ ਸਿੱਖ ਨੌਜਵਾਨ ਅਜੇ ਵੀ ਖੁੱਲੀ ਹਵਾ ਵਿਚ ਸਾਹ ਲੈਣ ਲਈ ਤਰਸ ਰਹੇ ਹਨ। ਕਿਸੇ ਵੀ ਸਿਆਸੀ ਪਾਰਟੀ ਦੇ ਕਿਸੇ ਵੀ ਆਗੂ ਨੇ ਅੱਜ ਤੱਕ ਇਸ ਮੁੱਦੇ 'ਤੇ ਕੋਈ ਖ਼ਾਸ ਯਤਨ ਨਹੀਂ ਕੀਤੇ। ਸਿੱਖ ਕੌਮ ਦੇ ਆਗੂ ਅਖਵਾਉਣ ਵਾਲੇ ਲੀਡਰਾਂ ਦੇ ਬਿਆਨ ਸਿਰਫ ਅਖ਼ਬਾਰਾਂ ਅਤੇ ਮੀਡੀਏ ਤੱਕ ਹੀ ਸੀਮਤ ਹਨ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬੰਦੀ ਸਿੱਖਾਂ ਦਾ ਮਸਲਾ ਕੁਝ ਧਾਰਮਿਕ ਜਥੇਬੰਦੀਆਂ ਅਤੇ ਸਿਆਸੀ ਆਗੂਆਂ ਨੇ ਉਠਾਇਆ ਸੀ। ਇਸ ਮੁੱਦੇ 'ਤੇ ਮੀਡੀਆ ਵਿਚ ਵੀ ਕਾਫੀ ਚਰਚਾ ਹੋਈ ਸੀ। 11 ਜਨਵਰੀ, 2022 ਨੂੰ ਫ਼ਤਹਿਗੜ ਸਾਹਿਬ ਵਿਖੇ ਕੁਝ ਸਿੱਖ ਧਾਰਮਿਕ ਜਥੇਬੰਦੀਆਂ ਵਲੋਂ ਵਿਸ਼ਾਲ ਰੋਸ ਮਾਰਚ ਵੀ ਕੱਢਿਆ ਗਿਆ ਸੀ ਅਤੇ ਕੁਝ ਸਿਆਸੀ ਅਤੇ ਧਾਰਮਿਕ ਆਗੂਆਂ ਵਲੋਂ ਪੰਜਾਬ ਦੇ ਰਾਜਪਾਲ ਸਮੇਤ ਕੇਂਦਰ ਸਰਕਾਰ ਤੱਕ ਵੀ ਪਹੁੰਚ ਕੀਤੀ ਗਈ ਸੀ। ਪਰ ਅਜੇ ਤੱਕ ਕਿਸੇ ਵੀ ਬੰਦੀ ਸਿੱਖ ਕੈਦੀ ਦੀ ਰਿਹਾਈ ਨਹੀਂ ਹੋਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦਾ ਐਲਾਨ ਸਾਲ 2019 ਵਿਚ ਕੀਤਾ ਸੀ। ਪਰ ਇਸ 'ਤੇ ਅਜੇ ਕੋਈ ਅਮਲ ਨਹੀਂ ਹੋਇਆ। ਇਹ ਬਹੁਤ ਹੀ ਦੁੱਖਦਾਇਕ ਵਰਤਾਰਾ ਹੈ। ਇਨਾਂ ਸਿੱਖ ਕੈਦੀਆਂ ਵਿਚੋਂ ਜ਼ਿਆਦਾਤਰ ਆਪਣੀ ਜ਼ਿੰਦਗੀ ਦਾ



ਬਿਹਤਰੀਨ ਸਮਾਂ ਜੇਲਾਂ ਦੇ ਨਰਕ ਵਿਚ ਗਾਲ ਚੁੱਕੇ ਹਨ। ਬਹੁਤੇ ਜਵਾਨੀ ਤੋਂ ਬੁਢਾਪੇ ਦੀ ਦਹਿਲੀਜ਼ 'ਤੇ ਪੁੱਜ ਗਏ ਹਨ ਅਤੇ ਕਈ ਤਰਾਂ ਦੀਆਂ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੋ ਗਏ ਹਨ। ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਅਤੇ ਸ. ਬਲਵੰਤ ਸਿੰਘ ਰਾਜੋਆਣਾ ਇਸ ਦੀ ਉਦਾਹਰਨ ਹਨ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਪੂਰੀ ਹੋਣ ਦੇ ਬਾਵਜੂਦ ਦਿੱਲੀ ਸਰਕਾਰ ਵਲੋਂ ਉਨਾਂ ਦੀ ਰਿਹਾਈ ਦੀ ਫਾਈਲ 'ਤੇ ਦਸਤਖ਼ਤ ਨਾ ਕਰਨਾ ਵੱਡਾ ਅਫ਼ਸੋਸਜਨਕ ਵਰਤਾਰਾ ਹੈ। ਹੁਣ ਪੰਜਾਬ ਵਿਚ ਆਪ ਪਾਰਟੀ ਦੀ ਸਰਕਾਰ ਬਣ ਚੁੱਕੀ ਹੈ। ਭਗਵੰਤ ਮਾਨ ਪੰਜਾਬ ਦੇ ਮੁੱਖ ਮੰਤਰੀ ਹਨ। ਪੰਜਾਬ ਦੀ ਨਵੀਂ ਬਣੀ ਸਰਕਾਰ ਨੂੰ ਇਸ ਗੰਭੀਰ ਤੇ ਸੰਵੇਦਨਸ਼ੀਲ ਮੁੱਦੇ 'ਤੇ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਇਸ ਮੁੱਦੇ ਨੂੰ ਆਪਣੀਆਂ ਮੁਢਲੀਆਂ ਤਰਜੀਹਾਂ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ। ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਵੀ ਇਸ ਮੁੱਦੇ 'ਤੇ ਸਹਿਮਤ ਕਰਨਾ ਚਾਹੀਦਾ ਹੈ।

**ਪੰਥਕ ਮੱਸਲਾ**

ਕਿਸੇ ਵੀ ਦੇਸ਼ ਦਾ ਕਾਨੂੰਨ ਮਨੁੱਖਤਾ ਤੋਂ ਉੱਪਰ ਨਹੀਂ ਹੈ। ਇਹ ਕਿਸੇ ਵਿਸ਼ੇਸ਼ ਧਰਮ ਦਾ ਮਸਲਾ ਨਹੀਂ ਹੈ, ਇਹ ਇਨਸਾਨੀਅਤ ਦਾ ਮਸਲਾ ਹੈ। ਇਨਾਂ ਸਿੱਖ ਕੈਦੀਆਂ ਨੂੰ ਵੀ ਆਜ਼ਾਦ ਜ਼ਿੰਦਗੀ ਜਿਊਣ ਦਾ ਹੱਕ ਹੈ। ਭਾਰਤੀ ਕਾਨੂੰਨ ਅਤੇ ਸੰਵਿਧਾਨ ਵੀ ਇਸ ਦੀ ਹਾਮੀ ਭਰਦੇ ਹਨ। ਇਸ ਲਈ ਹੁਣ ਸਮੇਂ ਦੀ ਵੱਡੀ ਲੋੜ ਹੈ ਕਿ ਇਸ ਸਮੇਂ ਜਦੋਂ ਕੇਂਦਰ ਦੀ ਭਾਜਪਾ ਸਰਕਾਰ ਨੇ ਪਹਿਲਾਂ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਖੋਲਣ ਅਤੇ ਫਿਰ ਕਿਸਾਨ ਵਿਰੋਧੀ ਤਿੰਨ ਖੇਤੀ ਕਾਨੂੰਨ ਰੱਦ ਕਰਕੇ ਸਿੱਖ ਮਸਲਿਆਂ ਅਤੇ ਪੰਜਾਬ ਪ੍ਰਤੀ ਨਰਮੀ ਅਤੇ ਸੰਵੇਦਨਸ਼ੀਲਤਾ ਵਿਖਾਈ ਹੈ ਤਦ ਪੰਜਾਬ ਸਰਕਾਰ, ਸਾਰੇ ਮੁੱਖ ਸਿਆਸੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਰੀਆਂ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਨੂੰ ਮਿਲ ਕੇ ਸਿੱਖ ਕੈਦੀਆਂ ਦੀ ਤੁਰੰਤ ਰਿਹਾਈ ਲਈ ਸਿਰਤੋੜ ਯਤਨ ਕਰਨੇ ਚਾਹੀਦੇ ਹਨ। ਇਸ ਲਈ ਇਕ ਸਾਂਝੇ ਵਫ਼ਦ ਦੇ ਰੂਪ ਵਿਚ ਵੀ ਕੇਂਦਰ ਸਰਕਾਰ ਤੱਕ ਪਹੁੰਚ ਕਰਨੀ ਚਾਹੀਦੀ ਹੈ ਅਤੇ ਕਿਸਾਨ ਅੰਦੋਲਨ ਸਮੇਂ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਜਿਸ ਤਰਾਂ ਪੰਜਾਬ ਸਰਕਾਰ ਅਤੇ ਪੰਜਾਬ ਦੇ ਸਾਰੇ ਸਿਆਸੀ ਦਲ ਤੇ ਜਥੇਬੰਦੀਆਂ ਨੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਰਾਸ਼ਟਰਪਤੀ ਤੱਕ ਆਪਣੀ ਗੱਲ ਪਹੁੰਚਾਈ ਸੀ, ਉਸੇ ਤਰਾਂ ਹੀ ਹੁਣ ਵੀ ਤੇਜ਼ੀ ਨਾਲ ਯਤਨ ਕਰਨੇ ਚਾਹੀਦੇ ਹਨ। ਇਸ ਕੰਮ ਵਿਚ ਮੀਡੀਆ ਵੀ ਉਸਾਰੂ ਭੂਮਿਕਾ ਅਦਾ ਕਰ ਸਕਦਾ ਹੈ। ਕੇਂਦਰ ਸਰਕਾਰ ਨੂੰ ਵੀ ਇਸ ਸੰਵੇਦਨਸ਼ੀਲ ਮਸਲੇ 'ਤੇ ਉਸਾਰੂ ਭੂਮਿਕਾ ਅਦਾ ਕਰਨੀ ਚਾਹੀਦੀ ਹੈ, ਕਿਉਂਕਿ ਜਦੋਂ ਤੱਕ ਸਿੱਖ ਨੌਜਵਾਨਾਂ ਨੂੰ ਜੇਲਾਂ ਵਿਚੋਂ ਰਿਹਾਅ ਨਹੀਂ ਕੀਤਾ ਜਾਂਦਾ ਤਦ ਤੱਕ ਭਾਰਤੀ ਲੋਕਤੰਤਰ ਦੇ 'ਸੱਚਾ ਲੋਕਤੰਤਰ' ਹੋਣ ਦੇ ਦਾਅਵੇ ਨੂੰ ਖੋਖਲਾ ਹੀ ਕਿਹਾ ਜਾਵੇਗਾ। ਇਸ ਲਈ ਪੰਜਾਬ ਸਰਕਾਰ ਨੂੰ ਅਤੇ ਕੇਂਦਰ ਸਰਕਾਰ ਨੂੰ ਪੰਜਾਬ ਦੇ ਭਲੇ ਲਈ ਅਤੇ ਇਨਸਾਫ਼ ਦੇ ਤਕਾਜ਼ੇ ਅਨੁਸਾਰ ਸਜ਼ਾ ਪੂਰੀ ਕਰ ਚੁੱਕੇ 'ਜੇਲਾਂ ਵਿਚ ਬੰਦ ਸਿੱਖ ਕੈਦੀਆਂ' ਨੂੰ ਤੁਰੰਤ ਰਿਹਾਅ ਕਰ ਦੇਣਾ ਚਾਹੀਦਾ ਹੈ। ਇਹ ਦੇਸ਼, ਪੰਜਾਬ ਅਤੇ ਜਮਹੂਰੀਅਤ ਦੇ ਵਡਮੁੱਲੇ ਹਿੱਤਾਂ ਵਿਚ ਹੋਵੇਗਾ ਅਤੇ ਇਕ ਵਧੀਆ ਅਤੇ ਇਤਿਹਾਸਕ ਫ਼ੈਸਲਾ ਮੰਨਿਆ ਜਾਵੇਗਾ।

## ਟੈਂਕੀ 'ਤੇ ਚੜੇ ਮੋਰਚੇ ਦੇ ਸਿੰਘ

### ਮੰਗ ਮੰਨੇ ਜਾਣ ਤੱਕ ਟੈਂਕੀ ਤੋਂ ਹੇਠਾਂ ਨਾ ਉਤਰਨ ਦੀ ਚਿਤਾਵਨੀ



**ਧਨੌਲਾ/ਏ.ਟੀ.ਨਿਊਜ਼ :-** ਸਜ਼ਾਵਾਂ ਪੂਰੀਆਂ ਕਰਨ ਮਗਰੋਂ ਵੀ ਜੇਲਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਦੀ ਮੰਗ ਕਰਦੇ ਹੋਏ ਇੱਥੋਂ ਦੇ ਕੁੱਝ ਸਿੰਘ ਪਸ਼ੂ ਮੰਡੀ ਸਥਿਤ ਵਾਲੀ ਪਾਣੀ ਟੈਂਕੀ 'ਤੇ ਚੜ ਗਏ।ਟੈਂਕੀ 'ਤੇ ਚੜੇ ਬੰਦੀ ਸਿੰਘ ਰਿਹਾਈ ਮੋਰਚੇ ਦੇ ਆਗੂ ਜਗਦੀਪ ਸਿੰਘ ਚੀਮਾ, ਜਸਪ੍ਰੀਤ ਸਿੰਘ, ਪ੍ਰਗਟ ਸਿੰਘ ਤੇ ਗੁਰਜੰਟ ਸਿੰਘ ਭਾਊ ਨੇ ਕਿਹਾ ਕਿ ਉਨਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਢਾਈ ਮਹੀਨਿਆਂ ਤੋਂ ਪੱਕਾ ਮੋਰਚਾ ਲਗਾਇਆ ਹੋਇਆ ਹੈ, ਪਰ ਹੁਣ ਤੱਕ ਕਿਸੇ ਵੀ ਅਧਿਕਾਰੀ ਵੱਲੋਂ ਉਨਾਂ ਦੀ ਇਸ ਮੰਗ ਵੱਲ ਧਿਆਨ ਨਹੀਂ ਦਿੱਤਾ ਗਿਆ। ਉਨਾਂ ਦੱਸਿਆ ਕਿ ਕੇਂਦਰ ਸਰਕਾਰ ਨੇ ਸਾਲ 2019 ਵਿੱਚ ਗੁਰੂ ਨਾਨਕ ਦੇਵ ਦੇ 550ਵੇਂ ਜਨਮ ਦਿਵਸ ਮੌਕੇ ਵਾਅਦਾ ਕੀਤਾ ਸੀ ਕਿ ਅੱਠ ਸਿੰਘਾਂ ਦੀ ਰਿਹਾਈ ਕੀਤੀ ਜਾਵੇਗੀ ਅਤੇ ਇੱਕ ਸਿੰਘ ਦੀ ਸਜ਼ਾ ਫਾਂਸੀ ਤੋਂ ਉਮਰ ਕੈਦ ਵਿੱਚ ਤਬਦੀਲ ਕੀਤੀ ਜਾਵੇਗੀ। ਉਨਾਂ ਰੋਸ ਜਤਾਉਂਦਿਆਂ ਕਿਹਾ ਕਿ ਸਿੱਖ ਸੰਗਤ ਵੱਲੋਂ ਵਾਰ-ਵਾਰ ਇਹ ਮਾਮਲਾ ਸਰਕਾਰਾਂ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਪ੍ਰੋ. ਦਵਿੰਦਰਪਾਲ ਭੁੱਲਰ ਸਮੇਤ ਬਾਕੀ ਸਿੰਘਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ। ਉਨਾਂ ਸੂਬਾ ਸਰਕਾਰ ਤੋਂ ਇਸ ਪਾਸੇ ਫੌਰੀ ਧਿਆਨ ਦੇਣ ਦੀ ਮੰਗ ਕੀਤੀ। ਇਸ ਮੌਕੇ ਪਹੁੰਚੇ ਨਾਇਬ ਤਹਿਸੀਲਦਾਰ ਗੁਰਬੰਤ ਸਿੰਘ ਨੇ ਕਿਹਾ ਕਿ ਟੈਂਕੀ 'ਤੇ ਚੜੇ ਸਿੰਘਾਂ ਦੀ ਮੰਗ ਉੱਚ ਅਧਿਕਾਰੀਆਂ ਰਾਹੀਂ ਸਰਕਾਰ ਤੱਕ ਪਹੁੰਚਾਈ ਜਾ ਰਹੀ ਹੈ। ਦੂਜੇ ਪਾਸੇ ਸਿੰਘਾਂ ਨੇ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਰਿਹਾਈ ਸਬੰਧੀ ਪੱਕਾ ਭਰੋਸਾ ਨਹੀਂ ਮਿਲਦਾ, ਉਹ ਟੈਂਕੀ ਤੋਂ ਹੇਠਾਂ ਨਹੀਂ ਉਤਰਨਗੇ।

# ਭਾਰਤੀ ਮੁਸਲਮਾਨਾਂ ਉਪਰ ਭਗਵੇਂ ਹਮਲੇ ਬਨਾਮ ਬਹੁਗਿਣਤੀਵਾਦ ਦੀ ਦਹਿਸ਼ਤ



### ਰਾਮਚੰਦਰ ਗੁਹਾ ਇਤਿਹਾਸਕਾਰ

ਸ੍ਰੀਲੰਕਾ ਦੇ ਮਾਨਵ-ਵਿਗਿਆਨੀ ਐਸ ਜੇ ਤੰਬਈਆ ਨੇ 1980ਵਿਆਂ ਵਿਚ ਆਪਣੇ ਦੇਸ਼ ਅੰਦਰਲੇ ਨਸਲੀ ਤਣਾਅ ਬਾਰੇ ਲਿਖਦਿਆਂ, ਸਿੰਹਾਲੀ ਲੋਕਾਂ ਦੀ ਤਸ਼ਬੀਹ 'ਇਕ ਅਜਿਹੀ ਬਹੁਗਿਣਤੀ ਨਾਲ ਕੀਤੀ ਸੀ ਜੋ ਘੱਟਗਿਣਤੀ ਮਨੋਦਸ਼ਾ ਦੀ ਸ਼ਿਕਾਰ ਹੈ।' ਸਿੰਹਾਲੀ ਕੁੱਲ ਜਨਸੰਖਿਆ ਦਾ 70 ਫ਼ੀਸਦੀ ਤੋਂ ਵੱਧ ਹਨ, ਦੇਸ਼ ਦੀ ਰਾਜਨੀਤੀ 'ਤੇ ਉਨਾਂ ਦਾ ਕਬਜ਼ਾ ਹੈ ਅਤੇ ਅਫ਼ਸਰਸ਼ਾਹੀ ਤੇ ਫ਼ੌਜ 'ਤੇ ਉਨਾਂ ਦਾ ਦਬਦਬਾ ਹੈ, ਉਨਾਂ ਦਾ ਬੁੱਧਮਤ ਦੇਸ਼ ਦਾ ਸਰਕਾਰੀ ਧਰਮ ਹੈ, ਉਨਾਂ ਦੀ ਭਾਸ਼ਾ ਸਿੰਹਾਲਾ ਨੂੰ ਹੋਰਨਾਂ ਭਾਸ਼ਾਵਾਂ ਨਾਲੋਂ ਸਰਕਾਰੀ ਤੌਰ 'ਤੇ ਉੱਚ ਦਰਜਾ ਮਿਲਿਆ ਹੋਇਆ ਹੈ। ਇਸ ਸਭ ਕੁਝ ਦੇ ਬਾਵਜੂਦ ਸਿੰਹਾਲੀ ਲੋਕ ਆਪਣੇ ਪੀੜਤ ਹੋਣ ਦੀ ਭਾਵਨਾ ਨਾਲ ਭਰੇ ਹੋਏ ਹਨ। ਉਨਾਂ ਨੂੰ ਘੱਟਗਿਣਤੀ ਤਮਿਲ ਭਾਈਚਾਰੇ ਤੋਂ ਖ਼ਤਰਾ ਮਹਿਸੂਸ ਹੁੰਦਾ ਹੈ ਅਤੇ ਉਹ ਸ਼ਿਕਾਇਤ ਕਰਦੇ ਰਹਿੰਦੇ ਹਨ ਕਿ ਤਮਿਲ ਲੋਕੀਂ ਜ਼ਿਆਦਾ ਪੜੇ ਲਿਖੇ ਹਨ ਕਿਉਂਕਿ ਜਦੋਂ ਇਸ ਟਾਪੂ 'ਤੇ ਅੰਗਰੇਜ਼ਾਂ ਦਾ ਰਾਜ ਸੀ ਤਾਂ ਉਨਾਂ (ਤਾਮਿਲਾਂ) ਨਾਲ ਵਿਸ਼ੇਸ਼ ਰਿਆਇਤ ਕੀਤੀ ਜਾਂਦੀ ਸੀ, ਉਨਾਂ ਨੂੰ ਇਸ ਗੱਲ ਦਾ ਗਰੂਰ ਰਹਿੰਦਾ ਹੈ ਕਿ ਭਾਰਤ (ਜੋ ਸ੍ਰੀਲੰਕਾ ਨਾਲੋਂ ਕਿਤੇ ਵੱਡਾ ਤੇ ਫ਼ੌਜੀ ਤੌਰ 'ਤੇ ਤਾਕਤਵਰ ਦੇਸ਼ ਹੈ) ਦੀ ਹਮਾਇਤ ਹਾਸਲ ਹੈ ਅਤੇ ਜੇ ਇਨਾਂ ਦੀ ਵਧਦੀ ਤਾਕਤ ਨੂੰ ਨਾ ਰੋਕਿਆ ਗਿਆ ਤਾਂ ਸਿੰਹਲੀਆਂ ਦੇ ਆਪਣੇ ਇਕਲੌਤੇ ਦੇਸ਼ ਵਿਚ ਹੀ ਤਾਮਿਲ ਉਨਾਂ 'ਤੇ ਦਾਬਾ ਕਾਇਮ ਕਰ ਲੈਣਗੇ।

ਕੁਝ ਦਿਨ ਪਹਿਲਾਂ ਜਦੋਂ ਮੈਂ ਕਰਨਾਟਕ ਦੇ ਉਡੁੱਪੀ ਵਿਚ ਕੁਝ ਨਾਗਰਿਕਾਂ ਅਤੇ ਪੇਜਾਵਰ ਮੱਠ ਦੇ ਸਵਾਮੀ ਦੀ ਮੀਟਿੰਗ ਬਾਰੇ ਇਕ ਰਿਪੋਰਟ ਅਖ਼ਬਾਰ ਵਿਚ ਪੜੀ ਤਾਂ ਮੈਨੂੰ ਤੰਬਈਆ ਦੀ ਧਾਰਨਾ ਦਾ ਚੇਤਾ ਆ ਗਿਆ। ਉਡੁੱਪੀ ਜ਼ਿਲਾ ਤੇ ਸ਼ਹਿਰ ਪਿਛਲੇ ਕੁਝ ਸਾਲਾਂ ਤੋਂ ਕਰਨਾਟਕ ਵਿਚ ਕੱਟੜਪੰਥੀਆਂ ਦੀ ਪ੍ਰਯੋਗਸ਼ਾਲਾ ਬਣਿਆ ਹੋਇਆ ਹੈ। ਇਹ ਉਹੀ ਸ਼ਹਿਰ ਹੈ ਜਿੱਥੇ ਇਕ ਸਿਆਸੀ ਆਗੂ ਦੀ ਸ਼ਹਿ 'ਤੇ ਇਕ ਕਾਲਜ ਵੱਲੋਂ ਹਿਜਾਬ ਪਹਿਨਣ 'ਤੇ ਪਾਬੰਦੀ ਲਾਈ ਗਈ ਸੀ। ਇਸ ਨਾਲ ਦੇਸ਼ਵਿਆਪੀ ਵਿਵਾਦ ਖੜਾ ਹੋ ਗਿਆ ਸੀ ਜਿਸ ਦੇ ਫ਼ਿਰਕੂ ਇਕਸੁਰਤਾ ਲਈ ਗੰਭੀਰ ਖ਼ਤਰੇ ਨਿਕਲ ਸਕਦੇ ਸਨ। ਪੇਜਾਵਰ ਮੱਠ ਦਾ ਸ਼ੁਮਾਰ ਉਨਾਂ ਅੱਠ ਧਾਰਮਿਕ ਸੰਗਠਨਾਂ ਵਿਚ ਹੁੰਦਾ ਹੈ ਜੋ ਸਮੂਹਿਕ ਰੂਪ ਵਿਚ ਉਡੁੱਪੀ ਦੇ ਪ੍ਰਸਿੱਧ ਧਾਰਮਿਕ ਅਸਥਾਨ ਦਾ ਪ੍ਰਬੰਧ ਚਲਾਉਂਦੇ ਹਨ।

ਹਿਜਾਬ 'ਤੇ ਪਾਬੰਦੀ ਲਾ ਕੇ ਬਹੁਤ ਸਾਰੀਆਂ ਲੜਕੀਆਂ ਨੂੰ ਸਿੱਖਿਆ ਦੇ ਹੱਕ ਤੋਂ ਵਿਰਵਾ ਕਰਨ ਦੀ ਸਫ਼ਲਤਾ ਪਾਉਣ ਤੋਂ ਬਾਅਦ ਉਡੁੱਪੀ ਦੇ ਕੱਟੜਪੰਥੀ ਬੁਰਛਾਗਰਦਾਂ ਨੇ ਆਗਿਆਕਾਰੀ ਪ੍ਰਸ਼ਾਸਨ ਨੂੰ ਇਕ ਨਵਾਂ ਫਰਮਾਨ ਚਾੜ ਦਿੱਤਾ ਕਿ ਮੰਦਰਾਂ ਤੇ ਤਿਓਹਾਰਾਂ ਮੌਕੇ ਲੱਗਦੇ ਮੇਲਿਆਂ 'ਤੇ ਮੁਸਲਮਾਨ ਦੁਕਾਨਦਾਰਾਂ 'ਤੇ ਦੁਕਾਨਾਂ ਲਾਉਣ ਦੀ ਪਾਬੰਦੀ ਲਾਈ ਜਾਵੇ। ਨਾਗਰਿਕਾਂ ਦੇ ਇਕ ਵਫ਼ਦ ਜਿਸ ਵਿਚ ਕੁਝ ਮੁਸਲਮਾਨ ਵੀ ਸ਼ਾਮਲ ਸਨ, ਨੇ ਪੇਜਾਵਰ ਮੱਠ ਦੇ ਸਵਾਮੀ ਨਾਲ ਮੁਲਾਕਾਤ ਕੀਤੀ ਕਿਉਂਕਿ ਉਨਾਂ ਪਤਾ ਸੀ ਕਿ ਰਾਜ ਸਰਕਾਰ ਜਾਂ ਅਦਾਲਤਾਂ ਨੇ ਉਨਾਂ ਦੀ ਬਾਂਹ ਨਹੀਂ ਫੜਨੀ। ਉਨਾਂ ਸਵਾਮੀ ਨੂੰ ਮੁਸਲਮਾਨ ਦੁਕਾਨਦਾਰਾਂ 'ਤੇ ਲਾਈ ਗਈ ਪਾਬੰਦੀ ਖਿਲਾਫ਼ ਦਖ਼ਲ ਦੇਣ ਦੀ ਅਪੀਲ ਕੀਤੀ ਤਾਂ ਕਿ ਫ਼ਿਰਕੂ ਇਕਸੁਰਤਾ ਨਾ ਵਿਗੜੇ। ਇਸ 'ਤੇ ਸਵਾਮੀ ਨੇ ਉਨਾਂ ਨੂੰ ਆਖਿਆ ਕਿ ਹਿੰਦੂ ਸਮਾਜ ਨੇ ਬੀਤੇ ਸਮਿਆਂ ਵਿਚ ਬਹੁਤ ਸੰਤਾਪ ਹੰਢਾਇਆ ਹੈ। ਇਕ ਅਖ਼ਬਾਰ ਵਿਚ ਸਵਾਮੀ ਦਾ ਇਹ ਬਿਆਨ ਛਪਿਆ ਕਿ 'ਜਦੋਂ ਕਿਸੇ ਤਬਕੇ ਜਾਂ ਸਮੂਹ ਨੂੰ ਨਿਰੰਤਰ ਬੇਇਨਸਾਫ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸ ਦੀ ਮਾਯੂਸੀ ਅਤੇ ਗੁੱਸਾ ਉਬਾਲਾ ਖਾ ਜਾਂਦਾ ਹੈ। ਹਿੰਦੂ ਸਮਾਜ ਬੇਇਨਸਾਫ਼ੀ ਤੋਂ ਅੱਕ ਚੁੱਕਿਆ ਹੈ।'

ਸਵਾਮੀ ਨੇ ਇਤਿਹਾਸ ਦਾ ਹਵਾਲਾ ਦਿੰਦਿਆਂ ਦਾਅਵਾ



ਕੀਤਾ ਹੈ ਕਿ 'ਹਿੰਦੂ ਸਮਾਜ ਨੂੰ ਅਤੀਤ ਵਿਚ ਬਹੁਤ ਦੁੱਖ ਝਾਗਣੇ ਪਏ ਸਨ।' ਮੇਰਾ ਖ਼ਿਆਲ ਹੈ ਕਿ ਉਨਾਂ ਦਾ ਇਸ਼ਾਰਾ ਉਨਾਂ ਮੁਸਲਿਮ ਰਾਜਿਆਂ ਵੱਲ ਸੀ ਜਿਨਾਂ ਨੇ ਮੱਧਕਾਲ ਦੌਰਾਨ ਹਿੰਦੁਸਤਾਨ ਉਪਰ ਰਾਜ ਕੀਤਾ ਸੀ। ਬੇਸ਼ੱਕ ਇਹ ਹਵਾਲੇ ਇਕਪਾਸੜ ਪ੍ਰਵਚਨ ਵਿਚ ਭਰੇ ਪਏ ਹਨ ਜੋ ਪਿਛਲੇ ਕੁਝ ਮਹੀਨਿਆਂ ਦੌਰਾਨ ਉੱਤਰ ਪ੍ਰਦੇਸ਼ ਵਿਚ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਅਤੇ ਰਾਜ ਦੇ ਮੁੱਖ ਮੰਤਰੀ ਵੱਲੋਂ ਵਾਰ ਵਾਰ ਦਿੱਤੇ ਜਾਂਦੇ ਰਹੇ ਹਨ। ਸਬੱਬੀਂ, ਇਕ ਧਰਮ ਨੂੰ ਛੱਡ ਕੇ ਅੱਜ 2022 ਵਿਚ ਲਖਨਊ ਜਾਂ ਉਡੁੱਪੀ ਵਿਚ ਰਹਿੰਦੇ ਮੁਸਲਮਾਨ ਮਿਹਨਤਕਸ਼ ਲੋਕਾਂ ਦਾ ਅਤੀਤ ਦੇ ਮੁਸਲਿਮ ਸ਼ਾਸਕਾਂ ਨਾਲ ਕੁਝ ਵੀ ਸਾਂਝਾ ਨਹੀਂ ਹੈ ਜੀਹਦੇ ਕਰਕੇ ਉਨਾਂ ਨੂੰ ਇੰਝ ਧਮਕਾਇਆ ਤੇ ਸ਼ਰਮਿੰਦਾ ਕੀਤਾ ਜਾਵੇ।

ਅੱਜ ਕੱਲ ਇਹ ਰਿਵਾਜ ਹੀ ਬਣ ਗਿਆ ਹੈ ਕਿ ਭਾਰਤੀ ਮੁਸਲਮਾਨਾਂ ਨੂੰ ਸਦੀਆਂ ਪਹਿਲਾਂ ਮੁਗ਼ਲਾਂ ਜਾਂ ਫਿਰ ਟੀਪੂ ਸੁਲਤਾਨ ਵੱਲੋਂ ਕੀਤੇ ਕੰਮਾਂ ਬਦਲੇ ਦੋਸ਼ੀ ਠਹਿਰਾਇਆ ਜਾਵੇ। ਬਹਰਹਾਲ, ਗੌਰਤਲਬ ਗੱਲ ਇਹ ਹੈ ਕਿ ਪੇਜਾਵਰ ਦੇ ਸਵਾਮੀ ਹਿੰਦੂਆਂ ਨਾਲ ਬੇਇਨਸਾਫ਼ੀ ਦੀ ਬਾਤ ਪਾਉਂਦਿਆਂ ਵਰਤਮਾਨ ਵਿਚ ਪ੍ਰਵੇਸ਼ ਕਰ ਗਏ ਪਰ ਉਨਾਂ ਇਹ ਨਹੀਂ ਦੱਸਿਆ ਕਿ ਹੁਣ ਹਿੰਦੂਆਂ ਨਾਲ ਬੇਇਨਸਾਫ਼ੀ ਕੌਣ ਕਰ ਰਿਹਾ ਹੈ? ਆਬਾਦੀ ਦੇ ਲਿਹਾਜ਼ ਤੋਂ ਇਸ ਵੇਲੇ ਭਾਰਤ ਵਿਚ ਹਿੰਦੂਆਂ ਦਾ ਅਨੁਪਾਤ ਸ੍ਰੀਲੰਕਾ ਦੇ ਸਿੰਹਾਲੀਆਂ ਨਾਲੋਂ ਵੀ ਜ਼ਿਆਦਾ ਹੈ। ਪ੍ਰਸ਼ਾਸਨ ਅਤੇ ਅਮਨ ਕਾਨੂੰਨ ਵਿਵਸਥਾ ਉੱਤੇ ਇਨਾਂ ਦਾ ਮੁਕੰਮਲ ਗਲਬਾ ਹੈ। ਕਰਨਾਟਕ ਦੇ ਮੁਸਲਮਾਨ ਸਿਆਸੀ, ਆਰਥਿਕ, ਸਮਾਜੀ ਤੇ ਸਭਿਆਚਾਰਕ ਤੌਰ 'ਤੇ ਬਿਲਕੁਲ ਨਿਤਾਣੇ ਹਨ। ਵਿਧਾਨ ਪਾਲਿਕਾ, ਨਾਗਰਿਕ ਸੇਵਾਵਾਂ ਤੇ ਪੁਲਿਸ, ਨਿਆਂਪਾਲਿਕਾ ਅਤੇ ਪੇਸ਼ੇਵਰ ਕਿੱਤਿਆਂ ਵਿਚ ਉਨਾਂ ਦੀ ਗਿਣਤੀ ਨਾਮਾਤਰ ਹੈ। ਉਨਾਂ ਦਾ ਆਰਥਿਕ ਦਰਜਾ ਬਹੁਤ ਖ਼ਰਾਬ ਹੈ। ਕਮਾਲ ਦੀ ਗੱਲ ਇਹ ਹੈ ਕਿ ਇਸ ਵੇਲੇ ਕਰਨਾਟਕ ਅਤੇ ਸਮੁੱਚੇ ਭਾਰਤ ਵਿਚ ਹਿੰਦੂ ਸ੍ਰੇਸ਼ਠਤਾ ਦੇ ਮੰਤਵ ਨੂੰ ਸਮਰਪਿਤ ਪਾਰਟੀ ਰਾਜ ਚਲਾ ਰਹੀ ਹੈ।

ਇਸ ਦੇ ਬਾਵਜੂਦ ਸਵਾਮੀ ਆਰਾਮ ਨਾਲ ਇਹ ਗੱਲ ਕਹਿ ਦਿੰਦਾ ਹੈ ਕਿ ਹਿੰਦੂਆਂ ਨਾਲ ਵਿਤਕਰਾ ਤੇ ਬੇਇਨਸਾਫ਼ੀ ਹੋ ਰਹੀ ਹੈ। ਜਦੋਂ ਕੋਈ ਪ੍ਰਾਚੀਨ, ਉੱਤਮ ਦਰਜੇ ਦੀ ਸਤਿਕਾਰਤ ਧਾਰਮਿਕ ਵਿਵਸਥਾ ਇਸ ਕਿਸਮ ਦੀ ਗੱਲ ਕਰਦੀ ਹੈ ਤਾਂ ਅਸੀਂ ਸਮਝ ਸਕਦੇ ਹਾਂ ਕਿ ਸਾਡੀ ਬਹੁਗਿਣਤੀ ਇਕ ਕਿਸਮ ਦੀ ਘੱਟਗਿਣਤੀ ਮਨੋਦਸ਼ਾ ਦਾ ਸ਼ਿਕਾਰ ਹੈ।

ਬਾਕੀ ਸਫ਼ਾ 34 'ਤੇ

ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

**1930 Sikh Temple St, Stockton, CA 95206**

(A Historical Land Mark of CA)



## ਖਾਲਸਾ ਪੰਥ ਦੀ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਤਿਉਹਾਰ 'ਤੇ

# 23ਵੇਂ ਮਹਾਨ ਨਗਰ ਕੀਰਤਨ

## ਦੇ ਸਬੰਧ ਵਿਚ 4 ਅਪ੍ਰੈਲ ਤੋਂ 17 ਅਪ੍ਰੈਲ ਤੱਕ ਰੋਜ਼ਾਨਾ ਸ਼ਾਮ ਦੇ ਪ੍ਰੋਗਰਾਮ ਚੱਲਣਗੇ

**ਸਮਾਂ : 5.00 PM ਤੋਂ 9.00 PM ਤੱਕ**

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 17 ਅਪ੍ਰੈਲ 2022 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖਾਲਸੇ ਦਾ 323ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਕੀਰਤਨ ਯਾਤਰਾ ਪਿਛੋਂ ਗੁਰੂ ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿੱਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ ਤੇ ਫਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਉ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਭਾਈ ਸਾਹਿਬ ਗਿਆਨੀ ਪਿੰਦਰਪਾਲ ਸਿੰਘ ਜੀ



ਭਾਈ ਜੁਝਾਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ



ਭਾਈ ਗੁਰਸੇਵਕ ਸਿੰਘ ਸੰਗਰੂਰ ਵਾਲੇ



ਭਾਈ ਮਨਜੀਤ ਸਿੰਘ



ਭਾਈ ਜਗਮੋਹਨ ਸਿੰਘ ਜੰਮੂ ਹਜ਼ੂਰੀ ਰਾਗੀ ਗੁ. ਸਾਹਿਬ ਸਟਾਕਟਨ



ਢਾਡੀ ਭਾਈ ਕੁਲਵੰਤ ਸਿੰਘ ਪੰਡੋਰੀ ਵਾਲੇ

**ਫਲੋਟਾਂ ਦੀ ਸੇਵਾ ਲਈ ਕਾਲ ਕਰੋ :**

ਸ੍ਰ. ਇਕਬਾਲ ਸਿੰਘ ਗਿੱਲ : 209-649-6870

ਸ੍ਰ. ਪਰਮਪ੍ਰੀਤ ਸਿੰਘ ਨਿੱਝਰ : 510-377-5320

**ਦੁਕਾਨਾਂ ਲਈ ਜਾਣਕਾਰੀ ਲਈ ਕਾਲ ਕਰੋ ਜੀ :**

ਬੀਬੀ ਸਰਬਜੀਤ ਕੌਰ 209-430-9415

**ਗੁਰੂ ਕੇ ਲੰਗਰਾਂ ਦੀ ਸੇਵਾ ਲਈ ਕਾਲ ਕਰੋ :**

ਸ੍ਰ. ਗੁਰਨਾਮ ਸਿੰਘ ਟਿੱਕਾ : 209-649-1208

**ਅੰਮ੍ਰਿਤ ਸੰਚਾਰ :**

16 ਅਪ੍ਰੈਲ ਦਿਨ ਸ਼ਨੀਵਾਰ ਸਵੇਰੇ 9.00 AM

ਨੋਟ : ਪਾਰਕਿੰਗ ਦੀ ਸੇਵਾ ਸਟਾਕਟਨ ਫੇਅਰ ਗਰਾਊਂਡ ਤੋਂ ਬੱਸਾਂ ਨਾਲ ਹੋਵੇਗੀ। ਸਕਿਊਰਿਟੀ ਅਤੇ ਪਾਰਕਿੰਗ ਦਾ ਪੂਰਾ ਪ੍ਰਬੰਧ ਹੈ

ਰਵਿੰਦਰ ਸਿੰਘ ਧਾਲੀਵਾਲ ਪ੍ਰਧਾਨ : 209-275-8725, ਹਰਨੇਕ ਸਿੰਘ ਅਟਵਾਲ ਵਾਈਸ ਪ੍ਰਧਾਨ - 209-351-5965

ਅਮਰਜੀਤ ਸਿੰਘ ਤੁੰਗ ਜਨਰਲ ਸੈਕਟਰੀ : 209-954-2881, ਮਨਜੀਤ ਸਿੰਘ ਮਕੇਰੀਆਂ ਸਹਾਇਕ ਸੈਕਟਰੀ :209-992-1122

ਬਲਜਿੰਦਰ ਸਿੰਘ ਖਜ਼ਾਨਚੀ : 209-603-0680, ਸ੍ਰ. ਤੇਜਪਾਲ ਸਿੰਘ ਬੈਨੀਵਾਲ ਸਹਾਇਕ ਖਜ਼ਾਨਚੀ: 209-627-9233

ਗੁਲਵਿੰਦਰ ਸਿੰਘ ਭਿੰਦਾ ਗਾਖਲ ਚੇਅਰਮੈਨ : 209-487-3699, ਗੁਰਪ੍ਰੀਤ ਸਿੰਘ ਵਾਈਸ ਚੇਅਰਮੈਨ : 209-513-8102

**ਗੁਰਦੁਆਰਾ ਸਾਹਿਬ ਸਟਾਕਟਨ (209) 625-7500**

## ਭਾਰਤੀ ਮੁਸਲਮਾਨਾਂ ਉਪਰ...

ਅਹਿਸਾਸ ਦੇ ਪੱਧਰ 'ਤੇ ਅਤੇ ਵਿਹਾਰਕ ਪੱਖ ਤੋਂ ਹਿੰਦੁਤਵ ਤਹਿਤ ਹਿੰਦੂਆਂ ਦਾ ਇਕ ਘੱਟਗਿਣਤੀ ਮਨੋਦਸ਼ਾ ਵਾਲੀ ਬਹੁਗਿਣਤੀ ਬਣਦੇ ਜਾਣ ਦਾ ਖ਼ਤਰਾ ਹੈ ਜੋ ਖੌਫ਼ ਤੇ ਅੱਤਿਆਚਾਰ ਦੀ ਭਾਵਨਾ ਨਾਲ ਗ੍ਰਸੀ ਹੋਵੇ। ਆਪਣੀ ਸੰਖਿਆ ਦੇ ਜ਼ੋਰ 'ਤੇ ਉਹ ਰਾਜ, ਪ੍ਰਸ਼ਾਸਨ, ਮੀਡੀਆ ਅਤੇ ਇੱਥੋਂ ਤੱਕ ਕਿ ਨਿਆਂ ਪਾਲਿਕਾ ਦੇ ਕੁਝ ਵਰਗਾਂ ਦੇ ਕੰਟਰੋਲ ਜ਼ਰੀਏ ਬੇਕਿਰਕੀ ਨਾਲ ਆਪਣੀ ਇੱਛਾ ਗ਼ੈਰ-ਹਿੰਦੂਆਂ 'ਤੇ ਠੋਸਣ ਦਾ ਯਤਨ ਕਰਦੇ ਹਨ। ਹਿਜਾਬ, ਹਲਾਲ ਮੀਟ ਅਤੇ ਅਜ਼ਾਨ 'ਤੇ ਪਾਬੰਦੀਆਂ ਲਾਉਣ ਦੀਆਂ ਘਟਨਾਵਾਂ ਇਸ ਬਹੁਗਿਣਤੀਵਾਦ ਦੀਆਂ ਸੱਜਰੀਆਂ ਮਿਸਾਲਾਂ ਹਨ।

ਭਾਰਤੀ ਮੁਸਲਮਾਨਾਂ ਉਪਰ ਕੱਟੜਪੰਥੀ ਹਮਲੇ ਦੇ ਦੋ ਮਖ਼ਸੂਸ ਪਰ ਅੰਤਰ-ਸਬੰਧਤ ਪਹਿਲੂ ਹਨ। ਪਹਿਲਾ ਹੈ ਸਿਆਸੀ ਪਹਿਲੂ ਜੋ ਬਹੁਗਿਣਤੀ ਫ਼ਿਰਕੇ ਦਾ ਇਕ ਜੇਤੂ ਵੋਟ ਬੈਂਕ ਕਾਇਮ ਕਰਨ ਦੇ ਉੱਦਮ ਦਾ ਢੰਡੋਰਾ ਪਿੱਟਦਾ ਹੈ ਜਿਸ ਤਹਿਤ ਦਲਿਤਾਂ ਅਤੇ ਹੋਰਨਾਂ ਪਛੜੇ ਵਰਗਾਂ ਦੇ ਕੁਝ ਪ੍ਰਮੁੱਖ ਹਿੱਸਿਆਂ ਨੂੰ ਹਿੰਦੁਤਵੀ ਖੇਮੇ ਹੇਠ ਲਿਆ ਕੇ ਸਭਿਆਚਾਰਕ ਤੇ ਸਮਾਜਿਕ ਸ੍ਰੇਸ਼ਠਤਾ ਦਾ ਅਹਿਸਾਸ ਕਰਾਉਣਾ ਹੈ। ਜ਼ਿਆਦਾਤਰ ਸੂਬਿਆਂ ਵਿਚ ਅਨੁਮਾਨ 80 ਫ਼ੀਸਦੀ ਵੋਟਰ ਹਿੰਦੂ ਹਨ। ਜੇ ਭਾਜਪਾ ਪਹਿਲ ਹਿੰਦੂ ਤੇ ਮੁਸਲਮਾਨ ਰਹਿਤ ਰਣਨੀਤੀ ਮੁਤਾਬਿਕ ਇਨਾਂ 'ਚੋਂ 60 ਫ਼ੀਸਦੀ ਵੋਟਾਂ ਲੈ ਜਾਵੇ ਤਾਂ ਉਸ ਦੀ ਜਿੱਤ ਪੱਕੀ ਹੋ ਜਾਂਦੀ ਹੈ। (ਇਹੀ ਉਹ ਖੇਤਰ ਹੈ ਜਿੱਥੇ ਭਾਜਪਾ ਦੇ ਵਿਰੋਧ ਵਿਚ ਮਹਿਜ਼ ਇਕ ਹੀ ਵੱਡੀ ਸਿਆਸੀ ਪਾਰਟੀ ਮੌਜੂਦ ਹੈ ਜਦੋਂਕਿ ਸੂਬਿਆਂ ਵਿਚ ਹਿੱਸਾ ਵੰਡਾਉਣ ਵਾਲੀਆਂ ਕਈ ਪਾਰਟੀਆਂ ਹਨ ਜਿੱਥੇ ਭਾਜਪਾ ਨੂੰ ਜਿੱਤਣ ਲਈ ਬਹੁਗਿਣਤੀ ਵੋਟ ਬੈਂਕ ਦੀਆਂ 50 ਫ਼ੀਸਦ ਵੋਟਾਂ ਲਿਜਾਣੀਆਂ ਹੀ ਕਾਫ਼ੀ ਹਨ।)

ਘੱਟਗਿਣਤੀਆਂ ਉਪਰ ਕੱਟੜਪੰਥੀ ਹਮਲੇ ਦਾ ਦੂਜਾ ਪਹਿਲੂ ਵਿਚਾਰਧਾਰਕ ਹੈ- ਭਾਵ ਇਹ ਧਾਰਨਾ ਹੈ ਕਿ ਹਿੰਦੂ ਹੀ ਇਸ ਦੇਸ਼ ਦੇ ਸੱਚੇ ਸੁੱਚੇ, ਖਰੇ, ਭਰੋਸੇਮੰਦ ਨਾਗਰਿਕ ਹਨ ਅਤੇ ਭਾਰਤੀ ਮੁਸਲਮਾਨਾਂ (ਕੁਝ ਹੱਦ ਤੱਕ ਇਸਾਈਆਂ 'ਤੇ ਵੀ) ਭਰੋਸਾ ਨਹੀਂ ਕੀਤਾ ਜਾ ਸਕਦਾ ਕਿਉਂਕਿ (ਸਾਵਰਕਰ ਦੀ ਮਾੜੀ ਧਾਰਨਾ ਤਹਿਤ) ਉਨਾਂ ਦੀ ਪੁੰਨਭੂਮੀ ਆਪਣੀ ਪਿੱਤਰਭੂਮੀ ਤੋਂ ਬਾਹਰ ਸਥਿਤ ਹੈ। ਇਸ ਸਰਜ਼ਮੀਨ ਦੇ ਸੱਚੇ ਮਾਲਕ ਹੋਣ ਦੀ ਇਹ ਭਾਵਨਾ ਹੀ ਹਿੰਦੁਤਵੀ ਕਾਰਕੁਨਾਂ ਨੂੰ ਨਿਰੰਤਰ ਭਾਰਤੀ ਮੁਸਲਮਾਨਾਂ ਨੂੰ ਉਨਾਂ ਦੇ ਪਹਿਰਾਵੇ, ਉਨਾਂ ਦੇ ਖਾਣ-ਪਾਨ, ਰੀਤੀ ਰਿਵਾਜ, ਰੋਜ਼ੀ ਰੋਟੀ ਦੇ ਆਰਥਿਕ ਕਿੱਤਿਆਂ ਮੁਤੱਲਕ ਨਿਸ਼ਾਨੇ 'ਤੇ ਲਿਆਉਂਦੇ ਰਹਿਣ ਲਈ ਉਕਸਾਉਂਦੀ ਰਹਿੰਦੀ ਹੈ।

ਇਸ ਮਾਮਲੇ ਵਿਚ ਜਨਤਕ ਦਖ਼ਲ ਦੀ ਇਕ ਸੱਜਰੀ ਮਿਸਾਲ ਮੈਸੂਰ ਵਿਚ ਦੇਖਣ ਨੂੰ ਮਿਲੀ ਹੈ ਜਿੱਥੇ ਇਕ ਦਲੇਰ ਤੇ ਬਹੁਤ ਹੀ ਸਤਿਕਾਰਤ ਕੰਨੜ ਲੇਖਕ ਦੇਵਨੂਰ ਮਹਾਦੇਵਾ ਕੱਟੜਪੰਥੀ ਗੁੰਡਿਆਂ ਨੂੰ ਲਲਕਾਰਦੇ ਹੋਏ ਹਲਾਲ ਮੀਟ ਖ਼ਰੀਦ ਕੇ ਲਿਆਏ ਸਨ। ਇਸ ਮੌਕੇ ਮਹਾਦੇਵਾ ਨੇ ਆਖਿਆ 'ਨਫ਼ਰਤ ਕੱਟੜਪੰਥੀਆਂ ਲਈ ਐਨਰਜੀ ਡਰਿੰਕ ਦੀ ਤਰਾਂ ਹੁੰਦੀ ਹੈ।' ਇਹ ਵਾਕਈ ਇਕ ਬਾਕਮਾਲ ਵਿਆਖਿਆ ਸੀ ਜਿਸ ਨਾਲ ਮੈਂ ਇੰਨੀ ਕੁ ਗੱਲ ਜੋੜਨ ਦੀ ਆਗਿਆ ਮੰਗਦਾ ਹਾਂ ਕਿ ਇਸ ਐਨਰਜੀ ਡਰਿੰਕ ਵਿਚ ਨਫ਼ਰਤ ਦੇ ਨਾਲ ਖ਼ੌਫ਼ ਦੀ ਪੁੱਠ ਵੀ ਚਾੜੀ ਹੁੰਦੀ ਹੈ। ਇਸ ਕੱਟੜਵਾਦੀ ਵਿਚਾਰਧਾਰਾ ਦੇ ਪ੍ਰਭਾਵ ਹੇਠ ਹਿੰਦੂ ਨਾ ਕੇਵਲ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਹਨ ਸਗੋਂ ਅਕਾਰਨ ਹੀ ਆਪਣੇ ਮਨਾਂ ਵਿਚ ਆਪਣੇ ਹਮਵਤਨਾਂ ਪ੍ਰਤੀ ਨਫ਼ਰਤ ਪਾਲ ਬੈਠੇ ਹਨ।

ਸੰਖੇਪ ਸਾਰ ਇਹ ਹੈ ਕਿ ਵਿਹਾਰਕ ਰੂਪ 'ਚ ਇਸ ਵਿਚਾਰਧਾਰਾ ਦੇ ਪਸਾਰ ਨਾਲ ਭਾਰਤ ਦੀ ਵੱਡੀ ਘੱਟਗਿਣਤੀ ਨੂੰ ਤਾਂ ਗਹਿਰਾ ਆਘਾਤ ਪਹੁੰਚੇਗਾ ਹੀ (ਜਿਵੇਂ ਕਿ ਪਹਿਲਾਂ ਹੀ ਹੋ ਰਿਹਾ ਹੈ)। ਉਂਝ, ਲੰਮੇ ਦਾਅ ਤੋਂ ਹਿੰਦੂਆਂ ਨੂੰ ਵੀ ਇਸ ਦੇ ਨਤੀਜੇ ਭੁਗਤਣੇ ਪੈਣਗੇ। ਸ੍ਰੀਲੰਕਾ ਵਿਚ ਸਿੰਹਾਲੀ ਜਨਤਾ ਨੇ ਜਿਵੇਂ ਤਮਿਲਾਂ ਨੂੰ, ਪਾਕਿਸਤਾਨ ਵਿਚ ਸੁੰਨੀਆਂ ਨੇ ਹਿੰਦੂਆਂ, ਇਸਾਈਆਂ, ਅਹਿਮਦੀਆ ਅਤੇ ਸ਼ੀਆ ਲੋਕਾਂ ਨੂੰ, ਮਿਆਂਮਾਰ ਵਿਚ ਬੋਧੀਆਂ ਨੇ ਰੋਹਿੰਗੀਆ ਭਾਈਚਾਰੇ ਨੂੰ ਭੰਡਿਆ ਤੇ ਨਿਸ਼ਾਨਾ ਬਣਾਇਆ ਸੀ, ਇਹ ਇਸੇ ਕਿਸਮ ਦੇ ਖ਼ਤਰੇ ਦੀਆਂ ਘੰਟੀਆਂ ਹਨ। ਜੇ ਕਿਤੇ ਇਹ ਤਿੰਨੋਂ ਦੇਸ਼ ਮਜ਼ਹਬੀ ਬਹੁਗਿਣਤੀਵਾਦ ਦੀ ਵਿਚਾਰਧਾਰਾ ਦੀ ਗ੍ਰਿਫ਼ਤ ਵਿਚ ਨਾ ਆਏ ਹੁੰਦੇ ਤਾਂ ਅੱਜ ਇਨਾਂ ਦੇ ਹਾਲਾਤ ਕਾਫ਼ੀ ਬਿਹਤਰ ਹੋਣੇ ਸਨ। ਨਫ਼ਰਤ ਤੇ ਖ਼ੌਫ਼ ਉਹ ਸਾਧਨ ਹਰਗਿਜ਼ ਨਹੀਂ ਹਨ ਜਿਨਾਂ ਰਾਹੀਂ ਸ਼ਾਂਤਮਈ ਤੇ ਖ਼ੁਸ਼ਹਾਲ ਸਮਾਜਾਂ ਦਾ ਨਿਰਮਾਣ ਤੇ ਪੋਸ਼ਣ ਕੀਤਾ ਜਾਂਦਾ ਹੈ।

## ਵਿਸਾਖੀ ਦੇ ਤਿਉਹਾਰ...

ਇਸਦਿਨਲੋਕਮਠਿਆਈਆਂਵੀਖਰੀਦਦੇਹਨ। ਦੀਵਾਨ ਲੱਗਣੇ : ਇਸ ਦਿਨ ਗੁਰਦੁਆਰਿਆਂ ਵਿਚ ਭਾਰੀ ਦੀਵਾਨ ਲਗਦੇ ਹਨ। ਢਾਡੀ ਸਿੰਘ ਯੋਧਿਆਂ ਦੀਆਂ ਵਾਰਾਂ ਗਾਉਂਦੇ ਹਨ। ਇਸ ਮੌਕੇ 'ਤੇ ਨੇਤਾ ਵੀ ਆਪਣੀਆਂ ਰਾਜਨੀਤਕ ਕਾਨਫ਼ਰੰਸਾਂ ਕਰਦੇ ਹਨ, ਭਾਸ਼ਣ ਦਿੰਦੇ ਹਨ। ਅੱਜ-ਕੱਲ ਦੇ ਮੇਲੇ, ਤਿਉਹਾਰ ਤਾਂ ਸਿਆਸਤ ਦੀ ਭੇਟ ਚੜੇ ਹੋਏ ਹਨ।

ਬਿਕਰਮੀ ਸੰਮਤ ਦੀ ਸ਼ੁਰੂਆਤ : ਇਸ ਦਿਨ ਦੀ ਖ਼ਾਸ ਤੇ ਮਹੱਤਵਪੂਰਨ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਦਿਨ ਬਿਕਰਮੀ ਸੰਮਤ ਸ਼ੁਰੂ ਹੁੰਦਾ ਹੈ। ਖ਼ਾਲਸਾ ਸੰਮਤ ਵਿਚ ਇਸ ਨੂੰ ਸਾਲ ਦਾ ਪਹਿਲਾ ਮਹੀਨਾ ਗਿਣਿਆ ਗਿਆ ਹੈ। ਇਸ ਦੇ ਨਾਲ ਗਰਮੀ ਦੀ ਰੁੱਤ ਅਰੰਭ ਹੋ ਜਾਂਦੀ ਹੈ। ਆਓ ਅਸੀਂ ਪ੍ਰਣ ਕਰੀਏ ਕਿ ਰਲ ਮਿਲਕੇ ਪਿਆਰ ਨਾਲ ਦੁੱਖ-ਸੁੱਖ ਸਾਂਝੇ ਕਰੀਏ ਤਾਂ ਜੋ ਤਿਉਹਾਰ ਦੀ ਖ਼ੁਸ਼ੀ ਆਪਣਿਆਂ ਦੇ ਸੰਗ ਦੂਣੀ ਚੌਣੀ ਹੋ ਜਾਵੇ। ਵਿਸਾਖੀ ਦਾ ਤਿਉਹਾਰ ਗਿੱਧੇ ਅਤੇ ਭੰਗੜੇ ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ ਹੈ। ਇਹ ਤਿਉਹਾਰ ਸਾਨੂੰ ਯਾਦ ਕਰਵਾਈ ਰੱਖਦੇ ਹਨ ਕਿ ਸਾਡਾ ਪੁਰਾਤਨ ਵਿਰਸਾ ਕਿਹੋ ਜਿਹਾ ਸੀ ਅਸੀਂ ਉਨਾਂ ਸਮਿਆਂ ਨੂੰ ਯਾਦ ਰੱਖੀਏ, ਕਿਤੇ ਅਸੀਂ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਆਪਸੀ ਭਾਈਚਾਰਾ, ਮਿਲਵਰਤਨ ਤੇ ਅਪਣੱਤ ਨੂੰ ਭੁਲਾ ਨਾ ਦੇਈਏ। ਰੱਬ ਅੱਗੇ ਇਹੋ ਅਰਦਾਸ ਹੈ ਕਿ ਆਉਣ ਵਾਲੇ ਸਮੇਂ ਵਿਚ ਵੀ ਇਸੇ ਤਰਾਂ ਵਿਸਾਖੀ ਦੇ ਮੇਲੇ ਲੱਗਦੇ ਰਹਿਣ ਤੇ ਗਿੱਧੇ ਤੇ ਭੰਗੜੇ ਪੈਂਦੇ ਰਹਿਣ।

## ਜਲਿਆਂਵਾਲੇ ਬਾਗ਼ ਦੇ...

ਜਨਰਲ ਡਾਇਰ ਵੱਲੋਂ ਫੌਜ ਨੂੰ ਗੋਲਾਬਾਰੀ ਦਾਗ਼ਣ ਦੇ ਹੁਕਮ ਦੇਣੇ, ਲੋਕਾਂ ਨੂੰ ਬਾਹਰ ਨਿਕਲਣ ਦਾ ਵਾਜਬ ਮੌਕਾ ਨਾ ਮਿਲਣਾ, ਸੌੜੇ ਰਾਸਤੇ ਭੱਜਣ ਲਈ ਮਜਬੂਰ ਹੋਣਾ, ਲੋਥਾਂ ਦੇ ਅੰਬਾਰ ਲੱਗਣੇ, ਸਕੇ-ਸਬੰਧੀਆਂ ਵੱਲੋਂ ਆਪਣਿਆਂ ਦੀ ਭਾਲ ਕਰਨੀ ਤੇ ਉਨਾਂ ਦਾ ਰੋਣਾ-ਪਿੱਟਣਾ, ਗੋਲਾਬਾਰੀ ਦੇ ਅਗਲੇ ਦਿਨ ਅੰਮ੍ਰਿਤਸਰ ਦੇ ਲੋਕਾਂ ਵਲੋਂ ਮ੍ਰਿਤਕਾਂ ਅਰਥਾਤ ਸ਼ਹੀਦਾਂ ਦੀਆਂ ਲਾਸ਼ਾਂ ਨੂੰ ਸਮੇਟਣਾ ਆਦਿ ਦੇ ਕਾਵਿ-ਬਿਰਤਾਂਤ ਇਸ ਸਾਕੇ ਦੇ ਜ਼ਾਲਮੀ ਪਹਿਲੂਆਂ ਦੀ ਦਾਸਤਾਂ ਬਿਆਨ ਕਰ ਰਹੇ ਹਨ। ਇਨਾਂ ਪਹਿਲੂਆਂ ਨੂੰ ਕਾਵਿਕ ਜ਼ੁਬਾਂ ਇਨਾਂ ਬੰਦਾਂ ਵਿਚ ਦਿੱਤੀ ਹੈ :-

–ਠੀਕ ਵਕਤ ਸਾਢੇ ਪੰਜ ਵਜੇ ਦਾ ਸੀ, ਲੋਕ ਜਮਾ ਹੋਏ ਕਈ ਹਜ਼ਾਰ ਪਿਆਰੇ।
ਲੀਡਰ ਦੇਸ ਦਾ ਦੁੱਖ-ਫਰੋਲਣੇ ਨੂੰ, ਲੈਕਚਰ ਦੇਂਵਦੇ ਸਨ ਵਾਰੋ-ਵਾਰ ਪਿਆਰੇ।
–ਅੱਜ ਲਫ਼ਜ਼ ਤਦਬੀਰ ਮੂੰਹ ਵਿਚ ਹੈਸੀ, ਓਧਰ ਫੌਜ ਨੇ ਧੂੜ ਧੁਮਾ ਦਿੱਤੀ।
ਥੋੜੀ ਦੇਰ ਪਿੱਛੋਂ ਫੌਜ ਗੋਰਖੇ ਦੀ, ਜਨਰਲ ਡਾਇਰ ਨੇ ਅਗਾਂਹ ਵਧਾ ਦਿੱਤੀ।
ਦੇ ਕੇ ਹੁਕਮ ਨਹੱਕੇ ਨਿਮਾਣਿਆਂ 'ਤੇ, ਕਾੜ-ਕਾੜ ਬੰਦੂਕ ਚਲਾ ਦਿੱਤੀ।
–ਭੀੜੇ ਰਾਹ ਹੈ ਸਨ ਏਸ ਬਾਗ਼ ਦੇ ਜੀ, ਇਕ ਰੋਕਿਆ ਉਹਨਾਂ ਨੇ ਆਣ ਉਥੇ।
ਕੋਈ ਰਾਹ ਨਾ ਜਾਣ ਨੂੰ ਰਿਹਾ ਬਾਕੀ, ਕਿਦਾਂ ਬਚ ਕਰਕੇ ਨਿਕਲ ਜਾਣ ਉਥੇ।

ਲੇਖਕ ਨੇ ਇਸ ਸਾਕੇ ਵਿਚ ਮੋਏ ਰਿਸ਼ਤੇਦਾਰਾਂ ਦੀਆਂ ਵੱਖੋ-ਵੱਖ ਵੰਨਗੀਆਂ ਲਈ ਵੱਖਰੇ ਉਪ-ਸਿਰਲੇਖ ਵੀ ਅੰਕਿਤ ਕੀਤੇ ਹਨ ਤੇ ਉਨਾਂ ਦੇ ਦੁੱਖਾਂ-ਦਰਦਾਂ ਨੂੰ ਵੀ ਕਵਿਤਾਇਆ ਹੈ। ਇਨਾਂ ਰਿਸ਼ਤਿਆਂ ਵਿਚ ਬੱਚੇ, ਪਤੀ, ਭੈਣਾਂ ਆਦਿ ਦੇ ਵਿਰਲਾਪ ਨੂੰ 'ਵਾਕ ਕਵੀ' ਦੀ ਕਥਾ-ਜੁਗਤ ਵਿਚ ਸਮੇਟਿਆ ਹੈ :

–ਕੀ ਮੈਂ ਦੂਸਰੇ ਦਿਨ ਦਾ ਹਾਲ ਦੱਸਾਂ, ਦਿਲ ਕਹੇ ਇਹ ਗੱਲ ਸੁਣਾ ਨਾਹੀ।
ਮੰਡੀ ਮੁਰਦਿਆਂ ਦੀ ਥਾਉਂ ਥਾਈਂ ਲੱਗੀ, ਕਿਤੇ ਦਿਸੇ ਵਪਾਰੀ ਦਾ ਨਾਂ ਨਾਹੀਂ।
ਨਾਨਕ ਸਿੰਘ ਨਾ ਇਨਾਂ ਵਿਚ ਕੋਈ ਐਸਾ, ਜਿਸ 'ਤੇ ਹੋਈ ਬੰਦੂਕ ਦੀ ਠਾਹ ਨਹੀਂ।

ਵਿਸਾਖੀ ਦੇ ਦੂਸਰੇ ਦਿਨ ਮ੍ਰਿਤਕ ਦੇਹਾਂ ਨੂੰ ਪ੍ਰਸ਼ਾਸਨ ਸਮੇਟਣ ਦੀ ਆਗਿਆ ਦਿੰਦਾ ਹੈ। ਮ੍ਰਿਤਕਾਂ ਦੀ ਤਦਾਦ ਨੂੰ ਵੇਖਦਿਆਂ ਨਿੱਜੀ ਪੱਧਰ 'ਤੇ ਇਨਾਂ ਦੀ ਸਮੇਟਾ-ਸਮੇਟੀ ਸੰਭਵ ਨਹੀਂ ਸੀ। ਇਸ ਕਰਕੇ ਸਮੂਹਿਕ ਪੱਧਰ 'ਤੇ ਇਨਾਂ ਨੂੰ ਚੁੱਕਣ ਤੇ ਸਸਕਾਰ ਕਰਨ ਦੇ ਪ੍ਰਬੰਧ ਲਈ ਵਾਹਨਾਂ ਦਾ ਸਹਾਰਾ ਲਿਆ ਜਾਂਦਾ ਹੈ। ਇਸ ਤ੍ਰਾਸਦਿਕ ਦ੍ਰਿਸ਼ ਦਾ ਸਮੂਰਤੀਕਰਨ ਇਹ ਕਾਵਿ-ਸਤਰਾਂ ਕਲਾਤਮਿਕ ਪੱਧਰ 'ਤੇ ਕਰੇਦੀਆਂ ਹਨ :-

–ਚੌਦਾਂ ਤ੍ਰੀਕ ਜਾ ਕੇ ਸ਼ਹਿਰ ਵਾਸੀਆਂ ਨੇ, ਲੋਥਾਂ ਆਨ ਸ਼ਹੀਦਾਂ ਦੀਆਂ ਕੱਢੀਆਂ ਜੀ।
ਭਲਾਂ ਚੁੱਕਿਆਂ ਕਿੱਥੋਂ ਤੱਕ ਪਵੇ ਪੂਰੀ, ਆਖ਼ਰ ਲੱਦ ਕੇ ਆਂਦੀਆਂ ਗੱਡੀਆਂ ਜੀ।

ਇਸ ਕਿਤਾਬ ਦੇ ਅਤਿਆਚਾਰਕ ਸੰਦ੍ਰਿਸ਼ ਵਿਚ ਸੰਬੰਧਿਤ ਜ਼ਾਲਮ ਅਧਿਕਾਰੀ ਨੂੰ ਲਾਹਨਤਾਂ ਦੇ ਕਾਵਿ-ਪ੍ਰਵਚਨ ਵੀ ਸਿਰਜ ਗਏ ਹਨ। ਕਿੱਸਾ-ਕਾਵਿ ਵਿਚ ਹੋਣੀ ਦੀ ਕਾਵਿ-ਵਿਧੀ 'ਖ਼ੂਨੀ ਵਿਸਾਖੀ' ਦੀ ਸਿਰਜਨਾ ਵੇਲੇ ਵੀ ਇਸਤੇਮਾਲ ਕੀਤੀ ਗਈ ਮਿਲਦੀ ਹੈ। ਲੇਖਕ ਦੀ ਕਾਵਿ-ਦ੍ਰਿਸ਼ਟੀ ਇਨਾਂ ਲਾਹਨਤਾਂ ਨੂੰ ਤਸਦੀਕ ਕਰਦੀ ਹੈ। 'ਸ਼ਹੀਦਾਂ ਵੱਲੋਂ ਜਨਰਲ ਡਾਇਰ ਨੂੰ ਸਰਟੀਫ਼ਿਕੇਟ' ਦਾ ਉਪ-ਅਨੁਵਾਨ ਇਸ ਤਸਦੀਕ ਦਾ ਹੀ ਸ਼ਾਹਦ ਹੈ :

–ਹਾਏ' ਹਾਏ' ਡਾਇਰ ਓ ਬੇਤਰਸ ਡਾਇਰ, ਕਾਹਨੂੰ ਆਇਓਂ ਤੂੰ ਵਿਚ ਪੰਜਾਬ ਡਾਇਰ।
ਜ਼ੁਲਮ ਕਰਦਿਆਂ ਤੈਨੂੰ ਨਾ ਤਰਸ ਆਇਆ, ਕੀ ਤੂੰ ਪੀਤੀ ਸੀ ਉਦੋਂ ਸ਼ਰਾਬ ਡਾਇਰ।
ਜਿਵੇਂ ਮਾਰਿਆ ਈ ਅਸਾਂ ਬੇਦੋਸ਼ਿਆਂ ਨੂੰ, ਲਵੇ ਤੈਥੋਂ ਵੀ ਰੱਬ ਹਿਸਾਬ ਡਾਇਰ।

'ਖ਼ੂਨੀ ਵਿਸਾਖੀ', ਬੇਸ਼ੱਕ, ਤਵਾਰੀਖੀ ਦਸਤਾਵੇਜ਼ ਹੈ। ਇਸ ਅੰਦਰਲੇ ਇਤਿਹਾਸਕ, ਰਾਜਨੀਤਕ, ਭਾਈਚਾਰਕ ਤੇ ਅੱਤਿਆਚਾਰਕ ਸੰਦ੍ਰਿਸ਼ ਜੱਲਿਆਂਵਾਲੇ ਬਾਗ਼ ਦੇ ਸਾਕੇ ਨੂੰ ਜਾਣਨ, ਸਮਝਣ, ਵਿਵੇਚਨ ਅਤੇ ਸੰਸ਼ਲੇਸ਼ਣ ਲਈ ਭਰੋਸੇਯੋਗ ਕਾਰਕ ਹਨ। ਅਜਿਹੀਆਂ ਜ਼ਬਰਦਸਤ ਲਿਖਤਾਂ ਨੂੰ ਨਵੀਂ ਪੀੜੀ ਲਈ ਦਸਤਯਾਬ ਕਰਨਾ ਚਾਹੀਦਾ ਹੈ।

## ਡਾਕਟਰ ਅੰਬੇਦਕਰ ਗਾਂਧੀ..

ਮੁਲਾਂਕਣ ਨੂੰ ਆਤਮਸਾਤ ਕਰ ਕੇ ਉਸ ਦੀਆਂ ਫਜ਼ੂਲ ਚੀਜ਼ਾਂ ਨੂੰ ਦਰਕਿਨਾਰ ਕਰ ਦਿੱਤਾ ਜਾਵੇ।ਉਨਾਂ ਨੇ ਮੈਨੂੰ ਦੱਸਿਆ ਸੀ ਕਿ ਤਿੰਨ ਕਿਤਾਬਾਂ ਦਾ ਉਸ ਦੇ ਉੱਪਰ ਸਭ ਤੋਂ ਜ਼ਿਆਦਾ ਅਸਰ ਹੋਇਆ ਸੀ। ਪਹਿਲੀ ਸੀ 'ਲਾਈਫ ਆਫ ਟੌਲਸਟਾਇ' ਦੂਜੀ ਵਿਕਟਰ ਹਿਯੂਗੋ ਦੀ 'ਲਾ ਮਿਸਰਾ' ਅਤੇ ਤੀਜੀ ਟੌਮਸ ਹਾਰਡੀ ਦੀ 'ਫਾਰ ਫਰਾਮ ਦਿ ਮੈਡਨਿੰਗ ਕਰਾਊਡ' ਕਿਤਾਬਾਂ ਪ੍ਰਤੀ ਉਨਾਂ ਦੀ ਭਗਤੀ ਇਸ ਹੱਦ ਤੱਕ ਸੀ ਕਿ ਉਹ ਸਵੇਰ ਹੋਣ ਤੱਕ ਕਿਤਾਬਾਂ ਵਿੱਚ ਹੀ ਲੀਨ ਰਹਿੰਦੇ ਸਨ। ਅੰਬੇਡਕਰ ਦੇ ਇੱਕ ਹੋਰ ਸ਼ਾਗਿਰਦ ਨਾਮਦੇਵ ਨਿਮਗੜੇ ਆਪਣੀ ਕਿਤਾਬ 'ਇਨ ਦਿ ਟਾਈਗਰਜ਼ ਸ਼ੈਡੋ: ਦਿ ਆਟੋਬਾਇਓਗ੍ਰਾਫ਼ੀ ਆਫ਼ ਐਨ ਅੰਬੇਡਕਰਾਈਟ' ਵਿੱਚ ਲਿਖਦੇ ਹਨ, 'ਇੱਕ ਵਾਰ ਮੈਂ ਉਨਾਂ ਨੂੰ ਪੁੱਛਿਆ ਸੀ ਕਿ ਤੁਸੀਂ ਇੰਨੇ ਲੰਬੇ ਸਮੇਂ ਤੱਕ ਪੜਨ ਦੇ ਬਾਅਦ ਆਪਣਾ 'ਰਿਲੈਕਸੇਸ਼ਨ' ਯਾਨਿ ਮਨੋਰੰਜਨ ਕਿਸ ਤਰਾਂ ਕਰਦੇ ਹੋ ਤਾਂ ਉਨਾਂ ਦਾ ਜਵਾਬ ਸੀ ਮੇਰੇ ਲਈ 'ਰਿਲੈਕਸੇਸ਼ਨ' ਦਾ ਮਤਲਬ ਇੱਕ ਵਿਸ਼ੇ ਤੋਂ ਦੂਜੇ ਭਿੰਨ ਵਿਸ਼ੇ ਦੀ ਕਿਤਾਬ ਨੂੰ ਪੜਨਾ ਹੁੰਦਾ ਹੈ।'

ਅੰਬੇਡਕਰ ਦੇ ਲਾਇਬ੍ਰੇਰੀਅਨ ਵਜੋਂ ਕੰਮ ਕਰਨ ਵਾਲੇ ਦੇਵੀ ਦਿਆਲ ਨੇ ਆਪਣੇ ਲੇਖ 'ਡੇਲੀ ਰੁਟੀਨ ਆਫ ਡਾਕਟਰ ਅੰਬੇਡਕਰ' ਵਿੱਚ ਲਿਖਿਆ ਹੈ, ਅੰਬੇਡਕਰ ਆਪਣੇ ਸੌਣ ਵਾਲੇ ਕਮਰੇ ਨੂੰ ਆਪਣੀ ਸਮਾਧੀ ਸਮਝਦੇ ਸਨ। ਬਾਬਾ ਸਾਹਿਬ ਆਪਣੇ ਬਿਸਤਰੇ 'ਤੇ ਅਖ਼ਬਾਰ ਪੜਨਾ ਪਸੰਦ ਕਰਦੇ ਸਨ।

ਅੰਬੇਡਕਰ ਦੀ ਜੀਵਨੀ ਲਿਖਣ ਵਾਲੇ ਧਨੰਜੈ ਕੀਰ ਲਿਖਦੇ ਹਨ, 'ਅੰਬੇਡਕਰ ਪੂਰੀ ਰਾਤ ਪੜਨ ਦੇ ਬਾਅਦ ਤੜਕੇ ਸੌਂ ਜਾਂਦੇ ਸਨ। ਸਿਰਫ਼ ਦੋ ਘੰਟੇ ਸੌਣ ਤੋਂ ਬਾਅਦ ਉਹ ਥੋੜੀ ਕਸਰਤ ਕਰਦੇ ਸਨ। ਉਸ ਦੇ ਬਾਅਦ ਉਹ ਨਹਾਉਣ ਦੇ ਬਾਅਦ ਨਾਸ਼ਤਾ ਕਰਦੇ ਸਨ।ਅਖ਼ਬਾਰ ਪੜਨ ਤੋਂ ਬਾਅਦ ਉਹ ਆਪਣੀ ਕਾਰ ਤੋਂ ਕੋਰਟ ਜਾਂਦੇ ਸਨ। ਇਸ ਦੌਰਾਨ ਉਹ ਉਨਾਂ ਕਿਤਾਬਾਂ ਨੂੰ ਪਲਟ ਰਹੇ ਹੁੰਦੇ ਸਨ ਜੋ ਉਸ ਦਿਨ ਉਨਾਂ ਕੋਲ ਡਾਕ ਰਾਹੀਂ ਆਈਆਂ ਹੁੰਦੀਆਂ ਸਨ।ਕੋਰਟ ਖਤਮ ਹੋਣ ਦੇ ਬਾਅਦ ਉਹ ਕਿਤਾਬਾਂ ਦੀਆਂ ਦੁਕਾਨਾਂ ਦਾ ਚੱਕਰ ਲਗਾਉਂਦੇ ਸਨ ਅਤੇ ਜਦੋਂ ਉਹ ਸ਼ਾਮ ਨੂੰ ਘਰ ਪਰਤਦੇ ਸਨ ਤਾਂ ਉਨਾਂ ਦੇ ਹੱਥ ਵਿੱਚ ਨਵੀਆਂ ਕਿਤਾਬਾਂ ਦਾ ਇੱਕ ਬੰਡਲ ਹੁੰਦਾ ਸੀ।'

**ਸਿਆਸੀ ਨੇਤਾਵਾਂ ਨਾਲ ਸਾਂਝ**

ਉਨਾਂ ਨੂੰ ਆਪਣੇ ਸੂਬੇ ਮਹਾਰਾਸ਼ਟਰ 'ਤੇ ਵੀ ਮਾਣ ਸੀ। ਕਾਂਗਰਸ ਪਾਰਟੀ ਦੇ ਨੇਤਾਵਾਂ ਵਿੱਚ ਲੋਕਮਾਨਿਆ ਤਿਲਕ ਨੂੰ ਉਹ ਸਭ ਤੋਂ ਜ਼ਿਆਦਾ ਮੰਨਦੇ ਸਨ। ਉਨਾਂ ਦਾ ਕਹਿਣਾ ਸੀ ਕਿ ਤਿਲਕ ਤੋਂ ਜ਼ਿਆਦਾ ਤਕਲੀਫ਼ ਕਿਸੇ ਕਾਂਗਰਸ ਨੇਤਾ ਨੇ ਨਹੀਂ ਝੱਲੀ। ਤਿਲਕ ਨੂੰ ਛੇ ਫੁੱਟ ਚੌੜੀ ਅਤੇ ਅੱਠ ਫੁੱਟ ਲੰਬੀ ਕੋਠੜੀ ਵਿੱਚ ਰੱਖਿਆ ਜਾਂਦਾ ਸੀ ਅਤੇ ਉਹ ਜ਼ਮੀਨ 'ਤੇ ਸੌਂਦੇ ਹੁੰਦੇ ਸਨ, ਜਦ ਕਿ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ ਅਤੇ ਗਾਂਧੀ ਨੇ ਏ ਕਲਾਸ ਤੋਂ ਹੇਠ ਕੋਈ ਸੁਵਿਧਾ ਸਵੀਕਾਰ ਨਹੀਂ ਕੀਤੀ। ਆਪਣੇ ਸਮਕਾਲੀ ਲੋਕਾਂ ਵਿੱਚ ਗੋਵਿੰਦਵੱਲਭ ਪੰਤ ਲਈ ਉਨਾਂ ਦੇ ਮਨ ਵਿੱਚ ਬਹੁਤ ਇੱਜ਼ਤ ਸੀ। ਉਨਾਂ ਦੀ ਨਜ਼ਰ ਵਿੱਚ ਪੰਤ ਮਹਾਰਾਸ਼ਟਰ ਦੇ ਮੂਲ ਨਿਵਾਸੀ ਸਨ। ਉਨਾਂ ਦੇ ਪੁਰਖੇ 1857 ਵਿੱਚ ਨਾਨਾ ਸਾਹੇਬ ਦੇ ਵਿਦਰੋਹ ਦੌਰਾਨ ਉੱਤਰ ਭਾਰਤ ਵਿੱਚ ਆ ਕੇ ਵਸ ਗਏ ਸਨ।'

**ਪਾਰਟੀਆਂ ਵਿੱਚ ਸਮਾਂ ਬਰਬਾਦ ਕਰਨ ਦੇ ਸਖ਼ਤ ਖਿਲਾਫ਼**

1948 ਵਿੱਚ ਅੰਬੇਡਕਰ ਨੂੰ ਸ੍ਰੀਲੰਕਾ ਦੇ ਸੁਤੰਤਰਤਾ ਦਿਵਸ 'ਤੇ ਹੋ ਰਹੇ ਸਮਾਗਮ ਵਿੱਚ ਉੱਥੋਂ ਦੇ ਹਾਈ ਕਮਿਸ਼ਨਰ ਨੇ ਸੱਦਾ ਦਿੱਤਾ ਸੀ।ਇਸ ਸਮਾਰੋਹ ਵਿੱਚ ਲਾਰਡ ਮਾਊਂਟਬੈਟਨ ਅਤੇ ਜਵਾਹਰ ਲਾਲ ਨਹਿਰੂ ਵੀ ਮੌਜੂਦ ਸਨ। ਨੌਨਸੀ ਰੱਤੂ ਆਪਣੀ ਕਿਤਾਬ 'ਰਿਮਿਨੇਸੇਂਸੇਜ਼ ਐਂਡ ਰਿਮੇਂਬਰੈਂਸ ਆਫ ਡਾਕਟਰ ਬੀ ਆਰ ਅੰਬੇਡਕਰ' ਵਿੱਚ ਲਿਖਦੇ ਹਨ, 'ਜਦੋਂ ਮੈਂ ਬਾਬਾ ਸਾਹੇਬ ਨੂੰ ਪੁੱਛਿਆ ਕਿ ਤੁਸੀਂ ਇਸ ਸਮਾਗਮ ਵਿੱਚ ਕਿਉਂ ਨਹੀਂ ਜਾ ਰਹੇ ਤਾਂ ਉਨਾਂ ਦਾ ਜਵਾਬ ਸੀ, ਮੈਂ ਉੱਥੇ ਆਪਣਾ ਕੀਮਤੀ ਸਮਾਂ ਬਰਬਾਦ ਨਹੀਂ ਕਰਨਾ ਚਾਹੁੰਦਾ। ਦੂਜਾ ਮੈਨੂੰ ਸ਼ਰਾਬ ਪੀਣ ਦਾ ਸ਼ੌਕ ਨਹੀਂ ਹੈ ਜੋ ਇਸ ਤਰਾਂ ਦੀਆਂ ਪਾਰਟੀਆਂ ਵਿੱਚ ਪਰੋਸੀ ਜਾਂਦੀ ਹੈ। ਅੰਬੇਡਕਰ ਨੂੰ ਨਾ ਤਾਂ ਨਸ਼ੇ ਦੀ ਕਿਸੇ ਚੀਜ਼ ਦਾ ਸ਼ੌਕ ਸੀ ਅਤੇ ਨਾ ਹੀ ਉਹ ਸਿਗਰਟ ਪੀਂਦੇ ਸਨ।

**ਬਿੜਲਾ ਵੱਲੋਂ ਦਿੱਤੇ ਪੈਸਿਆਂ ਨੂੰ ਅਸਵੀਕਾਰ ਕੀਤਾ**

31 ਮਾਰਚ 1950 ਨੂੰ ਮਸ਼ਹੂਰ ਉਦਯੋਗਪਤੀ ਧਨਸ਼ਿਆਮ ਦਾਸ ਬਿੜਲਾ ਦੇ ਵੱਡੇ ਭਰਾ ਜੁਗਲ ਕਿਸ਼ੋਰ ਬਿੜਲਾ ਅੰਬੇਡਕਰ ਨੂੰ ਮਿਲਣ ਉਨਾਂ ਦੇ ਨਿਵਾਸ ਸਥਾਨ 'ਤੇ ਆਏ। ਕੁਝ ਦਿਨ ਪਹਿਲਾਂ ਬਾਬਾ ਸਾਹੇਬ ਨੇ ਮਦਰਾਸ ਵਿੱਚ ਪੇਰਿਯਾਰ ਦੀ ਮੌਜੂਦਗੀ ਵਿੱਚ ਹਜ਼ਾਰਾਂ ਲੋਕਾਂ ਦੇ ਸਾਹਮਣੇ ਭਗਵਤ ਗੀਤਾ ਦੀ ਆਲੋਚਨਾ ਕੀਤੀ ਸੀ। ਬਾਬਾ ਸਾਹੇਬ ਦੇ ਸਹਿਯੋਗੀ ਰਹੇ ਸ਼ੰਕਰਾਨੰਦ ਸਾਸਤਰੀ 'ਮਾਈ ਐਕਸਪੀਰੀਐਂਸੇਜ ਐਂਡ ਮੈਮੋਰੀਜ ਆਫ ਡਾਕਟਰ ਬਾਬਾ ਸਾਹੇਬ ਅੰਬੇਡਕਰ' ਵਿੱਚ ਲਿਖਦੇ ਹਨ, 'ਬਿੜਲਾ ਨੇ ਉਨਾਂ ਨੂੰ ਸਵਾਲ ਕੀਤਾ ਕਿ ਤੁਸੀਂ ਗੀਤਾ ਦੀ ਆਲੋਚਨਾ ਕਿਉਂ ਕੀਤੀ ਜੋ ਕਿ ਹਿੰਦੂਆਂ ਦੀ ਸਭ ਤੋਂ ਵੱਡੀ ਧਾਰਮਿਕ ਕਿਤਾਬ ਹੈ, ਇਸ ਦੀ ਆਲੋਚਨਾ ਕਰਨ ਦੀ ਬਜਾਏ ਹਿੰਦੂ ਧਰਮ ਨੂੰ ਮਜਬੂਤ ਕਰਨਾ ਚਾਹੀਦਾ ਹੈ।' ਇਸ ਦਾ ਜਵਾਬ ਦਿੰਦੇ ਹੋਏ ਅੰਬੇਡਕਰ ਨੇ ਕਿਹਾ, 'ਮੈਂ ਆਪਣੇ ਆਪ ਨੂੰ ਕਿਸੇ ਨੂੰ ਵੇਚਣ ਲਈ ਨਹੀਂ ਪੈਦਾ ਹੋਇਆ ਹਾਂ। ਮੈਂ ਗੀਤਾ ਦੀ ਇਸ ਲਈ ਆਲੋਚਨਾ ਕੀਤੀ ਸੀ ਕਿਉਂਕਿ ਇਸ ਵਿੱਚ ਸਮਾਜ ਨੂੰ ਵੰਡਣ ਦੀ ਸਿੱਖਿਆ ਦਿੱਤੀ ਗਈ ਹੈ।'

## 'ਹਮ ਰਾਖਤ ਪਾਤਸ਼ਾਹੀ...

ਉਸ ਦੇ ਮਨ ਵਿੱਚ ਅਜੇ ਵੀ ਆਪਣੇ ਰਾਜ ਪ੍ਰਾਪਤੀ ਲਈ ਤੜਫ ਸੀ ਤੇ ਹਮੇਸ਼ਾ ਆਪਣੇ ਵਤਨ ਦੀ ਤਾਂਘ ਉਸ ਦੇ ਦਿਲ ਵਿੱਚ ਰਹੀ। ਪਰ ਉਸਦੇ ਸਰੀਰ ਨੇ ਸਾਥ ਦੇਣਾ ਬੰਦ ਕਰ ਦਿੱਤਾ ਸੀ। ਉਹ ਆਪਣੇ ਆਪ ਨੂੰ ਹਾਰਿਆ ਹੋਇਆ ਨਹੀਂ ਥੱਕਿਆ ਹੋਇਆ ਮਹਿਸੂਸ ਕਰ ਰਿਹਾ ਸੀ । ਉਸਦੇ ਆਖਰੀ ਦਿਨਾਂ ਵਿਚ ਉਸਦੇ ਇਕ ਨਜ਼ਦੀਕੀ ਨੇ ਉਸ ਤੋਂ ਪੁੱਛਿਆ ਕਿ ਤੁਹਾਡਾ ਅੰਤ ਨੇੜੇ ਹੈ ਤੇ ਅਸੀਂ ਮੁੜ ਤੋਂ ਖਾਲਸਾ ਰਾਜ ਵੀ ਪ੍ਰਾਪਤ ਨਹੀਂ ਕਰ ਸਕੇ ਤਾਂ ਦਲੀਪ ਸਿੰਘ ਨੇ ਮੁਸਕਰਉਂਦੇ ਹੋਏ ਕਿਹਾ ਕਿ ਮੈਂ ਅਜ਼ਾਦੀ ਦੀ ਅੱਗ ਜਲਾ ਚੱਲਿਆਂ, ਲੜਾਈ ਸ਼ੁਰੂ ਕਰ ਚੱਲਿਆ ਹਾਂ ਤੇ ਸਾਡੇ ਸਿੱਖ ਭਰਾ ਇਸ ਨੂੰ ਅੱਗੇ ਆਪ ਹੀ ਤੋਰ ਲੈਣਗੇ ਤੇ ਮੁੜ ਤੋਂ ਰਾਜ ਦੀ ਪ੍ਰਾਪਤੀ ਕਰ ਲੈਣਗੇ। ਮੈਨੂੰ ਖੁਸ਼ੀ ਹੈ ਕਿ ਮੈਂ ਇਸ ਦੁਨੀਆ ਤੋਂ ਆਪਣੇ ਪੁਰਖਾਂ ਦੇ ਧਰਮ ਸਿੱਖ ਬਣ ਕੇ ਜਾ ਰਿਹਾ ਹਾਂ, ਹੁਣ ਮੇਰੀ ਰੂਹ ਅਜ਼ਾਦ ਹੈ।

ਅੰਤ ਪੈਰਿਸ ਦੇ ਇੱਕ ਹੋਟਲ ਵਿੱਚ 1893 ਨੂੰ ਮਹਾਰਾਜੇ ਨੇ ਆਪਣਾ ਆਖ਼ਰੀ ਸਾਹ ਲਿਆ। ਉਸਦੀ ਆਖ਼ਰੀ ਇੱਛਾ ਸੀ ਕਿ ਉਸਦੀਆਂ ਅੰਤਿਮ ਰਸਮਾਂ ਲਾਹੌਰ ਵਿੱਚ ਸਿੱਖ ਰਵਾਇਤਾਂ ਅਨੁਸਾਰ ਕੀਤੀਆਂ ਜਾਣ, ਪਰ ਪੰਜਾਬ ਵਿੱਚ ਗੜਬੜ ਹੋਣ ਦੇ ਡਰੋਂ ਅੰਗਰੇਜ਼ੀ ਹਕੂਮਤ ਨੇ ਉਸ ਦੀ ਲਾਸ਼ ਨੂੰ ਪੰਜਾਬ ਲਿਜਾਣ ਦੀ ਆਗਿਆ ਨਹੀਂ ਦਿੱਤੀ । ਇਸ ਤਰਾਂ ਉਸ ਦੀਆਂ ਅੰਤਿਮ ਰਸਮਾਂ ਵੀ ਇਸਾਈ ਮੱਤ ਅਨੁਸਾਰ ਹੋਈਆਂ। ਮਹਾਰਾਜੇ ਨੂੰ ਲੰਡਨ ਦੇ ਐਲਵਡਨ ਚਰਚ ਸਾਹਮਣੇ ਦਫ਼ਨਾਇਆ ਗਿਆ। ਇਸ ਤਰਾਂ ਕਿੰਨੇ ਹੀ ਦੁੱਖ ਦਰਦ ਆਪਣੇ ਅੰਦਰ ਸਮੇਟ ਕੇ ਸੋਹਣੇ ਵਤਨ ਪੰਜਾਬ ਦੀ ਤਾਂਘ ਵਿੱਚ ਮਹਾਰਾਜਾ ਇਸ ਦੁਨੀਆ ਤੋਂ ਚਲਾ ਗਿਆ । ਪਿੱਛੇ ਛੱਡ ਗਿਆ ਆਪਣੀ ਇੱਕ ਆਖ਼ਰੀ ਇੱਛਾ ਮੁੜ ਖਾਲਸਾ ਰਾਜ ਕਾਇਮ ਕਰਨ ਦੀ ਤੇ ਆਪਣੀਆਂ ਅੰਤਿਮ ਰਸਮਾਂ ਪੰਜਾਬ ਦੀ ਧਰਤੀ ਤੇ ਸਿੱਖ ਰਵਾਇਤਾਂ ਅਨੁਸਾਰ ਕਰਨ ਦੀ।

ਸਾਡੇ ਮਹਾਰਾਜੇ ਦੀ ਜੀਵਨ ਕਹਾਣੀ ਤੋਂ ਸਾਨੂੰ ਵੀ ਸਿੱਖਿਆ ਲੈਣੀ ਚਾਹੀਦੀ ਹੈ। ਸਾਨੂੰ ਵੀ ਆਪਣੇ ਆਪ ਦੀ ਪਹਿਚਾਣ ਕਰਨ ਦੀ ਲੋੜ ਹੈ। ਅੱਜ ਸਾਡੇ ਮਨਾਂ 'ਚੋਂ ਪਾਤਸ਼ਾਹੀ ਦਾਅਵੇ ਦਾ ਸੰਕਲਪ ਵਿਸਰਦਾ ਜਾ ਰਿਹਾ ਹੈ, ਸ਼ਾਇਦ ਇਸ ਲਈ ਸਾਨੂੰ ਹਰ ਪਾਸਿਓਂ ਮਾਰਾਂ ਪੈ ਰਹੀਆਂ ਹਨ । ਆਓ ਆਪਣੇ ਆਪ ਦੀ ਪਹਿਚਾਣ ਕਰੀਏ ਤੇ ਮਹਾਰਾਜਾ ਦਲੀਪ ਸਿੰਘ ਦੇ ਵਾਰਿਸ ਅਖਵਾਈਏ।

ਅੰਤ ਵਿਚ ਸੋਹਣ ਸਿੰਘ ਸ਼ੀਤਲ ਦੀਆਂ ਏਹ ਸਤਰਾਂ ਅੰਗ ਅੰਗ ਝੰਜੋੜ ਕੇ ਰੱਖ ਦਿੰਦੀਆਂ ਨੇ ਤੇ ਅਹਿਸਾਸ ਹੁੰਦਾ ਹੈ ਅਸੀਂ ਕੀ ਗਵਾਇਆ ਹੈ :-

ਬਹੁਤੀ ਦੂਰ ਦੀ ਗੱਲ ਨਹੀਂ ਦੇਸ਼ ਅੰਦਰ
*ਕਦੇ ਅਸੀਂ ਹੁੰਦੇ ਸਾਂ ਸ਼ਾਨ ਵਾਲੇ।*
*ਅਸੀਂ ਪੰਜਾਂ ਦਰਿਆਵਾਂ ਦੇ ਬਾਦਸ਼ਾਹ ਸਾਂ*
*ਤਖ਼ਤ ਤਾਜ ਵਾਲੇ ਅਣਖ ਆਨ ਵਾਲੇ।*
*ਸਾਡੇ ਸਿਰ 'ਤੇ ਕਲਗੀਆਂ ਸੋਂਹਦੀਆਂ ਸਨ*
*ਸਾਨੂੰ ਨਿਉਂਦੇ ਸੀ ਕਈ ਗੁਮਾਨ ਵਾਲੇ।*
*ਸਾਡੇ ਖ਼ਾਲਸਾਈ ਕੇਸਰੀ ਨਿਸ਼ਾਨ ਥੱਲੇ*
*ਪਾਣੀ ਭਰਦੇ ਸਨ ਕਈ ਨਿਸ਼ਾਨ ਵਾਲੇ।*

ਸਾਨੂੰ ਆਪਣੇ ਜਿਹਨ ਵਿਚ ਇਹ ਗੱਲ ਹਮੇਸ਼ਾ ਰੱਖਣੀ ਚਾਹੀਦੀ ਹੈ ਕਿ ਅਸੀਂ ਕੀ ਗਵਾਇਆ ਹੈ ਤੇ ਅੱਜ ਸਾਡੇ ਕੋਲ ਕੀ ਹੈ। ਸਾਡਾ ਪੰਜਾਬ ਕਦੇ ਤਿੱਬਤ ਤੋਂ ਲੈ ਕੇ ਕਾਬਲ ਦੀਆਂ ਹੱਦਾਂ ਨੂੰ ਛੂੰਹਦਾ ਸੀ ਤੇ ਅੱਜ ਕਿੰਨਾ ਕੁ ਪੰਜਾਬ ਸਾਡੀ ਝੋਲੀ ਪਿਆ। ਸਾਨੂੰ ਆਪਣੇ ਹੱਕਾਂ ਲਈ ਅਵਾਜ ਬੁਲੰਦ ਕਰਨ ਦੀ ਲੋੜ ਹੈ । ਲੋੜ ਹੈ ਪਾਤਸ਼ਾਹੀ ਦਾਅਵੇ 'ਤੇ ਪਹਿਰਾ ਦੇਣ ਦੀ।

## ਵਾਈਸ ਚਾਂਸਲਰ...

ਸਿੰਡੀਕੇਟ ਅਤੇ ਬੋਰਡ ਆਫ਼ ਸਟੱਡੀਜ਼ ਵਿੱਚੋਂ ਲੰਘਦੇ ਹੋਏ ਪੰਜਾਬ ਯੂਨੀਵਰਸਿਟੀ ਦੇ ਰਜਿਸਟਰਾਰ ਦੇ ਰੁਤਬੇ 'ਤੇ ਜਾ ਸੁਸ਼ੋਭਿਤ ਹੋਣਾ ਇਨਾਂ ਦੀ ਮਿਹਨਤ ,ਦਿਆਨਤਦਾਰੀ ਅਤੇ ਲਗਨ ਦਾ ਹੀ ਸਿੱਟਾ ਸੀ ।ਪੰਜਾਬ ਰਜਿਸਟਰਾਰ ਦੇ ਅਹੁਦੇ ਤੇ ਆਪਣਾ ਸਿੱਕਾ ਜਮਾ ਸਰਕਾਰ ਦੀ ਨਿਗਾ ਉੱਤੇ ਚੜਨਾ ਤੇ ਫੇਰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਫਾਊਂਡਰ ਵਾਈਸ ਚਾਂਸਲਰ ਦੇ ਰੁਤਬੇ ਉੱਤੇ ਜਾ ਪਹੁੰਚਣਾ ਇਨਾਂ ਨੂੰ ਮਾਤਾ ਪਿਤਾ ਦੀ ਨੇਕ ਬੰਦਗੀ ਦਾ ਅੰਮ੍ਰਿਤ ਫਲ ਪ੍ਰਵਾਨ ਕਰ ਲੈਣਾ ਚਾਹੀਦਾ ਹੈ ।

ਡਾ .ਸਰਬਜਿੰਦਰ ਸਿੰਘ ਜੀ ਨੇ ਅੱਗੇ ਪੁਸਤਕ 'ਤੇ ਆਪਣੇ ਵਿਚਾਰ ਦਿੰਦੇ ਹੋਏ ਕਿਹਾ ਕਿ, "ਗੁਰੂ ਤੇਗ ਬਹਾਦਰ ਧਰਮ ਧੁਜ" ਰਚਨਾ ਆਪਣੀ ਕਲਮ ਰਾਹੀਂ ਕਰ ਇਨਾਂ ਨੇ ਧਰਤ ਪੁੱਤਰ ਹੋਣ ਦਾ ਫ਼ਰਜ਼ ਪੂਰਾ ਕੀਤਾ ਹੈ । ਇਸ ਕਿਤਾਬ ਵਿਚ ਜਿਨਾਂ ਇਤਿਹਾਸਿਕ ਤੱਥਾਂ ਤੇ ਧਾਰਮਿਕ ਰਮਜ਼ਾਂ ਨੂੰ ਇਸ ਕਿਤਾਬ ਵਿਚ ਸਾਹਮਣੇ ਲਿਆਂਦਾ ਗਿਆ ਹੈਰਾਨੀਜਨਕ ਵਰਤਾਰਾ ਲੱਗਦਾ ਹੈ ਕਿਉਂਕਿ ਡਾ. ਕਰਮਜੀਤ ਨਾਂ ਤੇ ਧਰਮ ਦੇ ਵਿਦਿਆਰਥੀ ਹਨ ਤੇ ਨਾ ਹੀ ਇਤਿਹਾਸ ਦੇ । ਪਰ ਇਸ ਸਭ ਦੇ ਬਾਵਜੂਦ ਇਸ ਕਿਤਾਬ ਰਾਹੀਂ ਇਹ ਰੂਪਮਾਨ ਹੁੰਦਾ ਹੈ ਕੀ ਉਨਾਂ ਨੇ ਆਪਣੀ ਵਿਰਾਸਤ ਦੀ ਫ਼ਖਰ ਨੂੰ ਕਿੰਨੀ ਨੀਝ ਨਾਲ ਨਿਰਖਿਆ ਪਰਖਿਆ ਹੈ ।ਪੁਸਤਕ ਵਿਚਲੇ ਸ਼ਬਦਾਂ ਵਿੱਚੋਂ ਉਨਾਂ ਇਲਾਹੀ ਰਮਜ਼ਾਂ ਦੀ ਖ਼ੁਸ਼ਬੋ ਆਉਂਦੀ ਹੈ ਜੋ ਕੁੱਲ ਕਾਇਨਾਤ ਨੂੰ ਆਪਣੀ ਬੁੱਕਲ ਵਿੱਚ ਸਮੋ ਲੈਂਦੀ ਹੈ । ਕਿਤਾਬ ਵਿਚਲੇ ਅਜਿਹੇ ਸ਼ਬਦ ਪੈਗੰਬਰੀ ਰੂਹਾਂ ਨੂੰ ਰੂਪਮਾਨ ਕਰ ਰਹੇ ਹਨ । ਵਾਈਸ ਚਾਂਸਲਰ ਪ੍ਰੋ .ਕਰਮਜੀਤ ਸਿੰਘ ਜੀ ਨੇ ਕਿਤਾਬ ਸੰਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ, ਇਹ ਪੁਸਤਕ ਉਨਾਂ ਦੀ ਮਾਤਾ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਦੀ ਹੈ ਜਿਨਾਂ ਦੀ ਇਹ ਤਹਿ ਦਿਲੋਂ ਇੱਛਾ ਸੀ ਕਿ ਉਨਾਂ ਦਾ ਪੁੱਤਰ ਗੁਰੂ ਸਾਹਿਬ ਉੱਤੇ ਕੋਈ ਅਕਾਦਮਿਕ ਕਾਰਜ ਕਰੇ । ਪ੍ਰੋ.ਕਰਮਜੀਤ ਸਿੰਘ ਨੇ ਅੱਗੇ ਕਿਹਾ ਕਿ ਉਹਨਾਂ ਦੀ ਆਸੀਸ ਸਦਕਾ ਹੀ ਇਹ ਕਾਰਜ ਨੇਪਰੇ ਚੜ੍ਹਿਆ ਹੈ ਤੇ ਅੱਜ ਉਹ ਪੁਸਤਕ ਲੋਕ ਅਰਪਣ ਕਰ ਰਹੇ ਹਨ । ਇਸ ਪੁਸਤਕ ਦਾ ਦੂਜਾ ਸਬੰਧ ਸਿੱਖ ਪਰਿਵਾਰ ਅਤੇ ਗੁਰਬਾਣੀ ਵਿਰਾਸਤ ਨਾਲ ਡੂੰਘਾਈ ਵਿਚ ਜੁੜੇ ਹੋਣਾ ਹੈ । ਅਮਰਜੀਤ ਸਿੰਘ ਗਰੇਵਾਲ ਨੇ ਪੁਸਤਕ ਸੰਬੰਧੀ ਆਪਣੇ ਵਿਚਾਰ ਦਿੰਦੇ ਹੋਏ ਕਿਹਾ ਕਿ ਪ੍ਰੋ.ਕਰਮਜੀਤ ਸਿੰਘ ਜੀ ਵੱਲੋਂ ਆਪਣੀ ਸੂਖ਼ਮ ਦ੍ਰਿਸ਼ਟੀ ਅਤੇ ਮਿਹਨਤ ਨਾਲ ਯੂਨੀਵਰਸਿਟੀ ਨੂੰ ਵਿੱਦਿਆ ਅਤੇ ਖੋਜ ਦੇ ਖੇਤਰ 'ਚ ਲਗਾਤਾਰ ਅਗਾਂਹ ਵੱਲ ਲਿਜਾਉਣ ਦੇ ਨਾਲ ਨਾਲ ਸਿੱਖ ਧਰਮ ਦੀ ਖੋਜ ਅਤੇ ਕੌਮ ਦੀ ਵਿਰਾਸਤ ਨੂੰ ਸਾਂਭਣ ਲਈ ਅਨੇਕਾਂ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ ਜਿਨਾਂ ਵਿੱਚ ਉਹ ਕਾਮਯਾਬੀ ਵੀ ਹਾਸਲ ਕਰ ਰਹੇ ਹਨ ਤੇ ਇਹਨਾਂ ਉਪਰਾਲਿਆਂ ਵਿੱਚੋਂ ਹੀ ਉਨਾਂ ਦੀ ਖੋਜ ਭਰਪੂਰ ਪੁਸਤਕ "ਤੇਗ ਬਹਾਦਰ ਧਰਮ ਧੁਜ" ਇਕ ਹੈ ।

ਸਮਾਗਮ ਦੇ ਸੰਚਾਲਕ ਡਾ .ਨਿਰਮਲ ਸਿੰਘ ਜੌੜਾ ਨੇ ਦੱਸਿਆ ਕੀ ਪ੍ਰੋ. ਕਰਮਜੀਤ ਸਿੰਘ ਜੀ ਦੀ ਇਹ ਪੁਸਤਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਬਹੁਤ ਹੀ ਸਰਲ ਭਾਸ਼ਾ ਵਿੱਚ ਬਿਆਨ ਕਰਦੀ ਹੈ ਅਤੇ ਕੌਮ ਦੀ ਵਿਰਾਸਤ ਨਾਲ ਡੂੰਘੀ ਸਾਂਝ ਪੈਦਾ ਕਰਦੀ ਹੈ । ਡੀਨ ਅਕਾਦਮਿਕ ਮਾਮਲੇ ਡਾ .ਅਨੀਤਾ ਗਿੱਲ ਜੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਇਸ ਤੋਂ ਪਹਿਲਾਂ ਡਾ .ਧਰਮ ਸਿੰਘ ਸੰਧੂ ਜੀ ਨੇ ਸਮਾਗਮ ਵਿੱਚ ਆਏ ਸਾਰੇ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ । ਸਮਾਗਮ ਵਿੱਚ ਪੁੱਜੇ ਬੰਦਾ ਸਿੰਘ ਬਹਾਦਰ ਸੰਪਰਦਾਇ ਦੇ ਪ੍ਰਬੰਧਕੀ ਅਫਸਰ ਸ੍ਰੀ ਪਾਹਵਾ ਜੀ ਨੇ ਵਿਸ਼ੇਸ਼ ਸ਼ਿਰਕਤ ਕੀਤੀ।

## ਸ਼ਾਹਬਾਜ਼ ਸ਼ਰੀਫ਼ ...

ਵੱਡੇ ਪੱਧਰ 'ਤੇ ਲੋਕਾਂ ਨੇ ਪ੍ਰਦਰਸ਼ਨ ਕੀਤੇ। ਇਸ ਤੋਂ ਇਲਾਵਾ ਸ਼ਿਕਾਗੋ, ਦੁਬਈ, ਟੋਰਾਂਟੋ ਤੇ ਬਰਤਾਨੀਆ ਵਿਚ ਵੀ ਪ੍ਰਦਰਸ਼ਨ ਕੀਤੇ ਗਏ। ਪਾਕਿਸਤਾਨ ਦੀ ਸੰਘੀ ਜਾਂਚ ਏਜੰਸੀ ਨੇ ਇਮਰਾਨ ਖ਼ਾਨ ਦੇ ਸਾਬਕਾ ਸਲਾਹਕਾਰ ਅਤੇ ਮੁੱਖ ਸਕੱਤਰ ਵਰਗੇ ਅਧਿਕਾਰੀਆਂ ਦੇ ਨਾਂਅ 'ਸਟਾਪ ਲਿਸਟ' ਵਿਚ ਪਾ ਦਿੱਤੇ ਹਨ, ਜਿਸ ਤੋਂ ਬਾਅਦ ਉਹ ਦੇਸ਼ ਛੱਡ ਕੇ ਨਹੀਂ ਜਾ ਸਕਣਗੇ। ਇਮਰਾਨ ਖ਼ਾਨ ਦੇ ਖ਼ਾਸ ਸਾਥੀਆਂ ਸ਼ਾਹਬਾਜ਼ ਗਿੱਲ ਤੇ ਸ਼ਹਿਜ਼ਾਦ ਅਕਬਰ ਦੇ ਨਾਂਅ ਵੀ ਇਸ ਸੂਚੀ ਵਿਚ ਸ਼ਾਮਿਲ ਕੀਤੇ ਗਏ ਹਨ। ਇਸ ਤੋਂ ਇਲਾਵਾ ਸਾਬਕਾ ਮੁੱਖ ਸਕੱਤਰ ਆਜ਼ਮ ਖ਼ਾਨ, ਪੀਟੀਆਈ. ਦੇ ਸੋਸ਼ਲ ਮੀਡੀਆ ਮੁਖੀ ਅਰਸਲਾਨ ਖ਼ਾਲਿਦ, ਮੁਹੰਮਦ ਰਿਜ਼ਵਾਨ ਅਤੇ ਪੰਜਾਬ ਦੇ ਡਾਇਰੈਕਟਰ ਜਨਰਲ ਗੌਹਰ ਨਫ਼ੀਸ ਦੇ ਨਾਂਅ ਵੀ ਇਸ ਸੂਚੀ ਵਿਚ ਸ਼ਾਮਿਲ ਹਨ।

**ਪਾਕਿ ਵਿਚ 75 ਵਰਿਆਂ ਵਿਚ ਸੱਤਾ ਤੋਂ ਹਟਾਏ ਗਏ 15 ਪ੍ਰਧਾਨ ਮੰਤਰੀ**

ਪਾਕਿਸਤਾਨ ਦੇ 25 ਜੁਲਾਈ, 2018 ਨੂੰ ਬਣੇ 22ਵੇਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ 3 ਸਾਲ 7 ਮਹੀਨੇ 23 ਦਿਨ ਤੱਕ ਸੱਤਾ ਦਾ ਸੁੱਖ ਭੋਗਿਆ। ਆਪਣੀ ਸਮਾਂ ਹੱਦ ਪੂਰੀ ਕਰਨ ਤੋਂ ਪਹਿਲਾਂ ਸੱਤਾ ਤੋਂ ਹਟਾਏ ਜਾਣ ਵਾਲੇ ਉਹ ਪਾਕਿ ਦੇ ਪਹਿਲੇ ਪ੍ਰਧਾਨ ਮੰਤਰੀ ਨਹੀਂ ਹਨ, ਬਲਕਿ ਪਾਕਿਸਤਾਨ ਦੇ ਹੋਂਦ ਵਿਚ ਆਉਣ ਦੇ ਬਾਅਦ ਤੋਂ ਲੈ ਕੇ ਹੁਣ ਤੱਕ ਪਾਕਿ ਦੇ ਬਣੇ 22 ਪ੍ਰਧਾਨ ਮੰਤਰੀਆਂ ਵਿਚੋਂ ਸਿਰਫ਼ 5 ਵਜ਼ੀਰੇ-ਆਜ਼ਮ (ਪ੍ਰਧਾਨ ਮੰਤਰੀ) ਹੀ ਸੇਵਾ ਮੁਕਤ ਹੋਣ ਤੱਕ ਸੱਤਾ ਦਾ ਸੁੱਖ ਭੋਗਣ ਵਿਚ ਕਾਮਯਾਬ ਹੋ ਸਕੇ ਹਨ, ਜਦਕਿ ਬਾਕੀ 17 ਵਿਚੋਂ ਇਕ ਦੀ ਕਾਰਜਕਾਲ ਦੌਰਾਨ ਹੱਤਿਆ ਕਰਵਾਈ ਗਈ, ਇਕ ਨੂੰ ਫਾਹੇ ਲਗਾਇਆ ਗਿਆ ਅਤੇ ਬਾਕੀਆਂ ਵਿਚੋਂ ਕੁੱਝ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਅਤੇ ਕੁੱਝ ਪਾਸੋਂ ਜਬਰੀ ਅਸਤੀਫ਼ਾ ਲੈ ਕੇ ਬੇਇੱਜ਼ਤ ਤਰੀਕੇ ਨਾਲ ਸੱਤਾ ਤੋਂ ਹਟਾ ਦਿੱਤਾ ਗਿਆ । ਸੱਤਾ ਸੁਖ ਭੋਗਦਿਆਂ ਇੱਜ਼ਤ ਨਾਲ ਸੇਵਾ ਮੁਕਤ ਹੋਣ ਵਾਲੇ ਪ੍ਰਧਾਨ ਮੰਤਰੀਆਂ 'ਚੋਂ ਵੀ ਜ਼ਿਆਦਾਤਾਰ ਅਸਥਾਈ ਤੌਰ 'ਤੇ ਬਣਾਏ ਗਏ ਪ੍ਰਧਾਨ ਮੰਤਰੀ ਹੀ ਹਨ ।ਇਮਰਾਨ ਖ਼ਾਨ ਤੋਂ ਪਹਿਲਾਂ ਪਨਾਮਾ ਮਾਮਲੇ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਸੁਪਰੀਮ ਕੋਰਟ ਵਲੋਂ ਬਰਖ਼ਾਸਤ ਕੀਤੇ ਗਏ ਪ੍ਰਧਾਨ ਮੰਤਰੀ ਮੀਆਂ ਨਵਾਜ਼ ਸ਼ਰੀਫ਼ ਨੂੰ ਦੋ ਵਾਰ ਬਰਖ਼ਾਸਤ ਕੀਤਾ ਗਿਆ । ਨਵਾਜ਼ ਸ਼ਰੀਫ਼ ਪਾਕਿਸਤਾਨ ਦੇ 12ਵੇਂ, 14ਵੇਂ ਤੇ 20ਵੇਂ ਪ੍ਰਧਾਨ ਮੰਤਰੀ ਰਹੇ ।ਇਸ ਦੌਰਾਨ ਉਹ ਕ੍ਰਮਵਾਰ 2 ਸਾਲ 254 ਦਿਨ, 2 ਸਾਲ 237 ਦਿਨ ਅਤੇ 4 ਸਾਲ 53 ਦਿਨਾਂ ਲਈ ਪ੍ਰਧਾਨ ਮੰਤਰੀ ਰਹੇ ।ਉਨਾਂ ਦੇ ਇਲਾਵਾ ਪਾਕਿ ਪ੍ਰਧਾਨ ਮੰਤਰੀ ਚੌਧਰੀ ਮੁਹੰਮਦ ਅਲੀ ਤੇ ਬੇਨਜ਼ੀਰ ਭੁੱਟੋ ਵੀ ਦੋਹਰੀ ਵਾਰ ਬਰਖ਼ਾਸਤ ਕੀਤੇ ਗਏ ਸਨ ।ਉਕਤ ਦੇ ਇਲਾਵਾ ਪਾਕਿਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਲਿਆਕਤ ਅਲੀ ਖ਼ਾਨ ਜੋ ਕਿ 4 ਸਾਲ 63 ਦਿਨ ਤੱਕ ਪ੍ਰਧਾਨ ਮੰਤਰੀ ਰਹੇ, ਦੀ ਸੰਨ 1951 ਵਿਚ ਭੇਦਭਰੀ ਸਥਿਤੀ 'ਚ ਹੋਈ ਹੱਤਿਆ ਦੀ ਗੁੱਥੀ ਅਜੇ ਤੱਕ ਸੁਲਝ ਨਹੀਂ ਸਕੀ ।ਉਨਾਂ ਦੀ ਹੱਤਿਆ ਦੇ ਬਾਅਦ ਸੰਨ 1951 ਤੋਂ ਲੈ ਕੇ ਸੰਨ 1957 ਤੱਕ ਗਵਰਨਰ ਜਨਰਲ ਦੇ ਹੁਕਮ 'ਤੇ ਲਗਾਤਾਰ 6 ਪ੍ਰਧਾਨ ਮੰਤਰੀ ਬਰਖ਼ਾਸਤ ਕੀਤੇ ਗਏ ।ਇਸੇ ਤਾਨਾਸ਼ਾਹੀ ਰਵੱਈਏ ਦੇ ਚਲਦਿਆਂ ਪ੍ਰਧਾਨ ਮੰਤਰੀ ਸਰ ਖ਼ਵਾਜਾ ਨਜ਼ੀਮੁਦੀਨ (ਇਕ ਸਾਲ 182 ਦਿਨ ਪ੍ਰਧਾਨ ਮੰਤਰੀ ਰਹੇ), ਮੁਹੰਮਦ ਅਲੀ ਬੋਗਰਾ (2 ਸਾਲ 117 ਦਿਨ), ਚੌਧਰੀ ਮੁਹੰਮਦ ਅਲੀ (1 ਸਾਲ 31 ਦਿਨ), ਹੁਸੈਨ ਸ਼ਹੀਦ ਸੁਹਰਾਵਰਦੀ (1 ਸਾਲ 35 ਦਿਨ), ਇਬਰਾਹੀਮ ਇਸਮਾਈਲ ਚੁਨਦਰੀਗਰ (ਇਹ ਸਿਰਫ਼ ਦੋ ਮਹੀਨੇ ਤੱਕ ਪ੍ਰਧਾਨ ਮੰਤਰੀ ਰਹੇ), ਸਰ ਫ਼ਿਰੋਜ਼ ਖ਼ਾਨ ਨੂਨ (295 ਦਿਨ), ਨੂਰੁਲ ਅਮੀਨ (13 ਦਿਨ), ਮੁਹੰਮਦ ਖ਼ਾਨ ਜੁਨੇਜੋ (3 ਸਾਲ 66 ਦਿਨ), ਮੀਰ ਜ਼ਫ਼ਰਉੱਲਾ ਖ਼ਾਨ ਜ਼ਮਾਲੀ (1 ਸਾਲ 216 ਦਿਨ), ਚੌਧਰੀ ਸੁਜਾਤ ਹੁਸੈਨ (57 ਦਿਨ), ਸ਼ੌਕਤ ਅਜ਼ੀਜ਼ (3 ਸਾਲ 79 ਦਿਨ), ਜ਼ੁਸਫ਼ ਰਜ਼ਾ ਗਿਲਾਨੀ (4 ਸਾਲ 86 ਦਿਨ) ਤੇ ਨਵਾਜ਼ ਸ਼ਰੀਫ਼ ਵਿਚੋਂ ਕੁੱਝ ਨੂੰ ਬਰਖ਼ਾਸਤ ਕੀਤਾ ਗਿਆ ਅਤੇ ਕੁੱਝ ਪਾਸੋਂ 'ਸਵੈ-ਇੱਛਾ' ਦੇ ਨਾਂ 'ਤੇ ਜ਼ਬਰਦਸਤੀ ਅਸਤੀਫ਼ਾ ਲਿਆ ਗਿਆ । ਇਨਾਂ ਦੇ ਇਲਾਵਾ ਪਾਕਿ ਦੀ ਪਹਿਲੀ ਔਰਤ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ (11ਵੀਂ ਪ੍ਰਧਾਨ ਮੰਤਰੀ ਮੌਕੇ 1 ਸਾਲ 247 ਦਿਨ ਅਤੇ 13ਵੀਂ ਪ੍ਰਧਾਨ ਮੰਤਰੀ ਮੌਕੇ 3 ਸਾਲ 17 ਦਿਨ) ਦੇ ਪਿਤਾ ਜੁਲਫ਼ਿਕਾਰ ਅਲੀ ਭੁੱਟੋ (3 ਸਾਲ 325 ਦਿਨ) ਨੂੰ ਫ਼ੌਜੀ ਸ਼ਾਸਕ ਜਨਰਲ ਜ਼ਿਆ ਉੱਲ ਹੱਕ ਵਲੋਂ ਫਾਹੇ ਲਾਏ ਜਾਣ ਦੇ ਬਾਅਦ ਸੱਤਾ 'ਤੇ ਅਧਿਕਾਰ ਕਾਇਮ ਕੀਤਾ ਗਿਆ ।ਪਾਕਿ 'ਚ ਫ਼ੌਜ ਵਲੋਂ ਸੰਨ 1953, 1958, 1977 ਅਤੇ 1999 'ਚ ਤਖ਼ਤਾ ਪਲਟ ਕੀਤਾ ਗਿਆ । ਪਾਕਿ ਦੇ 19ਵੇਂ ਪ੍ਰਧਾਨ ਮੰਤਰੀ ਰਾਜਾ ਪ੍ਰਵੇਜ਼ ਅਸ਼ਰਫ਼ ਨੇ 275 ਦਿਨਾਂ ਲਈ ਸੱਤਾ ਦਾ ਸੁੱਖ ਭੋਗਿਆ । ਨਵਾਜ਼ ਸ਼ਰੀਫ਼ ਨੂੰ ਸੱਤਾ ਤੋਂ ਹਟਾਏ ਜਾਣ ਤੋਂ ਬਾਅਦ ਸ਼ਾਹਿਦ ਖ਼ਾਕਾਨ ਅੱਬਾਸੀ 303 ਦਿਨਾਂ ਤੱਕ ਪਾਕਿ ਦੇ ਵਜ਼ੀਰੇ-ਆਜ਼ਮ ਰਹੇ, ਹਾਲਾਂਕਿ ਉਨਾਂ ਨੂੰ 45 ਦਿਨਾਂ ਲਈ ਪਾਕਿ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਸੀ ।

ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਪਾਕਿਸਤਾਨ ਕੌਮੀ ਅਸੰਬਲੀ ਨੇ ਲੰਬੀ ਖਿੱਚੋਤਾਣ ਤੋਂ ਬਾਅਦ ਅਵਿਸ਼ਵਾਸ ਪ੍ਰਸਤਾਵ 'ਤੇ ਵੋਟਿੰਗ ਰਾਹੀਂ ਇਮਰਾਨ ਖ਼ਾਨ ਨੂੰ ਸੱਤਾ ਤੋਂ ਬੇਦਖ਼ਲ ਕਰ ਦਿੱਤਾ ਹੈ। ਉਨਾਂ ਦੇ ਉੱਪਰ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ। ਕਿਹਾ ਜਾਂਦਾ ਹੈ ਕਿ ਉਨਾਂ ਦੀ ਪਤਨੀ ਬੁਸ਼ਰਾ ਬੀਬੀ ਦੀ ਇਕ ਸਹੇਲੀ ਨੇ ਕਰੋੜਾਂ ਰੁਪਏ ਖਾ ਕੇ ਅਫ਼ਸਰਾਂ ਦੀਆਂ ਨਿਯੁਕਤੀਆਂ ਕਰਵਾਈਆਂ ਹਨ। ਹੋਰ ਵੀ ਕਈ ਘੁਟਾਲੇ ਹਨ, ਜਿਸ ਨਾਲ ਇਮਰਾਨ ਦੀ ਪ੍ਰਧਾਨ ਮੰਤਰੀ ਵਜੋਂ ਸ਼ਖ਼ਸੀਅਤ ਦਾਗ਼ਦਾਰ ਹੋਈ ਹੈ।ਉਨਾਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ । ਅਗਲੀਆਂ ਚੋਣਾਂ ਉਨਾਂ ਦੀ ਲੋਕਪ੍ਰਿਅਤਾ ਦੀ ਪ੍ਰੀਖਿਆ ਲੈਣਗੀਆਂ, ਪਰ ਫ਼ੌਜ ਉਨਾਂ ਨੂੰ ਕਿਸੇ ਕੀਮਤ 'ਤੇ ਚੋਣਾਂ ਨਹੀਂ ਜਿੱਤਣ ਦੇਵੇਗੀ। ਜਨਰਲ ਬਾਜਵਾ ਉਨਾਂ ਨੂੰ ਮੁੜ ਸੱਤਾ ਵਿਚ ਨਹੀਂ ਦੇਖਣਾ ਚਾਹੁੰਦੇ। ਵਿਰੋਧੀ ਧਿਰ ਦਾ ਕੋਈ ਨੇਤਾ ਇਮਰਾਨ ਨਾਲ ਹਮਦਰਦੀ ਨਹੀਂ ਰੱਖਦਾ। ਉਨਾਂ ਲਈ ਕੋਈ ਗੱਠਜੋੜ ਬਣਾਉਣਾ ਵੀ ਮੁਸ਼ਕਿਲ ਹੈ।

ਸਭ ਦੀ ਨਜ਼ਰ ਅਜੇ ਵੀ ਪਾਕਿਸਤਾਨ ਦੀ ਫ਼ੌਜ ਉੱਤੇ ਹੈ। ਨਵੀਂ ਬਣਨ ਵਾਲੀ ਸਰਕਾਰ ਦਾ ਭਵਿੱਖ ਫ਼ੌਜ ਦੀ ਸਹਿਮਤੀ ਉੱਤੇ ਨਿਰਭਰ ਕਰੇਗਾ। ਇਸ ਤੋਂ ਇਲਾਵਾ ਪਾਕਿਸਤਾਨ ਅੰਦਰ ਇਮਰਾਨ ਦੇ ਵਿਦੇਸ਼ੀ ਤਾਕਤਾਂ ਖਿ.ਲਾਫ਼ ਲੜਨ ਦੇ ਬਿਰਤਾਂਤ ਨੂੰ ਕਿੰਨਾ ਕੁ ਸਹਿਯੋਗ ਮਿਲੇਗਾ, ਇਹ ਦੇਖਣਾ ਵੀ ਦਿਲਚਸਪ ਹੋਵੇਗਾ।

## ਡਰ-ਸਹਿਮ ਦੇ ਦੌਰ...

ਪਰ ਮੌਜੂਦਾ ਹਾਕਮ ਜਿਸ ਢੰਗ ਨਾਲ ਜਿਹੜੀ ਦਿਸ਼ਾ ਵਿੱਚ ਦੇਸ਼ ਨੂੰ ਲੈ ਜਾ ਰਹੇ ਹਨ ਉਸ ਨਾਲ ਦੇਸ਼ ਦਾ ਉਸ ਕੱਟੜਪੰਥੀ ਇਸਲਾਮੀ ਮੁਲਕਾਂ ਨਾਲੋਂ ਫ਼ਰਕ ਮਿਟ ਜਾਏਗਾ ।ਕੱਟੜਪੰਥੀ ਸੋਚ, ਦੇਸ਼ ਨੂੰ ਬਰਬਾਦ ਕਰ ਦੇਵੇਗੀ ਅਤੇ ਭਾਰਤ ਦਾ ਵਿਸ਼ਵ ਸ਼ਕਤੀ ਬਨਣ ਦਾ ਸੁਪਨਾ ਖੇਰੂੰ-ਖੇਰੂੰ ਹੋ ਜਾਏਗਾ। ਦੇਸ਼ ਵਾਸੀ ਕਦੇ ਵੀ ਦੇਸ਼ ਨੂੰ ਪਿਛੇ ਦੀ ਤਰਫ਼ ਧੱਕਣਾ ਪਸੰਦ ਨਹੀਂ ਕਰਨਗੇ, ਕਿਉਂਕਿ ਪਿੱਛੇ ਵੱਲ ਉਹੀ ਦੇਸ਼ ਜਾਂਦੇ ਹਨ, ਜਿਨਾਂ ਨੂੰ ਭਵਿੱਖ ਦੀ ਕੋਈ ਉਮੀਦ ਨਹੀਂ ਰਹਿੰਦੀ, ਜਿਨਾਂ ਦਾ ਭਵਿੱਖ ਰੋਸ਼ਨ ਨਹੀਂ ਹੁੰਦਾ। ਦੇਸ਼ ਦੀਆਂ ਦੇਸ਼ ਭਗਤ ਤਾਕਤਾਂ ਚੰਗੇਰੇ ਨਿਊ ਇੰਡੀਆ' ਦਾ ਸੁਪਨਾ ਮਨ ਵਿਚ ਸੰਜੋਈ ਬੈਠੀਆਂ ਹਨ, ਉਹ ਦੇਸ਼ ਵਾਸੀਆਂ ਨੂੰ ਉਵੇਂ ਹੀ ਡਰ ਸਹਿਮ ਤੋਂ ਬਾਹਰ ਕੱਢਣਗੀਆਂ ਜਿਵੇਂ ਕਿਸਾਨ ਅੰਦੋਲਨ ਨੇ ਇੱਕ ਨਵੀਂ ਲੋਅ ਦੇਸ਼ ਵਾਸੀਆਂ ਨੂੰ ਦਿੱਤੀ ਹੈ।

## ਰਾਜਾ ਵੜਿੰਗ ਪੰਜਾਬ...

ਮੁੱਢਲੀ ਮੈਂਬਰਸ਼ਿਪ ਖ਼ਾਰਜ ਕਰਦਿਆਂ ਪਾਰਟੀ 'ਚੋਂ ਕੱਢ ਦਿੱਤਾ ਹੈ। ਧੀਮਾਨ ਨੇ ਵੜਿੰਗ ਨੂੰ ਮੌਕਾਪ੍ਰਸਤ ਦੱਸਿਆ ਸੀ ਅਤੇ ਬਾਦਲਾਂ ਅੱਗੇ ਝੁਕਣ ਦੇ ਦੋਸ਼ ਲਾਏ ਸਨ।

ਉਨਾਂ ਕਾਂਗਰਸ ਬਚਾਉਣ ਲਈ ਨਵਜੋਤ ਸਿੱਧੂ ਨੂੰ ਕਮਾਨ ਦੇਣ ਦੀ ਗੱਲ ਆਖੀ ਸੀ। ਧੀਮਾਨ ਨੇ ਕਿਹਾ ਕਿ ਉਨਾਂ ਨੂੰ ਕਾਂਗਰਸ ਪਾਰਟੀ ਵੱਲੋਂ ਕੱਢੇ ਜਾਣ ਦਾ ਕੋਈ ਅਫਸੋਸ ਨਹੀਂ ਹੈ ਪਰ ਉਹ ਬਹੁਤ ਖ਼ੁਸ਼ ਹਨ ਅਤੇ ਲੱਡੂ ਵੰਡ ਰਹੇ ਹਨ। ਪੰਜਾਬ ਦੇ ਮੁੱਦਿਆਂ ਦੀ ਗੱਲ ਕਰਨ ਵਾਲੇ, ਪੰਜਾਬ ਦੇ ਨਾਲ ਖੜੇ ਹੋਣ, ਲੜਨ ਵਾਲੇ ਕਿਸੇ ਵੀ ਵਿਅਕਤੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਰਹਿਣਗੇ, ਚਾਹੇ ਉਹ ਨਵਜੋਤ ਸਿੰਘ ਸਿੱਧੂ ਹੋਵੇ ਜਾਂ ਕੋਈ ਹੋਰ। ਧੀਮਾਨ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸਿੱਧੂ ਦੇ ਕਰੀਬੀ ਮੰਨੇ ਜਾਂਦੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਨਵੇਂ ਪ੍ਰਧਾਨ ਰਾਜਾ ਵੜਿੰਗ 'ਤੇ ਹਮਲਾ ਜਾਰੀ ਰੱਖਦਿਆਂ ਸੁਰਜੀਤ ਨੇ ਕਿਹਾ ਕਿ ਰਾਜਾ ਵੜਿੰਗ ਪੂਰੀ ਤਰਾਂ ਭ੍ਰਿਸ਼ਟ ਹੈ। ਮੈਂ ਅਜੇ ਵੀ ਆਪਣੇ ਬਿਆਨ 'ਤੇ ਕਾਇਮ ਹਾਂ। ਨਵਜੋਤ ਸਿੰਘ ਸਿੱਧੂ ਦਾ ਪੱਖ ਲੈਂਦਿਆਂ ਧੀਮਾਨ ਨੇ ਕਿਹਾ ਕਿ ਹਾਈਕਮਾਂਡ ਨੇ ਉਨਾਂ ਨੂੰ ਚੱਲਣ ਨਹੀਂ ਦਿੱਤਾ। ਜੇਕਰ ਖਿਡਾਰੀ ਦੇ ਹੱਥ ਬੱਝੇ ਹੋਣ ਤਾਂ ਉਹ ਕਿਵੇਂ ਖੇਡੇਗਾ ? ਇਸੇ ਦੌਰਾਨ ਨਵਜੋਤ ਸਿੱਧੂ ਦੇ ਸਾਬਕਾ ਸਲਾਹਕਾਰ ਸੁਰਿੰਦਰ ਡੱਲਾ ਨੇ ਵੀ ਕਿਹਾ ਕਿ ਪ੍ਰਧਾਨਗੀ ਦੀ ਚੋਣ ਵੋਟਾਂ ਜ਼ਰੀਏ ਹੋਣੀ ਚਾਹੀਦੀ ਹੈ

**ਸੁਨੀਲ ਜਾਖੜ ਖਿਲਾਫ਼ ਨੋਟਿਸ ਜਾਰੀ**

ਪੰਜਾਬ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਖਿਲਾਫ ਵੱਡੀ ਕਾਰਵਾਈ ਹੋ ਸਕਦੀ ਹੈ। ਉਸ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਰਾਹੁਲ ਗਾਂਧੀ ਦੀ ਅਗਵਾਈ ਵਿਚ ਹੋਈ ਕਾਂਗਰਸ ਦੀ ਅਨੁਸ਼ਾਸਨੀ ਕਮੇਟੀ ਦੀ ਬੈਠਕ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਇਕ ਹਫ਼ਤੇ ਦੇ ਅੰਦਰ ਜਵਾਬ ਮੰਗਿਆ ਗਿਆ ਹੈ। ਤਸੱਲੀਬਖ਼ਸ਼ ਜਵਾਬ ਨਾ ਦੇਣ 'ਤੇ ਸਖ਼ਤ ਕਾਰਵਾਈ ਦੀ ਚਿਤਾਵਨੀ ਵੀ ਦਿੱਤੀ ਹੈ। ਜਾਖੜ ਨੇ ਚੋਣਾਂ ਦੌਰਾਨ ਬਿਆਨ ਦਿੱਤਾ ਸੀ ਕਿ ਉਨਾਂ ਨੂੰ ਹਿੰਦੂ ਹੋਣ ਕਾਰਨ ਮੁੱਖ ਮੰਤਰੀ ਨਹੀਂ ਬਣਾਇਆ ਗਿਆ। ਉਨਾਂ ਸੀਨੀਅਰ ਕਾਂਗਰਸੀ ਆਗੂ ਅੰਬਿਕਾ ਸੋਨੀ 'ਤੇ ਵੀ ਹਮਲਾ ਬੋਲਿਆ। ਵਿਧਾਨ ਸਭਾ ਚੋਣਾਂ ਵਿੱਚ ਮਿਲੀ ਕਰਾਰੀ ਹਾਰ ਤੋਂ ਬਾਅਦ ਸੂਬਾ ਇੰਚਾਰਜ ਹਰੀਸ਼ ਚੌਧਰੀ ਨੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ ਪੱਤਰ ਲਿਖ ਕੇ ਜਾਖੜ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਦੀ ਮੰਗ ਕੀਤੀ ਸੀ। ਦੱਸ ਦੇਈਏ ਕਿ ਚੋਣਾਂ ਦੌਰਾਨ ਹੀ ਜਾਖੜ ਨੇ ਸਰਗਰਮ ਰਾਜਨੀਤੀ ਦਾ ਹਿੱਸਾ ਨਾ ਬਣਨ ਦਾ ਐਲਾਨ ਕੀਤਾ ਸੀ।

ਧੀਮਾਨ ਨੇ ਕਿਹਾ ਕਿ ਜਦੋਂ ਤੱਕ ਕਾਂਗਰਸ ਦੀ ਕਮਾਨ ਗਾਂਧੀ ਪਰਿਵਾਰ ਦੇ ਹੱਥਾਂ ਵਿਚ ਹੈ, ਕਾਂਗਰਸ ਦਾ ਬੇੜਾ ਪਾਰ ਨਹੀਂ ਹੋ ਸਕਦਾ। ਜਦੋਂ ਤੱਕ ਕਾਂਗਰਸ ਪਾਰਟੀ ਗਾਂਧੀ ਪਰਿਵਾਰ ਮੁਕਤ ਨਹੀਂ ਹੁੰਦੀ, ਉਦੋਂ ਤੱਕ ਕੋਈ ਵੀ ਕਾਂਗਰਸ ਵਿੱਚ ਜਾਣ ਦੀ ਗਲਤੀ ਨਾ ਕਰੇ।

## ਬਹਿਬਲ ਕਲਾਂ ਕਾਂਡ ਦੇ...

ਜਿਸ ਤਹਿਤ ਇਕ ਨਵੀਂ ਸਰਾਂ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ ਗਿਆ ਹੈ। ਇਹ ਸਰਾਂ ਕੇਸਰੀ ਬਾਗ ਵਿੱਚ ਭਗਤ ਨਾਮਦੇਵ ਦੇ ਨਾਂ 'ਤੇ ਬਣਾਈ ਜਾਵੇਗੀ। ਇਸ ਦੀ ਕਾਰਸੇਵਾ ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਗਈ ਹੈ। ਸਰਾਂ ਦਾ ਨੀਂਹ ਪੱਥਰ ਅੱਜ ਗੁਰਮਤਿ ਰਵਾਇਤਾਂ ਅਨੁਸਾਰ ਰੱਖਿਆ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਰਬਾਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ, ਬਾਬਾ ਕਸ਼ਮੀਰ ਸਿੰਘ ਭੂਰੀਵਾਲੇ ਤੇ ਹੋਰ ਹਾਜ਼ਰ ਸਨ।

## 14 ਅਪ੍ਰੈਲ ਨੂੰ 'ਰਾਸ਼ਟਰੀ...

ਆਪਣੇ ਆਪ ਉੱਤੇ ਫ਼ਖ਼ਰ ਮਹਿਸੂਸ ਕਰਦੇ ਹਨ ।

10. ਸਿੱਖ ਕੈਲੰਡਰ ਵਿਚ ਵੈਸਾਖ ਮਹੀਨੇ ਦੇ ਪਹਿਲੇ ਦਿਨ ਵਿਸਾਖੀ ਮਨਾਉਂਦੇ ਹਨ, ਜੋ ਕਿ ਆਮ ਤੌਰ 'ਤੇ 14 ਅਪ੍ਰੈਲ ਨੂੰ ਆਉਂਦਾ ਹੈ।

11. ਸਿੱਖ ਕੌਮ ਲਈ ਵਿਸਾਖੀ ਇੱਕ ਵਿਸ਼ੇਸ਼ ਤਿਉਹਾਰ ਹੈ। ਜਿਸ ਵਿੱਚ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਵਿਰੁੱਧ ਲੜਨ ਲਈ 1699 ਨੂੰ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ । ਜ਼ੁਲਮ ਵਿਰੁੱਧ ਲੜਨਾ ਅਤੇ ਮਜ਼ਲੂਮਾਂ ਦੀ ਰੱਖਿਆ ਕਰਨਾ ਸਿੱਖ ਧਰਮ ਦਾ ਇਤਿਹਾਸ ਅਤੇ ਪਛਾਣ ਹੈ। ਇਸ ਲਈ ਵਿਸ਼ਵ ਭਰ ਦੇ ਸਿੱਖਾਂ ਲਈ ਵਿਸਾਖੀ ਦਾ ਪਵਿੱਤਰ ਦਿਹਾੜਾ ਮਨਾਉਣਾ ਪੂਰੀ ਤਰਾਂ ਢੁਕਵਾਂ ਅਤੇ ਉਚਿਤ ਹੈ।

12. ਸਿੱਖ ਭਾਈਚਾਰੇ ਦੁਆਰਾ ਸੰਯੁਕਤ ਰਾਜ ਅਮਰੀਕਾ ਵਿੱਚ ਪਾਏ ਗਏ ਸਥਾਈ ਯੋਗਦਾਨਾਂ ਦਾ ਸਨਮਾਨ ਕਰਨ ਲਈ ਹੁਣ ਇਹ ਸੰਕਲਪ ਲਿਆ ਜਾਵੇ ਕਿ ਪ੍ਰਤੀਨਿਧੀ ਸਭਾ ਇਸ ਨੂੰ ਸਨਮਾਨ ਦਿੰਦੀ ਹੈ ਅਤੇ ਇਸ ਨੂੰ ਵਿਸ਼ਵ ਭਰ ਵਿੱਚ ਮਨਾਉਣ ਲਈ 'ਰਾਸ਼ਟਰੀ ਸਿੱਖ ਦਿਵਸ' ਦੇ ਅਹੁਦੇ ਦਾ ਸਮਰਥਨ ਕਰਦੀ ਹੈ ਅਤੇ ਇਸ ਦੇ ਸਮਰਥਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਦੱਸਣਯੋਗ ਹੈ ਕਿ ਸਿੱਖ ਭਾਈਚਾਰੇ ਵੱਲੋਂ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਸ. ਹਿੰਮਤ ਸਿੰਘ ਸ. ਹਰਜਿੰਦਰ ਸਿੰਘ ਸਿੱਖ ਕਾਕਸ ਕਮੇਟੀ ਦੇ ਸ. ਜੁਗਰਾਜ ਸਿੰਘ, ਸ. ਯਾਦਵਿੰਦਰ ਸਿੰਘ ਅਤੇ ਇਕਤਿਦਾਰ ਚੀਮਾ ਨੇ ਵੀ ਇਸ ਮਤੇ ਨੂੰ ਪੇਸ਼ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ।

## ਪਰਮਾਣੂ ਹਥਿਆਰ...

ਦੁਆਰਾ ਬਣਾਈ ਆਧੁਨਿਕ ਸਭਿਅਤਾ ਨੂੰ ਸੰਪੂਰਨ ਵਿਨਾਸ਼ ਵੱਲ ਲੈ ਜਾਵੇਗਾ। ਪਰਮਾਣੂ ਹਥਿਆਰਾਂ ਦੇ ਵਰਤੋਂ ਦੇ ਕਾਰਨ ਹੋਣ ਵਾਲੇ ਮਨੁੱਖੀ ਪ੍ਰਭਾਵ ਕਲਪਨਾ ਤੋਂ ਪਰੇ ਹਨ। ਸਾਗਨ ਨੇ ਤਿੰਨ ਦਹਾਕੇ ਪਹਿਲਾਂ ਕਿਹਾ ਸੀ- 'ਇਤਿਹਾਸ ਵਿਚ ਜੋ ਚੀਜ਼ਾਂ ਪਹਿਲਾਂ ਕਦੇ ਨਹੀਂ ਵਾਪਰੀਆਂ, ਉਹ ਕਿਸੇ ਸਮੇਂ ਵੀ ਸਮੇਂ ਵਾਪਰ ਸਕਦੀਆਂ ਹਨ।' ਮਿਜ਼ਾਈਲ ਦੀ ਗਲਤ ਲਾਂਚ ਇਸ ਸ਼੍ਰੇਣੀ ਵਿਚ ਆਉਂਦੀ ਹੈ।

ਮੈਡੀਕਲ ਵਿਗਿਆਨ ਕੋਲ ਪਰਮਾਣੂ ਹਥਿਆਰਾਂ ਦੀ ਵਰਤੋਂ ਦੇ ਕਾਰਨ ਹੋਣ ਵਾਲੀ ਭਿਆਨਕ ਤਬਾਹੀ ਦੇ ਬਾਅਦ ਹੋਣ ਵਾਲੇ ਨੁਕਸਾਨ ਦਾ ਕੋਈ ਹੱਲ ਨਹੀਂ ਹੈ। ਸੰਪੂਰਨ ਪਰਮਾਣੂ ਨਿਸ਼ਤਰੀਕਰਨ ਹੀ ਇੱਕ-ਮਾਤਰ ਹੱਲ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD

sling

CREDIBILITY

RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com